Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@LOW COST
Call Sukhi Gill:510-207-9067
CA DRE Lic.#01180969
Jassi Gill
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੇਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 33, August 13, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

## ਵੱਡੇ ਪ੍ਰਸ਼ਾਸਕੀ ਫੇਰਬਦਲ ਤੋਂ ਚੋਣ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਦੀ ਝਾੜ-ਝੰਬ

### ਮਿਥੇ ਸਮੇਂ ਮੁਤਾਬਕ ਹੀ ਹੋਣਗੀਆਂ ਪੰਜਾਬ ਵਿਧਾਨ ਸਭਾ ਚੋਣਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਚੰਡੀਗੜ੍ਹ ਆਏ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਡਾ. ਐਸ.ਵਾਈ. ਕੁਰੈਸ਼ੀ ਨੇ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਦੇ ਐਲਾਨ ਤੋਂ ਐਨ ਪਹਿਲਾਂ ਥੋਕ ਵਿਚ ਕੀਤੀਆਂ ਬਦਲੀਆਂ ਦਾ ਬਹੁਤ ਤਿੱਖਾ ਨੋਟਿਸ ਲੈਂਦਿਆਂ ਸਰਕਾਰ ਅਤੇ ਸੀਨੀਅਰ ਅਧਿਕਾਰੀਆਂ ਨੂੰ ਖੂਬ ਝਾੜਾਂ ਪਾਈਆਂ ਹਨ। ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਮਿਥੇ ਸਮੇਂ ਅਨੁਸਾਰ ਫਰਵਰੀ ਵਿਚ ਹੀ ਹੋਣਗੀਆਂ। ਇਸ ਸ਼ਡਿਊਲ ਵਿਚ ਫਿਲਹਾਲ ਕੋਈ ਤਬਦੀਲੀ ਨਹੀਂ ਹੈ।

ਚੋਣ ਕਮਿਸ਼ਨ ਦੀ ਟੀਮ ਲੈ ਕੇ ਚੰਡੀਗੜ੍ਹ ਪੁੱਜੇ ਮੁੱਖ ਚੋਣ ਕਮਿਸ਼ਨਰ ਡਾ. ਐਸ.ਵਾਈ. ਕੁਰੈਸ਼ੀ ਨੇ ਸੂਬੇ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਇਸ ਮੌਕੇ ਉਨ੍ਹਾਂ ਚੋਣਾਂ ਦੌਰਾਨ ਲਾਹਾ ਲੈਣ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ 'ਵਿਸ਼ੇਸ਼ ਉਪਰਾਲਿਆਂ' ਉਤੇ ਸਵਾਲ ਖੜ੍ਹਾ ਕਰਦਿਆਂ ਸਰਕਾਰ ਅਤੇ ਸੀਨੀਅਰ ਅਧਿਕਾਰੀਆਂ ਦੀ ਖੂਬ ਖੁੰਬ ਠੱਪੀ। ਉਨ੍ਹਾਂ ਸੂਬੇ ਦੀ ਸਰਕਾਰੀ ਮਸ਼ੀਨਰੀ ਨੂੰ ਚੋਣਾਂ ਦੌਰਾਨ ਆਜ਼ਾਦ ਅਤੇ ਨਿਰਪੱਖ ਭੂਮਿਕਾ ਨਿਭਾਉਣ ਦੀ ਹਦਾਇਤ ਕੀਤੀ।

ਬਾਦਲ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਐਲਾਨ ਤੋਂ ਐਨ ਪਹਿਲਾਂ ਕੀਤੀਆਂ ਧੜਾਧੜ ਬਦਲੀਆਂ ਬਾਰੇ ਡਾ. ਕੁਰੈਸ਼ੀ ਨੇ ਕਿਹਾ ਕਿ ਜੇ ਕੋਈ ਖਾਸ ਬੰਦਿਆਂ ਦੀ ਤਾਇਨਾਤੀ ਚੋਣਾਂ ਦੇ ਮਕਸਦ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ ਤਾਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿਆਸੀ ਪਾਰਟੀਆਂ ਨੇ ਵਿਧਾਨ ਸਭਾ ਚੋਣਾਂ ਨੂੰ ਪੈਸੇ ਦੀ ਖੇਡ ਬਣਾਉਣ ਅਤੇ ਨਸ਼ੇ ਵੰਡਣ ਨਾਲ ਪ੍ਰਭਾਵਿਤ ਕਰਨ ਦੇ ਤੱਥ ਕਮਿਸ਼ਨ ਸਾਹਮਣੇ ਰੱਖੇ ਹਨ ਜਿਨ੍ਹਾਂ ਬਾਰੇ ਕਮਿਸ਼ਨ ਪਹਿਲਾਂ ਹੀ ਗੰਭੀਰ ਹੈ।


*ਮੁੱਖ ਚੋਣ ਕਮਿਸ਼ਨਰ ਡਾ. ਕੁਰੈਸ਼ੀ ਚੰਡੀਗੜ੍ਹ 'ਚ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ*

ਚੋਣ ਕਮਿਸ਼ਨਰ ਦੀ ਇਸ ਪਲੇਠੀ ਫੇਰੀ ਦੌਰਾਨ ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ

*(ਬਾਕੀ ਸਫਾ 6 'ਤੇ)*

## ਰਾਸ਼ਟਰਮੰਡਲ ਖੇਡਾਂ ਦੇ ਘਪਲੇ ਨੇ ਸ਼ੀਲਾ ਦਾ ਤਖ਼ਤ ਹਿਲਾਇਆ

### ਕੈਗ ਵੱਲੋਂ ਸ਼ੀਲਾ ਤੇ ਕਲਮਾਡੀ ਦੋਸ਼ੀ ਕਰਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਮੰਡਲ ਖੇਡਾਂ ਵਿਚ ਹੋਏ ਘਪਲੇ ਨੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦਾ ਤਖ਼ਤ ਹਲੂਣ ਸੁੱਟਿਆ ਹੈ। ਉਂਜ ਹੋ ਰਹੀ ਤਿੱਖੀ ਨੁਕਤਾਚੀਨੀ ਦੇ ਬਾਵਜੂਦ ਉਹ ਮੁੱਖ ਮੰਤਰੀ ਦੇ ਅਹੁਦੇ ਨੂੰ ਚੁੰਬੜੇ ਹੋਏ ਹਨ ਅਤੇ ਉਨ੍ਹਾਂ ਦੀ ਪਾਰਟੀ ਕਾਂਗਰਸ ਵੀ ਉਨ੍ਹਾਂ ਦੀ ਪੂਰੀ ਮੱਦਦ ਕਰ ਰਹੀ ਹੈ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਨੇ ਰਾਸ਼ਟਰਮੰਡਲ ਖੇਡਾਂ ਵਿਚ ਹੋਈ ਹੇਰਾਫੇਰੀ ਬਾਰੇ ਆਪਣੀ ਰਿਪੋਰਟ ਵਿਚ ਸਿੱਧੇ ਤੌਰ 'ਤੇ ਬੀਬੀ ਸ਼ੀਲਾ ਦੀਕਸ਼ਿਤ ਅਤੇ ਜੇਲ੍ਹ 'ਚ ਬੰਦ ਖੇਡਾਂ ਦੀ ਇੰਤਜ਼ਾਮੀਆ ਕਮੇਟੀ ਦੇ ਮੁਖੀ ਰਹੇ ਸੁਰੇਸ਼ ਕਲਮਾਡੀ ਵੱਲ ਉਂਗਲ ਉਠਾਈ ਹੈ। ਦੇਸ਼ ਦੇ ਇਸ ਚੋਟੀ ਦੇ ਆਡੀਟਰ ਅਦਾਰੇ ਨੇ ਸ੍ਰੀ ਕਲਮਾਡੀ ਨੂੰ ਮੌਕੇ ਦੇ ਖੇਡ ਮੰਤਰੀ ਦੇ ਇਤਰਾਜ਼ਾਂ ਦੇ ਬਾਵਜੂਦ ਇੰਤਜ਼ਾਮੀਆ ਕਮੇਟੀ ਦਾ ਮੁਖੀ ਬਣਾਏ ਜਾਣ ਲਈ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਦੀ ਭੂਮਿਕਾ 'ਤੇ ਵੀ ਸਵਾਲ ਖੜ੍ਹਾ ਕੀਤਾ ਹੈ।


*ਪੱਤਰਕਾਰਾਂ ਨੂੰ ਸੰਬੋਧਨ ਕਰ ਰਹੀ ਸ਼ੀਲਾ ਦੀਕਸ਼ਤ*

ਕੈਗ ਰਿਪੋਰਟ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਬੀਬੀ ਸ਼ੀਲਾ ਦੀਕਸ਼ਤ ਦੇ ਅਸਤੀਫੇ ਦੀ ਮੰਗ ਕੀਤੀ ਹੈ ਪਰ ਉਨ੍ਹਾਂ ਨੇ ਇਸ ਰਿਪੋਰਟ ਦੇ ਆਧਾਰ 'ਤੇ ਅਸਤੀਫਾ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ। ਬੀਬੀ ਦੀਕਸ਼ਿਤ ਨੇ ਕਿਹਾ ਕਿ "ਜ਼ਾਤੀ ਤੌਰ 'ਤੇ ਉਨ੍ਹਾਂ ਖ਼ਿਲਾਫ਼ ਕੁਝ ਨਹੀਂ ਹੈ।" ਵੱਖ-ਵੱਖ ਏਜੰਸੀਆਂ ਵੱਲੋਂ ਦੇਰੀ ਕਰਕੇ ਲਾਗਤਾਂ ਵਧਾਉਣ ਦੀ ਲੱਭਤ ਬਾਰੇ ਉਨ੍ਹਾਂ ਕਿਹਾ ਕਿ ਕੈਗ ਨੇ ਸਾਰੀਆਂ ਏਜੰਸੀਆਂ ਨੂੰ ਰਲਗੱਡ ਕਰਕੇ ਗਲਤ ਕੀਤਾ ਹੈ। ਕੈਗ ਬੁਨਿਆਦੀ ਤੌਰ 'ਤੇ ਖਾਤਿਆਂ ਦਾ ਲੇਖਾ-ਜੋਖਾ ਕਰਨ ਵਾਲੀ ਸੰਸਥਾ ਹੈ। ਕੈਗ ਆਪਣੀ ਰਿਪੋਰਟ 'ਚ ਜੋ ਵੀ ਪੱਖ ਦਿੰਦੀ ਹੈ, ਉਹ ਮੁੱਦੇ ਦੀ ਤਹਿ ਤੱਕ ਨਹੀਂ ਹੁੰਦਾ। ਇਸ ਲਈ ਜਦੋਂ ਇਸ ਰਿਪੋਰਟ ਨੂੰ ਲੋਕ ਲੇਖਾ ਕਮੇਟੀ ਅੱਗੇ ਰੱਖਿਆ ਜਾਵੇਗਾ, ਤਾਂ ਉਹ ਉਥੇ ਆਪਣਾ ਪੱਖ ਰੱਖਣਗੇ। ਉਨ੍ਹਾਂ ਕਿਹਾ ਕਿ ਕੋਈ ਵੀ ਮੰਤਰੀ ਜਾਂ ਮੁੱਖ ਮੰਤਰੀ ਟੈਂਡਰ ਅਲਾਟ ਨਹੀਂ ਕਰਦਾ। ਕੇਂਦਰੀ ਲੋਕ ਨਿਰਮਾਣ ਵਿਭਾਗ ਦਾ ਵਰਕ-ਮੈਨੂਅਲ ਬਣਿਆ ਹੋਇਆ ਹੈ ਜਿਸ 'ਤੇ ਅਮਲ ਕੀਤਾ

*(ਬਾਕੀ ਸਫਾ 13 'ਤੇ)*

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
M&M and Associates
209.918.6464
ahundal@c21mm.com
605 Standiford Ave, Ste D - Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

## ਗਦਰੀ ਬਾਬਿਆਂ ਨੂੰ ਸਮਰਪਿਤ

# ਪੰਜਾਬ ਮੇਲਾ 2011

**27 ਅਗਸਤ 2011**

*(ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)*

**Union City**

Alvarado Middle School
31604 Alvarado Blvd., Union City, CA 94587







## Open & Under-21 Tournament ਓਪਨ ਅਤੇ ਅੰਡਰ 21 ਕਬੱਡੀ

Tournament organized under rules & regulations of USA Kabaddi Fedration

**Sponsorship**

- Grand Sponsor $10,000
- Platinum Sponsor $5000
- Gold Sponsor $2500
- Silver Sponsor $1000
- Patron $500

Gidha/Bhangra
Live Entertainment
Comedy

For Sponsorship & Booth Info.:
Manjit S. Gill 510-415-2368

For More Info.: Kulbir Heer Ph:510-304-7733

**Free Admission**

Gadar Movement Exhibition

Enjoy Indian Food & Lots More.

## Executive Committee

Avtar Singh Tari 510-750-5152
Kashmir Dhugga 510-816-9044
Manjeet S. Virk 510-676-8992
Mehnga S. Sarpanch 510-755-0767
Kamaljit Singh Atwal 510-750-4303
Bhupinder S. Parmar 510-305-8351
Davinder Singh 510-750-5757
Parkash Singh
Manjit S. Gill 510-415-2368
(www.gillfinanicial.com)
Jagwinder Singh (Biittu)
Sukhjit Sandhu (Seeta)
Manjit Sandhu
Kuldip S. Shergill
Kulbir Heer (Liberty Tax) 510-304-7733
Jhon Pal Singh 510-586-5153

## Indo American Cultural Org. (Bay Area)

# ਹਾਂਸੀ-ਬੁਟਾਣਾ ਨਹਿਰ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਦੇ ਕਿਸਾਨ ਆਹਮੋ-ਸਾਹਮਣੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਾਂਸੀ-ਬੁਟਾਣਾ ਨਹਿਰ ਦੀ ਸਿਆਸਤ ਦੋਹਾਂ ਸੂਬਿਆਂ ਦੇ ਲੋਕਾਂ ਦੇ ਦਿਲਾਂ 'ਚ ਵੀ ਜ਼ਹਿਰ ਘੋਲਣ ਲੱਗੀ ਹੈ। ਇਸ ਮੁੱਦੇ ਨੂੰ ਲੈ ਕੇ ਦੋਹਾਂ ਸੂਬਿਆਂ ਦੇ ਕਿਸਾਨਾਂ ਵੱਲੋਂ ਆਪੋ-ਆਪਣੇ ਪਾਸੇ ਮਹਾਂਪੰਚਾਇਤਾਂ ਕਰ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਦੇ ਕਿਸਾਨਾਂ ਨੇ ਜਿੱਥੇ ਹਾਂਸੀ-ਬੁਟਾਣਾ ਨਹਿਰ ਦੇ ਨਾਲ ਕੰਧ ਦੀ ਉਸਾਰੀ ਰੋਕਣ ਦਾ ਮੁੱਦਾ ਉਠਾਇਆ ਹੈ, ਉਥੇ ਹਰਿਆਣਾ ਦੇ ਕਿਸਾਨਾਂ ਨੇ ਕੰਧ ਦਾ ਖੁੱਲ੍ਹ ਕੇ ਹਮਾਇਤ ਕੀਤੀ ਹੈ। ਉਧਰ, ਪੰਜਾਬ ਸਰਕਾਰ ਵੱਲੋਂ ਹਾਂਸੀ-ਬੁਟਾਣਾ ਨਹਿਰ ਬਾਰੇ ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਤਕਨੀਕੀ ਰਿਪੋਰਟ ਵਿਚ ਦਾਅਵਾ ਕੀਤਾ ਕਿ ਹਾਂਸੀ-ਬੁਟਾਣਾ ਨਹਿਰ ਨਾ ਸਿਰਫ਼ ਮੁੱਢਲੇ ਰੂਪ ਵਿਚ ਹੀ ਦੋਸ਼ਪੂਰਨ ਹੈ ਸਗੋਂ ਇਹ ਦਰਿਆਵਾਂ ਦੇ ਵਹਿਣ ਵਾਲੇ ਖਿੱਤੇ ਦੇ ਭੂਗੋਲਿਕ ਲੱਛਣਾਂ ਦੇ ਵੀ ਉਲਟ ਹੈ। ਦਿੱਲੀ ਆਈ.ਆਈ.ਟੀ. ਦੇ ਸਿਵਲ ਇੰਜਨੀਅਰਿੰਗ ਵਿਭਾਗ ਦੇ ਪ੍ਰੋ. ਡਾ. ਰਾਕੇਸ਼ ਖੋਸਾ ਵੱਲੋਂ ਤਿਆਰ 17 ਸਫ਼ਿਆਂ ਦੀ ਰਿਪੋਰਟ ਵਿਚ ਇਹ ਪ੍ਰਗਟਾਵਾ ਕੀਤਾ ਗਿਆ ਹੈ ਕਿ ਨਹਿਰ ਦੇ ਮਿੱਟੀ ਦੇ ਬੰਨ੍ਹ ਦੇ ਨਾਲ-ਨਾਲ ਬਣਾਈ ਕੰਧ ਨਾਲ ਨਹਿਰ ਦੇ ਖੱਬੇ ਪਾਸੇ ਰਹਿੰਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਹੋਰ ਵਧ ਜਾਵੇਗੀ। ਨਹਿਰ ਦੇ ਸੱਜੇ ਪਾਸੇ ਦਾ ਇਲਾਕਾ ਜੋ ਪੂਰੀ ਤਰ੍ਹਾਂ ਹਰਿਆਣਾ ਵਿਚ ਪੈਂਦਾ ਹੈ, ਖੱਬੇ ਪਾਸੇ ਤੋਂ ਪੂਰੀ ਤਰ੍ਹਾਂ ਕੱਟਿਆ ਜਾਵੇਗਾ ਤੇ ਪੂਰੀ ਤਰ੍ਹਾਂ ਹੜ੍ਹਾਂ ਤੋਂ ਮੁਕਤ ਹੋ ਜਾਵੇਗਾ।

ਇਸ ਆਧਾਰ 'ਤੇ ਪੰਜਾਬ ਨੇ ਸੁਪਰੀਮ ਕੋਰਟ ਵਿਚ ਬੜੇ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਹਰਿਆਣਾ ਨੂੰ ਹਾਂਸੀ-ਬੁਟਾਣਾ ਨਹਿਰ ਦੇ ਨਾਲ ਕੰਧ ਉਸਾਰਨ ਤੋਂ ਤੁਰੰਤ ਰੋਕਿਆ ਜਾਵੇ। ਅਜਿਹਾ ਨਾ ਕਰਨ 'ਤੇ ਉਸ ਦੇ 70 ਪਿੰਡ ਤੇ ਹਜ਼ਾਰਾਂ ਏਕੜ ਜ਼ਮੀਨ ਹੜ੍ਹਾਂ ਦੀ ਭੇਟ ਚੜ੍ਹ ਜਾਵੇਗੀ। ਦੂਜੇ ਪਾਸੇ, ਹਰਿਆਣਾ ਨੇ ਨਦੀਆਂ ਦੇ ਪਾਣੀ ਦੀ ਵੰਡ ਨਾਲ ਸਬੰਧਤ ਵਿਵਾਦ 'ਤੇ ਸੁਣਵਾਈ ਬਾਰੇ ਅਦਾਲਤ ਦੇ ਅਧਿਕਾਰ ਖੇਤਰ ਬਾਰੇ ਸਵਾਲ ਉਠਾਇਆ ਹੈ। ਸੁਪਰੀਮ ਕੋਰਟ ਨੇ ਅਗਲੀ ਸੁਣਵਾਈ 19 ਅਗਸਤ ਤੱਕ ਟਾਲ ਦਿੱਤੀ ਹੈ। ਜਸਟਿਸ ਜੇ.ਐਸ. ਪੰਚਾਲ ਤੇ ਜਸਟਿਸ ਐਚ.ਐਲ. ਗੋਖਲੇ ਦੇ ਬੈਂਚ ਅੱਗੇ ਦੋ ਘੰਟਿਆਂ ਤੱਕ ਚੱਲੀ ਬਹਿਸ ਦੌਰਾਨ ਕੇਂਦਰ ਨੇ 'ਇਕ ਚੁੱਪ ਸੌ ਸੁੱਖ' ਵਾਲੀ ਨੀਤੀ 'ਤੇ ਅਮਲ ਕੀਤਾ ਜਦਕਿ ਪੰਜਾਬ ਵੱਲੋਂ ਰਾਵੀ, ਬਿਆਸ ਤੇ ਸਤਲੁਜ ਦਰਿਆਵਾਂ ਨੂੰ 'ਆਪਣੇ' ਕਹਿਣ ਉਪਰ ਰਾਜਸਥਾਨ ਨੇ ਅਸਹਿਮਤੀ ਪ੍ਰਗਟ ਕੀਤੀ। ਇਸ ਦੇ ਨਾਲ ਹੀ ਹਰਿਆਣਾ ਵੱਲੋਂ ਭਾਖੜਾ ਮੇਨ ਲਾਈਨ ਵਿਚੋਂ 109 ਕਿਲੋਮੀਟਰ ਲੰਮੀ ਹਾਂਸੀ-ਬੁਟਾਣਾ ਨਹਿਰ ਕੱਢਣ ਦਾ ਰਾਜਸਥਾਨ ਵਿਰੋਧ ਵੀ ਕਰ ਰਿਹਾ ਹੈ। ਪੰਜਾਬ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਤੇ ਰਾਜੀਵ ਧਵਨ ਨੇ ਅਦਾਲਤ ਵਿਚ ਕਿਹਾ ਕਿ ਹਰਿਆਣਾ ਵੱਲੋਂ ਨਹਿਰ ਦੇ ਨਾਲ-ਨਾਲ ਉਸਾਰੀ ਜਾ ਰਹੀ 7-10 ਫੁੱਟ ਉੱਚੀ ਕੰਧ ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਵਿਚ ਅੜਿੱਕਾ ਪਾਵੇਗੀ ਜਿਸ ਕਾਰਨ ਪਟਿਆਲਾ ਜ਼ਿਲ੍ਹੇ ਦੇ 70 ਪਿੰਡ ਤੇ 70 ਹਜ਼ਾਰ ਹੈਕਟੇਅਰ ਵਾਹੀਯੋਗ ਜ਼ਮੀਨ ਤਬਾਹ ਹੋ ਜਾਵੇਗੀ।

ਹਰਿਆਣਾ ਦਾ ਕਹਿਣਾ ਹੈ ਕਿ ਪਿਛਲੇ ਸਾਲ ਪੰਜਾਬ ਵਾਲੇ ਪਾਸੇ ਤੋਂ ਆਏ ਹੜ੍ਹਾਂ ਕਾਰਨ ਨਹਿਰ ਲਈ ਖਤਰਾ ਖੜ੍ਹਾ ਹੋ ਗਿਆ ਸੀ। ਉਸ ਨੇ ਦਲੀਲ ਦਿੱਤੀ ਕਿ ਉਹ ਨਹਿਰ ਦੀ ਪਟੜੀ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਹੀ ਇਹ ਕੰਧ ਉਸਾਰ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਨੇ ਜ਼ੋਰ ਦੇ ਕੇ ਕਿਹਾ ਕਿ ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਦਾ ਹਰਿਆਣਾ ਕੋਲ ਕੋਈ ਹੱਕ ਨਹੀਂ ਹੈ। ਸ੍ਰੀ ਸਾਲਵੇ ਨੇ ਕਿਹਾ ਕਿ ਪੰਜਾਬ ਵੱਲੋਂ 2007 ਵਿਚ ਇਸ ਬਾਰੇ ਪਾਏ ਸਭ ਤੋਂ ਪਹਿਲੇ ਕੇਸ ਦੀ ਸੁਣਵਾਈ ਵੇਲੇ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਉਪਰ ਇਤਰਾਜ਼ ਪ੍ਰਗਟਾਇਆ ਗਿਆ ਸੀ। ਸੁਪਰੀਮ ਕੋਰਟ ਨੇ ਹਰਿਆਣਾ ਨੂੰ ਜਿਉਂ ਦੀ ਤਿਉਂ ਹਾਲਤ ਕਾਇਮ ਰੱਖਣ ਦਾ ਹੁਕਮ ਦਿੱਤਾ ਸੀ। ਨਹਿਰ ਦੇ ਨਾਲ ਕੰਧ ਦੀ ਉਸਾਰੀ ਉਸ ਹੁਕਮ ਦੀ ਉਲੰਘਣਾ ਹੈ।

ਇਸ 'ਤੇ ਹਰਿਆਣਾ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਕਾਨੂੰਨ ਮੁਤਾਬਕ ਪੰਜਾਬ ਨੂੰ ਆਪਣੀ ਸ਼ਿਕਾਇਤ ਕੇਂਦਰ ਕੋਲ ਕਰਨੀ ਚਾਹੀਦੀ ਹੈ। ਕੇਂਦਰ ਨੂੰ ਗੱਲਬਾਤ ਦੇ ਜ਼ਰੀਏ ਇਕ ਸਾਲ ਵਿਚ ਮਾਮਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਫੇਰ ਵੀ ਕੋਈ ਹੱਲ ਨਹੀਂ ਨਿਕਲਦਾ ਤਾਂ ਮਾਮਲਾ ਅੰਤਰਰਾਜੀ ਨਦੀ ਜਲ ਵਿਵਾਦ ਐਕਟ ਤਹਿਤ ਟ੍ਰਿਬਿਊਨਲ ਦੇ ਸਪੁਰਦ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਸਣੇ ਨਿਆਂ ਪਾਲਿਕਾਂ ਕੋਲ ਇਸ ਮਾਮਲੇ ਦੀ ਸੁਣਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ।



*ਹਰਿਆਣਾ ਦੇ ਕਿਸਾਨ ਉਦਯੋਗ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਨੂੰ ਸਨਮਾਨਿਤ ਕਰਦੇ ਹੋਏ*

ਇਸ ਮਾਮਲੇ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਵੱਲੋਂ ਸਮਾਣਾ ਦੇ ਪਿੰਡ ਰਾਮਨਗਰ ਵਿਖੇ ਘੱਗਰ ਦੇ ਆਲੇ-ਦੁਆਲੇ ਦੇ ਪੰਜਾਬ ਤੇ ਹਰਿਆਣਾ ਦੇ 80 ਦੇ ਕਰੀਬ ਪਿੰਡਾਂ ਦੀ ਮਹਾਂਪੰਚਾਇਤ ਬੁਲਾਈ। ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ, ਰਾਮ ਸਿੰਘ ਮਟੋਰੜਾ ਤੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਹਰਿਆਣਾ ਦੀ ਹੁੱਡਾ ਸਰਕਾਰ ਹਾਂਸੀ-ਬੁਟਾਣਾ ਨਹਿਰ ਦੇ ਨਾਲ ਇਸ ਕੰਧ ਦੀ ਉਸਾਰੀ ਕਰ ਕੇ ਜਾਣਬੁੱਝ ਕੇ ਪੰਜਾਬ ਤੇ ਹਰਿਆਣਾ ਦੇ ਕਰੀਬ 80 ਪਿੰਡਾਂ ਦੇ ਲੋਕਾਂ ਨੂੰ 'ਉਜਾੜਨਾ' ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਤੇ ਹਰਿਆਣਾ ਪ੍ਰਸ਼ਾਸਨ ਵੱਲੋਂ ਕਥਿਤ ਸਿਆਸੀ ਰੋਟੀਆਂ ਸੇਕਣ ਲਈ ਹੜ੍ਹ ਪੀੜਤ ਇਲਾਕੇ ਦੇ ਕਿਸਾਨਾਂ ਦੇ ਜ਼ਖ਼ਮਾਂ ਤੇ ਹੋਰ ਲੂਣ ਛਿੜਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਆਗੂਆਂ ਨੇ ਕਿਸਾਨਾਂ ਨਾਲ ਹਮਦਰਦੀ ਜ਼ਾਹਰ ਕਰਨ ਦੀ ਥਾਂ ਉਲਟਾ ਗੂਹਲਾ-ਚੀਕਾ ਵਿਚ ਕੀਤੇ ਸਿਆਸੀ ਇਕੱਠ ਵਿਚ ਲੋਕਾਂ ਨੂੰ ਗੁੰਮਰਾਹ ਕਰਕੇ ਸੁਰਜੇਵਾਲਾ ਨੇ ਇਹ ਮਤਾ ਪਾਸ ਕਰਵਾ ਲਿਆ ਕਿ ਹਾਂਸੀ-ਬੁਟਾਣਾ ਨਹਿਰ ਦੇ ਖੱਬੇ ਪਾਸੇ ਵੱਲ ਚਾਰ ਕਿਲੋਮੀਟਰ ਲੰਮੀ ਕੰਕਰੀਟ ਦੀ ਕੰਧ ਬਣ ਕੇ ਹੀ ਰਹੇਗੀ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਇਸ ਮਹਾਂਪੰਚਾਇਤ ਵਿਚ ਆਉਣ ਤੋਂ ਰੋਕਣ ਲਈ ਉਨ੍ਹਾਂ ਨਾਲ ਨਾ ਕੇਵਲ ਝੂਠੇ ਵਾਅਦੇ ਹੀ ਕੀਤੇ ਬਲਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਵੀ ਦਿੱਤੀਆਂ। ਮਹਾਂ ਪੰਚਾਇਤ ਵਿਚ ਆਏ ਹਰਿਆਣਾ ਦੇ ਪਿੰਡ ਖੰਬੇੜਾ, ਬੋਪਾਰਾਏ ਤੋਂ ਇਲਾਵਾ ਦੂਜੇ ਪਿੰਡਾਂ ਦੇ ਕਿਸਾਨਾਂ ਨੇ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਇਸ ਮਹਾਂ ਪੰਚਾਇਤ ਵਿਚ ਆਉਣ ਤੋਂ ਰੋਕਣ ਲਈ ਜਿੱਥੇ ਕਈ ਤਰ੍ਹਾਂ ਦੇ ਦਬਾਅ ਬਣਾਏ, ਉੱਥੇ ਹੀ ਉਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ।

ਇਸ ਤੋਂ ਇਕ ਦਿਨ ਪਹਿਲਾਂ 7 ਅਗਸਤ ਨੂੰ ਹਰਿਆਣਾ ਦੀਆਂ ਕਈ ਜਥੇਬੰਦੀਆਂ ਵੱਲੋਂ ਸੂਬੇ ਦੇ ਸਾਬਕਾ ਮੰਤਰੀ ਤੇ ਖੇਤ ਮਜ਼ਦੂਰ-ਕਿਸਾਨ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਸ਼ਮਸ਼ੇਰ ਸਿੰਘ ਸੁਰਜੇਵਾਲਾ ਦੀ ਪ੍ਰਧਾਨਗੀ ਹੇਠ ਕੈਥਲ ਰੋਡ ਸਥਿਤ ਪਹਿਲਵਾਨ ਗਾਰਡਨ ਵਿਚ ਹਾਂਸੀ-ਬੁਟਾਣਾ ਨਹਿਰ ਤੇ ਘੱਗਰ ਦਰਿਆ ਵਿਚਕਾਰ ਬਣਾਈ ਜਾ ਰਹੀ ਚਾਰ ਕਿਲੋਮੀਟਰ ਲੰਬੀ ਟੋਅ-ਵਾਲ ਦੇ ਹੱਕ ਵਿਚ ਮਹਾ-ਪੰਚਾਇਤ ਬੁਲਾਈ ਗਈ। ਇਸ ਵਿਚ ਹਰਿਆਣਾ ਦੇ ਲੋਕ ਨਿਰਮਾਣ ਤੇ ਉਦਯੋਗ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਨੇ ਵੀ ਸ਼ਿਰਕਤ ਕੀਤੀ। ਮਹਾਂ ਪੰਚਾਇਤ ਵੱਲੋਂ ਇਕ ਮਤਾ ਵੀ ਪਾਸ ਕੀਤਾ ਗਿਆ ਜਿਸ ਰਾਹੀਂ ਨਹਿਰ 'ਚ ਬਣਾਈ ਜਾ ਰਹੀ ਟੋਅ-ਵਾਲ ਦੀ ਹਮਾਇਤ ਕੀਤੀ ਗਈ।

## ਡਾ. ਗੁਰਨੇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਦੇ ਕਾਰਜਕਾਰੀ ਵੀ.ਸੀ. ਬਣੇ

**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਥੇ ਚਲਾਈ ਜਾ ਰਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦਾ ਕਾਰਜਕਾਰੀ ਉਪ ਕੁਲਪਤੀ ਸਿੱਖ ਵਿਦਵਾਨ ਡਾ. ਗੁਰਨੇਕ ਸਿੰਘ ਨੂੰ ਲਾਇਆ ਗਿਆ ਹੈ। ਡਾ. ਗੁਰਨੇਕ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਜੋਧ ਸਿੰਘ, ਡਾ. ਪਰਮਵੀਰ ਸਿੰਘ, ਡਾ. ਗੁਰਮੀਤ ਸਿੰਘ ਸਿੱਧੂ, ਡਾ. ਪਰਦਮਨਸ਼ਾਹ, ਡਾ. ਦਰਸ਼ਨ ਸਿੰਘ ਤੇ ਡਾ. ਰਜਿੰਦਰ ਕੌਰ ਰੋਹੀ ਵੀ ਮੌਜੂਦ ਸਨ। ਫਿਲਹਾਲ ਡਾ. ਗੁਰਨੇਕ ਸਿੰਘ ਦੀ ਨਿਯੁਕਤੀ ਚਾਰ ਮਹੀਨੇ ਵਾਸਤੇ ਹੋਈ।

ਡਾ. ਗੁਰਨੇਕ ਸਿੰਘ ਨੇ ਲੰਮਾ ਸਮਾਂ ਪੰਜਾਬੀ ਯੂਨੀਵਰਸਿਟੀ ਵਿਚ ਕੰਮ ਕੀਤਾ ਹੈ। ਉਹ 1979 ਵਿੱਚ ਯੂਨੀਵਰਸਿਟੀ ਵਿੱਚ ਨੌਕਰੀ 'ਤੇ ਲੱਗੇ। ਉਨ੍ਹਾਂ ਐਮ. ਏ. ਇੰਗਲਿਸ਼, ਪੰਜਾਬੀ ਅਤੇ ਧਰਮ ਵਿਚ ਪੀ.ਐਚ.ਡੀ. ਕੀਤੀ ਹੋਈ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਵੀ ਰਹੇ ਹਨ। ਪੰਜਾਬੀ ਯੂਨੀਵਰਸਿਟੀ ਤੋਂ 2009 ਵਿਚ ਸੇਵਾਮੁਕਤ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੋ ਸਾਲ ਮੁੜ ਸੇਵਾ 'ਤੇ ਰੱਖਿਆ ਗਿਆ ਸੀ।



# ਦੰਗਿਆਂ ਦੀ ਅੱਗ 'ਚ ਝੁਲਸਿਆ ਇੰਗਲੈਂਡ

## ਪੰਜਾਬੀ ਭਾਈਚਾਰੇ ਦੇ ਕਾਰੋਬਾਰ 'ਤੇ ਅਸਰ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਦੁਨੀਆਂ ਦਾ ਵਿਕਸਤ ਦੇਸ਼ ਇੰਗਲੈਂਡ ਦੰਗਿਆਂ ਦੀ ਅੱਗ 'ਚ ਬੁਰੀ ਤਰ੍ਹਾਂ ਝੁਲਸ ਗਿਆ ਹੈ। ਲੰਡਨ ਤੋਂ ਬਾਅਦ ਬਰਮਿੰਘਮ, ਬ੍ਰਿਸਟਲ ਤੇ ਲਿਵਰਪੂਲ ਵਿਚ ਵੀ ਇਹ ਦੰਗੇ ਫੈਲ ਗਏ। ਇਹ ਦੰਗੇ 29 ਸਾਲਾ ਮਾਰਕ ਡੁਗਟਨ ਦੀ ਪੁਲਿਸ ਗੋਲੀ ਨਾਲ ਹੋਈ ਮੌਤ ਤੋਂ ਬਾਅਦ ਭੜਕੇ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਦੰਗਿਆਂ ਦਾ ਮੁੱਖ ਆਧਾਰ ਸਰਕਾਰ ਵੱਲੋਂ ਸੋਸ਼ਲ ਸਕਿਓਰਿਟੀ ਵਿਚ ਕੀਤੀ ਕਟੌਤੀ ਹੈ। ਬਰਮਿੰਘਮ ਦੀ ਸੋਹੋ ਰੋਡ ਜਿੱਥੇ ਪੰਜਾਬੀ ਭਾਈਚਾਰੇ ਦੀਆਂ ਵਧੇਰੇ ਦੁਕਾਨਾਂ ਤੇ ਹੋਰ ਕਾਰੋਬਾਰ ਹਨ, ਉਤੇ ਭੰਨ-ਤੋੜ ਨਾਲ ਡਾਢਾ ਨੁਕਸਾਨ ਪੁੱਜਾ ਹੈ। ਸੜਕਾਂ 'ਤੇ ਹੋ ਰਹੇ ਦੰਗੇ, ਲੁੱਟ-ਖੋਹ ਅਤੇ ਅਗਜ਼ਨੀ ਦੀਆਂ ਘਟਨਾਵਾਂ ਤੋਂ ਮਗਰੋਂ ਬਰਤਾਨਵੀ ਸੰਸਦ ਦੀ ਹੰਗਾਮੀ ਮੀਟਿੰਗ ਸੱਦੀ ਗਈ ਹੈ। ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਆਪਣੀਆਂ ਛੁੱਟੀਆਂ ਵੀ ਵਿਚਾਲੇ ਛੱਡਣੀਆਂ ਪੈ ਗਈਆਂ ਹਨ। ਉਹ ਮੱਧ ਇਟਲੀ ਦੇ ਟਸਕਨੀ ਖੇਤਰ 'ਚ ਛੁੱਟੀਆਂ ਮਨਾਉਣ ਗਏ ਹੋਏ ਸਨ। ਆਉਂਦਿਆਂ ਸਾਰ ਹੀ ਉਨ੍ਹਾਂ ਨੇ ਸਰਕਾਰ ਦੀ ਐਮਰਜੈਂਸੀ ਕਮੇਟੀ ਦੀ ਮੀਟਿੰਗ ਸੱਦ ਲਈ।

ਲੰਡਨ ਦੇ ਟੋਟਨਹਾਮ ਤੇ ਹੋਰ ਬਹੁਤ ਸਾਰੇ ਖੇਤਰਾਂ 'ਚ ਫੈਲੇ ਦੰਗਿਆਂ ਨੂੰ ਪ੍ਰਧਾਨ ਮੰਤਰੀ ਨੇ 'ਖ਼ੌਫ਼ਨਾਕ' ਅਤੇ 'ਮੁਜਰਮਾਨਾ ਬਿਰਤੀ ਤੋਂ ਪ੍ਰੇਰਿਤ' ਕਰਾਰ ਦਿੱਤਾ ਹੈ। ਸਰਕਾਰ ਦੀ ਹੰਗਾਮੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਮਗਰੋਂ ਕੈਮਰੌਨ ਨੇ ਲੰਡਨ 'ਚ ਹੋਰ ਪੁਲਿਸ ਲਾਉਣ ਦੇ ਹੁਕਮ ਦਿੱਤੇ। ਇਸੇ ਦੌਰਾਨ ਸਕਾਟਲੈਂਡ ਯਾਰਡ ਨੇ ਦੱਸਿਆ ਕਿ ਦੰਗਿਆਂ ਦੌਰਾਨ ਕਰਾਇਡਨ 'ਚ ਕਾਰ ਵਿਚ ਗੋਲੀਆਂ ਨਾਲ ਜ਼ਖ਼ਮੀ ਹੋਏ 26 ਸਾਲਾ ਵਿਅਕਤੀ ਦੀ ਹਸਪਤਾਲ 'ਚ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਉਤਰੀ ਲੰਡਨ ਦੇ ਆਰਥਿਕ ਪੱਖੋਂ ਪਛੜੇ ਅਤੇ ਗਰੀਬ ਬਸਤੀ ਵਾਲੇ ਇਲਾਕੇ 'ਚ 29 ਸਾਲਾ ਮਾਰਕ ਡੁਗਟਨ ਦੇ ਪੁਲਿਸ ਫਾਇਰਿੰਗ ਦੌਰਾਨ ਮਾਰੇ ਜਾਣ ਮਗਰੋਂ ਲੋਕਾਂ ਨੇ ਬੜੇ ਰੋਹ ਭਰੇ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ। ਗੁੱਸੇ 'ਚ ਆਏ ਲੋਕਾਂ ਨੇ ਵਾਹਨਾਂ ਨੂੰ ਅੱਗ ਲਾ ਦਿੱਤੀ ਅਤੇ ਲੁੱਟ-ਖੋਹ 'ਤੇ ਉਤਰ ਆਏ।



*ਇੰਗਲੈਂਡ ਵਿਚ ਦੰਗਿਆਂ ਦੌਰਾਨ ਸੜ ਰਹੀ ਇਮਾਰਤ*

ਹਿੰਸਾ 'ਚ ਕਈ ਪੁਲਿਸ ਵਾਲੇ ਵੀ ਜ਼ਖਮੀ ਹੋ ਗਏ ਤੇ ਕਈ ਦੁਕਾਨਾਂ ਤੇ ਇਮਾਰਤਾਂ ਅੱਗ ਦੀ ਭੇਟ ਚੜ੍ਹ ਗਈਆਂ। ਮਾਰਕ ਡੁਗਟਨ ਚਾਰ ਬੱਚਿਆਂ ਦਾ ਪਿਤਾ ਸੀ। ਟੋਟਨਹਾਮ ਹਾਈ ਰੋਡ 'ਤੇ ਪੁਲਿਸ ਸਟੇਸ਼ਨ ਦੇ ਬਾਹਰ ਨਿਆਂ ਦੀ ਮੰਗ ਕਰਦੇ 300 ਦੇ ਕਰੀਬ ਲੋਕ ਇਕੱਠੇ ਹੋਏ ਸਨ। ਪਹਿਲਾਂ ਤਾਂ ਇਹ ਲੋਕ ਰੋਹ ਅਮਨਪੂਰਨ ਸੀ ਪਰ ਕੁਝ ਸਮੇਂ ਮਗਰੋਂ ਪੈਟਰੋਲ ਬੰਬਾਂ ਨਾਲ ਪੁਲਿਸ ਦੀਆਂ ਕਾਰਾਂ ਨੂੰ ਅੱਗ ਲਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਇਸ ਤੋਂ ਬਾਅਦ ਲੋਕਾਂ ਦਾ ਸੈਲਾਬ ਸੜਕਾਂ 'ਤੇ ਆ ਗਿਆ ਅਤੇ ਇਕ ਤੋਂ ਬਾਅਦ ਇਕ ਸ਼ਹਿਰ 'ਚ ਫੈਲਦਾ ਗਿਆ। ਲੰਡਨ ਤੋਂ ਭੜਕੇ ਦੰਗਿਆਂ ਦਾ ਸੇਕ ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਪਹੁੰਚ ਗਿਆ। ਲੰਡਨ ਦੇ ਹੋਰ ਇਲਾਕਿਆਂ ਵਿਚ ਵੀ ਲੁੱਟ, ਅੱਗਜ਼ਨੀ ਤੇ ਭੰਨ-ਤੋੜ ਦੀਆਂ ਵਾਰਦਾਤਾਂ ਹੋਈਆਂ। ਈਲਿੰਗ ਟਾਊਨ ਸੈਂਟਰ ਵਿਚ ਕਈ ਖਰੂਦੀਆਂ ਨੇ ਦੁਕਾਨਾਂ ਦੀ ਭੰਨ-ਤੋੜ ਕੀਤੀ, ਟਿਊਬ ਸਟੇਸ਼ਨ ਨੂੰ ਵੀ ਬੰਦ ਕਰ ਦਿੱਤਾ ਗਿਆ। ਪੁਲਿਸ ਨੇ ਦੁਕਾਨਾਂ, ਪੱਬ, ਰੈਸਟੋਰੈਂਟ 5 ਵਜੇ ਤੱਕ ਬੰਦ ਰੱਖਣ ਦੇ ਆਦੇਸ਼ ਦੇ ਦਿੱਤੇ। ਪੁਲਿਸ ਨੇ 400 ਤੋਂ ਵੱਧ ਗ੍ਰਿਫਤਾਰੀਆਂ ਕੀਤੀਆਂ ਗਈ ਹਨ ਜਿਨ੍ਹਾਂ ਵਿਚੋਂ 69 'ਤੇ ਵੱਖ-ਵੱਖ ਦੋਸ਼ ਲਾਏ ਗਏ ਹਨ। ਤਿੰਨ ਜਣਿਆਂ ਨੂੰ ਇਰਾਦਾ ਕਤਲ ਦੇ ਦੋਸ਼ ਵਿਚ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਲੰਡਨ ਤੋਂ ਬਾਅਦ ਸਭ ਤੋਂ ਵੱਧ ਨੁਕਸਾਨ ਬਰਮਿੰਘਮ ਵਿਖੇ ਹੋਇਆ ਹੈ ਜਿਥੇ ਟਾਊਨ ਸੈਂਟਰ ਵਿਚ ਕਈ ਦੁਕਾਨਾਂ ਦੀ ਲੁੱਟਮਾਰ ਕੀਤੀ ਗਈ ਹੈ। ਦੰਗਾਕਾਰੀਆਂ ਨੇ ਆਮ ਤੌਰ 'ਤੇ ਮੋਬਾਈਲ ਫੋਨਾਂ, ਫੋਟੋ ਕੈਮਰੇ ਦੀਆਂ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ, ਮੈਕਡਾਨਲ ਦੀ ਵੀ ਭੰਨ-ਤੋੜ ਕੀਤੀ ਗਈ ਹੈ। ਪੰਜਾਬੀ ਭਾਈਚਾਰੇ ਦਾ ਜ਼ਿਆਦਾ ਬਿਜ਼ਨੈਸ ਸੋਹੋ ਰੋਡ 'ਤੇ ਹੈ ਜਿਥੇ ਕਈ ਦੁਕਾਨਾਂ ਦੀ ਲੁੱਟਮਾਰ ਕੀਤੀ ਗਈ ਹੈ। ਇਨ੍ਹਾਂ ਦੰਗਿਆਂ ਵਿਚ ਇਕ ਕਰੋੜ ਪੌਂਡ ਤੋਂ ਵੱਧ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ। ਦੰਗਿਆਂ ਕਾਰਨ ਇੰਗਲੈਂਡ ਅਤੇ ਹਾਲੈਂਡ ਦਾ ਫੁਟਬਾਲ ਮੈਚ ਵੀ ਰੱਦ ਕਰਨਾ ਪਿਆ ਹੈ।

## ਭਾਰਤ ਔਰਤਾਂ ਲਈ ਖਤਰਨਾਕ ਦੇਸ਼!

**ਨਵੀਂ ਦਿੱਲੀ:** ਇਕ ਵਿਸ਼ਵ ਪੱਧਰੀ ਸਰਵੇ 'ਚ ਭਾਰਤ ਨੂੰ ਸੰਸਾਰ ਭਰ ਦੇ ਦੇਸ਼ਾਂ 'ਚੋਂ ਔਰਤਾਂ ਲਈ ਚੌਥਾ ਖਤਰਨਾਕ ਦੇਸ਼ ਐਲਾਨਿਆ ਗਿਆ ਹੈ। ਇਹ ਸਰਵੇ ਥਾਮਸ ਰਾਈਟਰਜ਼ ਫਾਊਂਡੇਸ਼ਨ ਦੀ ਕਾਨੂੰਨੀ ਸਮਾਚਾਰ ਸੇਵਾ 'ਟਰੱਸਟ ਲਾਅ' ਵਜੋਂ ਕਰਵਾਇਆ ਗਿਆ ਹੈ ਜੋ ਪੰਜ ਮਹਾਂਦੀਪਾਂ ਦੇ 213 ਜੈਂਡਰ ਮਾਹਰਾਂ ਦੇ ਸੈਂਪਲਾਂ 'ਤੇ ਆਧਾਰਤ ਹੈ।

ਇਹ ਜਾਣਕਾਰੀ 'ਮਹਿਲਾ ਤੇ ਬਾਲ ਵਿਕਾਸ' ਸਬੰਧੀ ਰਾਜ ਮੰਤਰੀ ਨੇ ਰਾਜ ਸਭਾ 'ਚ ਦਿੱਤੀ ਪਰ ਉਨ੍ਹਾਂ ਕਿਹਾ ਕਿ ਸਰਕਾਰ ਇਸ ਸਰਵੇ ਲਈ ਵਰਤੇ ਗਏ ਵਿਸ਼ੇ ਤੇ ਇਸ ਸਰਵੇ ਨੂੰ ਕਰਵਾਉਣ ਲਈ ਵਰਤੇ ਗਏ ਢੰਗਾਂ ਬਾਰੇ ਨਹੀਂ ਜਾਣਦੀ। ਇਸ ਲਈ ਸਰਕਾਰ ਇਸ ਸਰਵੇ ਤੋਂ ਕੱਢੇ ਗਏ ਨਤੀਜਿਆਂ ਦੀ ਭਰੋਸੇਯੋਗਤਾ 'ਤੇ ਟਿੱਪਣੀ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਸਮੱਸਿਆ ਨੂੰ ਠੱਲ੍ਹ ਪਾਉਣ ਲਈ ਕਈ ਸਕੀਮਾਂ ਤੇ ਕਾਨੂੰਨ ਲਾਗੂ ਕੀਤੇ ਗਏ ਹਨ ਜਿਨ੍ਹਾਂ 'ਚ ਔਰਤਾਂ ਦੇ 'ਸਮਾਜਕ-ਆਰਥਿਕ ਸਸ਼ਕਤੀਕਰਨ' ਲਈ ਕਾਨੂੰਨੀ ਉਪਾਅ, ਜਾਗਰੂਕਤਾ ਤੇ ਪ੍ਰਚਾਰ ਮੁਹਿੰਮਾਂ ਸ਼ਾਮਲ ਹਨ। ਇਸ ਸਰਵੇ 'ਚ ਅਫਗਾਨਿਸਤਾਨ ਨੂੰ ਔਰਤਾਂ ਲਈ ਸਭ ਤੋਂ ਖਤਰਨਾਕ ਦੇਸ਼ ਐਲਾਨਿਆ ਗਿਆ ਹੈ ਜਦੋਂਕਿ ਇਸ ਸਰਵੇ 'ਚ ਕੋਂਗੋ ਦੂਜੇ ਤੇ ਪਾਕਿਸਤਾਨ ਤੀਜੇ ਨੰਬਰ 'ਤੇ ਹਨ।

*To Advertise with Punjab Times*
**Call: 847-359-0746**
web:wwwpunjabtimesusa.com

## ਅਮਰੀਕੀ ਸੈਨੇਟ ਕਮੇਟੀ ਵੱਲੋਂ ਐਸ. ਐਂਡ. ਪੀ. ਖ਼ਿਲਾਫ਼ ਜਾਂਚ ਸ਼ੁਰੂ

**ਵਾਸ਼ਿੰਗਟਨ:** ਅਮਰੀਕਾ ਦੀ ਕਰਜ਼ਾ ਸਾਖ਼ ਰੇਟਿੰਗ ਘਟਾਉਣ ਵਾਲੀ ਏਜੰਸੀ ਸਟੈਂਡਰਡ ਐਂਡ ਪੂਅਰਜ਼ (ਐਸ.ਐਂਡ.ਪੀ.) ਖਿਲਾਫ ਸੈਨੇਟ ਦੀ ਕਮੇਟੀ ਅੰਦਰਖਾਤੇ ਜਾਂਚ ਕਰ ਰਹੀ ਹੈ। ਉਧਰ ਏਜੰਸੀ ਦੇ ਭਾਰਤ-ਅਮਰੀਕੀ ਪ੍ਰਧਾਨ ਦੇਵਨ ਸ਼ਰਮਾ ਨੇ ਕਿਹਾ ਹੈ ਕਿ ਏਜੰਸੀ ਨੇ ਅਮਰੀਕਾ ਦੀ ਇਹ ਸਾਖ ਏ.ਏ.ਏ. ਤੋਂ ਘਟਾ ਕੇ ਏ.ਏ. ਪਲੱਸ ਕਰਨ ਵੇਲੇ ਤੱਥਾਂ ਨੂੰ ਮੂਹਰੇ ਰੱਖਿਆ ਹੈ। ਐਸ. ਐਂਡ.ਪੀ. ਦੀ ਇਸ ਕਾਰਵਾਈ ਤੋਂ ਔਖੇ ਅਮਰੀਕਾ ਨੇ ਉਸ ਖ਼ਿਲਾਫ਼ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

ਸੈਨੇਟ ਦੀ ਬੈਂਕਿੰਗ ਕਮੇਟੀ ਨੇ ਐਸ.ਐਂਡ.ਪੀ. ਵੱਲੋਂ ਕਰਜ਼ਾ ਸਾਖ ਘਟਾਉਣ ਬਾਰੇ ਅੰਕੜੇ ਜੁਟਾਉਣੇ ਸ਼ੁਰੂ ਕਰ ਦਿੱਤੇ ਹਨ ਪਰ ਹਾਲੇ ਇਸ ਮਾਮਲੇ ਦੀ ਜਾਂਚ ਸ਼ੁਰੂ ਹੋਣ ਦਾ ਰਸਮੀ ਐਲਾਨ ਹੋਣਾ ਬਾਕੀ ਹੈ। ਕਮੇਟੀ ਨਾਲ ਜੁੜੇ ਇਕ ਅਧਿਕਾਰੀ ਨੇ ਅੰਦਰਖਾਤੇ ਜਾਂਚ ਸ਼ੁਰੂ ਹੋਣ ਦੀ ਪੁਸ਼ਟੀ ਕੀਤੀ ਹੈ। ਕਰਜ਼ਾ ਸਾਖ਼ ਦੀ ਰੇਟਿੰਗ ਡਿੱਗਣ ਮਗਰੋਂ ਦੁਨੀਆਂ ਭਰ ਵਿਚ ਹਾਹਾਕਾਰ ਮਚ ਚੁੱਕੀ ਹੈ। ਅਮਰੀਕਾ ਜੋ ਪਹਿਲਾਂ ਹੀ ਮੰਦੀ ਦੇ ਦੌਰ ਵਿਚੋਂ ਲੰਘ ਰਿਹਾ ਸੀ, ਉਪਰ ਇਕ ਵਾਰ ਫੇਰ ਮੰਦੀ ਛਾ ਜਾਣ ਦਾ ਖਤਰਾ ਹੈ।


## ਪੁਸਤਕ ਗੋਸ਼ਟੀ ਤੇ ਕਵੀ ਦਰਬਾਰ 13 ਨੂੰ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਸਾਹਿਤ ਸਭਾ, ਬੇਏਰੀਆ ਵਲੋਂ ਪ੍ਰੋ. ਸੁਰਜੀਤ ਸਿੰਘ ਨਨੂਆ ਦੀ ਪੁਸਤਕ 'ਸਿੱਖ ਰਹਿਤ ਮਰਿਆਦਾ' ਬਾਰੇ ਇਕ ਗੋਸ਼ਟੀ ਸਨਿਚਰਵਾਰ 13 ਅਗਸਤ ਨੂੰ ਬਾਅਦ ਦੁਪਹਿਰ ਦੋ ਵਜੇ ਤੋਂ ਸ਼ਾਮ ਛੇ ਵਜੇ ਤੱਕ ਇਥੇ ਯੂਨੀਅਨ ਸਿਟੀ ਲਾਇਬਰੇਰੀ ਵਿਚ ਕਰਵਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਬੁਲਾਰੇ ਪ੍ਰਮਿੰਦਰ ਸਿੰਘ ਪਰਵਾਨਾ ਨੇ ਦੱਸਿਆ ਕਿ ਇਸ ਮੌਕੇ ਗੋਸ਼ਟੀ ਤੋਂ ਬਾਅਦ ਇਕ ਕਵੀ ਦਰਵਾਰ ਵੀ ਹੋਵੇਗਾ। ਹੋਰ ਜਾਣਕਾਰੀ ਲਈ ਸ੍ਰੀ ਪਰਵਾਨਾ ਨਾਲ ਫੋਨ 510-415-9377 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**Brand new convenience store for Sale/Lease**
**In Indianapolis**
**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**
New convenience store having Walk in Cooler, Lottery, Money Order, ATM, Air machine and everything in place for the new owner.
On one of the busiest streets in town, Corner lot, having good parking
**For Lease $35000/-**
**CONTACT:HARRY SINGH-317-213-8408**

ATM's & Credit Card Terminals at Lowest Prices! No Hidden Fees.
Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com




ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*
**Law Offices Of Jaspreet Singh**
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਸੰਤ ਪਿਹੋਵਾ ਵਾਲਿਆਂ ਦੇ ਕੀਰਤਨ ਤੋਂ ਤਣਾਓ ਦਾ ਮਾਹੌਲ

**ਇੰਡੀਅਨਐਪੋਲਿਸ (ਬਿਊਰੋ):** ਇਥੇ ਗੁਰਦੁਆਰਾ ਸਿੱਖ ਸੰਗਤ ਵਿਖੇ ਸੰਤ ਮਾਨ ਸਿੰਘ ਪਿਹੋਵਾ ਵਾਲਿਆਂ ਦੇ ਕੀਰਤਨ ਦੌਰਾਨ ਉਸ ਸਮੇਂ ਤਣਾਓ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਸਥਾਨਕ ਸਿੱਖ ਸੰਗਤਾਂ ਦੇ ਇਕ ਵਰਗ ਵਲੋਂ ਲੰਘੀ 2 ਅਤੇ 3 ਅਗਸਤ ਨੂੰ ਉਨ੍ਹਾਂ ਵਿਰੁਧ ਰੋਸ ਵਿਖਾਵਾ ਕੀਤਾ ਗਿਆ ਪਰ ਕਿਸੇ ਵੀ ਤਰ੍ਹਾਂ ਦੀ ਕਿਸੇ ਮੰਦਭਾਗੀ ਘਟਨਾ ਤੋਂ ਬਚਾਓ ਰਿਹਾ।

ਜ਼ਿਕਰਯੋਗ ਹੈ ਕਿ ਸੰਤ ਮਾਨ ਸਿੰਘ ਪਿਹੋਵਾ ਇਨ੍ਹੀਂ ਦਿਨੀਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਕੀਰਤਨ ਦੀਵਾਨ ਅਤੇ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚਲਾ ਰਹੇ ਹਨ। ਇਸੇ ਸਿਲਸਿਲੇ ਵਿਚ ਉਹ ਇਥੇ ਗੁਰਦੁਆਰਾ ਸਿੱਖ ਸੰਗਤ ਵਿਖੇ ਕੀਰਤਨ ਪ੍ਰੋਗਰਾਮ ਕਰਨ ਲਈ ਆਏ ਸਨ। ਮੁਜਾਹਰਾਕਾਰੀਆਂ ਦਾ ਦੋਸ਼ ਸੀ ਕਿ ਸੰਤ ਪਿਹੋਵੇ ਵਾਲੇ ਡੇਰਾਵਾਦ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਉਨ੍ਹਾਂ ਵਿਰੁਧ ਕਥਿਤ ਤੌਰ 'ਤੇ ਬਲਾਤਕਾਰ ਦੇ ਦੋਸ਼ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਦੋਸ਼ ਹਨ।

ਮੁਜਾਹਰਾਕਾਰੀਆਂ ਦੇ ਇਕ ਨੁਮਾਇੰਦੇ ਭਾਈ ਰੇਸ਼ਮ ਸਿੰਘ ਖਾਲਸਾ ਨੇ ਦੱਸਿਆ ਕਿ ਇੰਡੀਅਨਐਪੋਲਿਸ ਦੀਆਂ ਸੰਗਤਾਂ ਦੇ ਇਕ ਵੱਡੇ ਵਰਗ ਵਲੋਂ ਗੁਰਦੁਆਰਾ ਸਿੱਖ ਸੰਗਤ ਦੇ ਪ੍ਰਬੰਧਕਾਂ ਨੂੰ ਸੰਤ ਮਾਨ ਸਿੰਘ ਪਿਹੋਵਾ ਵਾਲਿਆਂ ਵਿਰੁਧ ਦੋਸ਼ਾਂ ਦੇ ਮੱਦੇਨਜ਼ਰ ਉਨ੍ਹਾਂ ਦਾ ਕੀਰਤਨ ਪ੍ਰੋਗਰਾਮ ਨਾ ਕਰਵਾਉਣ ਦੀ ਬੇਨਤੀ ਕੀਤੀ ਸੀ ਪ੍ਰੰਤੂ ਪ੍ਰਬੰਧਕ ਇਹ ਪ੍ਰੋਗਰਾਮ ਕਰਵਾਉਣ 'ਤੇ ਬਜ਼ਿਦ ਰਹੇ, ਜਿਸ 'ਤੇ ਸੰਗਤਾਂ ਨੇ "ਇਸ ਅਖੌਤੀ ਸੰਤ" ਵਿਰੁਧ ਮੁਜਾਹਰਾ ਕਰਨ ਦਾ ਫੈਸਲਾ ਕੀਤਾ।

ਪ੍ਰਾਪਤ ਜਾਣਕਾਰੀ ਅਨੁਸਾਰ 2 ਅਗਸਤ ਦੀ ਸ਼ਾਮ ਨੂੰ ਸੰਤ ਪਿਹੋਵਾ ਵਾਲਿਆਂ ਦੇ ਗੁਰੂ ਘਰ ਪਹੁੰਚਣ ਤੋਂ ਪਹਿਲਾਂ ਹੀ ਮੁਜਾਹਰਾਕਾਰੀ ਪਹੁੰਚੇ ਹੋਏ ਸਨ। ਜਿਉਂ ਹੀ ਸੰਤ ਪਿਹੋਵਾ ਵਾਲੇ ਦੀਵਾਨ ਹਾਲ ਵਿਚ ਕੀਰਤਨ ਕਰਨ ਲਈ ਆਏ, ਵਿਰੋਧ ਕਰ ਰਹੀਆਂ ਸੰਗਤਾਂ ਵਲੋਂ ਰੋਸ ਵਜੋਂ ਉਚੀ ਆਵਾਜ਼ ਵਿਚ 'ਸਤਿਨਾਮ ਵਾਹਿਗੁਰੂ' ਦਾ ਜਾਪ ਸ਼ੁਰੂ ਕਰ ਦਿੱਤਾ ਗਿਆ। ਪ੍ਰਬੰਧਕਾਂ ਦੇ ਇਤਰਾਜ਼ ਕਰਨ 'ਤੇ ਪੁਲਿਸ ਦੇ ਦਖਲ ਉਪਰੰਤ ਵਿਰੋਧ ਕਰ ਰਹੀਆਂ ਸੰਗਤਾਂ ਦਰਬਾਰ ਹਾਲ ਤੋਂ ਬਾਹਰ ਆ ਗਈਆਂ। ਗੁਰੂ ਘਰ ਦੇ ਬਾਹਰ ਮੁਜਾਹਰਾਕਾਰੀਆਂ ਨੇ ਸੰਤ ਪਿਹੋਵਾ ਵਾਲਿਆਂ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਵਿਰੁਧ ਨਾਅਰੇਬਾਜ਼ੀ ਕੀਤੀ। ਤਿੰਨ ਅਗਸਤ ਨੂੰ ਵੀ ਇਹੋ ਵਰਤਾਰਾ ਦੁਹਰਾਇਆ ਗਿਆ। ਦੂਜੇ ਪਾਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਜਦੋਂ ਉਨ੍ਹਾਂ ਦੇ ਹੱਥ ਜੋੜਨ 'ਤੇ ਵੀ ਸੰਤਾਂ ਦੇ ਵਿਰੋਧੀ ਕੀਰਤਨ ਵਿਚ ਨਿਰੰਤਰ ਵਿਘਨ ਪਾਉਂਦੇ ਰਹੇ ਤਾਂ ਮਜਬੂਰਨ ਪੁਲਿਸ ਬੁਲਾਉਣੀ ਪਈ। ਪੁਲਿਸ ਨੇ ਇਸ ਮਾਮਲੇ ਵਿਚ ਪੂਰਨ ਸਹਿਯੋਗ ਦਿੱਤਾ ਅਤੇ ਜੋੜੇ ਉਤਾਰ ਕੇ ਅਤੇ ਸਿਰ ਢਕ ਕੇ ਹੀ ਉਹ ਦੀਵਾਨ ਹਾਲ ਵਿਚ ਗਈ।



*ਮੁਜਾਹਰਾ ਕਰ ਰਹੀਆਂ ਸੰਗਤਾਂ*

ਭਾਈ ਰੇਸ਼ਮ ਸਿੰਘ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਜਦ ਸੰਤ ਪਿਹੋਵਾ ਵਾਲੇ ਆਪਣੀ ਲਿਮੋਜ਼ੀਨ ਵਿਚ ਗੁਰੂ ਘਰ ਤੋਂ ਵਾਪਸ ਜਾ ਰਹੇ ਸਨ ਤਾਂ ਰੋਸ ਕਰ ਰਹੀਆਂ ਸੰਗਤਾਂ ਵਲੋਂ ਉਨ੍ਹਾਂ ਉਪਰ ਆਂਡੇ ਤੇ ਟਮਾਟਰ ਵੀ ਸੁੱਟੇ ਗਏ। ਦੂਜੇ ਪਾਸੇ ਸੰਤ ਪਿਹੋਵਾ ਵਾਲਿਆਂ ਦੇ ਸਮਰਥਕਾਂ ਨੇ ਅਜਿਹੀ ਕਿਸੇ ਵੀ ਘਟਨਾ ਤੋਂ ਇਨਕਾਰ ਕੀਤਾ ਹੈ। ਭਾਈ ਰੇਸ਼ਮ ਸਿੰਘ ਨੇ ਕਿਹਾ ਕਿ ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਸੰਗਤਾਂ ਬਿਲਕੁਲ ਸ਼ਾਂਤ ਰਹੀਆਂ।

ਇਸੇ ਦੌਰਾਨ ਗੁਰਦੁਆਰਾ ਸਿੱਖ ਸੰਗਤ ਦੇ ਪ੍ਰਬੰਧਕਾਂ ਦੇ ਇਕ ਬੁਲਾਰੇ ਨੇ ਆਪਣਾ ਨਾਂ ਜਾਹਰ ਨਾ ਕਰਦਿਆਂ ਕਿਹਾ ਕਿ ਮੁਜਾਹਰਾਕਾਰੀਆਂ ਨੇ ਸੰਤ ਪਿਹੋਵਾ ਵਾਲਿਆਂ ਦੇ ਕੀਰਤਨ ਪ੍ਰੋਗਰਾਮ ਵਿਚ ਵਿਘਨ ਪਾ ਕੇ ਬਿਲਕੁਲ ਗਲਤ ਕਾਰਵਾਈ ਕੀਤੀ ਹੈ। ਕਿਸੇ ਗੁਰੂ ਘਰ ਦੇ ਸਾਹਮਣੇ ਮੁਜਾਹਰੇ ਕਰ ਕੇ ਮੁਜਾਹਰਾਕਾਰੀ ਸਥਾਨਕ ਪ੍ਰਸ਼ਾਸਨ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਇਹ ਉਹੀ ਜਾਣਦੇ ਹਨ।

ਸੰਤ ਪਿਹੋਵਾ ਵਾਲਿਆਂ ਦੇ ਪ੍ਰੋਗਰਾਮ ਦੇ ਪ੍ਰਬੰਧਕਾਂ ਅਨੁਸਾਰ ਪੂਰੀ ਸੰਗਤ ਅਤੇ ਪ੍ਰਬੰਧਕ ਕਮੇਟੀ ਅਤੇ ਖੁਦ ਬਾਬਾ ਜੀ ਹੈਰਾਨ ਸਨ ਕਿ ਆਖਰ ਇਹ ਲੋਕ ਚਾਹੁੰਦੇ ਕੀ ਹਨ? ਉਨ੍ਹਾਂ ਕਿਹਾ ਕਿ ਸੰਤ ਪਿਹੋਵਾ ਵਾਲੇ ਗੁਰਬਾਣੀ ਦਾ ਪ੍ਰਚਾਰ ਕਰਦੇ ਹਨ ਅਤੇ ਸੰਗਤਾਂ ਨੂੰ ਅੰਮ੍ਰਿਤਧਾਰੀ ਬਣਾ ਕੇ ਗੁਰੂ ਦੇ ਲੜ ਲਾਉਂਦੇ ਹਨ। ਉਹ ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ ਦਾ ਨਾਅਰਾ ਲਾ ਕੇ ਕਦੇ ਉੜੀਸਾ ਵਿਚ ਭੂਚਾਲ ਪੀੜਤਾਂ ਲਈ ਦਿਨ ਰਾਤ ਇਕ ਕਰਦੇ ਹਨ, ਕਦੇ ਗੁਜਰਾਤ ਦੇ ਤੁਫਾਨ ਪੀੜਤ ਲੋਕਾਂ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ ਹਨ ਅਤੇ ਕਦੇ ਰਾਜਸਥਾਨ ਵਿਚ ਸੋਕਾ ਪੀੜਤਾਂ ਦੀ। ਉਨ੍ਹਾਂ ਹਮੇਸ਼ਾ ਗੁਰੂ ਦੀ ਗੱਲ ਕੀਤੀ ਅਤੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ।

## ਬਲਵੰਤ ਸਿੰਘ ਕਾਉਂਕੇ ਨਹੀਂ ਰਹੇ

**ਸੈਨ ਹੋਜ਼ੇ (ਬਿਊਰੋ):** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਨਜ਼ਦੀਕੀ ਸਾਥੀ ਅਤੇ ਲੰਬਾ ਸਮਾਂ ਸਿੱਖ ਸੰਘਰਸ਼ ਵਿਚ ਸੇਵਾ ਕਰਨ ਤੋਂ ਬਾਅਦ ਅਮਰੀਕਾ ਆ ਕੇ



ਵਸੇ ਬਲਵੰਤ ਸਿੰਘ ਕਾਉਂਕੇ ਅਚਾਨਕ ਅਕਾਲ ਚਲਾਣਾ ਕਰ ਗਏ ਹਨ।

ਭਾਈ ਬਲਵੰਤ ਸਿੰਘ ਕਾਉਂਕੇ ਪ੍ਰਤੀ ਹੋਰ ਜਾਣਕਾਰੀ ਹਾਸਲ ਕਰਨ ਲਈ ਗੁਰਬਖਸ਼ ਸਿੰਘ ਢਿੱਲੋਂ ਨਾਲ ਫੋਨ 408-859-7049 ਮੋਹਨ ਸਿੰਘ 209-200-6519 ਸਰਬਜੋਤ ਸਿੰਘ ਸਵੱਦੀ 408-449-1639 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੰਤ ਸਮਾਜ 30 ਸੀਟਾਂ ਤੋਂ ਚੋਣਾਂ ਲੜੇਗਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਸੰਤ ਸਮਾਜ ਐਤਕੀਂ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 30 ਸੀਟਾਂ ਤੋਂ ਚੋਣਾਂ ਲੜੇਗਾ। ਸੀਟਾਂ ਬਾਰੇ ਹਰੀ ਝੰਡੀ ਮਿਲਦਿਆਂ ਹੀ ਸੰਤ ਸਮਾਜ ਨੇ ਚੋਣਾਂ ਲੜਨ ਲਈ ਕਮਰਕੱਸੇ ਕਰ ਲਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 170 ਸੀਟਾਂ ਤੋਂ ਚੋਣਾਂ ਲੜਨ ਲਈ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਸਮਾਜ ਨਾਲ ਸਮਝੌਤਾ ਕੀਤਾ ਗਿਆ ਹੈ। ਇਸ ਸਮਝੌਤੇ ਤਹਿਤ ਸੰਤ ਸਮਾਜ ਨੂੰ ਤੀਹ ਸੀਟਾਂ ਛੱਡੀਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸੰਤ ਸਮਾਜ ਵੱਲੋਂ ਮੰਗੀਆਂ ਗਈਆਂ 30 ਸੀਟਾਂ ਸੰਤ ਸਮਾਜ ਨੂੰ ਛੱਡ ਦਿੱਤੀਆਂ ਗਈਆਂ ਹਨ ਅਤੇ ਬਾਕੀ 140 ਸੀਟਾਂ ਤੋਂ ਸ਼੍ਰੋਮਣੀ ਅਕਾਲੀ ਦਲ ਚੋਣਾਂ ਲੜੇਗਾ।

ਸੰਤ ਸਮਾਜ ਦੇ ਆਗੂ ਅਤੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਦੱਸਿਆ ਕਿ ਸੰਤ ਸਮਾਜ ਵੱਲੋਂ ਸਰਹੰਦ ਤੋਂ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਦਾ ਬੇਟਾ, ਵਲਟੋਹਾ ਤੋਂ ਬਾਬਾ ਅਜੀਤ ਸਿੰਘ, ਗੜ੍ਹਸ਼ੰਕਰ ਤੋਂ ਬਾਬਾ ਚਰਨਜੀਤ ਸਿੰਘ, ਲੌਂਗੋਵਾਲ ਤੋਂ ਬਾਬਾ ਬੂਟਾ ਸਿੰਘ, ਬੁਢਲਾਡਾ ਤੋਂ ਬਾਬਾ ਸੁਖਦੇਵ ਸਿੰਘ, ਬਾਬਾ ਹਾਕਮ ਸਿੰਘ ਤੇ ਹੋਰ ਉਮੀਦਵਾਰ ਹਨ। ਉਨ੍ਹਾਂ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਇਹ ਚੋਣਾਂ ਧਾਰਮਿਕ ਨਿਜ਼ਾਮ ਦੀਆਂ ਚੋਣਾਂ ਹਨ ਅਤੇ ਇਸ ਵਾਸਤੇ ਸਮੂਹ ਉਮੀਦਵਾਰ ਆਪਣੇ ਸਾਫ ਸੁਥਰੇ ਅਤੇ ਧਾਰਮਿਕ ਅਕਸ ਦਾ ਪ੍ਰਭਾਵ ਦੇਣ ਅਤੇ ਧਾਰਮਿਕ ਚੋਣ ਜ਼ਾਬਤੇ ਵਿਚ ਰਹਿ ਕੇ ਚੋਣਾਂ ਲੜੀਆਂ ਜਾਣ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਤ ਸਮਾਜ ਵੱਲੋਂ ਅਕਾਲੀ ਦਲ ਦੇ ਸਮੂਹ ਮੈਂਬਰਾਂ ਦੀ ਹਮਾਇਤ ਕੀਤੀ ਜਾਵੇਗੀ ਪਰ ਨਸ਼ੇ ਕਰਨ ਵਾਲੇ ਜਾਂ ਵਰਤਾਉਣ ਵਾਲੇ ਕਿਸੇ ਉਮੀਦਵਾਰ ਦੀ ਹਮਾਇਤ ਨਹੀਂ ਕੀਤੀ ਜਾਏਗੀ।

ਇਸ ਦੌਰਾਨ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਸਮਾਜ ਦੇ ਸਮਝੌਤੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਵਧੇਰੇ ਧਾਰਮਿਕ ਦਿੱਖ ਦਿਖਾਉਣ ਦੇ ਮੰਤਵ ਨਾਲ ਸੰਤ ਸਮਾਜ ਨਾਲ ਸਮਝੌਤਾ ਕੀਤਾ ਹੈ ਜਿਸ ਤੋਂ ਸਪੱਸ਼ਟ ਹੈ ਕਿ ਹਾਕਮ ਧਿਰ ਇਸ ਵੇਲੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਹਾਕਮ ਧਿਰ ਵੱਲੋਂ ਸੰਤ ਸਮਾਜ ਨੂੰ ਇਨ੍ਹਾਂ ਧਾਰਮਿਕ ਚੋਣਾਂ ਦੌਰਾਨ ਸ਼ੀਲਡ ਵਜੋਂ ਵਰਤਿਆ ਜਾ ਰਿਹਾ ਹੈ।




Amandeep Singh
Ph:916-712-2735
DRE#01357217

**Buy a Home With Zero Cash! No Money Down!**

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500 FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

# ਵੱਡੇ ਪ੍ਰਸ਼ਾਸਕੀ ਫੇਰਬਦਲ ਤੋਂ ਚੋਣ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਦੀ ਝਾੜ-ਝੰਬ

ਗਿੱਲ ਅਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਮੁੱਖ ਤੌਰ 'ਤੇ ਨਿਸ਼ਾਨੇ ਉਤੇ ਰਹੇ। ਕਾਂਗਰਸ ਵਿਧਾਇਕ ਦਲ ਦੀ ਨੇਤਾ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਹੇਠ ਕਮਿਸ਼ਨ ਨੂੰ ਮਿਲਣ ਆਏ ਵਫ਼ਦ ਨੇ ਸ. ਗੁਰੂ ਅਤੇ ਸ. ਗਿੱਲ ਦੇ ਰਾਜਸੀ ਰੰਗ ਵਿਚ ਰੰਗੇ ਹੋਣ ਅਤੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਦੇ ਦੋਸ਼ ਲਾਏ। ਸੀ.ਪੀ.ਐਮ. ਦੇ ਵਫ਼ਦ ਨੇ ਵੀ ਦੋਹਾਂ ਅਧਿਕਾਰੀਆਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਸ਼ੱਕ ਦੀ ਉਂਗਲ ਉਠਾਈ। ਇਸ ਤੋਂ ਬਾਅਦ ਡਾ. ਕੁਰੈਸ਼ੀ ਨੇ ਸ. ਗਿੱਲ ਦੀਆਂ ਸਿਆਸੀ ਇੱਛਾਵਾਂ ਬਾਰੇ ਸਵਾਲ ਪੁੱਛਿਆ ਤਾਂ ਉਹ ਗੱਲ ਨੂੰ ਟਾਲ ਗਏ। ਮੀਟਿੰਗ ਦੌਰਾਨ ਡਾ. ਕਰੈਸ਼ੀ ਨੇ ਪੁਲਿਸ ਮੁਖੀ ਦੀ ਵਿਧਾਨ ਸਭਾ ਦੀਆਂ ਚੋਣ ਲੜਨ ਬਾਰੇ ਮਨ ਦੀ ਗੱਲ ਜਾਣਨੀ ਚਾਹੀ ਤਾਂ ਸ. ਗਿੱਲ ਨੇ ਵੀ ਕੋਈ ਭੇਤ ਨਹੀਂ ਖੋਲ੍ਹਿਆ, ਉਨ੍ਹਾਂ ਬੱਸ ਇੰਨਾ ਹੀ ਕਿਹਾ, 'ਸਰ, ਲੋਕ ਹੀ ਕਹਿੰਦੇ ਨੇ। ਮੈਂ ਤਾਂ ਅਜੇ ਤੱਕ ਕਿਸੇ ਸਿਆਸੀ ਪਾਰਟੀ ਤੱਕ ਪਹੁੰਚ ਨਹੀਂ ਕੀਤੀ।'

ਡਾ. ਕੁਰੈਸ਼ੀ ਨੇ ਪੁਲਿਸ ਮੁਖੀ ਖਿਲਾਫ਼ ਆਈਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਮਾਮਲੇ ਦੀ ਪੜਤਾਲ ਕਰਾਉਣ ਦਾ ਭਰੋਸਾ ਦਵਾਇਆ। ਚੋਣ ਕਮਿਸ਼ਨ ਨੇ ਪੁਲਿਸ ਮੁਖੀ ਦੀਆਂ ਸਰਗਰਮੀਆਂ ਬਾਰੇ ਮੋਗਾ ਦੇ ਡਿਪਟੀ ਕਮਿਸ਼ਨਰ ਨੂੰ ਵੀ ਕਈ ਸਵਾਲ ਕੀਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਚੋਣ ਮਸ਼ੀਨਰੀ ਨੂੰ ਪ੍ਰਭਾਵਿਤ ਕਰਨ ਦੀ ਕਿਸੇ ਵੀ ਸਰਗਰਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੁਲਿਸ ਮੁਖੀ ਅਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਬਾਰੇ ਮਿਲੀਆਂ ਸ਼ਿਕਾਇਤਾਂ ਬੇਹੱਦ ਗੰਭੀਰ ਹਨ। ਕਮਿਸ਼ਨ ਅਜੇ ਤਾਂ ਕੁਝ ਨਹੀਂ ਕਰ ਸਕਦਾ ਪਰ ਜਦੋਂ ਵਿਧਾਨ ਸਭਾ ਵਾਲਾ ਚੋਣ ਜ਼ਾਬਤਾ ਲਾਗੂ ਹੋ ਗਿਆ ਤਾਂ ਸਾਰੀ ਮਸ਼ੀਨਰੀ ਕਮਿਸ਼ਨ ਦੇ ਅਧੀਨ ਹੋਵੇਗੀ ਅਤੇ ਉਕਤ ਅਧਿਕਾਰੀਆਂ ਵੱਲੋਂ ਹੁਣ ਕੀਤੇ ਕੰਮ ਵੀ ਸਾਹਮਣੇ ਆ ਜਾਣਗੇ।

ਚੋਣ ਕਮਿਸ਼ਨਰ ਨੇ ਰਾਜ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ, ਪ੍ਰਮੁੱਖ ਸਕੱਤਰ (ਗ੍ਰਹਿ) ਧਨਬੀਰ ਸਿੰਘ ਬੈਂਸ ਅਤੇ ਪੁਲਿਸ ਮੁਖੀ ਪੀ.ਐਸ. ਗਿੱਲ ਨਾਲ ਵੱਖਰੇ ਤੌਰ 'ਤੇ ਮੀਟਿੰਗ ਕਰਕੇ ਚੋਣਾਂ ਦੀਆਂ ਤਿਆਰੀਆਂ ਬਾਰੇ ਜਾਣਕਾਰੀ ਹਾਸਲ ਕੀਤੀ। ਕਮਿਸ਼ਨ ਨੇ ਸੀਨੀਅਰ ਅਧਿਕਾਰੀਆਂ ਨੂੰ ਸਪੱਸ਼ਟ ਕਿਹਾ ਕਿ ਸੇਵਾ ਮੁਕਤ ਹੋ ਚੁੱਕੇ ਅਧਿਕਾਰੀਆਂ ਨੂੰ ਚੋਣ ਡਿਊਟੀ ਤੋਂ ਲਾਂਭੇ ਕੀਤਾ ਜਾਵੇ। ਇਕੋ ਥਾਂ ਤਿੰਨ ਸਾਲ ਤਾਇਨਾਤ ਰਹੇ ਚੁੱਕੇ ਅਧਿਕਾਰੀਆਂ ਨੂੰ ਤਬਦੀਲ ਕੀਤਾ ਜਾਵੇ। ਮੁੱਖ ਚੋਣ ਕਮਿਸ਼ਨਰ ਨੇ ਪੀ.ਪੀ.ਐਸ. ਅਫਸਰਾਂ ਨੂੰ ਜ਼ਿਲ੍ਹਾ ਪੁਲਿਸ ਮੁਖੀ ਲਾਉਣ 'ਤੇ ਵੀ ਸਖ਼ਤ ਇਤਰਾਜ਼ ਉਠਾਇਆ। ਸਰਕਾਰ ਨੇ ਜਵਾਬ ਦਿੱਤਾ ਕਿ ਤਰੱਕੀਆਂ ਦਾ ਅਮਲ ਕਈ ਸਾਲਾਂ ਤੋਂ ਰੁਕਿਆ ਹੋਣ ਕਾਰਨ ਆਈ.ਪੀ.ਐਸ. ਅਫ਼ਸਰਾਂ ਦੀ ਘਾਟ ਹੈ।

ਡਾ. ਕੁਰੈਸ਼ੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਜ਼ਰੂਰਤ ਮੁਤਾਬਕ ਕੇਂਦਰੀ ਸੁਰੱਖਿਆ ਬਲ ਵੀ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਸ਼ ਦੇ ਹੋਰ ਵੱਡੇ ਰਾਜਾਂ ਦੇ ਚੋਣ ਅਮਲ ਅਤੇ ਚੁਣੌਤੀਆਂ ਦੇ ਮੁਕਾਬਲੇ ਮਾਮੂਲੀ ਕਰਾਰ ਦਿੱਤਾ। ਉਨ੍ਹਾਂ ਪੰਜਾਬ ਵਿਚ ਨੌਜਵਾਨਾਂ ਦੀਆਂ ਵੋਟਾਂ ਘੱਟ ਬਣਨ ਨੂੰ ਮੰਦਭਾਗਾ ਕਰਾਰ ਦਿੱਤਾ ਅਤੇ ਦੱਸਿਆ ਕਿ ਅਜੇ ਤੱਕ 15 ਤੋਂ 20 ਫੀਸਦੀ ਨੌਜਵਾਨਾਂ ਦੀਆਂ ਹੀ ਵੋਟਾਂ ਬਣੀਆਂ ਹਨ ਜੋ 18 ਸਾਲ ਦੀ ਉਮਰ ਦੇ ਹੋਏ ਹਨ। ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਨੂੰ ਨੌਜਵਾਨਾਂ ਦੀਆਂ ਵੋਟਾਂ ਵਧਾਉਣ ਦੇ ਨਿਰਦੇਸ਼ ਦਿੱਤੇ।

ਮੁੱਖ ਚੋਣ ਕਮਿਸ਼ਨਰ ਨੇ ਰਾਜ ਮਸ਼ੀਨਰੀ ਅਤੇ ਅਫ਼ਸਰਸ਼ਾਹੀ ਤੋਂ ਲੋਕਾਂ ਦਾ ਭਰੋਸਾ ਉਠਣ ਨੂੰ ਸ਼ਰਮਨਾਕ ਅਤੇ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਪੈਸੇ ਦੇ ਕੇ ਅਖ਼ਬਾਰਾਂ 'ਚ ਲਵਾਈਆਂ ਜਾਂਦੀਆਂ ਖ਼ਬਰਾਂ ਬਾਰੇ ਸੁਚੇਤ ਹੈ ਅਤੇ ਪਿਛਲੇ ਸਮੇਂ ਦੌਰਾਨ ਕਈ ਮਾਮਲਿਆਂ ਵਿਚ ਕਾਰਵਾਈ ਵੀ ਕੀਤੀ ਹੈ। ਡਾ. ਕੁਰੈਸ਼ੀ ਨੇ ਕਿਹਾ ਕਿ 90 ਫ਼ੀਸਦੀ ਮੀਡੀਆ ਪੈਸੇ ਦੇ ਕੇ ਖ਼ਬਰਾਂ ਲਵਾਉਣ ਦੇ ਰੁਝਾਨ ਦੇ ਖਿਲਾਫ਼ ਹੈ। ਉਨ੍ਹਾਂ ਉਮੀਦਵਾਰਾਂ ਦੇ ਚੋਣ ਖਰਚ ਬਾਰੇ ਸਿਆਸੀ ਲੋਕਾਂ ਵੱਲੋਂ ਕੀਤੀ ਜਾਂਦੀ ਗਲਤ ਬਿਆਨੀ ਨੂੰ ਵੀ ਮੰਦਭਾਗਾ ਕਰਾਰ ਦਿੱਤਾ। ਚੋਣ ਕਮਿਸ਼ਨਰ ਦਾ ਕਹਿਣਾ ਹੈ ਕਿ ਇਸ ਵਾਰੀ ਵੋਟਰਾਂ ਨੂੰ ਵੋਟ ਪਾਉਣ ਤੋਂ ਪਹਿਲਾਂ ਪਰਚੀ ਕਮਿਸ਼ਨ ਵੱਲੋਂ ਦਿੱਤੀ ਜਾਵੇਗੀ।

# ਅਮਰੀਕਾ ਦੀ ਡਿੱਗੀ 'ਕਰੈਡਿਟ ਰੇਟਿੰਗ' ਨੇ ਸੰਸਾਰ ਝੰਜੋੜਿਆ

**ਵਸ਼ਿੰਗਟਨ:** ਇਤਿਹਾਸ ਵਿਚ ਪਹਿਲੀ ਵਾਰ ਅਮਰੀਕਾ ਦਾ ਉੱਚ ਕਰੈਡਿਟ ਰੇਟਿੰਗ 'ਏ.ਏ.ਏ.' ਨਹੀਂ ਰਿਹਾ ਜਿਸ ਨਾਲ ਪੂਰੇ ਸੰਸਾਰ ਦੀਆਂ ਆਰਥਿਕਤਾਵਾਂ 'ਚ ਸਹਿਮ ਦਾ ਮਾਹੌਲ ਬਣ ਗਿਆ ਹੈ। ਕਰੈਡਿਟ ਰੇਟਿੰਗ ਏਜੰਸੀ 'ਸਟੈਂਡਰਡ ਐਂਡ ਪੂਅਰਕੰਟ' (ਐਸ.ਐਂਡ ਪੀ.) ਨੇ ਅਮਰੀਕਾ ਦਾ ਦਰਜਾ ਘਟਾ ਕੇ 'ਏ.ਏ ਪਲੱਸ' ਕਰ ਦਿੱਤਾ ਹੈ। ਏਜੰਸੀ ਨੇ ਕਿਹਾ ਹੈ ਕਿ ਅਮਰੀਕੀ ਕਾਂਗਰਸ ਵੱਲੋਂ ਘਾਟਾ ਘਟਾਉਣ ਦੀ ਪ੍ਰਵਾਨ ਕੀਤੀ ਗਈ ਯੋਜਨਾ ਨਾਕਾਫੀ ਹੈ। ਏਜੰਸੀ ਨੇ ਅਮਰੀਕਾ ਦੇ ਬਜਟ ਘਾਟੇ ਤੇ ਵਧ ਰਹੇ ਕਰਜ਼ੇ ਦੇ ਬੋਝ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਹੈ। ਕਰੈਡਿਟ ਰੇਟਿੰਗ ਦਰਜਾ ਘਟਣ ਨਾਲ ਅਮਰੀਕਨ ਸਰਕਾਰ, ਕੰਪਨੀਆਂ ਤੇ ਹੋਰ ਖਪਤਕਾਰਾਂ ਨੂੰ ਹੁਣ ਮਹਿੰਗੀਆਂ ਦਰਾਂ 'ਤੇ ਕਰਜ਼ਾ ਮਿਲੇਗਾ। ਅਮਰੀਕੀ ਕਾਂਗਰਸ ਵਿਚ ਖਰਚ 'ਚ ਕਟੌਤੀ ਕਰਨ ਤੇ ਸਰਕਾਰ 'ਤੇ ਕਰਜ਼ੇ ਦਾ ਬੋਝ ਘਟਾਉਣ ਲਈ ਟੈਕਸ ਵਧਾਉਣ ਬਾਰੇ ਰਾਜਸੀ ਚਰਚਾ ਛਿੜਨ ਦੀ ਸੰਭਾਵਨਾ ਹੈ।

ਅਮਰੀਕਾ ਦਾ ਇਹ ਦਰਜਾ ਘਟਾਉਣ ਤੋਂ ਬਾਅਦ ਅਮਰੀਕਾ ਦੇ ਸ਼ੇਅਰ ਬਾਜ਼ਾਰਾਂ ਵਿਚ ਆਈ ਇਤਿਹਾਸਕ ਗਿਰਾਵਟ ਕਾਰਨ ਸੰਸਾਰ ਭਰ ਵਿਚ ਹਲਚਲ ਹੋਈ ਹੈ। ਅਮਰੀਕੀ ਬਾਜ਼ਾਰ ਦੀ ਗਿਰਾਵਟ ਦਾ ਅਸਰ ਮੰਗਲਵਾਰ ਨੂੰ ਏਸ਼ੀਆ ਦੇ ਬਾਜ਼ਾਰਾਂ ਉਪਰ ਵੀ ਦੇਖਣ ਨੂੰ ਮਿਲਿਆ ਅਤੇ ਸਾਰੇ ਸ਼ੇਅਰ ਬਾਜ਼ਾਰਾਂ ਦੇ ਪ੍ਰਮੁੱਖ ਸੂਚਕ ਅੰਕਾਂ ਵਿਚ 4 ਤੋਂ 9 ਫੀਸਦੀ ਤੱਕ ਗਿਰਾਵਟ ਆਈ।

ਇਸੇ ਦੌਰਾਨ ਵ੍ਹਾਈਟ ਹਾਊਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ, "ਇਸ ਦਾ ਕੋਈ ਅਰਥ ਨਹੀਂ ਹੈ ਕਿ ਕੁਝ ਏਜੰਸੀਆਂ ਕੀ ਕਹਿੰਦੀਆਂ ਹਨ। ਅਸੀਂ ਹਮੇਸ਼ਾਂ 'ਏ.ਏ.ਏ.' ਅਰਥਵਿਵਸਥਾ ਰਹੇ ਹਾਂ ਤੇ ਰਹਾਂਗੇ।" ਉਨ੍ਹਾਂ ਨੇ ਕਿਹਾ ਕਿ ਅਮਰੀਕਾ ਮਜ਼ਬੂਤ ਵਿੱਤੀ ਹਾਲਤ ਹਾਸਲ ਕਰਨ ਲਈ ਰਸਤਾ ਲੱਭ ਲਵੇਗਾ।

ਉਧਰ, ਮੁੰਬਈ ਸ਼ੇਅਰ ਬਾਜ਼ਾਰ ਵੀ ਡਾਵਾਂਡੋਲ ਹੋ ਗਿਆ। ਭਾਰਤ ਦੇ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਨੇ ਮੰਨਿਆ ਕਿ ਸਮੱਸਿਆ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਾਡੇ ਕੋਲ ਇਸ ਸਮੱਸਿਆ 'ਤੇ ਕਾਬੂ ਪਾਉਣ ਦੀ ਸਮਰੱਥਾ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਭਾਰਤੀ ਅਰਥਵਿਵਸਥਾ ਦੇ ਮਜ਼ਬੂਤ ਬੁਨਿਆਦੀ ਤੱਤ ਮੌਜੂਦਾ ਕੌਮਾਂਤਰੀ ਸੰਕਟ ਦਾ ਮੁਕਾਬਲਾ ਕਰਨ ਲਈ ਕਾਫੀ ਹਨ।

ਅਮਰੀਕਾ ਦੇ ਇਕ ਵਾਰ ਫਿਰ ਮੰਦੇ ਦੀ ਗ੍ਰਿਫ਼ਤ ਵਿਚ ਆਉਣ ਕਾਰਨ ਕਾਰੋਬਾਰ ਦੌਰਾਨ ਐਸ ਐਂਡ ਪੀ 500 ਸਟਾਕ ਸੂਚਕ ਅੰਕ 10.8 ਫੀਸਦੀ ਡਿੱਗ ਚੁੱਕਾ ਹੈ। ਇਸ ਦੌਰਾਨ ਇਕ ਅਮਰੀਕੀ ਬੁਲਾਰੇ ਨੇ ਦੋਸ਼ ਲਾਇਆ ਹੈ ਕਿ ਕਰੈਡਿਟ ਰੇਟਿੰਗ ਏਜੰਸੀ ਦੇ ਵਿਸ਼ਲੇਸ਼ਣ ਵਿਚ ਦੋ ਖਰਬ ਡਾਲਰ ਦੀ ਗਲਤੀ ਹੋਈ ਹੈ। ਦੂਸਰੇ ਪਾਸੇ ਐਸ ਐਂਡ ਪੀ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਅਗਲੇ ਦਹਾਕੇ ਦੌਰਾਨ ਆਪਣਾ ਸੰਘੀ ਕਰਜ਼ਾ ਘੱਟੋ-ਘੱਟ ਚਾਰ ਖਰਬ ਡਾਲਰ ਤੱਕ ਘੱਟ ਕਰਨ ਲਈ ਸਹਿਮਤ ਨਹੀਂ ਹੁੰਦਾ ਤਾਂ ਉਸ ਦਾ ਰੁਤਬਾ ਦਾਅ 'ਤੇ ਲੱਗ ਜਾਵੇਗਾ। ਅਮਰੀਕਾ ਦੀ ਕਾਰਜ ਸਾਖ ਦਰਜਾਬੰਦੀ ਘਟਾ ਕੇ ਸਾਰੀ ਦੁਨੀਆਂ ਵਿਚ ਸੰਕਟ ਖੜ੍ਹਾ ਕਰ ਦੇਣ ਵਾਲੇ ਅਦਾਰੇ ਸਟੈਂਡਰਡ ਐਂਡ ਪੂਅਰਜ਼ ਨੇ ਖ਼ਬਰਦਾਰ ਕੀਤਾ ਹੈ ਕਿ ਜੇ ਇਸ ਕਾਰਨ ਆਲਮੀ ਅਰਥਚਾਰੇ ਵਿਚ ਇਕ ਹੋਰ ਮੰਦਵਾੜਾ ਆਉਂਦਾ ਹੈ ਤਾਂ ਉਸ ਦਾ ਭਾਰਤ ਸਮੇਤ ਵੱਖ-ਵੱਖ ਏਸ਼ੀਆ-ਪੈਸੀਫਿਕ ਅਰਥਚਾਰਿਆਂ ਉਤੇ ਵਧੇਰੇ ਡੂੰਘਾ ਤੇ ਲੰਬਾ ਅਸਰ ਪਵੇਗਾ।

ਇਸੇ ਦੌਰਾਨ ਚੀਨ ਨੇ ਨਵੀਂ ਕੌਮਾਂਤਰੀ ਰਾਖਵੀਂ ਕਰੰਸੀ ਕਾਇਮ ਕਰਨ ਦਾ ਸੱਦਾ ਦਿੱਤਾ ਹੈ। ਚੀਨ ਨੇ ਕਿਹਾ ਹੈ ਕਿ ਇਸ ਸੰਕਟ ਲਈ ਅਮਰੀਕਾ ਖੁਦ ਹੀ ਜ਼ਿੰਮੇਵਾਰ ਹੈ ਅਤੇ ਹੁਣ ਇਕ ਨਵੀਂ ਸਥਿਰ ਕੌਮਾਂਤਰੀ ਰਾਖਵੀਂ ਕਰੰਸੀ ਦੀ ਲੋੜ ਹੈ

## ਅਮਰੀਕਾ ਕਰਜ਼ ਹੇਠ ਦੱਬਿਆ

**ਵਾਸ਼ਿੰਗਟਨ:** ਅਮਰੀਕਾ ਦੀ ਸਰਕਾਰ ਨਕਦੀ ਸੰਕਟ ਦਾ ਸਾਹਮਣਾ ਕਰਨ ਲਈ ਕਰਜ਼ੇ ਦਾ ਸਹਾਰਾ ਲੈ ਰਹੀ ਹੈ। ਮੁੱਖ ਅਮਰੀਕੀ ਕੰਪਨੀਆਂ ਕੋਲ 20 ਖਰਬ ਡਾਲਰ ਦੀ ਨਕਦੀ ਪਈ ਹੈ। ਇਨ੍ਹਾਂ ਕੰਪਨੀਆਂ ਵਿਚ ਸਿਟੀ ਬੈਂਕ ਸਿਖਰ 'ਤੇ ਹਨ ਜਿਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਭਾਰਤੀ ਮੂਲ ਦੇ ਅਮਰੀਕੀ ਵਿਕਰਮ ਪੰਡਿਤ ਹਨ। ਤਕਰੀਬਨ 20 ਖਰਬ ਦੀ ਨਕਦੀ 'ਚੋਂ 14 ਖਰਬ ਮੁੱਖ 20 ਕੰਪਨੀਆਂ ਕੋਲ ਹਨ। ਸਿਟੀ ਸਮੂਹ ਦੇ ਕੋਲ ਕੁੱਲ 526 ਅਰਬ ਡਾਲਰ ਦੀ ਨਕਦੀ ਹੈ ਜਦਕਿ ਦੂਜੇ ਸਥਾਨ 'ਤੇ 414 ਅਰਬ ਡਾਲਰ ਨਾਲ ਜੇਪੀ ਮਾਰਗਨ ਹੈ। ਕੁੱਲ 112 ਅਰਬ ਡਾਲਰ ਦੀ ਨਕਦੀ ਨਾਲ ਵੇਲਜ਼ ਫਾਰਗੋ ਤੀਜੇ ਸਥਾਨ 'ਤੇ ਹੈ। ਵਿੱਤੀ ਸੰਸਥਾਵਾਂ ਨੂੰ ਗਾਹਕਾਂ ਦੀ ਜਮ੍ਹਾਂ ਰਾਸ਼ੀ ਦੇ ਇਲਾਵਾ 963 ਅਰਬ ਡਾਲਰ ਦੀ ਨਕਦੀ ਤੇ ਐਸ. ਐਂਡ. ਪੀ. 500 ਉਦਯੋਗਿਕ ਕੰਪਨੀਆਂ ਵਿਚ ਇੰਨੀ ਨਕਦੀ ਦੇ ਬਰਾਬਰ ਮੁਦਰਾ ਬਾਜ਼ਾਰ ਖਾਤੇ ਰੱਖਣ ਦੀ ਜ਼ਰੂਰਤ ਹੈ। ਇਸ 'ਤੇ ਸਿਲਵਰ ਮੈਨ ਨੇ ਕਿਹਾ ਕਿ ਕਰਜ਼ ਦੇ ਬਿਹਤਰ ਪ੍ਰਬੰਧ, ਘੱਟ ਵਿਆਜ ਦਰਾਂ, ਚੰਗੀ ਨਕਦੀ ਦੇ ਕਾਰਨ ਇਹ ਕੰਪਨੀਆਂ ਇੰਨੀ ਚੰਗੀ ਪੁਜ਼ੀਸ਼ਨ ਹਾਸਲ ਕਰ ਸਕੀਆਂ ਹਨ।

## ਅਮਰੀਕਾ ਦੇ ਕਰਜ਼ਾਈਆਂ 'ਚ ਭਾਰਤ 14ਵੇਂ ਸਥਾਨ 'ਤੇ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੀ ਕਰਜ਼ਾ ਸਾਖ ਡਿੱਗਣ ਕਾਰਨ ਉਸ ਦਾ ਕੌਮਾਂਤਰੀ ਪੱਧਰ 'ਤੇ ਵੱਕਾਰ ਘਟ ਗਿਆ ਹੈ ਤੇ ਨਿਵੇਸ਼ਕਾਂ ਵੱਲੋਂ ਉਸ ਮੁਲਕ ਵਿਚ ਪੈਸਾ ਲਾਉਣ ਤੋਂ ਗੁਰੇਜ਼ ਕਰਨ ਦੀ ਸੰਭਾਵਨਾ ਹੈ। ਦੂਜੇ ਪਾਸੇ ਅਮਰੀਕਾ ਤੋਂ ਮਜ਼ਬੂਤ ਆਰਥਿਕਤਾ ਵਾਲੇ ਮੁਲਕਾਂ ਸਣੇ ਭਾਰਤ ਨੇ ਕਾਫੀ ਕਰਜ਼ਾ ਲਿਆ ਹੈ। ਅਮਰੀਕਾ ਤੋਂ ਕਰਜ਼ਾ ਲੈਣ ਵਾਲੇ ਪਹਿਲੇ 15 ਮੁਲਕਾਂ ਵਿਚ ਭਾਰਤ ਦਾ ਵੀ ਨੰਬਰ ਆਉਂਦਾ ਹੈ। ਅਮਰੀਕਾ ਕੋਲੋਂ ਵੱਧ ਕਰਜ਼ਾ ਲੈਣ ਵਾਲਿਆਂ ਵਿਚ ਫਰਾਂਸ ਤੇ ਆਸਟਰੇਲੀਆ ਵੀ ਸ਼ਾਮਲ ਹਨ। ਅਮਰੀਕਾ ਵੱਲੋਂ ਵੱਖ-ਵੱਖ ਮੁਲਕਾਂ ਨੂੰ ਦਿੱਤਾ ਹੋਇਆ ਕਰਜ਼ਾ ਤਕਰੀਬਨ 15 ਖਰਬ ਡਾਲਰ ਬਣਦਾ ਹੈ।

ਅਮਰੀਕਾ ਤੋਂ ਸਭ ਤੋਂ ਵੱਧ ਕਰਜ਼ਾ ਲੈਣ ਵਾਲਾ ਚੀਨ ਹੈ। ਉਸ ਸਿਰ 1.15 ਖਰਬ ਡਾਲਰ ਦਾ ਕਰਜ਼ਾ ਹੈ। ਭਾਰਤ ਦਾ ਨੰਬਰ 14ਵਾਂ ਹੈ ਤੇ ਉਸ ਸਿਰ 41 ਅਰਬ ਡਾਲਰ (1.83 ਲੱਖ ਕਰੋੜ) ਦਾ ਕਰਜ਼ਾ ਹੈ। ਐਸ. ਐਂਡ ਪੀ.ਕੇ. ਅਮਰੀਕਾ ਦੀ ਕਰਜ਼ਾ ਸਾਖ ਘਟਾ ਕੇ ਏ. ਏ.ਏ. ਤੋਂ ਏ.ਏ. ਪਲੱਸ ਕਰ ਦਿੱਤੀ। ਅਮਰੀਕਾ ਤੋਂ ਕਰਜ਼ਾ ਲੈਣ ਵਾਲਿਆਂ ਵਿਚ ਪਹਿਲੇ 15 ਮੁਲਕਾਂ ਵਿਚ ਚੀਨ ਤੋਂ ਇਲਾਵਾ ਜਪਾਨ (912 ਅਰਬ ਡਾਲਰ), ਬਰਤਾਨੀਆ (346 ਅਰਬ ਡਾਲਰ), ਬਰਾਜ਼ੀਲ (211 ਅਰਬ ਡਾਲਰ), ਤਾਇਵਾਨ (153 ਅਰਬ ਡਾਲਰ), ਹਾਂਗਕਾਂਗ (122 ਅਰਬ ਡਾਲਰ), ਰੂਸ (115 ਅਰਬ ਡਾਲਰ), ਸਵਿਟਜ਼ਰਲੈਂਡ (108 ਅਰਬ ਡਾਲਰ), ਕੈਨੇਡਾ (91 ਅਰਬ ਡਾਲਰ), ਲਕਸਮਬਰਗ (68 ਅਰਬ ਡਾਲਰ), ਜਰਮਨੀ (61 ਅਰਬ ਡਾਲਰ), ਥਾਈਲੈਂਡ (60 ਅਰਬ ਡਾਲਰ), ਸਿੰਗਾਪੁਰ (57 ਅਰਬ ਡਾਲਰ) ਤੇ ਭਾਰਤ (41 ਅਰਬ ਡਾਲਰ) ਸ਼ਾਮਲ ਹਨ। ਭਾਰਤ ਤੋਂ ਬਾਅਦ ਤੁਰਕੀ, ਆਇਰਲੈਂਡ, ਦੱਖਣੀ ਕੋਰੀਆ, ਬੈਲਜੀਅਮ, ਪੋਲੈਂਡ, ਮੈਕਸੀਕੋ, ਇਟਲੀ ਤੇ ਹੋਰ ਮੁਲਕਾਂ ਦਾ ਸਥਾਨ ਆਉਂਦਾ ਹੈ।

## ਪਾਕਿ ਤੇ ਮਕਬੂਜ਼ਾ ਕਸ਼ਮੀਰ ਵਿਚਲੇ ਕੈਂਪਾਂ 'ਚ 2500 ਅਤਿਵਾਦੀ

**ਨਵੀਂ ਦਿੱਲੀ:** ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ 2500 ਅਤਿਵਾਦੀ ਹਨ ਤੇ ਉਨ੍ਹਾਂ ਨੂੰ ਭਾਰਤ ਖ਼ਿਲਾਫ਼ ਤਿਆਰ ਕੀਤਾ ਜਾ ਰਿਹਾ ਹੈ। ਲੋਕ ਸਭਾ 'ਚ ਲਿਖਤੀ ਜੁਆਬ ਦਿੰਦਿਆਂ ਗ੍ਰਹਿ ਰਾਜ ਮੰਤਰੀ ਜਤਿੰਦਰ ਸਿੰਘ ਨੇ ਦੱਸਿਆ ਕਿ "ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਬਹੁਤ ਸਾਰੇ ਅਤਿਵਾਦੀ ਕੈਂਪ ਸਰਗਰਮ ਹਨ। ਇਕ ਅੰਦਾਜ਼ੇ ਮੁਤਾਬਕ ਉਨ੍ਹਾਂ ਵਿਚ 2500 ਅਤਿਵਾਦੀ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਜੂਨ ਤੱਕ ਅਤਿਵਾਦੀਆਂ ਨੇ ਜੰਮੂ-ਕਸ਼ਮੀਰ ਵਿਚ ਦਾਖ਼ਲ ਹੋਣ ਦੀਆਂ 52 ਕੋਸ਼ਿਸ਼ਾਂ ਕੀਤੀਆਂ ਜਦਕਿ ਪਿਛਲੇ ਅਜਿਹੀਆਂ 489 ਤੇ 2009 'ਚ 485 ਕੋਸ਼ਿਸ਼ਾਂ ਹੋਈਆਂ ਸਨ।

ਮੰਤਰੀ ਮੁਤਾਬਕ ਕੰਟਰੋਲ ਰੇਖਾ 'ਤੇ ਪਾਕਿ ਵੱਲੋਂ ਗੋਲੀਬਾਰੀ ਦੀ ਉਲੰਘਣਾ ਜਾਰੀ ਹੈ। ਇਸ ਸਾਲ ਜੁਲਾਈ ਤੱਕ ਪਾਕਿਸਤਾਨ ਨੇ 19 ਵਾਰ ਉਲੰਘਣਾ ਕੀਤੀ ਜਦਕਿ ਸਾਲ 2010 ਵਿਚ 44 ਵਾਰ, 2009 ਵਿਚ 28 ਤੇ ਸਾਲ 2008 ਵਿਚ 77 ਵਾਰ ਉਲੰਘਣਾ ਕੀਤੀ। ਉਨ੍ਹਾਂ ਸਦਨ ਨੂੰ ਦੱਸਿਆ ਕਿ ਇਸ ਸਾਲ ਜੂਨ ਤੱਕ ਭਾਰਤ ਵਿਚ ਘੁਸਪੈਠ ਕਰਦੇ ਦੋ ਅਤਿਵਾਦੀ ਮਾਰੇ ਗਏ ਸਨ ਜਦਕਿ ਸਾਲ 2010 ਵਿਚ 112, 2009 ਵਿਚ 101 ਤੇ 2008 'ਚ 90 ਘੁਸਪੈਠੀਏ ਮਾਰੇ ਗਏ ਸਨ।

## ਰਿਜ਼ਰਵ ਬੈਂਕ ਦੇ ਗਵਰਨਰ ਦਾ ਕਾਰਜਕਾਲ ਵਧਾਇਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਡੀ. ਸੁਬਾਰਾਓ ਦੀਆਂ ਸੇਵਾਵਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਕਾਰਜਕਾਲ 'ਚ ਦੋ ਸਾਲ ਦਾ ਵਾਧਾ ਕਰ ਦਿੱਤਾ ਹੈ।


**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਵਿਰੋਧੀ ਧਿਰ ਨੇ ਫਿਰ ਲਾਇਆ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ

**ਨਵੀਂ ਦਿੱਲੀ:** ਭਾਜਪਾ ਨੇ ਰਾਸ਼ਟਰਮੰਡਲ ਖੇਡਾਂ ਵਿਚ ਹੋਏ ਘੁਟਾਲੇ ਅਤੇ ਬੇਨਿਯਮੀਆਂ ਲਈ ਪ੍ਰਧਾਨ ਮੰਤਰੀ, ਉਨ੍ਹਾਂ ਦੇ ਦਫ਼ਤਰ (ਪੀ.ਐਮ.ਓ.), ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਵਿਰੁੱਧ ਰੱਜ ਕੇ ਭੜਾਸ ਕੱਢੀ। ਪਾਰਟੀ ਨੇ ਖੇਡਾਂ ਦੀ ਪ੍ਰਬੰਧਕੀ ਕਮੇਟੀ ਦਾ ਸੁਰੇਸ਼ ਕਲਮਾਡੀ ਨੂੰ ਚੇਅਰਮੈਨ ਲਾਉਣ ਦੀ ਨਿੰਦਾ ਕਰਦਿਆਂ ਕਿਹਾ ਕਿ ਖੇਡ ਮੰਤਰੀ ਅਜੈ ਮਾਕਨ, ਆਪੇ ਬਿਆਨ ਦਾਗ ਕੇ ਸੰਸਦ ਨਾਲ ਧੋਖਾ ਕਰ ਰਹੇ ਹਨ।

ਸ੍ਰੀ ਮਾਕਨ ਵੱਲੋਂ ਰਾਸ਼ਟਰਮੰਡਲ ਖੇਡਾਂ ਬਾਰੇ ਸੰਸਦ ਵਿਚ ਦਿੱਤੇ ਬਿਆਨ 'ਤੇ ਚਰਚਾ ਸ਼ੁਰੂ ਕਰਦਿਆਂ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਖੇਡ ਮੰਤਰਾਲੇ ਅਤੇ ਆਪਣੇ ਹੀ ਦਫ਼ਤਰ ਦੇ ਸੀਨੀਅਰ ਮੈਂਬਰਾਂ ਵੱਲੋਂ ਪ੍ਰਗਟਾਏ ਜ਼ੋਰਦਾਰ ਇਤਰਾਜ਼ਾਂ ਦੇ ਬਾਵਜੂਦ ਕਲਮਾਡੀ ਨੂੰ ਖੇਡ ਪ੍ਰਬੰਧਕੀ ਕਮੇਟੀ ਦਾ ਚੇਅਰਮੈਨ ਲਾਉਣ ਨੂੰ ਹੀ ਤਰਜੀਹ ਦਿੱਤੀ। ਉਨ੍ਹਾਂ ਸਾਬਕਾ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸਾਬਕਾ ਮੰਤਰੀ ਸਭ ਤੋਂ ਵਧੀਆ ਗਵਾਹ ਹਨ। ਸਦਨ ਨੂੰ ਹੁਣ ਇਸ ਸਬੰਧੀ ਸਾਰੀਆਂ ਫਾਈਲਾਂ ਅਤੇ ਦਸਤਾਵੇਜ਼ ਪੇਸ਼ ਕਰਨੇ ਚਾਹੀਦੇ ਹਨ।

ਸ੍ਰੀ ਜੇਤਲੀ ਨੇ ਦੋਸ਼ ਲਾਏ ਕਿ ਰਾਸ਼ਟਰਮੰਡਲ ਖੇਡਾਂ ਲਈ ਕੰਟਰੈਕਟ ਵਿਚ ਤਬਦੀਲ ਹੋਏ ਬੋਲੀ ਦੇ ਦਸਤਾਵੇਜ਼ਾਂ ਵਿਚ ਫੇਰਬਦਲ ਕੀਤੇ ਗਏ ਸਨ। ਉਨ੍ਹਾਂ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਕਿ ਨਵੰਬਰ 2003 ਵਿਚ ਸਵੀਕਾਰ ਹੋਈ ਬੋਲੀ ਜਦੋਂ ਇਕਰਾਰਨਾਮਾ ਬਣ ਗਈ ਤਾਂ ਦਸੰਬਰ ਵਿਚ ਆਈ.ਓ.ਏ. ਨੇ ਇਹਦੇ ਵਿਚ ਕਿਵੇਂ ਸੋਧ ਕਰ ਲਈ?

ਸ੍ਰੀ ਜੇਤਲੀ ਅਨੁਸਾਰ ਪ੍ਰਬੰਧਕੀ ਕਮੇਟੀ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣਾ ਯਕੀਨੀ ਬਣਾਉਣ ਲਈ ਫਾਈਲਾਂ ਵਿਚ ਚੁਪ-ਚੁਪੀਤੇ ਕਾਗਜ਼ ਵੀ ਪਾ ਦਿੱਤੇ ਗਏ। ਉਨ੍ਹਾਂ ਕਿਹਾ ਕਿ ਕਾਇਦੇ ਮੁਤਾਬਕ ਖੇਡ ਮੰਤਰੀ ਮਰਹੂਮ ਸੁਨੀਲ ਦੱਤ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਹੋਣੇ ਚਾਹੀਦੇ ਸਨ ਅਤੇ ਉਨ੍ਹਾਂ ਨੂੰ ਦੱਸਿਆ ਵੀ ਇਹੋ ਹੀ ਗਿਆ ਸੀ ਪਰ ਮਗਰੋਂ ਜਦੋਂ ਸ੍ਰੀ ਦੱਤ ਨੂੰ ਪਤਾ ਲੱਗਿਆ ਕਿ ਸਾਰਾ ਕੁਝ ਬਦਲ ਰਿਹਾ ਹੈ, ਤਾਂ ਉਨ੍ਹਾਂ ਪ੍ਰਧਾਨ ਮੰਤਰੀ ਕੋਲ ਸ਼ਿਕਾਇਤ ਕੀਤੀ ਕਿ ਦਸਤਾਵੇਜ਼ਾਂ ਨਾਲ ਛੇੜਛਾੜ ਕੀਤੀ ਗਈ ਸੀ।

ਬੀਬੀ ਸੋਨੀਆ ਗਾਂਧੀ ਵਿਰੁੱਧ ਟਿੱਪਣੀਆਂ: ਰਾਜ ਸਭਾ ਵਿਚ ਸੱਤਾਧਾਰੀ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਵਿਚ ਉਦੋਂ ਝੜਪਾਂ ਹੋਈਆਂ ਜਦੋਂ ਭਾਜਪਾ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਿਰੁੱਧ ਨਾਅਰੇਬਾਜ਼ੀ ਕੀਤੀ। ਭਾਜਪਾ ਮੈਂਬਰ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਦਾ ਸੁਰੇਸ਼ ਕਲਮਾਡੀ ਨੂੰ ਚੇਅਰਮੈਨ ਲਾਏ ਜਾਣ ਵਿਚ ਸੋਨੀਆ ਦੀ ਵੀ ਵੱਡੀ ਭੂਮਿਕਾ ਹੋਣ ਦਾ ਦਾਅਵਾ ਕਰ ਰਹੇ ਸਨ।

## ਸੁਪਰੀਮ ਕੋਰਟ ਵੱਲੋਂ ਜੈਲਲਿਤਾ ਸਰਕਾਰ ਨੂੰ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਵੱਲੋਂ ਸੂਬੇ ਵਿਚ ਇਕ ਸਮਾਨ ਸਿੱਖਿਆ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਪਾਈ ਪਟੀਸ਼ਨ ਰੱਦ ਕਰ ਦਿੱਤੀ ਹੈ।



ਜੈਲਲਿਤਾ ਸਰਕਾਰ ਨੂੰ ਇਹ ਝਟਕਾ ਦਿੰਦਿਆਂ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਸੂਬਾ ਸਰਕਾਰ ਇਸ ਪ੍ਰਣਾਲੀ ਨੂੰ ਤੁਰੰਤ ਲਾਗੂ ਕਰੇ।

ਵਰਨਣਯੋਗ ਹੈ ਕਿ ਇਹ ਪ੍ਰਣਾਲੀ ਪਿਛਲੀ ਡੀ.ਐਮ.ਕੇ. ਸਰਕਾਰ ਲੈ ਕੇ ਆਈ ਸੀ। ਜਸਟਿਸ ਜੇ.ਐਸ. ਪੰਚਾਲ, ਦੀਪਕ ਵਰਮਾ ਤੇ ਬੀ.ਐਸ. ਚੌਹਾਨ ਦੇ ਤਿੰਨ ਮੈਂਬਰੀ ਬੈਂਚ ਨੇ ਰਾਜ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਇਸ ਪ੍ਰਣਾਲੀ ਨੂੰ ਦਸ ਦਿਨਾਂ ਦੇ ਅੰਦਰ-ਅੰਦਰ ਲਾਗੂ ਕਰੇ। ਸੂਬਾ ਸਰਕਾਰ ਨੇ ਕਿਹਾ ਸੀ ਕਿ ਡੀ.ਐਮ.ਕੇ. ਸਰਕਾਰ ਵੱਲੋਂ ਲਿਆਂਦੇ ਗਏ ਇਕ ਸਮਾਨ ਸਕੂਲ ਸਿੱਖਿਆ ਪ੍ਰਣਾਲੀ (ਸੋਧ) ਕਾਨੂੰਨ ਵਿਚ ਕਈ ਖਾਮੀਆਂ ਹੋਣ ਦੇ ਨਾਲ-ਨਾਲ ਇਹ ਸਿਆਸਤ ਤੋਂ ਪ੍ਰੇਰਿਤ ਹੈ। ਬੀਬੀ ਜੈਲਲਿਤਾ ਨੇ ਸੱਤਾ ਸੰਭਾਲਦਿਆਂ ਹੀ ਇਸ ਕਾਨੂੰਨ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾ ਦਿੱਤਾ ਸੀ। ਸਰਕਾਰ ਨੂੰ ਮਦਰਾਸ ਹਾਈ ਕੋਰਟ ਵੱਲੋਂ ਕੋਈ ਰਾਹਤ ਨਾ ਮਿਲਣ ਕਾਰਨ ਉਹ ਸੁਪਰੀਮ ਕੋਰਟ ਚਲੀ ਗਈ ਸੀ।







ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



**Short Sale Specialist**

We Can Sell Your Home
in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling
Residential
And For Loans

*Call: Sohanpreet 'Sam' Chahal*
@916-612-5773

Serving from Bay Area to Sacramento

Call for free listing of
Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਮੰਤਰੀਆਂ ਦੀਆਂ ਸਹੂਲਤਾਂ ਲਈ ਖ਼ਜ਼ਾਨੇ 'ਤੇ 17 ਕਰੋੜ ਦਾ ਬੋਝ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ 18 ਮੰਤਰੀਆਂ ਤੇ 17 ਮੁੱਖ ਸੰਸਦੀ ਸਕੱਤਰਾਂ ਨੂੰ 50-50 ਹਜ਼ਾਰ ਰੁਪਏ ਦੇ ਲੈਪਟਾਪ, ਕਾਰਾਂ ਖਰੀਦਣ ਤੇ ਮਕਾਨ ਉਸਾਰੀ ਵਾਸਤੇ ਕਰਜ਼ੇ ਦੇਣ ਲਈ ਸਰਕਾਰੀ ਖ਼ਜ਼ਾਨੇ ਨੂੰ ਤਕਰੀਬਨ 17 ਕਰੋੜ 68 ਲੱਖ ਰੁਪਏ ਦਾ ਵਿੱਤੀ ਬੋਝ ਝੱਲਣਾ ਪਵੇਗਾ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਦੌਰਾਨ ਅਕਾਲੀ-ਭਾਜਪਾ ਤੇ ਕਾਂਗਰਸੀ ਆਗੂਆਂ ਵੱਲੋਂ 'ਆਮ ਮੰਤਵਾਂ ਸੰਬੰਧੀ ਕਮੇਟੀ' ਦੀ ਰਿਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਸੀ ਜਿਸ ਵਿਚ ਮੰਤਰੀਆਂ ਦਾ ਮਕਾਨ ਉਸਾਰੀ ਕਰਜ਼ਾ 10 ਲੱਖ ਰੁਪਏ ਤੋਂ ਵਧਾ ਕੇ 40 ਲੱਖ ਰੁਪਏ ਕਰਨ, ਕਾਰ ਖਰੀਦਣ ਲਈ ਕਰਜ਼ਾ 6 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰਨ ਤੇ ਸਫਰ ਭੱਤਾ (ਮਾਈਲੇਜ ਅਲਾਊਂਸ) 12 ਰੁਪਏ ਤੋਂ ਵਧਾ ਕੇ 15 ਰੁਪਏ ਕਰਨ ਤੇ ਮੰਤਰੀਆਂ ਸਮੇਤ ਸਮੂਹ ਮੁੱਖ ਸੰਸਦੀ ਸਕੱਤਰਾਂ ਨੂੰ ਲੈਪਟਾਪ ਦੇਣ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਸਨ।

ਇਸ ਰਿਪੋਰਟ ਨੂੰ ਪ੍ਰਵਾਨਗੀ ਮਿਲਣ ਮਗਰੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਪਰੋਕਤ ਕਮੇਟੀ ਤੋਂ ਪੁੱਛਿਆ ਕਿ ਜੇ ਉਨ੍ਹਾਂ ਦੇ 18 ਮੰਤਰੀਆਂ ਤੇ 17 ਮੁੱਖ ਸੰਸਦੀ ਸਕੱਤਰਾਂ ਨੂੰ ਉਪਰੋਕਤ ਸਹੂਲਤਾਂ ਦੇ ਦਿੱਤੀਆਂ ਜਾਣ ਤਾਂ ਇਸ ਨਾਲ ਕਿੰਨਾ ਵਿੱਤੀ ਬੋਝ ਪਵੇਗਾ। ਪ੍ਰਾਪਤ ਦਸਤਾਵੇਜ਼ਾਂ ਅਨੁਸਾਰ ਕਮੇਟੀ ਨੇ ਸ. ਬਾਦਲ ਨੂੰ ਲਿਖਿਆ ਕਿ ਜੇਕਰ 18 ਮੰਤਰੀਆਂ ਨੂੰ ਮਕਾਨ ਉਸਾਰੀ ਲਈ 40-40 ਲੱਖ ਰੁਪਏ ਕਰਜ਼ਾ ਦਿੱਤਾ ਜਾਵੇ ਤਾਂ ਖਜ਼ਾਨੇ 'ਤੇ 7.20 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ ਜਦਕਿ 17 ਮੁੱਖ ਸੰਸਦੀ ਸਕੱਤਰਾਂ ਨੂੰ ਵੀ ਇਸੇ ਤਰ੍ਹਾਂ ਮਕਾਨ ਉਸਾਰੀ ਕਰਜ਼ੇ ਦੇਣ 6.80 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ। ਕਮੇਟੀ ਨੇ ਸ. ਬਾਦਲ ਨੂੰ ਜਾਣੂ ਕਰਾਇਆ ਕਿ ਜੇ 18 ਮੰਤਰੀਆਂ ਨੂੰ 10-10 ਲੱਖ ਰੁਪਏ ਦੇ ਹਿਸਾਬ ਨਾਲ ਕਾਰ ਲੋਨ ਦਿੱਤਾ ਜਾਵੇ ਤਾਂ 1.80 ਕਰੋੜ ਤੇ ਜੇਕਰ 17 ਮੁੱਖ ਸੰਸਦੀ ਸਕੱਤਰਾਂ ਨੂੰ ਇਸੇ ਤਰ੍ਹਾਂ ਕਾਰ ਲੋਨ ਦਿੱਤਾ ਜਾਵੇ ਤਾਂ 1.70 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ। ਕਮੇਟੀ ਨੇ ਇਹ ਵੀ ਲਿਖਿਆ ਕਿ ਜੇ ਹਰ ਮੰਤਰੀ ਤੇ ਮੁੱਖ ਸੰਸਦੀ ਸਕੱਤਰ ਨੂੰ 50 ਹਜ਼ਾਰ ਦਾ ਲੈਪਟਾਪ ਦਿੱਤਾ ਜਾਵੇ ਤਾਂ ਸਾਢੇ 17 ਲੱਖ ਰੁਪਏ ਦਾ ਵਿੱਤੀ ਬੋਝ ਪਵੇਗਾ।

ਉਪਰੋਕਤ ਮਕਾਨ ਉਸਾਰੀ ਕਰਜ਼ਾ, ਕਾਰ ਲੋਨ ਤੇ ਲੈਪਟਾਪ ਨਾਲ ਤਕਰੀਬਨ 17 ਕਰੋੜ 68 ਲੱਖ ਰੁਪਏ ਦਾ ਵਿੱਤੀ ਬੋਝ ਪਵੇਗਾ। ਭਰੋਸੇਯੋਗ ਸੂਤਰਾਂ ਅਨੁਸਾਰ ਮੁੱਖ ਮੰਤਰੀ ਵੱਲੋਂ ਹੁਣ ਇਹ ਕੇਸ ਟਿੱਪਣੀ/ਸਹਿਮਤੀ ਦੇਣ ਲਈ ਵਿੱਤ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ। ਸੂਤਰਾਂ ਅਨੁਸਾਰ ਵਿੱਤ ਵਿਭਾਗ ਵੱਲੋਂ ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਦੇ ਕੇਸ ਨੂੰ ਸਹਿਮਤੀ ਦੇ ਦਿੱਤੀ ਗਈ ਹੈ ਤੇ ਮੰਤਰੀਆਂ, ਮੁੱਖ ਸੰਸਦੀ ਸਕੱਤਰਾਂ ਦੇ ਕੇਸ ਨੂੰ ਸਹਿਮਤੀ ਦੀ ਤਿਆਰੀ ਹੈ।

# ਹਵਾਰਾ ਤੇ ਭਿਉਰਾ ਕੇਸ ਦੀ 8 ਵਰ੍ਹਿਆਂ ਬਾਅਦ ਸੁਣਵਾਈ



*ਪਰਮਜੀਤ ਸਿੰਘ ਭਿਉਰਾ ਅਤੇ ਜਗਤਾਰ ਸਿੰਘ ਹਵਾਰਾ ਨੂੰ ਲਿਜਾ ਰਹੇ ਪੁਲਿਸ ਮੁਲਾਜ਼ਮ।*

**ਚੰਡੀਗੜ੍ਹ:** ਅੱਠ ਸਾਲ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਆਖ਼ਰ ਭਾਈ ਜਗਤਾਰ ਸਿੰਘ ਹਵਾਰਾ ਤੇ ਭਾਈ ਪਰਮਜੀਤ ਸਿੰਘ ਭਿਉਰਾ ਵਿਰੁੱਧ ਬੁੜੈਲ ਜੇਲ੍ਹ ਤੋੜ ਕੇ ਭੱਜਣ ਦੇ ਮਾਮਲੇ ਦੀ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਮਾਮਲੇ ਵਿਚ ਪੁਲਿਸ ਦੀ ਪਹਿਲੀ ਗਵਾਹੀ ਸੀ। ਇਸ ਗਵਾਹੀ 'ਤੇ ਬਚਾਅ ਧਿਰ ਦੇ ਵਕੀਲਾਂ ਅਰਵਿੰਦ ਠਾਕੁਰ ਤੇ ਅਮਰ ਸਿੰਘ ਚਾਹਲ ਨੇ ਜਿਰ੍ਹਾ ਕਰਦਿਆਂ ਪੁਲਿਸ ਵੱਲੋਂ ਪੇਸ਼ ਹੋਈ ਚੰਡੀਗੜ੍ਹ ਪੁਲਿਸ ਦੀ ਇੰਸਪੈਕਟਰ ਪੂਨਮ ਦਿਲਾਵਰੀ ਦੇ ਬਿਆਨਾਂ ਦੀਆਂ ਬੁਰੀ ਤਰ੍ਹਾਂ ਧੱਜੀਆਂ ਉਡਾਈਆਂ।

ਇੰਸਪੈਕਟਰ ਦਿਲਾਵਰੀ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ ਮਾਮਲੇ ਦੀ ਮੁਲਜ਼ਮ ਬੀਬੀ ਬਲਜੀਤ ਕੌਰ ਖਾਲਸਾ ਨੂੰ ਗ੍ਰਿਫ਼ਤਾਰ ਕਰਕੇ ਉਸ ਤੋਂ ਮਾਮਲੇ ਵਿਚ ਵਰਤੀ ਕਾਰ ਤੇ ਮੋਬਾਈਲ ਫ਼ੋਨ ਬਰਾਮਦ ਕੀਤਾ ਸੀ। ਬਚਾਅ ਧਿਰ ਦੇ ਵਕੀਲਾਂ ਨੇ ਕਿਹਾ ਕਿ ਜੇਕਰ ਪੁਲਿਸ ਨੇ ਇਹ ਚੀਜ਼ਾਂ ਬਰਾਮਦ ਕੀਤੀਆਂ ਹਨ ਤਾਂ ਅਦਾਲਤ ਅੱਗੇ ਪੇਸ਼ ਕਰਨ। ਪੁਲਿਸ ਨੇ ਇਕ ਘੰਟੇ ਦਾ ਸਮਾਂ ਮੰਗਿਆ ਪਰ ਉਸ ਪਿੱਛੋਂ ਵੀ ਪੁਲਿਸ ਸਾਮਾਨ ਅਦਾਲਤ ਅੱਗੇ ਨਹੀਂ ਪੇਸ਼ ਕਰ ਸਕੀ ਤੇ ਹੋਰ ਸਮਾਂ ਮੰਗਣ ਲੱਗੀ। ਇਸ 'ਤੇ ਜੱਜ ਜੇ.ਐਸ. ਸਿੱਧੂ ਨੇ ਕਿਹਾ ਕਿ ਅੱਠ ਸਾਲ ਤਾਂ ਲੰਘ ਚੁੱਕੇ ਹਨ ਹੋਰ ਤੁਸੀਂ ਕਿੰਨਾ ਸਮਾਂ ਚਾਹੋਗੇ। ਇਸ ਲਈ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਇਸ ਉਪਰੰਤ ਬਚਾਅ ਪੱਖ ਦੇ ਵਕੀਲਾਂ ਨੇ ਇੰਸਪੈਕਟਰ ਦਿਲਾਵਰੀ ਨੂੰ ਪੁੱਛਿਆ ਕਿ ਤੁਸੀਂ ਬੀਬੀ ਬਲਜੀਤ ਕੌਰ ਨੂੰ ਪਛਾਣਦੇ ਹੋ? ਕੀ ਉਹ ਇਸ ਅਦਾਲਤ ਵਿਚ ਮੌਜੂਦ ਹੈ? ਤਾਂ ਇੰਸਪੈਕਟਰ ਨੇ ਇੱਧਰ ਉੱਧਰ ਦੇਖਣ ਉਪਰੰਤ ਕਿਹਾ ਕਿ ਜੇਕਰ ਉਸ ਦੇ ਸਾਹਮਣੇ ਪੇਸ਼ ਕੀਤਾ ਜਾਵੇ ਤਾਂ ਉਹ ਪਛਾਣ ਸਕਦੀ ਹੈ। ਬਚਾਅ ਧਿਰ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਬੀਬੀ ਬਲਜੀਤ ਕੌਰ ਦੀ ਦੋ ਸਾਲ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਤੇ ਉਸ ਖ਼ਿਲਾਫ਼ ਲੱਗੇ ਸਾਰੇ ਦੋਸ਼ ਖ਼ਤਮ ਹੋ ਚੁੱਕੇ ਹਨ। ਇਸ ਦੀ ਜਾਣਕਾਰੀ ਪੁਲਿਸ ਨੂੰ ਕਿਉਂ ਨਹੀਂ ਹੈ? ਇਸ ਪਿੱਛੋਂ ਬਚਾਅ ਧਿਰ ਨੇ ਪੁਲਿਸ ਤੋਂ ਬੀਬੀ ਬਲਜੀਤ ਕੌਰ ਦੇ ਪਿੰਡ, ਥਾਣੇ ਤੇ ਹੋਰ ਵੇਰਵੇ ਦੀ ਜਾਣਕਾਰੀ ਮੰਗੀ ਤਾਂ ਪੁਲਿਸ ਕੁਝ ਵੀ ਨਹੀਂ ਦੱਸ ਸਕੀ। ਇੰਸਪੈਕਟਰ ਦਿਲਾਵਰੀ ਪਿੱਛੋਂ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀ. ਵਿਜੈ ਕੁਮਾਰ ਤੇ ਇੰਸਪੈਕਟਰ ਦੀਵਾਨ ਸਿੰਘ 'ਤੇ ਜਿਰ੍ਹਾ ਹੋਣੀ ਸੀ ਪਰ ਉਨ੍ਹਾਂ ਹਾਲਾਤ ਨੂੰ ਦੇਖਦਿਆਂ ਪਹਿਲਾਂ ਹੀ ਹੱਥ ਖੜ੍ਹੇ ਕਰ ਦਿੱਤੇ ਤੇ ਤਿਆਰੀ ਲਈ ਸਮਾਂ ਦੇਣ ਦੀ ਬੇਨਤੀ ਕੀਤੀ।

ਬਚਾਅ ਧਿਰ ਦੇ ਵਕੀਲਾਂ ਨੇ ਅਦਾਲਤ ਵਿਚ ਅਰਜ਼ੀ ਦਿੱਤੀ ਕਿ ਸ਼ਾਂਡਿਲਿਆ ਵਰਗੇ ਲੋਕ ਸਰਕਾਰੀ ਰਿਕਾਰਡ ਨਾਲ ਛੇੜ-ਛਾੜ ਕਰਕੇ ਨਿਰਦੋਸ਼ਾਂ ਨੂੰ ਸਜ਼ਾ ਦਿਵਾਉਣਾ ਚਾਹੁੰਦੇ ਹਨ।ਜਿਸ 'ਤੇ ਅਦਾਲਤ ਨੇ 14 ਸਤੰਬਰ ਲਈ ਸਰਕਾਰੀ ਵਕੀਲ ਨੂੰ ਨੋਟਿਸ ਜਾਰੀ ਕਰਦਿਆਂ ਸਾਰਾ ਰਿਕਾਰਡ ਸੀਲ ਕਰਕੇ ਰੱਖਣ ਦੇ ਹੁਕਮ ਦਿੱਤੇ ਹਨ। ਭਾਈ ਹਵਾਰਾ ਦਾ ਤਿਹਾੜ ਜੇਲ੍ਹ ਵਿਚ ਇਲਾਜ ਨਾ ਹੋਣ ਬਾਰੇ ਵੀ ਅਦਾਲਤ ਨੂੰ ਦੱਸਿਆ ਗਿਆ ਤਾਂ ਅਦਾਲਤ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਤੇ ਦਿੱਲੀ ਪੁਲਿਸ ਨੂੰ ਭਾਈ ਹਵਾਰਾ ਦਾ ਚੰਗੀ ਤਰ੍ਹਾਂ ਇਲਾਜ ਕਰਵਾਉਣ ਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਹੁਕਮ ਜਾਰੀ ਕਰ ਦਿੱਤੇ।

ਜ਼ਿਕਰਯੋਗ ਹੈ ਕਿ ਇਸ ਕੇਸ ਦੇ 14 ਨਾਮਜ਼ਦ ਮੁਲਜ਼ਮਾਂ 'ਚੋਂ ਨੌਂ ਅਦਾਲਤ ਵਿਚ ਪੇਸ਼ ਹੋਏ। ਮਾਮਲੇ ਦੀ ਅਗਲੀ ਸੁਣਵਾਈ 14 ਸਤੰਬਰ ਲਈ ਤੈਅ ਕੀਤੀ ਗਈ ਹੈ। ਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿਚ ਪੇਸ਼ੀ ਲਈ ਜਿਉਂ ਹੀ ਦਿੱਲੀ ਪੁਲਿਸ ਤੇ ਚੰਡੀਗੜ੍ਹ ਪੁਲਿਸ ਭਾਈ ਹਵਾਰਾ ਤੇ ਭਿਉਰਾ ਨੂੰ ਲੈ ਕੇ ਪੁੱਜੀ ਤਾਂ ਸ. ਸਿਮਰਨਜੀਤ ਸਿੰਘ ਮਾਨ ਨੇ ਅਚਾਨਕ ਉਥੇ ਪੁੱਜ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਅਦਾਲਤ ਦੇ ਬਾਹਰ ਅੱਧਾ ਘੰਟਾ ਦੋਵਾਂ ਨਾਲ ਗੱਲਬਾਤ ਕੀਤੀ। ਜਿਸ ਪਿੱਛੋਂ ਉਨ੍ਹਾਂ ਹੱਥ ਨਾਲ ਇਕ ਅਰਜ਼ੀ ਲਿਖ ਕੇ ਜੱਜ ਸਾਹਿਬਾਨ ਅੱਗੇ ਪੇਸ਼ ਕੀਤੀ ਕਿ ਭਾਈ ਹਵਾਰਾ ਤੇ ਭਾਈ ਭਿਉਰਾ ਨੂੰ ਜੇਲ੍ਹ ਅੰਦਰ ਪੂਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ।

# ਪੰਜਾਬ ਦੇ ਸੈਂਕੜੇ ਸਕੂਲਾਂ 'ਚ ਬਿਜਲੀ ਦੀ ਸਹੂਲਤ ਨਹੀਂ



*ਸਕੂਲ ਵਿਚ ਬਿਜਲੀ ਨਾ ਹੋਣ ਕਾਰਨ ਦਰਖਤ ਹੇਠ ਬੈਠੇ ਪੜ੍ਹ ਰਹੇ ਬੱਚੇ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਇਸੇ ਵੇਲੇ 535 ਸਰਕਾਰੀ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਬਿਜਲੀ ਦੀ ਸਹੂਲਤ ਹੀ ਨਹੀਂ ਹੈ। ਸਰਕਾਰੀ ਦਸਤਾਵੇਜ਼ਾਂ ਅਨੁਸਾਰ ਰਾਜ ਵਿਚ 505 ਸਰਕਾਰੀ ਮਿਡਲ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਬਿਜਲੀ ਨਹੀਂ ਆਉਂਦੀ, ਜਦਕਿ 16 ਹਾਈ ਤੇ 14 ਸੀਨੀਅਰ ਸੈਕੰਡਰੀ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਬਿਜਲੀ ਨਾ ਹੋਣ ਕਾਰਨ ਬੱਚਿਆਂ ਤੇ ਅਧਿਆਪਕਾਂ ਨੂੰ ਗਰਮੀਆਂ ਦੇ ਮੌਸਮ ਵਿਚ ਮੁਸ਼ਕਲ ਝੱਲਣੀ ਪੈਂਦੀ ਹੈ। ਸਿੱਖਿਆ ਮੰਤਰੀ ਦਾ ਗੁਰਦਾਸਪੁਰ ਜ਼ਿਲ੍ਹਾ ਸਭ ਤੋਂ ਮੋਹਰੀ ਹੈ। ਸਿੱਖਿਆ ਵਿਭਾਗ ਨੇ ਮੰਨਿਆ ਹੈ ਕਿ ਇਸ ਜ਼ਿਲ੍ਹੇ ਵਿਚ 101 ਮਿਡਲ ਤੇ ਸੀਨੀਅਰ ਸੈਕੰਡਰੀ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਬਿਜਲੀ ਦੀ ਸਹੂਲਤ ਨਹੀਂ ਹੈ। ਦੂਜਾ ਨੰਬਰ ਫਿਰੋਜ਼ਪੁਰ ਜ਼ਿਲ੍ਹੇ ਦਾ ਹੈ ਜਿਥੋਂ ਦੇ 76 ਮਿਡਲ ਸਕੂਲਾਂ, ਤਿੰਨ ਹਾਈ ਸਕੂਲਾਂ ਤੇ ਇਕ ਸੀਨੀਅਰ ਸੈਕੰਡਰੀ ਸਕੂਲ ਵਿਚ ਬਿਜਲੀ ਦੀ ਸਹੂਲਤ ਨਹੀਂ। ਇਸ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹੇ 'ਚ 65 ਮਿਡਲ ਸਕੂਲਾਂ, ਚਾਰ ਹਾਈ ਸਕੂਲਾਂ ਤੇ ਅੱਠ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਬਿਜਲੀ ਦੀ ਸਹੂਲਤ ਨਹੀਂ। ਹੁਸ਼ਿਆਰਪੁਰ ਜ਼ਿਲ੍ਹੇ ਵਿਚਲੇ 65 ਮਿਡਲ ਸਕੂਲਾਂ ਵਿਚ ਬਿਜਲੀ ਦੀ ਸਹੂਲਤ ਨਹੀਂ ਹੈ। ਤਰਨਤਾਰਨ ਜ਼ਿਲ੍ਹੇ 'ਚ 56 ਮਿਡਲ ਸਕੂਲਾਂ, ਸੱਤ ਹਾਈ ਸਕੂਲਾਂ ਤੇ ਇਕ ਸੀਨੀਅਰ ਸੈਕੰਡਰੀ ਸਕੂਲ ਵਿਚ ਬਿਜਲੀ ਦੀ ਸਹੂਲਤ ਨਹੀਂ ਹੈ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ 42 ਮਿਡਲ ਸਕੂਲਾਂ ਤੇ ਦੋ ਸੀਨੀਅਰ ਸੈਕੰਡਰੀ ਸਕੂਲਾਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ 34 ਸਰਕਾਰੀ ਮਿਡਲ ਸਕੂਲਾਂ, ਕਪੂਰਥਲਾ ਜ਼ਿਲ੍ਹੇ ਵਿਚ ਵੀ 26 ਮਿਡਲ ਸਕੂਲਾਂ, ਇਕ ਹਾਈ ਤੇ ਇਕ ਸੀਨੀਅਰ ਸੈਕੰਡਰੀ ਸਕੂਲ, ਜਲੰਧਰ ਜ਼ਿਲ੍ਹੇ ਦੇ ਸੱਤ ਮਿਡਲ ਸਕੂਲਾਂ, ਪਟਿਆਲਾ ਜ਼ਿਲ੍ਹੇ ਵਿਚ 10, ਬਠਿੰਡਾ ਜ਼ਿਲ੍ਹੇ ਵਿਚ ਅੱਠ ਤੇ ਮੁਕਤਸਰ ਜ਼ਿਲ੍ਹੇ ਵਿਚ ਚਾਰ ਮਿਡਲ ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਬਿਜਲੀ ਦੀ ਸਹੂਲਤ ਨਹੀਂ ਹੈ।

# ਭਗੌੜੇ ਵੱਲੋਂ ਪੁਲਿਸ ਮੁਖੀ ਗਿੱਲ ਦਾ ਸ਼ਰ੍ਹੇਆਮ ਸਨਮਾਨ

## ਚੋਣ ਕਮਿਸ਼ਨ ਦੀ ਘੁਰਕੀ ਤੋਂ ਬਾਅਦ ਪੁਲਿਸ ਕਸੂਤੀ ਫਸੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਕਿ ਹੋਰ ਵਿਵਾਦ 'ਚ ਘਿਰ ਗਏ ਹਨ। ਉਨ੍ਹਾਂ ਦੀ ਇਕ ਅਜਿਹੇ ਸ਼ਖ਼ਸ ਨਾਲ ਨੇੜਤਾ ਸਾਹਮਣੇ ਆਈ ਹੈ ਜਿਸ ਨੂੰ ਅਦਾਲਤ ਵੱਲੋਂ ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਹੋਇਆ ਹੈ। ਹੋਰ ਤਾਂ ਹੋਰ ਇਸ ਸ਼ਖ਼ਸ ਨੇ ਡੀ.ਜੀ.ਪੀ. ਗਿੱਲ ਦਾ ਜਨਤਕ ਤੌਰ 'ਤੇ ਸਨਮਾਨ ਕੀਤਾ ਪਰ



ਪੁਲਿਸ ਇਸ ਸਭ ਕਾਸੇ ਬਾਰੇ ਬੇਖ਼ਬਰ ਰਹੀ। ਇਹ ਗੱਲ ਦਾ ਖੁਲਾਸਾ ਮੋਗਾ ਦੇ ਜ਼ਿਲ੍ਹਾ ਪੁਲਿਸ ਮੁਖੀ ਸਨੇਹਦੀਪ ਸ਼ਰਮਾ ਵੱਲੋਂ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਨੂੰ ਭੇਜੀ ਰਿਪੋਰਟ ਰਾਹੀਂ ਹੋਇਆ ਹੈ।

ਜ਼ਿਕਰਯੋਗ ਹੈ ਕਿ ਡੀ.ਜੀ.ਪੀ. ਗਿੱਲ ਦਾ ਜਨਤਕ ਤੌਰ 'ਤੇ ਮੋਗਾ ਵਿਚ ਸਨਮਾਨ ਕਰਨ ਵਾਲੇ ਭਗੌੜੇ ਅਪਰਾਧੀ ਬਾਰੇ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪੁਲਿਸ ਤੋਂ ਰਿਪੋਰਟ ਤਲਬ ਕੀਤੀ ਗਈ ਸੀ। ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਗੌੜੇ ਅਪਰਾਧੀਆਂ ਦਾ ਮਾਮਲਾ ਚੋਣਾਂ ਨਾਲ ਸਬੰਧਤ ਹੈ ਤੇ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਵਿਅਕਤੀ ਦਾ ਜਨਤਕ ਤੌਰ 'ਤੇ ਪੁਲਿਸ ਅਧਿਕਾਰੀਆਂ ਨਾਲ ਵਿਚਰਨਾ ਗੰਭੀਰ ਮਾਮਲਾ ਹੈ। ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਪੁਲਿਸ ਰਿਪੋਰਟ ਦਾ ਬਰੀਕੀ ਨਾਲ ਅਧਿਐਨ ਕੀਤਾ ਜਾ ਰਿਹਾ ਹੈ ਕਿਉਂਕਿ ਅਧਿਕਾਰੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੋਈ ਕਿ ਅਦਾਲਤ ਵੱਲੋਂ ਇਸ਼ਤਿਹਾਰੀ ਮੁਜਰਮ ਕਰਾਰ ਦਿੱਤੇ ਵਿਅਕਤੀ ਬਾਰੇ ਪੁਲਿਸ ਬੇਖ਼ਬਰ ਹੋਵੇ। ਪੰਜਾਬ ਪੁਲਿਸ ਦੇ ਮੁਖੀ ਦਾ ਜੂਨ ਵਿਚ ਜਨਤਕ ਤੌਰ 'ਤੇ ਸਨਮਾਨ ਕਰਨ ਦਾ ਮਾਮਲਾ ਮੀਡੀਆ ਵਿਚ ਆਉਣ ਤੋਂ ਬਾਅਦ ਬੀਬੀ ਕੁਸੁਮਜੀਤ ਸਿੱਧੂ ਵੱਲੋਂ ਜ਼ਿਲ੍ਹਾ ਪੁਲਿਸ ਤੋਂ ਇਸ ਬਾਰੇ ਰਿਪੋਰਟ ਤਲਬ ਕੀਤੀ ਗਈ ਸੀ।

ਇਸ ਬਾਰੇ ਪੁਲਿਸ ਦਾ ਦਾਅਵਾ ਹੈ ਕਿ ਇਸ ਵਿਅਕਤੀ ਨੂੰ ਅਦਾਲਤ ਨੇ ਭਗੌੜਾ ਤਾਂ ਕਰਾਰ ਦੇ ਦਿੱਤਾ ਸੀ ਪਰ ਪੁਲਿਸ ਨੂੰ ਭਗੌੜਾ ਕਰਾਰ ਦੇਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਚੋਣ ਅਧਿਕਾਰੀਆਂ ਦੇ ਪੱਤਰ ਤੋਂ ਬਾਅਦ ਜ਼ਿਲ੍ਹਾ ਪੁਲੀਸ ਨੇ ਅਦਾਲਤ ਤੋਂ ਲਿਖਤੀ ਤੌਰ 'ਤੇ ਜਾਣਕਾਰੀ ਹਾਸਲ ਕੀਤੀ ਤਾਂ ਮੋਗਾ ਦੀ ਅਦਾਲਤ ਨੇ ਪੁਲਿਸ ਨੂੰ ਸੂਚਿਤ ਕੀਤਾ ਕਿ ਸਬੰਧਤ ਸ਼ਖ਼ਸ ਸੁਖਦੇਵ ਸਿੰਘ ਭਗੌੜਾ ਹੈ। ਇਸ ਦੀ ਰਿਪੋਰਟ ਇਕ ਵਾਰ ਫਿਰ ਪੁਲਿਸ ਨੂੰ ਭੇਜੀ ਜਾਂਦਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਸੁਖਦੇਵ ਸਿੰਘ ਨੂੰ ਮੋਗਾ ਦੀ ਅਦਾਲਤ ਨੇ ਸਤੰਬਰ 2003 ਵਿਚ ਭਗੌੜਾ ਕਰਾਰ ਦਿੱਤਾ ਸੀ। ਡੀ.ਜੀ.ਪੀ. ਨਾਲ ਫੋਟੋਆਂ ਖਿਚਾਉਣ ਤੋਂ ਬਾਅਦ ਇਹ ਇਸ਼ਤਿਹਾਰੀ ਮੁਜਰਮ ਅਜਿਹਾ ਲੋਪ ਹੋਇਆ ਹੈ ਕਿ ਮੋਗਾ ਪੁਲਿਸ ਨੂੰ ਹੁਣ ਇਸ ਦਾ ਕੋਈ ਥਹੁ ਪਤਾ ਨਹੀਂ ਲੱਗ ਰਿਹਾ।

ਮਹੱਤਵਪੂਰਨ ਤੱਥ ਇਹ ਹੈ ਕਿ ਭਗੌੜੇ ਅਪਰਾਧੀਆਂ ਦੇ ਮਾਮਲੇ ਨੂੰ ਚੋਣ ਕਮਿਸ਼ਨ ਵੱਲੋਂ ਚੋਣਾਂ ਨਾਲ ਸਬੰਧਤ ਮੁੱਦਾ ਮੰਨਿਆ ਜਾਂਦਾ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਮੁੱਖ ਚੋਣ ਅਧਿਕਾਰੀ ਨੇ ਪੰਜਾਬ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਨੂੰ ਪੱਤਰ ਲਿਖ ਕੇ ਭਗੌੜੇ ਅਪਰਾਧੀਆਂ ਬਾਰੇ ਜਾਣਕਾਰੀ ਵੀ ਤਲਬ ਕੀਤੀ ਹੈ। ਚੋਣ ਕਮਿਸ਼ਨ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੀ.ਜੀ.ਪੀ. ਨਾਲ ਤਾਲਮੇਲ ਰੱਖਣ ਵਾਲੇ ਭਗੌੜੇ ਅਪਰਾਧੀ ਦੇ ਮਾਮਲੇ ਵਿਚ ਚੋਣ ਕਮਿਸ਼ਨ ਨੂੰ ਜ਼ਿਲ੍ਹਾ ਪੁਲਿਸ ਵੱਲੋਂ ਭੇਜੀ ਰਿਪੋਰਟ ਪੁਲਿਸ ਅਧਿਕਾਰੀਆਂ ਲਈ ਸਿਰਦਰਦੀ ਬਣ ਸਕਦੀ ਹੈ। ਕਮਿਸ਼ਨ ਦੇ ਅਧਿਕਾਰੀਆਂ ਵੱਲੋਂ ਪੁਲਿਸ ਦੀ ਇਸ ਰਿਪੋਰਟ ਨੂੰ ਪੂਰੀ ਤਰ੍ਹਾਂ ਸ਼ੱਕੀ ਮੰਨਿਆ ਜਾ ਰਿਹਾ ਹੈ। ਐਸ.ਐਸ.ਪੀ. ਸਨੇਹਦੀਪ ਸ਼ਰਮਾ ਦਾ ਕਹਿਣਾ ਹੈ ਕਿ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਦਾ ਸਨਮਾਨ ਕਰਨ ਵਾਲੇ ਸਮਾਗਮ ਦੌਰਾਨ ਸੁਖਦੇਵ ਸਿੰਘ ਆਪਣੇ ਆਪ ਹੀ ਸ਼ਾਮਲ ਹੋ ਕੇ ਫੋਟੋ ਖਿਚਵਾ ਗਿਆ। ਜ਼ਿਕਰਯੋਗ ਹੈ ਕਿ ਡੀ.ਜੀ.ਪੀ. ਦੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਮੋਗਾ ਵਿਧਾਨ ਸਭਾ ਹਲਕੇ ਤੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੀ ਚਰਚਾ ਹੈ। ਪੁਲਿਸ ਮੁਖੀ ਦੀਆਂ ਮੋਗਾ ਇਲਾਕੇ ਵਿਚਲੀਆਂ ਸਰਗਰਮੀਆਂ ਬਾਰੇ ਕੁਸੁਮਜੀਤ ਸਿੱਧੂ ਨੇ ਡਿਪਟੀ ਕਮਿਸ਼ਨਰ ਨੂੰ ਵੀ ਸਾਵਧਾਨ ਕੀਤਾ।

# ਸੁਖਦੇਵ ਨੂੰ 2005 'ਚ ਐਲਾਨਿਆ ਸੀ ਭਗੌੜਾ

**ਮੋਗਾ:** ਭਗੌੜੇ ਸੁਖਦੇਵ ਸਿੰਘ ਵੱਲੋਂ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਦੇ ਸਨਮਾਨ ਬਾਰੇ ਪੈਦਾ ਹੋਏ ਵਿਵਾਦ ਵਿਚ ਮੋਗਾ ਪੁਲਿਸ ਜਿਉਂ ਜਿਉਂ ਖ਼ੁਦ ਨੂੰ ਬਚਾਉਣ ਲਈ ਹੱਥ ਪੈਰ ਮਾਰ ਰਹੀ ਹੈ, ਤਿਉਂ-ਤਿਉਂ ਹੋਰ ਫਸਦੀ ਜਾ ਰਹੀ ਹੈ। ਪੁਲਿਸ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਸੁਖਦੇਵ ਸਿੰਘ ਨੂੰ ਭਗੌੜਾ ਐਲਾਨਣ ਬਾਰੇ ਤਾਜ਼ਾ ਹੁਕਮ ਜਾਰੀ ਕਰ ਲਈ ਕਿਹਾ ਹੈ।

ਉਧਰ ਅਦਾਲਤ ਨੇ ਅਰਜ਼ੀ ਦਾ ਨਿਬੇੜਾ ਕਰਦਿਆਂ ਕਿਹਾ ਕਿ ਸੁਖਦੇਵ ਸਿੰਘ ਨੂੰ 29 ਸਤੰਬਰ 2000 ਨੂੰ ਥਾਣਾ (ਰੂਰਲ) ਵਿਚ ਆਈ.ਪੀ.ਸੀ. ਦੀ ਧਾਰਾ 336, 506, 148 ਤੇ 149 ਅਧੀਨ ਦਰਜ ਕੇਸ ਵਿਚ ਪਹਿਲਾਂ ਹੀ 20 ਸਤੰਬਰ 2005 ਨੂੰ ਭਗੌੜਾ ਐਲਾਨਿਆ ਹੋਇਆ ਹੈ। ਉਸ ਦੇ ਤਿੰਨ ਸਾਥੀਆਂ ਰਾਜਿੰਦਰ ਪਾਲ, ਜਸਵਿੰਦਰ ਤੇ ਸੁਮਿੱਤਰ ਸਿੰਘ ਨੂੰ ਵੀ ਵੱਖਰੇ ਹੁਕਮਾਂ ਵਿਚ ਸਾਲ 2007 ਵਿਚ ਭਗੌੜਾ ਐਲਾਨਿਆ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਇਸ ਕੇਸ ਦੀ ਮਿਸਲ ਦੇ ਪੰਨਾ 195, ਜਿਸ ਨਾਲ ਉਸ ਸਮੇਂ ਦੇ ਜੁਡੀਸ਼ਲ ਮੈਜਿਸਟਰੇਟ ਤਰਸੇਮ ਸਿੰਗਲਾ ਵੱਲੋਂ ਲਿਖੇ ਪੱਤਰ ਦੀ ਕਾਪੀ ਨੱਥੀ ਹੈ, ਵਿਚ ਉਸ ਸਮੇਂ ਦੇ ਥਾਣਾ (ਰੂਰਲ) ਦੇ ਮੁਖੀ ਨੂੰ ਲਿਖਿਆ ਗਿਆ ਸੀ ਕਿ ਸੁਖਦੇਵ ਸਿੰਘ ਨੂੰ ਇਸ ਅਦਾਲਤ ਵੱਲੋਂ ਭਗੌੜਾ ਐਲਾਨਿਆ ਗਿਆ ਹੈ ਪਰ ਇਸ ਚਿੱਠੀ 'ਤੇ ਮਿਤੀ ਤੇ ਡਾਇਰੀ ਨੰਬਰ ਦਰਜ ਨਹੀਂ ਕੀਤਾ ਗਿਆ। ਇਸ ਦੌਰਾਨ ਐਸ.ਐਸ.ਪੀ. ਸਨੇਹਦੀਪ ਸ਼ਰਮਾ ਨੇ ਮੁੱਖ ਚੋਣ ਅਫਸਰ ਕੁਸੁਮਜੀਤ ਸਿੱਧੂ ਨੂੰ ਭੇਜੇ ਜਵਾਬ ਵਿਚ ਦਾਅਵਾ ਕੀਤਾ ਕਿ ਪੁਲਿਸ ਨੂੰ ਉਸ ਹੁਕਮ ਦੀ ਕਾਪੀ ਨਹੀਂ ਮਿਲੀ ਜਿਸ ਵਿਚ ਸੁਖਦੇਵ ਨੂੰ ਭਗੌੜਾ ਐਲਾਨਿਆ ਗਿਆ ਸੀ। ਦੂਜੇ ਪਾਸੇ ਕੇਸ ਫਾਈਲ ਦੀ ਘੋਖ ਕਰਨ 'ਤੇ ਖੁਲਾਸਾ ਹੋਇਆ ਕਿ ਸੁਖਦੇਵ ਸਿੰਘ ਵੱਲੋਂ 15 ਦਸੰਬਰ 2003 ਨੂੰ ਸੈਸ਼ਨ ਅਦਾਲਤ ਵਿਚ ਪਾਈ ਜ਼ਮਾਨਤ ਅਰਜ਼ੀ ਵਿਚ ਕਿਹਾ ਗਿਆ ਕਿ ਪੁਲਿਸ ਨੇ ਉਸ ਨੂੰ ਗਲਤ ਢੰਗ ਨਾਲ ਫਸਾਇਆ ਹੈ ਕਿਉਂਕਿ ਜਦੋਂ ਇਹ ਕੇਸ ਦਰਜ ਹੋਇਆ ਤਾਂ ਉਹ ਇਕ ਕਤਲ ਕੇਸ ਵਿਚ ਨਿਆਂਇਕ ਹਿਰਾਸਤ ਵਿਚ ਸੀ। ਵਧੀਕ ਸਰਕਾਰੀ ਵਕੀਲ ਨੇ ਇਸ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਕਿ ਸੁਖਦੇਵ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ ਸੀ ਤੇ ਇਸ ਮਗਰੋਂ ਹੀ ਉਸ ਵਿਰੁੱਧ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ। ਉਸ ਵਿਰੁੱਧ ਪੁਲੀਸ ਹਿਰਾਸਤ ਵਿਚੋਂ ਫਰਾਰ ਹੋਣ ਦੇ ਦੋਸ਼ਾਂ ਤਹਿਤ ਐਫ.ਆਈ.ਆਰ. ਦਰਜ ਹੈ। ਇਸ 'ਤੇ 24 ਜਨਵਰੀ 2004 ਨੂੰ ਸੈਸ਼ਨ ਅਦਾਲਤ ਨੇ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਇਸ ਕੇਸ ਦੇ ਇਕ ਮੁਲਜ਼ਮ ਦਾ ਕੇਸ ਲੜਨ ਵਾਲੇ ਵਕੀਲ ਰਮੇਸ਼ ਗਰੋਵਰ ਨੇ ਕਿਹਾ ਕਿ ਪੁਲਿਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਸੁਖਦੇਵ ਸਿੰਘ ਨੂੰ ਭਗੌੜਾ ਐਲਾਨਿਆ ਗਿਆ ਹੈ, ਨਹੀਂ ਤਾਂ ਇਸਤਗਾਸਾ ਪੱਖ ਉਸ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਿਵੇਂ ਕਰੇਗਾ।

# ਸੁਵਖਤੇ ਸਿਗਰਟ ਪੀਣ ਵਾਲਿਆਂ ਨੂੰ ਕੈਂਸਰ ਦਾ ਵਧੇਰੇ ਖਤਰਾ

**ਵਾਸ਼ਿੰਗਟਨ:** ਜਿਨ੍ਹਾਂ ਲੋਕਾਂ ਨੂੰ ਸਵੇਰੇ ਉਠਦੇ ਸਾਰ ਹੀ ਸਿਗਰਟ ਪੀਣ ਦੀ ਤਲਬ ਲੱਗਦੀ ਹੈ, ਉਨ੍ਹਾਂ ਨੂੰ ਫੇਫੜਿਆਂ ਤੇ ਗਲੇ ਦਾ ਕੈਂਸਰ ਹੋਣ ਦਾ ਬਹੁਤ ਜ਼ਿਆਦਾ ਖ਼ਤਰਾ ਹੈ। ਇਹ ਚਿਤਾਵਨੀ ਦੋ ਨਵੇਂ ਅਧਿਐਨਾਂ ਵਿਚ ਦਿੱਤੀ ਗਈ ਹੈ। ਇਸ ਬਾਰੇ ਰਿਪੋਰਟ ਅਮਰੀਕੀ ਕੈਂਸਰ ਸੁਸਾਇਟੀ ਦੇ ਰਸਾਲੇ 'ਕੈਂਸਰ' ਵਿਚ ਨਸ਼ਰ ਕੀਤੀ ਗਈ ਹੈ।ਇਨ੍ਹਾਂ ਲੱਭਤਾਂ ਨਾਲ ਸਿਗਰਟਨੋਸ਼ੀ ਦੇ ਅਜਿਹੇ ਆਦੀਆਂ ਦੀ ਪਛਾਣ ਕਰਨ ਵਿਚ ਮਦਦ ਮਿਲੇਗੀ ਜਿਨ੍ਹਾਂ ਨੂੰ ਖਾਸਕਰ ਕੈਂਸਰ ਹੋਣ ਦਾ ਵੱਡਾ ਖ਼ਤਰਾ ਹੁੰਦਾ ਹੈ ਤੇ ਫੇਰ ਉਨ੍ਹਾਂ ਵੱਲ ਖਾਸ ਤਵੱਜੋ ਦਿੱਤੀ ਜਾ ਸਕੇਗੀ।

ਇਨ੍ਹਾਂ ਦੋਵੇਂ ਅਧਿਐਨਾਂ ਦੀ ਅਗਵਾਈ ਕਰਨ ਵਾਲੇ ਪੈੱਨ ਸਟੇਟ ਕਾਲਜ ਆਫ ਮੈਡੀਸਨ, ਹਰਸ਼ੇਅ ਦੇ ਡਾ. ਜੋਸ਼ੂਆ ਮਸਕਟ ਨੇ ਕਿਹਾ, "ਇਨ੍ਹਾਂ (ਸਵੇਰੇ ਸਾਰ) ਸਿਗਰਟਨੋਸ਼ੀ ਕਰਨ ਵਾਲਿਆਂ ਦੇ ਸਰੀਰ ਵਿਚ ਭਾਰੀ ਮਾਤਰਾ ਵਿਚ ਨਿਕੋਟੀਨ ਤੇ ਦੂਜੀਆਂ ਤੰਬਾਕੂ ਅਧਾਰਤ ਜ਼ਹਿਰਾਂ ਹੋ ਜਾਂਦੀਆਂ ਹਨ ਤੇ ਇਹ ਲੋਕ, ਉਨ੍ਹਾਂ ਸਿਗਰਟਨੋਸ਼ਾਂ ਜੋ ਜਾਗਣ ਤੋਂ ਅੱਧੇ ਘੰਟੇ ਤਕ ਸਿਗਰਟਨੋਸ਼ੀ ਤੋਂ ਦੂਰ ਰਹਿੰਦੇ ਹਨ ਦੇ ਮੁਕਾਬਲੇ ਜ਼ਿਆਦਾ ਖ਼ਤਰੇ ਵਿਚ ਹੁੰਦੇ ਹਨ। ਡਾ. ਮਸਕਟ ਨੇ ਕਿਹਾ, "ਇਹ ਨਿੱਜੀ ਤੇ ਜੈਨੇਟਿਕ ਤੱਥਾਂ ਕਾਰਨ ਹੋ ਸਕਦਾ ਹੈ ਕਿ ਕੋਈ ਮਨੁੱਖ ਨਿਕੋਟੀਨ ਉੱਤੇ ਵੱਧ ਨਿਰਭਰ ਹੋ ਜਾਂਦਾ ਹੈ। ਇਸ ਦਾ ਅਧਿਐਨਕਰਤਾ ਟੀਮ ਨੇ ਇਹ ਪਤਾ ਲਾਉਣ ਦੀ ਕੋਸ਼ਿਸ਼ ਵੀ ਕੀਤੀ ਹੈ ਕੀ ਸਿਗਰਟ ਪੀਣ ਵਾਲੇ ਵੱਲੋਂ ਉੱਠਣ ਤੋਂ ਬਾਅਦ ਪਹਿਲੀ ਸਿਗਰਟ ਦਰਮਿਆਨ ਲਿਆ ਗਿਆ ਸਮਾਂ ਉਸ ਦੇ ਕੈਂਸਰ ਬਾਰੇ ਖ਼ਤਰੇ ਉੱਤੇ ਅਸਰ ਪਾਉਂਦਾ ਹੈ।

ਪਹਿਲੇ ਅਧਿਐਨ ਵਿਚ ਉਨ੍ਹਾਂ ਫੇਫੜਿਆਂ ਦੇ ਕੈਂਸਰ ਬਾਰੇ ਅਧਿਐਨ ਕੀਤਾ ਜਿਸ ਵਿਚ ਉਨ੍ਹਾਂ ਫੇਫੜਿਆਂ ਦੇ ਕੈਂਸਰ ਦੇ 4775 ਕੇਸਾਂ ਤੇ ਸਮੱਸਿਆ ਕੰਟਰੋਲ ਹੋ ਜਾਣ ਦੇ 2835 ਕੇਸਾਂ ਉੱਤੇ ਗੌਰ ਕੀਤੀ। ਇਸ ਵਿਚ ਦੇਖਿਆ ਗਿਆ ਕਿ ਜਿਨ੍ਹਾਂ ਲੋਕਾਂ ਨੇ ਜਾਗਣ ਤੋਂ 31 ਤੋਂ 60 ਮਿੰਟਾਂ ਦੌਰਾਨ ਸਿਗਰਟ ਪੀਤੀ, ਉਨ੍ਹਾਂ ਨੂੰ ਇਸ ਤੋਂ ਬਾਅਦ ਸਿਗਰਟ ਪੀਣ ਵਾਲਿਆਂ ਨਾਲੋਂ ਕੈਂਸਰ ਹੋਣ ਦਾ 1.31 ਗੁਣਾ ਵੱਧ ਖ਼ਤਰਾ ਹੈ। ਜਿਨ੍ਹਾਂ ਨੇ ਜਾਗਣ ਦੇ ਅੱਧੇ ਘੰਟੇ ਦੌਰਾਨ ਹੀ ਸਿਗਰਟ ਪੀਤੀ ਉਨ੍ਹਾਂ ਨੂੰ ਇਹ ਖ਼ਤਰਾ 1.79 ਗੁਣਾ ਵੱਧ ਸੀ। ਦੂਜੇ ਅਧਿਐਨ ਵਿਚ ਉਨ੍ਹਾਂ ਦੇ ਸਿਰ ਤੇ ਗਰਦਨ ਦੇ 1055 ਕੇਸਾਂ ਤੇ 795 ਕੰਟਰੋਲਾਂ ਨੂੰ ਵਿਚਾਰਿਆ। ਇਸ ਮਾਮਲੇ ਵਿਚ ਵੀ ਇਹ ਖ਼ਤਰਾ ਕ੍ਰਮਵਾਰ 1.42 ਤੇ 1.59 ਗੁਣਾ ਵੱਧ ਪਾਇਆ ਗਿਆ।

## ਪਾਕਿ ਤੇ ਮਕਬੂਜ਼ਾ ਕਸ਼ਮੀਰ ਵਿਚਲੇ ਕੈਂਪਾਂ 'ਚ 2500 ਅਤਿਵਾਦੀ

**ਨਵੀਂ ਦਿੱਲੀ:** ਸਰਕਾਰ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ 2500 ਅਤਿਵਾਦੀ ਹਨ ਤੇ ਉਨ੍ਹਾਂ ਨੂੰ ਭਾਰਤ ਖ਼ਿਲਾਫ਼ ਤਿਆਰ ਕੀਤਾ ਜਾ ਰਿਹਾ ਹੈ। ਲੋਕ ਸਭਾ 'ਚ ਲਿਖਤੀ ਜੁਆਬ ਦਿੰਦਿਆਂ ਗ੍ਰਹਿ ਰਾਜ ਮੰਤਰੀ ਜਤਿੰਦਰ ਸਿੰਘ ਨੇ ਦੱਸਿਆ ਕਿ"ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਬਹੁਤ ਸਾਰੇ ਅਤਿਵਾਦੀ ਕੈਂਪ ਸਰਗਰਮ ਹਨ। ਇਕ ਅੰਦਾਜ਼ੇ ਮੁਤਾਬਕ ਉਨ੍ਹਾਂ ਵਿਚ 2500 ਅਤਿਵਾਦੀ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਜੂਨ ਤੱਕ ਅਤਿਵਾਦੀਆਂ ਨੇ ਜੰਮੂ-ਕਸ਼ਮੀਰ ਵਿਚ ਦਾਖਲ ਹੋਣ ਦੀਆਂ 52 ਕੋਸ਼ਿਸ਼ਾਂ ਕੀਤੀਆਂ ਜਦਕਿ ਪਿਛਲੇ ਅਜਿਹੀਆਂ 489 ਤੇ ਸਾਲ 2009 ਵਿਚ 485 ਕੋਸ਼ਿਸ਼ਾਂ ਹੋਈਆਂ ਸਨ।

ਮੰਤਰੀ ਮੁਤਾਬਕ ਕੰਟਰੋਲ ਰੇਖਾ 'ਤੇ ਪਾਕਿ ਵੱਲੋਂ ਗੋਲੀਬਾਰੀ ਦੀ ਉਲੰਘਣਾ ਜਾਰੀ ਹੈ। ਇਸ ਸਾਲ ਜੁਲਾਈ ਤੱਕ ਪਾਕਿਸਤਾਨ ਨੇ 19 ਵਾਰ ਉਲੰਘਣਾ ਕੀਤੀ ਜਦਕਿ ਸਾਲ 2010 ਵਿਚ 44 ਵਾਰ, ਸਾਲ 2009 ਵਿਚ 28 ਤੇ ਸਾਲ 2008 ਵਿਚ 77 ਵਾਰ ਉਲੰਘਣਾ ਕੀਤੀ।

# ਗੋਬਿੰਦਪੁਰਾ ਦੇ ਕਿਸਾਨਾਂ ਵੱਲੋਂ ਸੁਖਬੀਰ ਬਾਦਲ ਦੇ ਦਾਅਵੇ ਨੂੰ ਚੁਣੌਤੀ

**ਮਾਨਸਾ:** ਜ਼ਮੀਨ ਐਕਵਾਇਰ ਕਰ ਰਹੇ ਗੋਬਿੰਦਪੁਰਾ ਦੇ ਕਿਸਾਨਾਂ ਨੇ ਸੁਖਬੀਰ ਬਾਦਲ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਦੀ ਜ਼ਮੀਨ ਕਿਸਾਨਾਂ ਦੀ ਰਜ਼ਾਮੰਦੀ ਨਾਲ ਐਕਵਾਇਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜ਼ਮੀਨ ਮਾਲਕਾਂ ਨੂੰ ਮੁਆਵਜ਼ਾ ਵੀ ਬਾਜ਼ਾਰੂ ਭਾਅ ਨਾਲੋਂ ਵੱਧ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿੰਡ ਗੋਬਿੰਦਪੁਰਾ ਦੇ ਕਿਸਾਨ ਤਾਂ ਸਰਕਾਰ ਵੱਲੋਂ ਦਿੱਤੇ ਮੁਆਵਜ਼ੇ ਤੋਂ ਖੁਸ਼ ਸਨ ਪਰ ਸਿਆਸੀ ਲੋਕਾਂ ਨੇ ਲਾਹਾ ਲੈਣ ਲਈ ਲੋਕਾਂ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਥੇ ਬਣਾਏ ਜਾਣ ਵਾਲੇ ਥਰਮਲ ਪਲਾਂਟ ਨਾਲ ਰਾਜ ਦੇ ਲੋਕਾਂ ਨੂੰ ਬਹੁਤ ਵੱਡਾ ਲਾਭ ਹੋਣਾ ਸੀ ਜਿਹੜਾ ਕਿ ਕਾਂਗਰਸ ਨੂੰ ਹਜ਼ਮ ਨਹੀਂ ਹੋ ਸਕਿਆ।

ਸ. ਬਾਦਲ ਦਾ ਇਸ ਦਾਅਵੇ ਦੀ ਉਸ ਵੇਲੇ ਫੂਕ ਨਿਕਲ ਗਈ ਜਦੋਂ ਗੋਬਿੰਦਪੁਰਾ ਦੇ ਕਿਸਾਨਾਂ ਨੇ ਫੈਸਲਾ ਕੀਤਾ ਕਿ 166 ਏਕੜ ਜ਼ਮੀਨ ਦੇ ਮਾਲਕ ਕਿਸਾਨ ਚੈੱਕ ਨਹੀਂ ਲੈਣਗੇ ਤੇ ਪਹਿਲਾਂ ਜਿਨ੍ਹਾਂ ਕਿਸਾਨਾਂ ਨੇ (700 ਏਕੜ ਵਾਲਿਆਂ) ਨੇ ਚੈੱਕ ਲਏ ਹਨ, ਉਹ ਸਾਰੇ ਚੈੱਕ ਵਾਪਸ ਕਰਕੇ ਪਿੱਲਰ ਤੇ ਤਾਰਾਂ ਪੁੱਟ ਕੇ ਜ਼ਮੀਨ 'ਤੇ ਮੁੜ ਕਬਜ਼ਾ ਕਰਨਗੇ। ਪਿੰਡ 'ਚ ਕੀਤੇ ਇਕੱਠ ਨੂੰ ਸੰਬੋਧਨ ਕਰਦਿਆਂ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਏ ਗੁਰਲਾਲ ਸਿੰਘ ਨੇ ਕਿਹਾ ਕਿ ਜੇਲ੍ਹ ਵਿਚ ਸਰਕਾਰ ਵੱਲੋਂ ਉਨ੍ਹਾਂ ਨੂੰ ਜ਼ਮੀਨ ਦਾ ਰੌਲਾ ਖਤਮ ਕਰਨ ਲਈ ਅਨੇਕਾਂ ਲਾਲਚ ਦਿੱਤੇ ਗਏ ਪਰ ਉਸ ਨੇ ਕਿਹਾ ਕਿ ਇਹ ਸਾਰੇ ਪਿੰਡ ਦਾ ਮਾਮਲਾ ਹੈ ਤੇ ਉਹ ਇਕੱਲਾ ਕੋਈ ਫੈਸਲਾ ਨਹੀਂ ਲੈ ਸਕਦਾ। ਸਰਕਾਰ ਨੇ ਢੁਕਵੇਂ ਫੈਸਲੇ ਲਈ 11 ਅਗਸਤ ਤਕ ਦਾ ਮਿਥਿਆ ਹੈ। ਇਸ ਲਈ ਹੁਣ 11 ਅਗਸਤ ਜਿਸ ਦਿਨ 2 ਅਗਸਤ ਨੂੰ ਸ਼ਹੀਦ ਹੋਏ ਕਿਸਾਨ ਸੁਰਜੀਤ ਸਿੰਘ ਹਮੀਦੀ ਦਾ ਭੋਗ ਪੈਣਾ ਹੈ, ਮਗਰੋਂ ਅਗਲਾ ਕਦਮ ਚੁੱਕਿਆ ਜਾਣਾ ਹੈ ਜਿਸ ਵਿਚ ਪਿੱਲਰ ਪੁੱਟਣੇ, ਤਾਰਾਂ ਕੱਟਣੀਆਂ ਤੇ ਪੁਲੀਸ ਦੇ ਤੰਬੂ ਪੁੱਟਣੇ ਸ਼ਾਮਲ ਹੋ ਸਕਦੇ ਹਨ।

ਕਿਸਾਨਾਂ ਨੇ ਕਿਹਾ ਕਿ ਕਿਸਾਨ ਜ਼ਮੀਨਾਂ ਦੇਣਾ ਨਹੀਂ ਚਾਹੁੰਦੇ ਤੇ ਨਾ ਹੀ ਇੱਥੇ ਜ਼ਮੀਨਾਂ ਦੇ ਕੇ ਉਜੜ ਕੇ ਹੋਰ ਕਿਧਰੇ ਜਾ ਕੇ ਵਸਣ ਦਾ ਇਰਾਦਾ ਰੱਖਦੇ ਹਨ ਤੇ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਦੇਣਾ ਉਨ੍ਹਾਂ ਨੂੰ ਸਵੀਕਾਰ ਨਹੀਂ। ਇਸ ਬਾਰੇ ਕਿਸਾਨਾਂ ਨਾਲ ਵਧੀਕੀ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਿਸਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਹੀ ਰੇਟ ਨਹੀਂ ਮਿਲਿਆ ਤੇ ਅਨੇਕਾਂ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਡਰਾਵੇ ਦੇ ਕੇ ਵੀ ਚੈੱਕ ਦਿੱਤੇ ਗਏ ਹਨ ਜਿਸ ਤੋਂ ਕਿਸਾਨ ਖੁਸ਼ ਨਹੀਂ ਹਨ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



FARMERS INSURANCE GROUP Symbol of Superior Service FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation

Ph: 408-771-2438

*408-580-6063, 408-687-7566*

Fax: 408-273-6001

*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**

*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

# ਹੱਤਕ ਦੇ ਬਦਲੇ ਲਈ ਕੀਤਾ ਜੋਰਾ ਸਿੰਘ ਨੇ ਆਹਲੂਵਾਲੀਆ 'ਤੇ ਹਮਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਉਪ ਕੁਲਪਤੀ ਜਸਬੀਰ ਸਿੰਘ ਆਹਲੂਵਾਲੀਆ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਜੋਰਾ ਸਿੰਘ ਨੇ ਕਿਹਾ ਹੈ ਕਿ ਸ. ਆਹਲੂਵਾਲੀਆ 'ਤੇ ਹਮਲਾ ਕਰਨ ਦਾ ਉਸ ਨੂੰ ਕੋਈ ਪਛਤਾਵਾ ਨਹੀਂ ਹੈ। ਉਸ ਨੇ ਕਿਹਾ ਹੈ ਕਿ ਉਹ ਆਪਣੇ ਰਿਸ਼ਤੇਦਾਰ ਨੂੰ ਯੂਨੀਵਰਸਿਟੀ ਵਿਚ ਦਾਖ਼ਲਾ ਦਿਵਾਉਣ ਲਈ ਉਥੇ ਕਈ ਵਾਰ 6-6 ਵਜੇ ਤੱਕ ਬੈਠਾ ਰਿਹਾ ਪਰ ਉਸ ਦੀ ਗੱਲ ਕਿਸੇ ਨੇ ਨਾ ਸੁਣੀ। ਜਦੋਂ ਉਸ ਨੂੰ ਪਤਾ ਲੱਗਾ ਕਿ ਘੱਟ ਨੰਬਰਾਂ ਵਾਲੇ ਲੜਕੇ ਨੂੰ ਦਾਖ਼ਲਾ ਦੇ ਦਿੱਤਾ ਹੈ ਤਾਂ ਉਹ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਚਿੱਠੀ ਲੈ ਕੇ ਉਪ ਕੁਲਪਤੀ ਕੋਲ ਆਏ ਪਰ ਉਸ ਨੇ ਚਿੱਠੀ ਪਾੜ ਦਿੱਤੀ ਤੇ ਉਨ੍ਹਾਂ ਦੀ ਰਿਸ਼ਤੇਦਾਰ ਸਾਹਮਣੇ ਬੇਇੱਜ਼ਤੀ ਕੀਤੀ। ਗ੍ਰਿਫ਼ਤਾਰੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਦੀ ਆਵਾਜ਼ ਵਿਚ ਪੂਰਾ ਜੋਸ਼ ਸੀ।



ਜੋਰਾ ਸਿੰਘ ਤੋਂ ਬਰਾਮਦ ਸਾਮਾਨ ਦਿਖਾ ਰਹੇ ਪੁਲਿਸ ਅਧਿਕਾਰੀ।

ਪੁਲਿਸ ਨੇ ਦੱਸਿਆ ਕਿ ਜੋਰਾ ਸਿੰਘ ਹਮਲਾ ਕਰਨ ਤੋਂ ਬਾਅਦ ਕਿਸੇ ਵਿਦਿਆਰਥੀ ਦੇ ਮੋਟਰਸਾਈਕਲ 'ਤੇ ਜਬਰੀ ਚੜ੍ਹ ਕੇ ਫਤਹਿਗੜ੍ਹ ਸਾਹਿਬ ਤੋਂ ਥੋੜੀ ਦੂਰ ਚਰੀ ਦੇ ਖੇਤ ਵਿਚ ਲੁੱਕ ਗਿਆ ਜਿਥੇ ਉਸ ਨੂੰ ਸ਼ਰਾਬ ਦੇ ਨਸ਼ੇ ਵਿਚ ਨੀਂਦ ਆ ਗਈ। ਜਦੋਂ ਅੱਧੀ ਰਾਤ ਨੂੰ ਉਸ ਦੇ ਮੋਬਾਈਲ ਫੋਨ 'ਤੇ ਉਸ ਦੇ ਬੇਟੇ ਨੇ ਕਾਲ ਕੀਤੀ ਤਾਂ ਉਸ ਨੂੰ ਜਾਗ ਆ ਗਈ। ਉਸ ਨੇ ਸੜਕ 'ਤੇ ਆ ਕੇ ਦੱਸਿਆ ਕੇ ਉਹ ਰਸਤੇ ਵਿਚ ਖੜ੍ਹਾ ਹੈ ਤੇ ਉਸ ਦਾ ਬੇਟਾ ਉਸ ਨੂੰ ਕਾਰ 'ਚ ਬਿਠਾ ਕੇ ਘਰ ਲੈ ਗਿਆ। ਪੁਲਿਸ ਨੇ ਦੱਸਿਆ ਕਿ ਜੋਰਾ ਸਿੰਘ ਸਰਹਿੰਦ ਤੋਂ ਜਿਹੜੀ ਟੈਕਸੀ ਕਿਰਾਏ 'ਤੇ ਲਿਆਇਆ ਸੀ, ਉਸ ਦੇ ਡਰਾਈਵਰ ਵੱਲੋਂ ਦੱਸੇ ਗਏ ਹੁਲੀਏ ਮੁਤਾਬਕ ਤਿਆਰ ਕੀਤੇ ਸਕੈੱਚ ਨੇ ਜੋਰਾ ਸਿੰਘ ਨੂੰ ਫੜਵਾਇਆ। ਉਨ੍ਹਾਂ ਦੱਸਿਆ ਕਿ ਅਖ਼ਬਾਰਾਂ ਵਿਚ ਛਪੇ ਸਕੈੱਚ ਨੂੰ ਦੇਖ ਕੇ ਜੋਰਾ ਸਿੰਘ ਦੇ ਜਾਣਕਾਰਾਂ ਨੇ ਉਸ ਨੂੰ ਫੋਨ ਕੀਤੇ ਕਿ ਉਸ ਦੀ ਸ਼ਕਲ ਵਰਗੇ ਬੰਦੇ ਦੀ ਅਖ਼ਬਾਰ ਵਿਚ ਫੋਟੋ ਛਪੀ ਹੈ ਪਰ ਜੋਰਾ ਸਿੰਘ ਨੇ ਇਸ ਘਟਨਾ ਬਾਰੇ ਪਰਵਾਰਕ ਮੈਂਬਰਾਂ ਕੋਲ ਕੋਈ ਜ਼ਿਕਰ ਨਹੀਂ ਕੀਤਾ। ਪੁਲਿਸ ਅਧਿਕਾਰੀਆਂ ਅਨੁਸਾਰ ਸਕੈੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਪੁਲੀਸ ਨੂੰ ਕਈ ਫੋਨ ਆਏ ਤੇ ਗੋਬਿੰਦਗੜ੍ਹ ਤੋਂ ਮਾਰੂਤੀ ਕਾਰ ਵਾਲੇ ਨੇ ਦੱਸਿਆ ਕਿ ਸਿੱਧੂਵਾਲ ਨੇੜੇ ਨਹਿਰ ਦੇ ਪੁਲ ਕੋਲ ਉਸ ਵਿਅਕਤੀ ਨੇ ਕਾਰ ਦੇ ਅੱਗੇ ਖੜ੍ਹ ਕੇ ਲਿਫਟ ਲਈ ਕਿ ਉਸ ਦੀ ਉਪ ਕੁਲਪਤੀ ਨਾਲ ਮੀਟਿੰਗ ਹੈ ਪਰ ਉਸ ਦੀ ਕਾਰ ਪੁੰਟੋ ਦਾ ਐਕਸਲ ਟੁੱਟ ਗਿਆ ਹੈ। ਪੁਲੀਸ ਨੇ ਪਟਿਆਲਾ ਦੀਆਂ ਵੱਖ-ਵੱਖ ਵਰਕਸ਼ਾਪਾਂ ਵਿਚ ਕੀਤੀ ਪੜਤਾਲ ਤੋਂ ਬਾਅਦ ਫੀਅਟ ਵਾਲਿਆਂ ਦੀ ਏਜੰਸੀ ਵਿਚ ਜਾ ਕੇ ਕੁਝ ਸਮਾਂ ਪਹਿਲਾਂ ਵਿਕੀਆਂ ਪੁੰਟੋ ਕਾਰਾਂ ਦੇ ਖਰੀਦਦਾਰਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇੱਥੇ ਬਣਾਏ ਗਏ ਸਕੈੱਚ ਦੇ ਨਾਲ ਵੱਖ-ਵੱਖ ਖਰੀਦਾਰਾਂ ਦੀਆਂ ਫੋਟੋਆਂ ਨੂੰ ਮਿਲਾਇਆ ਗਿਆ ਤਾਂ ਜੋਰਾ ਸਿੰਘ ਦੀ ਫੋਟੋ ਸਕੈੱਚ ਨਾਲ ਪੂਰੀ ਤਰ੍ਹਾਂ ਮੇਲ ਖਾ ਗਈ। ਪੁਲਿਸ ਨੇ ਪੂਰਾ ਪਤਾ ਲੈ ਕੇ ਜੋਰਾ ਸਿੰਘ ਨੂੰ ਖਨੌਰੀ ਜ਼ਿਲ੍ਹਾ ਪਟਿਆਲਾ ਤੋਂ ਕਾਬੂ ਕਰ ਲਿਆ ਤੇ ਹਮਲੇ ਦੌਰਾਨ ਵਰਤਿਆ 32 ਬੋਰ ਦਾ ਰਿਵਾਲਵਰ ਬਰਾਮਦ ਕਰ ਲਿਆ।

## ਇਲਾਕੇ 'ਚ ਜੋਰਾ ਸਿੰਘ ਦਾ ਵਾਹਵਾ ਅਸਰ ਰਸੂਖ

**ਪਟਿਆਲਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਉਪ ਕੁਲਪਤੀ ਜਸਬੀਰ ਸਿੰਘ ਆਹਲੂਵਾਲੀਆ 'ਤੇ ਹਮਲਾ ਕਰਨ ਵਾਲੇ ਜੋਰਾ ਸਿੰਘ ਉੱਪਲ ਦੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨਾਲ ਬੜੇ ਨੇੜਲੇ ਸਬੰਧ ਹਨ। ਉਹ ਖਨੌਰੀ ਸ਼ਹਿਰ ਦੇ ਇਲਾਕੇ ਵਿਚ ਚੰਗਾ ਸਮਾਜ ਸੇਵਕ, ਇਨਸਾਫਪਸੰਦ ਤੇ ਲੋਕਾਂ ਦੇ ਹਮਦਰਦ ਵਜੋਂ ਜਾਣਿਆ ਜਾਂਦਾ ਹੈ। ਉਸ ਵੱਲੋਂ ਕੀਤੇ ਗਈ ਇਸ ਕਾਰਵਾਈ ਤੋਂ ਲੋਕ ਹੈਰਾਨ ਹਨ ਕਿ ਉਸ ਨੇ ਏਨਾ ਵੱਡਾ ਕਾਰਾ ਕਿਵੇਂ ਕਰ ਲਿਆ ਜਦੋਂਕਿ ਉਹ ਲੋਕਾਂ ਵਿਚ ਵਿਚਰਦਾ ਹੋਇਆ ਅਕਸਰ ਲੋਕਾਂ ਨੂੰ ਸਿਆਣਪ ਤੋਂ ਕੰਮ ਲੈਣ ਤੇ ਗੁੱਸੇ 'ਤੇ ਕਾਬੂ ਰੱਖਣ ਦੀਆਂ ਨਸੀਹਤਾਂ ਦਿੰਦਾ ਸੀ। ਉਸ ਦੀ ਪਤਨੀ ਕੁਲਦੀਪ ਕੌਰ ਦਾ ਕਹਿਣਾ ਹੈ ਕਿ"ਸਰਦਾਰ ਜੀ ਨੇ ਆਪਣੀ ਸਮਝ ਅਨੁਸਾਰ ਜੋ ਕੁਝ ਕੀਤਾ ਹੈ, ਉਹ ਉਸ 'ਤੇ ਕੋਈ ਕਿੰਤੂ ਨਹੀਂ ਕਰਦੀ ਕਿਉਂਕਿ ਉਹ ਆਪਣੇ ਆਪ ਵਿਚ ਆਜ਼ਾਦ ਹਸਤੀ ਤੇ ਸਮਝਦਾਰ ਇਨਸਾਨ ਹਨ। ਉਸ ਨੇ ਕਿਹਾ ਕਿ ਉਪ ਕੁਲਪਤੀ ਵੱਲੋਂ ਬਹੁਤ ਮਾੜੀ ਸ਼ਬਦਾਵਾਲੀ ਵਰਤੀ ਗਈ ਸੀ। ਜੋਰਾ ਸਿੰਘ ਉੱਪਲ 20/25 ਏਕੜ ਜ਼ਮੀਨ ਦਾ ਮਾਲਕ ਹੈ। ਇਹ ਜ਼ਮੀਨ ਉਸ ਨੇ ਹੁਣੇ ਨਹੀਂ ਖਰੀਦੀ ਸਗੋਂ ਵਿਰਾਸਤੀ ਹੈ। ਉਹ ਇਕ ਗੱਤਾ ਫੈਕਟਰੀ ਠੇਕੇ 'ਤੇ ਲੈ ਕੇ ਚਲਾ ਰਿਹਾ ਹੈ। ਉਹ ਭਾਖੜਾ ਨਹਿਰ ਵਿਚ ਆਉਂਦੀਆਂ ਲਾਸ਼ਾਂ ਨੂੰ ਬਾਹਰ ਕੱਢ ਕੇ ਸਸਕਾਰ ਕਰਨ ਤੇ ਉਨ੍ਹਾਂ ਦੇ ਵਾਰਸਾਂ ਨੂੰ ਸੰਭਾਲਣ ਵਾਲੀ ਸਮਾਜ ਸੇਵੀ ਸੰਸਥਾ 'ਸਹਾਰਾ ਚੈਰੀਟੇਬਲ' ਖਨੌਰੀ ਦਾ ਚੇਅਰਮੈਨ ਸੀ। ਉਸ ਨੂੰ ਇਸ ਅਹੁਦੇ ਤੋਂ 29 ਜੂਨ, 2011 ਨੂੰ ਮੁਕਤ ਕੀਤਾ ਗਿਆ ਸੀ। ਭਾਖੜਾ ਨਹਿਰ 'ਚੋਂ ਲਾਸ਼ਾਂ ਦੀ ਭਾਲ ਕਰਨ ਆਉਂਦੇ ਦੁਖੀ ਪਰਿਵਾਰਾਂ ਦੇ ਬੈਠਣ ਲਈ ਟਰੱਸਟ ਵੱਲੋਂ ਬਣਵਾਈ ਇਮਾਰਤ ਦਾ ਉਦਘਾਟਨ ਕਰਵਾਉਣ ਲਈ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਰਾਹੀਂ ਉਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬੁਲਾ ਕੇ ਟਰੱਸਟ ਨੂੰ ਪੰਜ ਲੱਖ ਰੁਪਏ ਦੀ ਗਰਾਂਟ ਦਿਵਾਈ ਸੀ।



ਉਕਤ ਘਟਨਾ ਤੋਂ ਪਹਿਲਾਂ ਜੋਰਾ ਸਿੰਘ ਆਪਣੇ ਕਿਸੇ ਕਰੀਬੀ ਰਿਸ਼ਤੇਦਾਰ ਦੇ ਬੱਚੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਵਿਚ ਦਾਖਲਾ ਦਿਵਾਉਣ ਲਈ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਚਿੱਠੀ ਲੈ ਕੇ ਗਿਆ ਸੀ। ਉਪ ਕੁਲਪਤੀ ਨੇ ਚਿੱਠੀ ਨੂੰ ਪਾੜ੍ਹਦਿਆਂ ਰਿਸ਼ਤੇਦਾਰ ਸਾਹਮਣੇ ਹੀ ਭੱਦੀ ਸ਼ਬਦਾਵਲੀ ਵਰਤੀ ਜਿਸ ਨੂੰ ਉਹ ਸਹਿਣ ਨਹੀਂ ਕਰ ਸਕਿਆ। ਮੌਜੂਦਾ ਕੋਠੀ ਤੋਂ ਪਹਿਲਾਂ ਜਦੋਂ ਉਸ ਨੇ ਆਪਣੇ ਮਕਾਨ ਦਾ ਉਦਘਾਟਨ ਕੀਤਾ ਸੀ ਤਾਂ ਉਸ ਸਮੇਂ ਸੁਖਦੇਵ ਸਿੰਘ ਢੀਂਡਸਾ ਦੀ ਪਤਨੀ ਨੇ ਸਮਾਗਮ ਵਿਚ ਸ਼ਮੂਲੀਅਤ ਕੀਤੀ ਸੀ।

ਇਸ ਬਾਰੇ ਟਰੱਸਟ ਦੇ ਮੌਜੂਦਾ ਚੇਅਰਮੈਨ ਸੱਜਣ ਕੁਮਾਰ ਸ਼ਰਮਾ ਤੇ ਖਜ਼ਾਨਚੀ ਜਗਜੀਤ ਸਿੰਘ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਅਖਬਾਰਾਂ ਵਿਚ ਖਬਰਾਂ ਪੜ੍ਹ ਕੇ ਵੀ ਯਕੀਨ ਨਹੀਂ ਹੋ ਰਿਹਾ ਕਿ ਜੋਰਾ ਸਿੰਘ ਨੇ ਅਜਿਹੇ ਕਾਂਡ ਨੂੰ ਅੰਜਾਮ ਦਿੱਤਾ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਉਹ ਸ਼ਰਾਬ ਜ਼ਰੂਰ ਪੀਂਦਾ ਸੀ ਪਰ ਉਸ ਨੂੰ ਸ਼ਰਾਬ ਪੀ ਕੇ ਰੌਲਾ ਪਾਉਂਦਿਆਂ ਕਦੇ ਕਿਸੇ ਨੇ ਵੀ ਨਹੀਂ ਦੇਖਿਆ।

# ਕਾਂਗਰਸੀ ਕੌਂਸਲਰ ਸਣੇ ਛੇ ਨੂੰ ਉਮਰ ਕੈਦ

**ਜਲੰਧਰ:** ਅਦਾਲਤ ਨੇ ਗਗਨ ਮਹਿੰਦਰੂ ਉਰਫ਼ ਮਿੱਕੀ ਨੂੰ ਅਗਵਾ ਕਰਕੇ ਇਕ ਕਰੋੜ ਰੁਪਏ ਦੀ ਫਿਰੌਤੀ ਲੈਣ ਦੇ ਚਰਚਿਤ ਕੇਸ 'ਚ ਫੈਸਲਾ ਸੁਣਾਉਂਦੇ ਹੋਏ ਛੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਕੇਸ 'ਚ ਕੁੱਲ ਅੱਠ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ ਜਿਨ੍ਹਾਂ 'ਚੋਂ ਗੁਰਿੰਦਰ ਸਿੰਘ ਉਰਫ਼ ਗਿੰਦਾ ਪੁੱਤਰ ਜਗਦੀਸ਼ ਸਿੰਘ ਨਿਵਾਸੀ ਬੀਰ, ਥਾਣਾ ਨਕੋਦਰ, ਜਲੰਧਰ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਤੇ ਇਕ ਹੋਰ ਨਾਮਜ਼ਦ ਰੁਪਿੰਦਰ ਪਾਲ ਪੁੱਤਰ ਦਲਜਿੰਦਰ ਸਿੰਘ ਨਿਵਾਸੀ ਬਾਹਰੀਆਂ ਦੋਨਾ, ਕਪੂਰਥਲਾ ਨੂੰ ਅੱਜ ਅਦਾਲਤ ਨੇ ਦੋਸ਼ ਸਾਬਤ ਨਾ ਹੋਣ 'ਤੇ ਬਰੀ ਕਰ ਦਿੱਤਾ।

ਇਸ ਕੇਸ 'ਚ ਬਾਕੀ ਦੋਸ਼ੀਆਂ ਕਾਂਗਰਸ ਪਾਰਟੀ ਦੇ ਕੌਂਸਲਰ ਸੁਖਮੀਤ ਸਿੰਘ ਡਿਪਟੀ ਪੁੱਤਰ ਜਰਨੈਲ ਸਿੰਘ ਨਿਵਾਸੀ ਸਾਵਨ ਨਗਰ, ਜਲੰਧਰ, ਜਸਬੀਰ ਸਿੰਘ ਉਰਫ਼ ਜੱਸੀ ਪੁੱਤਰ ਅਵਤਾਰ ਸਿੰਘ ਨਿਵਾਸੀ ਗੁਹੜੇ, ਥਾਣਾ ਨਕੋਦਰ, ਜਤਿੰਦਰ ਸਿੰਘ ਉਰਫ਼ ਸਾਬੀ ਪੁੱਤਰ ਸ਼ੀਸ਼ਾ ਸਿੰਘ ਨਿਵਾਸੀ ਬਸਤੀ ਪੀਰ ਦਾਦ, ਜਲੰਧਰ, ਹਰਪਾਲ ਸਿੰਘ ਉਰਫ਼ ਛੋਟਾ ਪੁੱਤਰ ਅਵਤਾਰ ਸਿੰਘ ਨਿਵਾਸੀ ਮੁਕੰਦਪੁਰ, ਨਵਾਂ ਸ਼ਹਿਰ, ਹਰਪ੍ਰੀਤ ਸਿੰਘ ਉਰਫ਼ ਹੈਪੀ ਪੁੱਤਰ ਮਲਕੀਤ ਸਿੰਘ ਪੱਟੀ ਸੱਲਾਂ ਨਗਰ, ਜ਼ਿਲ੍ਹਾ ਜਲੰਧਰ, ਸੁਰਿੰਦਰ ਕੁਮਾਰ ਉਰਫ਼ ਮੰਗਾ ਪੁੱਤਰ ਜਾਗੀਰ ਸਿੰਘ ਨਿਵਾਸੀ ਮੁੱਲੇਵਾਲ ਅਰਈਆਂ, ਥਾਣਾ ਸ਼ਾਹਕੋਟ, ਜਲੰਧਰ ਨੂੰ ਉਮਰ ਕੈਦ ਤੇ ਇਕ-ਇਕ ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ। ਦੋਸ਼ੀਆਂ ਖਿਲਾਫ਼ ਥਾਣਾ ਨੂਰਮਹਿਲ 'ਚ ਗਗਨ ਮਹਿੰਦਰੂ ਵਾਸੀ ਮੋਤਾ ਸਿੰਘ ਨਗਰ, ਜਲੰਧਰ ਨੂੰ ਅਗਵਾ ਕਰਕੇ ਉਸ ਦੇ ਪਰਿਵਾਰ ਕੋਲੋਂ ਇਕ ਕਰੋੜ ਰੁਪਏ ਦੀ ਫਿਰੌਤੀ ਲੈਣ ਦਾ ਮਾਮਲਾ ਦਰਜ ਕੀਤਾ ਗਿਆ ਸੀ।

# ਮਾਲਖਾਨਿਆਂ 'ਚ ਪਏ ਨਸ਼ੇ ਚੋਣਾਂ 'ਚ ਵਰਤੇ ਜਾਣਗੇ?

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਕਬਜ਼ੇ ਹੇਠਲੇ 'ਮਾਲਖਾਨਿਆਂ' 'ਚ ਪਏ ਨਸ਼ੀਲੇ ਪਦਾਰਥ ਚੋਣ ਕਮਿਸ਼ਨ ਦੀ ਨਜ਼ਰ ਹੇਠ ਆ ਗਏ ਹਨ। ਸੂਤਰਾਂ ਮੁਤਾਬਕ ਰਾਜ ਦੀ ਮੁੱਖ ਚੋਣ ਅਧਿਕਾਰੀ ਕੁਸਮਜੀਤ ਸਿੱਧੂ ਨੇ ਸ਼ਿਕਾਇਤਾਂ ਦੇ ਅਧਾਰ 'ਤੇ ਗ੍ਰਹਿ ਵਿਭਾਗ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਵਿਰੋਧੀ ਧਿਰ ਨੇ ਮੁੱਖ ਚੋਣ ਅਧਿਕਾਰੀ ਨੂੰ ਲਿਖੇ ਪੱਤਰ ਰਾਹੀਂ ਖ਼ਦਸ਼ਾ ਪ੍ਰਗਟਾਇਆ ਸੀ ਕਿ ਥਾਣਿਆਂ ਵਿਚਲੇ ਨਸ਼ੀਲੇ ਪਦਾਰਥ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਹਾਕਮ ਧਿਰ ਦੇ ਉਮੀਦਵਾਰਾਂ ਦੀ ਹਮਾਇਤ ਵਿਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਵਰਤੇ ਜਾ ਸਕਦੇ ਹਨ।



ਪੁਲਿਸ ਸੂਤਰਾਂ ਅਨੁਸਾਰ ਸਾਰੇ ਸੂਬੇ ਵਿਚੋਂ ਪੁਲਿਸ ਵੱਲੋਂ ਇਕ ਸਾਲ ਦੌਰਾਨ ਐਨ.ਡੀ.ਪੀ.ਐਸ. ਐਕਟ ਅਧੀਨ 150 ਕੁਇੰਟਲ ਤੋਂ ਵੱਧ ਭੁੱਕੀ ਤੇ 3 ਤੋਂ 4 ਕੁਇੰਟਲ ਦੇ ਦਰਮਿਆਨ ਅਫ਼ੀਮ ਵੱਖ-ਵੱਖ ਕੇਸਾਂ ਵਿਚ ਬਰਾਮਦ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮਾਲਖ਼ਾਨੇ ਨਸ਼ੀਲੇ ਪਦਾਰਥਾਂ ਨਾਲ ਭਰੇ ਪਏ ਹਨ। ਸੂਬੇ ਵਿਚ ਗੁਰਦੁਆਰਾ ਚੋਣਾਂ ਦਾ ਵੀ ਅਮਲ ਸ਼ੁਰੂ ਹੋ ਗਿਆ ਹੈ ਤੇ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਰਿਝਾਉਣ ਲਈ ਨਸ਼ੀਲੇ ਪਦਾਰਥਾਂ ਦੀ ਖੁੱਲ੍ਹੀ ਵਰਤੋਂ ਕੀਤੀ ਜਾਂਦੀ ਹੈ।


ਵਿਰੋਧੀ ਧਿਰ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਚੋਣ ਅਧਿਕਾਰੀ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਥਾਣਿਆਂ ਵਿਚ ਪੁਲਿਸ ਦੇ ਕਬਜ਼ੇ ਹੇਠਲੇ ਨਸ਼ੀਲੇ ਪਦਾਰਥ ਵਿਧਾਨ ਸਭਾ ਚੋਣਾਂ ਵਿਚ ਵੰਡੇ ਜਾ ਸਕਦੇ ਹਨ। ਇਸ ਲਈ ਚੋਣ ਕਮਿਸ਼ਨ ਵੱਲੋਂ ਇਨ੍ਹਾਂ ਨਸ਼ੀਲੇ ਪਦਾਰਥਾਂ ਬਾਰੇ ਪੰਜਾਬ ਪੁਲਿਸ ਤੋਂ ਰਿਪੋਰਟ ਤਲਬ ਕੀਤੀ ਜਾਵੇ। ਇਹ ਵੀ ਮੰਗ ਕੀਤੀ ਗਈ ਸੀ ਕਿ ਪੁਲਿਸ ਦੇ ਕਬਜ਼ੇ ਹੇਠਲੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਾਇਆ ਜਾਵੇ। ਨਿਯਮਾਂ ਮੁਤਾਬਕ ਜਿਨ੍ਹਾਂ ਕੇਸਾਂ ਦਾ ਅਦਾਲਤ ਵਿਚੋਂ ਨਿਬੇੜਾ ਹੋ ਜਾਂਦਾ ਹੈ, ਉਨ੍ਹਾਂ ਮਾਮਲਿਆਂ ਵਿਚ ਸ਼ਾਮਲ ਨਸ਼ੀਲੇ ਪਦਾਰਥਾਂ ਨੂੰ ਪੁਲੀਸ ਨੇ ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ 'ਚ ਨਸ਼ਟ ਕਰਨੇ ਹੁੰਦੇ ਹਨ ਪਰ ਖ਼ਾਸ ਹਾਲਾਤ ਵਿਚ ਪੁਲਿਸ ਸੁਣਵਾਈ ਅਧੀਨ ਕੇਸਾਂ ਵਿਚ ਸ਼ਾਮਲ ਨਸ਼ੀਲੇ ਪਦਾਰਥਾਂ ਨੂੰ ਵੀ ਨਸ਼ਟ ਕਰ ਸਕਦੀ ਹੈ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕਈ ਜ਼ਿਲ੍ਹਿਆਂ ਦੀ ਪੁਲਿਸ ਵੱਲੋਂ ਤਾਂ ਨਸ਼ੀਲੇ ਪਦਾਰਥ ਨਸ਼ਟ ਕਰਨ ਵਿਚ ਅਕਸਰ ਦੇਰੀ ਕੀਤੀ ਜਾਂਦੀ ਹੈ। ਪੁਲਿਸ ਦੀ ਦੇਰੀ ਵਿਧਾਨ ਸਭਾ ਚੋਣਾਂ ਲੜਨ ਦੇ ਚਾਹਵਾਨਾਂ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ। ਚੋਣ ਕਮਿਸ਼ਨ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਗ੍ਰਹਿ ਵਿਭਾਗ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਜ਼ਾਬਤਾ ਲੱਗਣ ਤੋਂ ਬਾਅਦ ਕਮਿਸ਼ਨ ਵੱਲੋਂ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਬਾਰੇ ਨਿਰਦੇਸ਼ ਵੀ ਦਿੱਤੇ ਜਾ ਸਕਦੇ ਹਨ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਫਰਵਰੀ 2012 ਵਿਚ ਹੋਣੀਆਂ ਹਨ। ਇਸ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਵੱਲੋਂ ਲਗਾਤਾਰ ਪੰਜਾਬ ਸਰਕਾਰ ਨੂੰ ਅਗੇਤੀਆਂ ਚੋਣ ਤਿਆਰੀਆਂ ਬਾਰੇ ਪੱਤਰ ਲਿਖੇ ਜਾ ਰਹੇ ਹਨ। ਬੀਬੀ ਸਿੱਧੂ ਨੇ ਸੂਬੇ ਵਿਚ ਅਸਲੇ ਬਾਰੇ ਵੀ ਗ੍ਰਹਿ ਵਿਭਾਗ ਤੋਂ ਰਿਪੋਰਟ ਮੰਗੀ ਸੀ।

# ਸਿਮਰਨਜੀਤ ਸਿੰਘ ਮਾਨ ਅਤੇ ਅਰਵਿੰਦ ਖੰਨਾ ਆਹਮੋ-ਸਾਹਮਣੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਾਂਗਰਸ ਆਗੂ ਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੂੰ ਦੇਸ਼ ਲਈ ਖ਼ਤਰਾ ਕਰਾਰ ਦਿੰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਇਸ ਵਿਅਕਤੀ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲਾਏ ਹਨ।

ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਪੱਤਰ ਭੇਜ ਕੇ ਅਰਵਿੰਦ ਖੰਨਾ ਖ਼ਿਲਾਫ਼ ਫੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ. ਮਾਨ ਨੇ ਕਿਹਾ ਕਿ ਉਕਤ ਕਾਂਗਰਸ ਆਗੂ ਨੇ 2002 ਵਿਚ ਸੰਗਰੂਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਦੀ ਚੋਣ ਲੜੀ ਸੀ। ਉਸ ਸਮੇਂ ਇਹ ਭਾਰਤ ਦਾ ਨਾਗਰਿਕ ਹੋਣ ਦੇ ਨਾਲ-ਨਾਲ ਬਰਤਾਨੀਆ ਦਾ ਨਾਗਰਿਕ ਵੀ ਸੀ। ਅਕਾਲੀ ਆਗੂ ਨੇ ਕਿਹਾ ਕਿ ਸ. ਖੰਨਾ ਨੂੰ ਜਸਟਿਸ ਆਰ.ਐਸ. ਪਾਠਕ ਨੇ ਅਨਾਜ ਬਦਲੇ ਤੇਲ ਮਾਮਲੇ ਵਿਚ ਦੋਸ਼ੀ ਠਹਿਰਾਇਆ ਸੀ ਤੇ ਸੀ.ਬੀ.ਆਈ. ਨੇ ਪਿਛਲੇ ਸਮੇਂ ਦੌਰਾਨ ਮਾਮਲੇ ਦਰਜ ਕੀਤੇ ਹਨ। ਉਨ੍ਹਾਂ





ਕਿਹਾ ਕਿ ਇਸ ਤਰ੍ਹਾਂ ਦਾ ਕਦਮ ਦੇਸ਼ ਨਾਲ ਵੱਡਾ ਧੋਖਾ ਹੈ ਤੇ ਇਸ ਮਾਮਲੇ ਬਾਰੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਸ. ਮਾਨ ਨੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਅਰਵਿੰਦ ਖੰਨਾ ਅਸਲੇ ਦਾ ਡੀਲਰ ਹੈ ਤੇ ਇਸ ਵੱਲੋਂ ਭਾਰਤ ਤੇ ਪਾਕਿਸਤਾਨ ਦੋਹਾਂ ਮੁਲਕਾਂ ਨੂੰ ਹਥਿਆਰ ਸਪਲਾਈ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਪੰਜਾਬ ਪੁਲਿਸ ਨੂੰ ਇਸ ਵਿਅਕਤੀ ਵਿਰੁੱਧ ਤੁਰੰਤ ਫੌਜਦਾਰੀ ਮਾਮਲਾ ਦਰਜ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਰਵਿੰਦ ਖੰਨਾ ਨੇ ਸਿਮਰਨਜੀਤ ਸਿੰਘ ਮਾਨ ਵੱਲੋਂ ਪੁਲਿਸ ਮੁਖੀ ਨੂੰ ਦਿੱਤੀ ਸ਼ਿਕਾਇਤ 'ਚ ਲਾਏ ਗਏ ਦੋਸ਼ਾਂ 'ਤੇ ਤਿੱਖੀ ਪ੍ਰਤੀਕ੍ਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਸ. ਮਾਨ ਆਪਣਾ ਦਿਮਾਗੀ ਸੰਤੁਲਨ ਖੋਹ ਬੈਠੇ ਹਨ। ਉਨ੍ਹਾਂ ਨੇ ਕਿਹਾ ਕਿ ਮਾਨ ਜਾਂ ਤਾਂ ਜਨਤਕ ਤੌਰ 'ਤੇ ਮੁਆਫੀ ਮੰਗ ਲੈਣ ਨਹੀਂ ਤਾਂ ਮਾਨਹਾਣੀ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਉਹ ਪੂਰੀ ਤਰ੍ਹਾਂ ਨਾਲ ਭਾਰਤੀ ਨਾਗਰਿਕ ਹਨ ਤੇ ਉਨ੍ਹਾਂ ਕੋਲ ਭਾਰਤੀ ਪਾਸਪੋਰਟ ਵੀ ਹੈ। ਸੀ.ਬੀ.ਆਈ. ਵੱਲੋਂ ਦਿੱਲੀ ਦੀ ਅਦਾਲਤ 'ਚ ਐਫ.ਸੀ.ਆਰ.ਏ. ਦੇ ਤਹਿਤ ਫਾਇਲ ਕੀਤੀ ਗਈ ਚਾਰਜਸ਼ੀਟ ਦੇ ਮਾਮਲੇ 'ਚ ਉਨ੍ਹਾਂ ਕਿਹਾ ਕਿ ਇਹ ਮਾਮਲਾ ਵਿਚਾਰ ਅਧੀਨ ਹੈ ਤੇ ਇਹ ਕੇਸ ਉਨ੍ਹਾਂ ਦੇ ਪਿਤਾ ਵੱਲੋਂ ਲੀਗਲ ਬੈਂਕਿੰਗ ਚੈਨਲਾਂ ਰਾਹੀਂ ਸੱਤ ਕਰੋੜ ਰੁਪਏ ਟਰਾਂਸਫਰ ਕਰਨ ਨਾਲ ਸਬੰਧਤ ਹੈ। ਉਨ੍ਹਾਂ ਦੀ ਡਿਫੈਂਸ ਕੰਪਨੀ ਨੂੰ ਭਾਰਤ ਤੇ ਪਾਕਿਸਤਾਨ ਨੂੰ ਹਥਿਆਰਾਂ ਦੀ ਸਪਲਾਈ ਕਰਨ ਦੇ ਮਾਮਲੇ 'ਚ ਬਲੈਕਲਿਸਟ ਕਰਨ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਦਿੱਲੀ ਹਾਈਕੋਰਟ ਨੇ ਨਾ ਸਿਰਫ ਉਨ੍ਹਾਂ ਦੀ ਕੰਪਨੀ ਨੂੰ ਬਰੀ ਕੀਤਾ ਹੈ ਬਲਕਿ ਕੰਪਨੀ ਨੂੰ ਝੂਠੇ ਕੇਸ 'ਚ ਸ਼ਾਮਲ ਕਰਨ ਕਾਰਨ ਸੁਰੱਖਿਆ ਮੰਤਰਾਲੇ ਨੂੰ 5 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ।

SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250


# ਭਾਰਤ ‘ਚ 540 ਟਨ ਅਨਾਜ ਦੀ ਬਰਬਾਦੀ

**ਨਵੀਂ ਦਿੱਲੀ:** ਇਸ ਵਰ੍ਹੇ ਜੁਲਾਈ ਤਕ ਦੇਸ਼ ‘ਚ 540 ਟਨ ਅਨਾਜ ਬਰਬਾਦ ਹੋਇਆ ਹੈ ਜਿਸ ‘ਚੋਂ ਅੱਧੇ ਅਨਾਜ ਦੀ ਬਰਬਾਦੀ ਸਿਰਫ ਪੱਛਮੀ ਬੰਗਾਲ ‘ਚ ਹੋਈ ਹੈ। ਖੁਰਾਕ ਤੇ ਉਪਭੋਗਤਾ ਮਾਮਲਿਆਂ ਬਾਰੇ ਰਾਜ ਮੰਤਰੀ ਕੇ.ਵੀ. ਥੌਮਸ ਨੇ ਲੋਕ ਸਭਾ ‘ਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਇਸ ਵਰ੍ਹੇ ਪਹਿਲੀ ਜੁਲਾਈ ਤਕ ਪੂਰੇ ਦੇਸ਼ ‘ਚ ਕੁੱਲ 541.33 ਟਨ ਕਣਕ ਤੇ ਚੌਲਾਂ ਦੀ ਬਰਬਾਦੀ ਹੋਈ ਹੈ।

ਉਨ੍ਹਾਂ ਦੱਸਿਆ ਕਿ 395.07 ਟਨ ਚੌਲ ਤੇ 182.26 ਟਨ ਕਣਕ ‘ਭੰਗ ਦੇ ਭਾੜੇ’ ਗਈ ਹੈ। ਇਸ ਵਿਚੋਂ ਪੱਛਮੀ ਬੰਗਾਲ 355 ਟਨ ਕਣਕ ਤੇ ਚੌਲਾਂ ਦੀ ਬਰਬਾਦੀ ਹੋਈ ਹੈ। ਇਸ ਤੋਂ ਇਲਾਵਾ ਗੁਜਰਾਤ ’ਚ 171 ਟਨ, ਉੱਤਰ ਪ੍ਰਦੇਸ਼ ’ਚ 11 ਟਨ ਤੇ ਆਂਧਰਾ ਪ੍ਰਦੇਸ਼ ’ਚ 4.33 ਟਨ ਅਨਾਜ ਬਰਬਾਦ ਹੋਇਆ। ਮੰਤਰੀ ਨੇ ਦੱਸਿਆ ਕਿ ਸਾਲ 2009-10 ਦੌਰਾਨ ਕੁੱਲ 6702 ਟਨ ਅਨਾਜ ਬਰਬਾਦ ਹੋਇਆ ਜਦੋਂਕਿ 2010-11 ਦੌਰਾਨ 6346 ਟਨ ਅਨਾਜ ਖਰਾਬ ਹੋਇਆ। ਅਨਾਜ ਖਰਾਬ ਹੋਣ ਦਾ ਕਾਰਨ ਗੁਦਾਮਾਂ ਦੀ ਸਮੱਸਿਆ, ਰਾਹਦਾਰੀ, ਮੀਂਹ, ਹੜ੍ਹ ਤੇ ਤੂਫਾਨਾਂ ਤੋਂ ਇਲਾਵਾ ਅਧਿਕਾਰੀਆਂ ਦੀ ਲਾਪਰਵਾਹੀ ਹੈ।


*To Advertise with Punjab Times*
***Call: 847-359-0746***
*Visit us on the web:**wwwpunjabtimesusa.com***


## Public Notice

### Change of Name

I, Amarjit Singh S/O S. Balwinder Singh resident of village Aujla P.O. Bilga, Tehsil Nurmahal, Distt. Jalandhar, Punjab, India, currently living at 3625 W. Barstow Ave., Apt.# 135, Fresno, CA 93711 USA have changed my name to Amarjit Singh Aujla. All concerned please note.

*www.punjabtimesusa.com*


ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com ‘ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

DESI WORLD RADIO
Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 ’ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ‘ਤੇ ਜਾਓ www.radiock.com*
***Radio CK, PO Box 296, Fremont, CA 94537***



MRP TRAVEL

Lowest International and Domestic Fares


ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates



*Passport & Visa services also available*

SINGAPORE AIRLINES CATHAY PACIFIC KOREAN AIR Lufthansa CHINA AIRLINES

Special promotion SFO-DEL $1135 (INC TX.)


## Matrimonials

### ਜੀਵਨ ਸਾਥੀ ਦੀ ਲੋੜ

Seeking jat sikh alliance for Dec 82 born,5'-6",beautiful, B.E, M.S girl,working with Bank of America, Contact:704-930-1734, sandhu8332@gmail.com.

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email-kds0083@gmail.com

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

US citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com

*www.punjabtimesusa.com*


Desi Cuts and Color Plus

For Men, Women & Children



Grand Opening

Ph:510-429-0786



Mandeep
510-200-4415

Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*






**Business Opportunity**

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

*spkaurus@yahoo.co.in - www.shopherbalife.com/skaur*



FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮਾਮਲਾ ਸੈਨ ਹੋਜ਼ੇ ਗੁਰੂਘਰ ਦਾ:ਅੜੀਅਲ ਕੌਣ?

ਪਿਛਲੇ ਹਫ਼ਤੇ ਸੈਨ ਹੋਜੇ ਤੋਂ ਛਪਦੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਸਫ਼ਾ ਤਿੰਨ ਉਤੇ ਸੁਧਾਰ ਕਮੇਟੀ ਦੇ ਹਵਾਲੇ ਨਾਲ ਛਪੀ ਖਬਰ ਵਿਚ ਗੁਰਦੁਆਰਾ ਸੈਨ ਹੋਜੇ ਦੇ ਸਕੱਤਰ ਭਾਈ ਭੁਪਿੰਦਰ (ਬਾਬ) ਸਿੰਘ ਢਿੱਲੋਂ ਨੂੰ ਅੜੀਅਲ ਕਹਿਣ ਅਤੇ ਰਸੀਵਰ ਲੱਗਣ ਦੇ ਆਸਾਰ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸਭ ਤੋਂ ਪਹਿਲਾਂ, ਆਓ ਆਪਾਂ ਤੱਥਾਂ 'ਤੇ ਝਾਤ ਮਾਰੀਏ ਅਤੇ ਦੇਖੀਏ ਕਿ ਅੜੀਅਲ ਕੌਣ ਹੈ? ਗੁਰਦੁਆਰਾ ਸੁਧਾਰ ਕਮੇਟੀ ਵੱਲੋਂ ਅਦਾਲਤ ਵਿਚ ਮੰਗ ਕੀਤੀ ਗਈ ਕਿ 21 ਡਾਇਰੈਕਟਰਾਂ ਦੀ ਚੋਣ ਹੋਣੀ ਚਾਹੀਦੀ ਹੈ। ਪ੍ਰਬੰਧਕਾਂ ਨੇ ਕੇਸ ਨੂੰ ਖ਼ਤਮ ਕਰਨ ਅਤੇ ਗੁਰੂਘਰ ਦਾ ਮਾਲੀ ਨੁਕਸਾਨ ਹੋਣ ਤੋਂ ਬਚਾਉਣ ਦੀ ਭਾਵਨਾ ਨਾਲ, ਬਗੈਰ ਕਿਸੇ ਲੱਗ-ਲਪੇਟ ਤੋਂ ਇਸ ਨੂੰ ਸਵੀਕਾਰ ਕਰ ਲਿਆ। ਜੇ ਪ੍ਰਬੰਧਕ ਚਾਹੁੰਦੇ ਤਾਂ ਇਸ ਨੂੰ ਸਾਲਾਂਬੱਧੀ ਲਟਕਾਇਆ ਜਾ ਸਕਦਾ ਸੀ। ਹੋਠੀ ਗਰੁੱਪ ਦੀ ਪਿਠ 'ਤੇ ਬੈਠੇ ਇਨ੍ਹਾਂ ਦੇ ਆਕਾਵਾਂ "ਜੰਡੀ-ਚੇਲਾ" ਨੇ ਫਰੀਮਾਂਟ ਗੁਰੂਘਰ ਵਿਚ ਅਜਿਹਾ ਕਮਾਲ ਕਰ ਵੀ ਦਿਖਾਇਆ ਸੀ।

ਜੇ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂਘਰ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਸੰਗਤ ਤੋਂ ਫਤਵਾ ਲੈਣ ਲਈ ਝੱਟ ਰਾਜ਼ੀ ਹੋ ਗਈ, ਤਾਂ ਫਿਰ ਮੱਥੇ 'ਤੇ ਇਹ ਕਲੰਕ ਮੜ੍ਹੀ ਜਾਣਾ ਕਿ ਬਾਬ ਢਿੱਲੋਂ ਦਾ ਅੜੀਅਲ ਵਤੀਰਾ ਹੈ, ਤਾਂ ਇਹ ਸਪਸ਼ਟ ਰੂਪ ਵਿਚ ਸੁਧਾਰ ਕਮੇਟੀ ਅਤੇ ਇਸ ਦੀ ਪਿਠ 'ਤੇ ਬੈਠੇ ਗਲਤ ਅਨਸਰਾਂ ਦੀ ਬੇਈਮਾਨ ਪਹੁੰਚ ਦੀ ਹੱਦ ਹੈ ਕਿ ਉਹ ਸਾਡੇ ਉਦਾਰ ਰਵੱਈਏ ਨੂੰ ਵੀ ਅੜੀਅਲ ਕਹੀ ਜਾ ਰਹੇ ਹਨ?

> (f) As part of the court's Order, that pursuant to the court's inherent power to do so, pursuant to the authority granted by Corporation Code §9418(c), and alternatively, pursuant to Code of Civil Procedure §564(b)(3), appoint a receiver or special master to supervise and carry out the judgment of the court as prayed for here, and specifically, to supervise and carry out all election related activities;
>
> (g) Appoint a temporary board of directors composed of members of the defendant San Jose Gurdwara under the authority contained in Corporation Code §9418(c), to administer the affairs of the respondent San Jose Gurdwara pending the proper election of the board of the directors as ordered by the court;

*ਸੁਧਾਰ ਕਮੇਟੀ ਵਲੋਂ ਰਸਿਵਰ ਲਈ ਅਦਾਲਤ ਨੂੰ ਕੀਤੀ ਗਈ ਬੇਨਤੀ*

ਅਦਾਲਤ ਨੇ ਮੌਜੂਦਾ ਕਮੇਟੀ ਨੂੰ ਮਾਨਤਾ ਦਿੱਤੀ ਹੈ ਕਿ ਰੋਜ਼-ਮੱਰ੍ਹਾ ਦੇ ਸਾਰੇ ਕੰਮ-ਕਾਜ ਤੇ ਇਲੈਕਸ਼ਨਾਂ ਇਹੀ ਕਮੇਟੀ ਸੰਭਾਲੇਗੀ, ਪਰ ਅਖੌਤੀ ਸੁਧਾਰ ਕਮੇਟੀ ਵਾਲੇ 'ਚੋਣ ਕਮੇਟੀ' ਦੀ ਬੇਵਜ੍ਹਾ ਮੰਗ 'ਤੇ ਅੜ ਰਹੇ ਹਨ। ਫਿਰ ਅੜੀਅਲ ਕੌਣ ਹੋਇਆ ਭਲਾ? ਪ੍ਰਬੰਧਕ ਕਮੇਟੀ ਜਾਂ ਸੁਧਾਰ ਕਮੇਟੀ? ਜੇ ਅਸੀਂ ਇਹ ਕਹਿੰਦੇ ਹਾਂ ਕਿ ਚੋਣਾਂ ਦਾ ਕੰਮ ਕਿਸੇ ਤੀਜੀ ਧਿਰ, ਜੋ ਚੋਣਾਂ ਕਰਵਾਉਂਦੀ ਹੈ, ਨੂੰ ਦੇ ਦਿੰਦੇ ਹਾਂ, ਤਾਂ ਉਹ ਵੀ ਸੁਧਾਰ ਕਮੇਟੀ ਨੂੰ ਮਨਜ਼ੂਰ ਨਹੀਂ। ਜਿਸ ਫਰਮ ਕੋਲੋਂ ਪ੍ਰਬੰਧਕ ਕਮੇਟੀ ਨੇ ਤਿੰਨ ਜੁਲਾਈ ਨੂੰ ਚੋਣ ਕਰਵਾਈ, ਉਹ ਵੀ ਇਨ੍ਹਾਂ ਨੂੰ ਮਨਜ਼ੂਰ ਨਹੀਂ! ਜੇ ਅਸੀਂ ਕਹਿੰਨੇ ਹਾਂ ਕਿ ਭਾਈ! ਤੁਸੀਂ ਹੀ ਲੱਭ ਲਓ ਕੋਈ, ਤਾਂ ਉਹ ਵੀ ਇਹ ਲੱਭਦੇ ਨਹੀਂ! ਨਾ ਖੁਦ ਕੰਮ ਕਰਦੇ ਹਨ, ਨਾ ਹੀ ਸਾਨੂੰ ਕਰਨ ਦਿੰਦੇ ਹਨ। ਫਿਰ ਅੜੀਅਲ ਵਤੀਰਾ ਕਿਸ ਦਾ ਹੋਇਆ? ਪ੍ਰਬੰਧਕਾਂ ਦਾ ਜਾਂ ਅਖੌਤੀ ਸੁਧਾਰਕਾਂ ਦਾ?

ਜੇ ਪ੍ਰਬੰਧਕ ਕਹਿੰਦੇ ਹਨ ਕਿ ਅਜੇ ਜੂਨ ਵਿਚ ਹੀ ਮੈਂਬਰਸ਼ਿਪ ਭਰਤੀ ਹੋਈ ਹੈ; ਵੋਟਾਂ ਤੋਂ ਪਹਿਲਾਂ ਤਿੰਨ ਐਤਵਾਰ ਅਤੇ ਦੋ ਬੁੱਧਵਾਰ ਮੈਂਬਰਸ਼ਿਪ ਖੋਲ੍ਹ ਦੇਵਾਂਗੇ; ਤਾਂ ਸੁਧਾਰ ਕਮੇਟੀ ਵਾਲੇ ਕਹਿੰਦੇ ਹਨ ਕਿ ਮੈਂਬਰਸ਼ਿਪ ਘੱਟੋ-ਘੱਟ 6 ਹਫ਼ਤਿਆਂ ਲਈ ਖੁੱਲ੍ਹਣੀ ਚਾਹੀਦੀ ਹੈ। ਭਾਵ ਹਰ ਜਾਇਜ਼ ਗੱਲ 'ਤੇ ਇਨ੍ਹਾਂ ਨੂੰ ਟਿੰਡ 'ਚ ਕਾਨਾ ਪਾਉਣ ਦੀ ਆਦਤ ਪੈ ਚੁੱਕੀ ਹੈ। ਅਸੀਂ ਹਰ ਜਗ੍ਹਾ ਇਨ੍ਹਾਂ ਨਾਲ ਮਿਲ ਕੇ ਚੱਲਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਵੀਰ ਸਾਡੇ ਨਾਲ ਮਿਲ ਕੇ ਚੱਲਣ ਦੀ ਭੋਰਾ ਕੋਸ਼ਿਸ਼ ਨਹੀਂ ਕਰਦੇ। ਪਰ ਅੜੀਅਲ ਹੋਣ ਦਾ ਇਲਜ਼ਾਮ ਸਾਡੇ ਸਿਰ 'ਤੇ ਮੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਇਹ ਗੁਰੂਘਰ ਪ੍ਰਤੀ ਬਹੁਤ ਬੇਈਮਾਨ ਪਹੁੰਚ ਹੈ।

ਹੋਰ ਤਾਂ ਹੋਰ, ਰਸੀਵਰ ਲੱਗਣ ਦੇ ਆਸਾਰ ਦਾ ਭਾਂਡਾ ਵੀ ਇਹ ਸਾਡੇ ਸਿਰ ਭੰਨ੍ਹ ਰਹੇ ਹਨ, ਜਦਕਿ ਸੱਚਾਈ ਤਾਂ ਇਹ ਹੈ ਕਿ ਸੁਧਾਰਕ ਅਖਵਾਉਣ ਵਾਲੇ ਇਨ੍ਹਾਂ ਭੱਦਰ ਪੁਰਸ਼ਾਂ ਨੇ ਰਸੀਵਰ ਦੀ ਮੰਗ ਖੁਦ ਅਦਾਲਤ ਵਿਚ ਕੀਤੀ ਹੈ ਜਿਸ ਦੀ ਨਕਲ ਇਥੇ ਸਾਧ-ਸੰਗਤ ਦੀ ਜਾਣਕਾਰੀ ਹਿੱਤ ਅਸੀਂ ਛਾਪ ਰਹੇ ਹਾਂ।

ਲੰਘੇ ਐਤਵਾਰ ਜਦ ਸ. ਭੁਪਿੰਦਰ ਸਿੰਘ ਢਿੱਲੋਂ ਨੇ ਸੰਗਤ ਨੂੰ ਇਨ੍ਹਾਂ ਵੱਲੋਂ ਅਦਾਲਤ ਵਿਚ ਕੀਤੀ ਰਸੀਵਰ ਦੀ ਮੰਗ ਬਾਰੇ ਦੱਸਣਾ ਚਾਹਿਆ ਤਾਂ ਸ. ਗੁਰਮੇਲ ਸਿੰਘ ਬਾਠ ਜੋ ਸੁਧਾਰਕਾਂ ਦਾ ਮੋਹਰੀ ਹੈ, ਕਹਿਣ ਲੱਗੇ ਕਿ 'ਅਸੀਂ ਰਸੀਵਰ ਦੀ ਮੰਗ ਕੀਤੀ ਹੀ ਨਹੀਂ', ਪਰ ਜਦ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਆਹ ਪੇਪਰ ਜੋ ਅਦਾਲਤ ਦਾ ਰਿਕਾਰਡ ਹੈ, ਤੁਸੀਂ ਖੁਦ ਪੜ੍ਹ ਕੇ ਸੰਗਤ ਨੂੰ ਸੁਣਾ ਦਿਓ, ਤਾਂ ਬਾਠ ਸਾਹਿਬ ਕਹਿਣ ਲੱਗੇ ਕਿ 'ਮੈਨੂੰ ਅੰਗਰੇਜ਼ੀ ਨਹੀਂ ਆਉਂਦੀ।'

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਸ ਮਨੁੱਖ ਨੇ ਦੋ ਦਹਾਕਿਆਂ ਤੋਂ ਵੱਧ ਸਮਾਂ ਪੋਸਟ ਆਫਿਸ ਦੀ ਨੌਕਰੀ ਕੀਤੀ ਹੋਵੇ, ਖੁਦ ਮਾਸਟਰ ਜੀ ਰਹੇ ਹੋਣ ਅਤੇ ਸੰਗਤ ਨੇ ਪਹਿਲਾਂ ਉਨ੍ਹਾਂ ਨੂੰ ਅਦਾਲਤਾਂ ਵਿਚ ਫਰਾਟੇਦਾਰ ਅੰਗਰੇਜ਼ੀ ਬੋਲਦਾ ਦੇਖਿਆ ਹੋਵੇ, ਉਹ ਗੁਰੂ ਰੂਪੀ ਸੰਗਤ ਅਤੇ ਗੁਰੂ ਦੀ ਹਜ਼ੂਰੀ ਵਿਚ ਅੰਗਰੇਜ਼ੀ ਪੜ੍ਹਨ-ਬੋਲਣ ਤੋਂ ਅਸਮਰਥਾ ਪ੍ਰਗਟ ਕਰੇ। ਤਾਂ ਫਿਰ ਹਰ ਸ਼ਰਧਾਵਾਨ ਸਿੱਖ ਦਾ ਕਲੇਜਾ ਬਾਹਰ ਨੂੰ ਆਉਂਦਾ ਹੈ ਕਿ ਚੋਲਿਆਂ ਵਾਲੇ ਬਾਬੇ ਸੰਗਤ ਨੂੰ ਕੀ ਸੁਨੇਹਾ ਦੇ ਰਹੇ ਹਨ? ਅਜਿਹੇ ਸ਼ਖਸਾਂ ਅਤੇ ਸੁਧਾਰਕਾਂ ਤੋਂ ਗੁਰੂਘਰ ਦੇ ਭਲੇ ਦੀ ਕਿੰਨੀ ਕੁ ਆਸ ਕੀਤੀ ਜਾ ਸਕਦੀ ਹੈ? ਦੇਖੋ, ਰਸੀਵਰ ਦੀ ਮੰਗ ਵੀ ਆਪ ਕਰ ਰਹੇ ਹਨ ਅਤੇ ਗੁਰੂ ਦਰ 'ਤੇ ਖਲੋ ਕੇ ਕਿੰਨੇ ਟੌਹਰ ਨਾਲ ਝੂਠ ਵੀ ਬੋਲੀ ਜਾ ਰਹੇ ਹਨ, ਇਨ੍ਹਾਂ ਨੂੰ ਗੁਰੂ ਦਾ ਭੋਰਾ ਵੀ ਡਰ ਨਹੀਂ!

ਅਸੀਂ ਸੰਗਤ ਦੇ ਧਿਆਨ ਗੋਚਰੇ ਕਰਨਾ ਚਾਹਾਂਗੇ ਕਿ ਫਰੀਮਾਂਟ ਗੁਰੂਘਰ ਨੇ ਰਸੀਵਰ ਦਾ ਤਜਰਬਾ ਕਰ ਲਿਆ ਹੈ, ਨਤੀਜਾ ਇਹ ਨਿਕਲਿਆ ਕਿ ਗੁਰੂਘਰ ਦਾ ਪੰਜ ਪੌਣੇ ਪੰਜ ਲੱਖ ਡਾਲਰ ਸਿੱਧਾ ਹੀ ਰਸੀਵਰ ਦੀ ਝੋਲੀ ਜਾ ਪਿਆ ਸੀ। ਅੱਜ ਜਦੋਂ ਪ੍ਰਬੰਧਕ, ਚੋਣਾਂ ਕਰਵਾਉਣ ਲਈ ਵਚਨਬੱਧ ਹਨ, ਤਾਂ ਫਿਰ ਰਸੀਵਰ ਦੀ ਕੀ ਜ਼ਰੂਰਤ ਹੈ? ਇਹ ਗੱਲ ਕਿਸੇ ਨੂੰ ਵੀ ਸਮਝ ਨਹੀਂ ਆਉਂਦੀ ਕਿ ਇਹ ਗੁਰੂਘਰ ਦਾ ਲੱਖਾਂ ਡਾਲਰ ਰਸੀਵਰ ਮੂੰਹ ਪਾ ਕੇ ਕਿਹੜੀ ਦਾਦ ਲੈਣੀ ਚਾਹੁੰਦੇ ਹਨ?

ਦਰਅਸਲ, ਇਨ੍ਹਾਂ ਸੁਧਾਰਕਾਂ ਅਤੇ ਇਨ੍ਹਾਂ ਦੀ ਪਿੱਠ 'ਤੇ ਬੈਠੇ ਆਕਾਵਾਂ ਨੇ ਕਦੇ ਗੁਰੂਘਰ ਦਾ ਨੁਕਸਾਨ ਕਰਨ ਲੱਗਿਆਂ ਬੁਰਾ ਮਹਿਸੂਸ ਕੀਤਾ ਹੀ ਨਹੀਂ! ਇਨ੍ਹਾਂ ਦੇ ਜੋੜੀਦਾਰ ਜਸਵੰਤ ਸਿੰਘ ਹੋਠੀ-ਬਲਬੀਰ ਸਿੰਘ ਹੁਰਾਂ ਨੇ ਤਾਂ ਗੁਰੂਘਰ ਦਾ ਲੋਨ ਰੁਕਵਾਉਣ ਲਈ ਬੈਂਕ ਨੂੰ ਚਿੱਠੀ ਵੀ ਲਿਖ ਮਾਰੀ ਸੀ। ਗੁਰੂਘਰ ਨਾਲ ਅਜਿਹਾ ਸ਼ਰੀਕਾ ਕਿਉਂ? ਇਹ ਤਾਂ ਸੁਧਾਰਕ ਹੀ ਜਾਣਦੇ ਹੋਣਗੇ। ਕੀ ਹੋਇਆ, ਜੇ ਉਹ ਅੱਜ ਕਮੇਟੀ ਵਿਚ ਨਹੀਂ ਹਨ? ਇਸ ਦਾ ਮਤਲਬ ਇਹ ਤਾਂ ਨਹੀਂ ਕਿ ਆਪਣੇ ਆਪ ਨੂੰ ਵਡੇ ਸ਼ਰਧਾਲੂ ਸਿੱਖ ਅਖਵਾਉਣ ਵਾਲੇ ਗੁਰੂਘਰ ਦਾ ਲੋਨ ਰੁਕਵਾਉਣ ਤੁਰ ਪੈਣ। ਜਾਂ ਫਿਰ ਸੰਗਤ ਵੱਲੋਂ ਚੜ੍ਹਾਇਆ ਤਿਲ-ਫੁੱਲ ਪੈਸਾ ਰਸੀਵਰਾਂ ਦੀ ਝੋਲੀ ਪਾ ਦਿੱਤਾ ਜਾਏ? ਸੁਧਾਰਕਾਂ ਦੀ ਗੁਰੂਘਰ ਪ੍ਰਤੀ ਸੁਹਿਰਦਤਾ ਦਾ ਝਲਕਾਰਾ ਇਨ੍ਹਾਂ ਦੀ ਇਸ ਸੋਚ ਤੋਂ ਸਾਫ ਪੈ ਰਿਹਾ ਹੈ!!!

ਮੌਜੂਦਾ ਕਮੇਟੀ ਨੇ 4 ਮੈਂਬਰਾਂ ਦੀ ਚੋਣ ਕਰਵਾਈ। ਇਨ੍ਹਾਂ ਨੂੰ ਮਨਜ਼ੂਰ ਨਹੀਂ। ਕਹਿੰਦੇ 21 ਦੀ ਕਰਵਾਉਣੀ ਐ। ਪ੍ਰਬੰਧਕ ਉਸ ਲਈ ਵੀ ਮੰਨ ਗਏ। ਪ੍ਰਬੰਧਕਾਂ ਕਿਹਾ ਕਿ ਤੁਸੀਂ ਚੋਣਾਂ ਲਈ ਕਾਹਲੇ ਹੋ, ਚਲੋ, ਅਕਤੂਬਰ ਦੇ ਪਹਿਲੇ ਹਫ਼ਤੇ ਚੋਣ ਕਰਵਾ ਲੈਂਦੇ ਹਾਂ, ਪਰ ਸੁਧਾਰਕਾਂ ਨੇ ਪਤਾ ਨਹੀਂ ਕਿਸ ਪੰਡਤ ਤੋਂ ਪੁੱਛਿਆ ਹੈ, ਕਹਿੰਦੇ ਹਨ, 'ਨਹੀਂ ਚੋਣਾਂ ਦਸੰਬਰ ਵਿਚ ਹੋਣੀਆਂ ਚਾਹੀਦੀਆਂ ਹਨ।' ਮੈਂਬਰਸ਼ਿਪ ਤਿਆਰ ਹੈ, ਅਕਤੂਬਰ ਵਿਚ ਚੋਣਾਂ ਹੋ ਸਕਦੀਆਂ ਹਨ ਪਰ ਨਹੀਂ, ਇਹ ਟਿੰਡ 'ਚ ਕਾਨਾ ਪਾਉਣ ਦੀ ਆਦਤ ਤੋਂ ਮਜਬੂਰ ਹਨ। ਇਨ੍ਹਾਂ ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖ ਕੇ ਸੰਗਤ ਭਲੀ-ਭਾਂਤ ਸਮਝ ਸਕਦੀ ਹੈ ਕਿ ਅੜੀਅਲ ਕੌਣ ਹੈ? ਪ੍ਰਬੰਧਕ ਜਾਂ ਅਖੌਤੀ ਸੁਧਾਰਕ?

ਜੇ ਅਸੀਂ ਇਹ ਕਹਿੰਦੇ ਹਾਂ ਕਿ ਗੁਰੂਘਰ ਪਾਸ ਜਿਆਦਾ ਖਜਾਨਾ ਨਹੀਂ ਹੈ, ਗੁਰੂਘਰ ਦਾ ਚੋਣਾਂ 'ਤੇ ਖਰਚਾ ਨਾ ਕਰਵਾਇਆ ਜਾਵੇ। ਇਹ ਖਰਚਾ ਚੋਣ ਲੜਨ ਵਾਲੇ ਉਮੀਦਵਾਰ ਉਠਾਉਣ। ਅਸੀਂ ਸਲਾਹ ਦਿਤੀ ਕਿ ਹਰ ਉਮੀਦਵਾਰ ਇਕ ਹਜਾਰ ਡਾਲਰ ਗੁਰੂਘਰ ਦੇ ਖਜਾਨੇ ਵਿਚ ਜਮਾਂ ਕਰਵਾਵੇ, ਪਰ ਸੂਧਾਰ ਕਮੇਟੀ ਵਾਲੇ ਸਾਡੀ ਇਸ ਗੱਲ ਨਾਲ ਵੀ ਸਹਿਮਤ ਨਹੀਂ ਹੋਏ। ਇਨ੍ਹਾਂ ਅਖੌਤੀ ਸੁਧਾਰਕਾਂ ਨੂੰ ਚੋਣਾਂ ਲੜਨ ਦਾ ਚਾਅ ਹੈ ਪਰ ਆਪਣੇ ਪਲਿਓਂ ਦੁਕੀ ਨਹੀਂ ਖਰਚਣਾ ਚਾਹੁੰਦੇ, ਸਾਰਾ ਬੋਝ ਗੁਰੂਘਰ ਉਤੇ ਸੁਟਣਾ ਚਾਹੁੰਦੇ ਹਨ। ਜੇ ਅਸੀਂ ਇਹ ਗੱਲ ਨਹੀਂ ਮੰਨਦੇ ਤਾਂ ਸਾਡੇ ਉਤੇ ਅੜੀਅਲ ਹੋਣ ਦਾ ਲੇਬਲ ਲਾਈ ਜਾਂਦੇ ਹਨ। ਕਿਹੋ ਜਿਹਾ ਸੁਧਾਰ ਕਰਨਾ ਚਾਹੁੰਦੇ ਹਨ ਇਹ ਲੋਕ? ਗੁਰੂਘਰ ਦਾ ਨੁਕਸਾਨ ਕਰਕੇ ਵੀ ਸੁਧਾਰਕ ਅਖਵਾਉਂਦੇ ਹਨ!

ਅਸੀਂ ਤਾਂ ਹੱਥ ਜੋੜ ਕੇ ਗੁਰੂ ਸੰਗਤ ਨੂੰ ਇਹੋ ਬੇਨਤੀ ਕਰ ਸਕਦੇ ਹਾਂ ਕਿ ਆਪ ਜੀ ਕ੍ਰਿਪਾ ਕਰੋ, ਇਨ੍ਹਾਂ ਨੂੰ ਸਮਝਾਓ। ਸੇਵਾ ਨੂੰ ਚੌਧਰ ਦੀ ਲੜਾਈ ਬਣਾ ਕੇ ਸਿਰਫ਼ ਪ੍ਰਬੰਧ ਹਥਿਆਉਣ ਲਈ ਰਸੀਵਰ ਲਗਵਾਉਣ ਦਾ ਘਿਣਾਉਣਾ ਜੁਰਮ ਨਾ ਕਰਨ। ਸੰਗਤ ਵਿਚ ਭਰੋਸਾ ਕਰਨ। ਆਓ ਕਿਸੇ (ਤੀਜੀ ਧਿਰ) ਇਲੈਕਸ਼ਨ ਕਮੇਟੀ ਕੋਲੋਂ ਸਾਫ਼-ਸੁਥਰੀਆਂ ਚੋਣਾਂ ਕਰਵਾ ਲਈਏ। ਰਸੀਵਰ ਦੀ ਮੰਗ ਕਰਕੇ ਗੁਰੂਘਰ ਦਾ ਨੁਕਸਾਨ ਨਾ ਕਰੀਏ। ਸੰਗਤ ਮਹਾਨ ਹੈ, ਇਹ ਜਿਸ ਨੂੰ ਸੇਵਾ ਬਖਸ਼ੇ, ਉਹ ਸੇਵਾ ਕਰ ਲਵੇ! ਜੇ ਮਨਸ਼ਾ ਗੁਰੂਘਰ ਦੇ ਪ੍ਰਬੰਧ 'ਤੇ ਕਬਜ਼ੇ ਦੀ ਹੀ ਹੋਵੇ ਤਾਂ ਗੱਲ ਹੋਰ ਹੈ।

## ਇਕ ਬੇਨਤੀ ਕਸ਼ਮੀਰ ਸਿੰਘ ਨੂੰ

ਆਪ ਜੀ ਦਾ ਲਿਖਿਆ ਪੱਤਰ 'ਅੰਮ੍ਰਿਤਸਰ ਟਾਈਮਜ਼' ਵਿਚ ਪੜ੍ਹਿਆ ਜਿਸ ਵਿਚ ਆਪ ਜੀ ਨੇ ਸੈਨ ਹੋਜੇ ਗੁਰੂਘਰ ਦੀ ਕਮੇਟੀ ਨੂੰ ਹੁਕਮ ਕੀਤਾ ਕਿ ਆਪ ਦੇ ਸਪੁੱਤਰ ਅਤੇ ਸ. ਬਾਠ ਦਾ ਰਾਜ਼ੀਨਾਮਾ ਹੋ ਚੁੱਕਾ ਹੈ, ਕਮੇਟੀ ਆਪ ਦੇ ਸਪੁੱਤਰ ਦਾ ਅਖ਼ਬਾਰ ਵਿਚ ਨਾਮ ਨਾ ਵਰਤੇ। ਕਸ਼ਮੀਰ ਸਿੰਘ ਜੀ, ਕਿੰਨਾ ਚੰਗਾ ਹੁੰਦਾ ਜੇ ਤੁਸੀਂ ਸਾਡੇ ਵੱਲੋਂ ਛਾਪਿਆ ਲੇਖ 'ਦੋ ਕੁ ਗੱਲਾਂ ਕਿਸੇ ਕੁਲਵੰਤ ਸਿੰਘ ਨਾਲ' ਆਪ ਪੜ੍ਹ ਲੈਂਦੇ। ਫਿਰ ਤੁਹਾਨੂੰ ਚਾਰ ਅਲਫ਼ਾਜ਼ ਨਹੀਂ ਸਨ ਲਿਖਣੇ ਪੈਣੇ। ਲੱਗਦੈ, ਕਿਸੇ ਸ਼ਰਾਰਤੀ ਅਨਸਰ ਨੇ ਤੁਹਾਨੂੰ ਐਵੇਂ ਕਹਿ ਛੱਡਿਆ ਕਿ ਤੁਹਾਡੇ ਨਾਮ ਦੀ ਵਰਤੋਂ ਹੋ ਰਹੀ ਹੈ। ਅਖ਼ਬਾਰ ਲੈ ਕੇ ਉਹ ਲੇਖ ਪੜ੍ਹੋ। ਤੁਹਾਨੂੰ ਪਤਾ ਲੱਗ ਜਾਵੇਗਾ ਕਿ ਤੁਹਾਡੇ ਪੁੱਤਰ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਆਪ ਜੀ, ਜਿਹੜੇ ਸੁਧਾਰਕਾਂ ਦੀ ਮਹਿਫ਼ਲ ਵਿਚ ਸੋਭਦੇ ਹੋ, ਉਨ੍ਹਾਂ ਦੀ ਗੱਲ ਸੁਣ ਕੇ ਜਾਂਚ-ਪੜਤਾਲ ਕਰ ਲਿਆ ਕਰੋ ਤਾਂ ਕਿ ਅੱਗੇ ਤੋਂ ਤੁਹਾਡੇ ਕੋਲੋਂ ਐਵੇਂ ਗਲਤ ਬਿਆਨੀ ਕਰਵਾ ਕੇ ਤੁਹਾਡਾ ਮੌਜੂ ਨਾ ਉਡਾਉਣ।

*ਗੁਰੂ ਪੰਥ ਦੇ ਦਾਸ*
*ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ*

*Space Sponsored By: Bob Dhillon*

# ਰਾਸ਼ਟਰਮੰਡਲ ਖੇਡਾਂ ਦੇ ਘਪਲੇ ਨੇ ਸ਼ੀਲਾ ਦਾ ਤਖ਼ਤ ਹਿਲਾਇਆ

*(ਸਫਾ ਇਕ ਦੀ ਬਾਕੀ)*

ਜਾਂਦਾ ਹੈ। ਜੋ ਵੀ ਕੋਈ ਇਸ ਦੀ ਉਲੰਘਣਾ ਕਰਦਾ ਹੈ, ਉਸ ਨੂੰ ਸਜ਼ਾ ਦਿੱਤੀ ਜਾਵੇਗੀ।

ਕੈਗ ਦੀ 33 ਅਧਿਆਏ ਅਤੇ 743 ਸਫ਼ਿਆਂ ਵਾਲੀ ਇਹ ਰਿਪੋਰਟ ਸੰਸਦ ਵਿਚ ਪੇਸ਼ ਕੀਤੀ ਗਈ ਜਿਸ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਖੇਡਾਂ ਦੀ 'ਸ਼ਾਨਦਾਰ ਕਾਮਯਾਬੀ' ਦੇ ਪਿੱਛੇ 'ਵੱਡੀ ਹੇਰਾਫੇਰੀ', 'ਸਿਰੇ ਦੀਆਂ ਬੇਨੇਮੀਆਂ' ਛੁਪੀਆਂ ਹੋਈਆਂ ਸਨ, ਤੇ ਇਨ੍ਹਾਂ ਖੇਡਾਂ ਵਿਚ ਲੋਕਾਂ ਦੇ ਪੈਸੇ ਦੀ ਰੱਜ ਕੇ ਬਰਬਾਦੀ ਕੀਤੀ ਗਈ ਹੈ। ਕੈਗ ਮੁਤਾਬਕ ਇਨ੍ਹਾਂ ਖੇਡਾਂ ਬਾਰੇ ਕਦਮ-ਦਰ-ਕਦਮ ਬੇਨੇਮੀਆਂ ਅਤੇ ਗੜਬੜਾਂ ਹੋਈਆਂ ਹਨ। ਇਹ ਗੜਬੜਾਂ ਇੰਤਜ਼ਾਮੀਆ ਕਮੇਟੀ ਦੀ ਕਾਇਮੀ ਤੋਂ ਲੈ ਕੇ ਦਿੱਲੀ ਵਿਚ ਸਟੇਡੀਅਮਾਂ ਤੇ ਹੋਰ ਬੁਨਿਆਦੀ ਢਾਂਚੇ ਦੇ ਉਸਾਰੀ ਪ੍ਰਾਜੈਕਟਾਂ ਤੱਕ ਅਤੇ ਖੇਡਾਂ ਦੇ ਪ੍ਰਸਾਰਨ ਲਈ ਮੀਡੀਆ ਅਧਿਕਾਰ ਵੰਡੇ ਜਾਣ ਤੱਕ ਹਰ ਥਾਈਂ ਹੋਈਆਂ ਹਨ। ਰਿਪੋਰਟ ਮੁਤਾਬਕ ਖੇਡਾਂ ਦੇ ਪ੍ਰਾਜੈਕਟਾਂ ਵਿਚ 30 ਕਰੋੜ ਰੁਪਏ ਤੱਕ ਦੇ ਹੋਏ ਫ਼ਜ਼ੂਲ ਖਰਚੇ ਅਤੇ ਪੈਸੇ ਦੀ ਬਰਬਾਦੀ ਦਾ ਬੀਬੀ ਸ਼ੀਲਾ ਦੀਕਸ਼ਿਤ ਨੂੰ ਪੂਰਾ ਪਤਾ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਿੱਲੀ ਦੀਆਂ 'ਗਲੀਆਂ ਨੂੰ ਸੁੰਦਰ ਬਣਾਉਣ ਦਾ ਪ੍ਰਾਜੈਕਟ ਗ਼ਲਤ ਢੰਗ ਨਾਲ ਤਿਆਰ ਕੀਤਾ ਗਿਆ ਸੀ, ਤੇ ਇਸ ਬਾਰੇ ਕੋਈ ਯੋਜਨਾ ਵੀ ਨਹੀਂ ਘੜੀ ਗਈ ਸੀ। ਸਲਾਹਕਾਰਾਂ ਦੀ ਚੋਣ ਵੀ 'ਆਪਹੁਦਰੀ ਤੇ ਪਾਰਦਰਸ਼ਤਾ ਰਹਿਤ' ਸੀ। ਰਿਪੋਰਟ 'ਚ ਕਿਹਾ ਕਿ ਇਨ੍ਹਾਂ ਮਾਮਲਿਆਂ ਵਿਚ ਦਿੱਲੀ ਦੀ ਮੁੱਖ ਮੰਤਰੀ ਦੀ ਸਰਗਰਮ ਸ਼ਮੂਲੀਅਤ ਸੀ ਅਤੇ ਉਨ੍ਹਾਂ ਵੱਲੋਂ ਕੰਪਨੀਆਂ ਤੇ ਸੇਵਾਵਾਂ ਦੇਣ ਵਾਲਿਆਂ ਨੂੰ ਲਾਭ ਪਹੁੰਚਾਏ ਗਏ ਜੋ ਯੋਗ ਨਹੀਂ ਸਨ। ਹੋਰ ਤਾਂ ਹੋਰ, ਖੇਡਾਂ ਤੋਂ ਪਹਿਲਾਂ ਠੇਕੇ ਦੇਣ ਦੀ ਕਾਰਵਾਈ 'ਬਹੁਤ ਹੀ ਬੇਨੇਮੀ ਵਾਲੀ ਤੇ ਨਿਕੰਮੀ' ਸੀ ਅਤੇ ਬਹੁਤੇ ਮੌਕਿਆਂ 'ਤੇ ਸਿਰਫ਼ ਇਕ ਧਿਰ ਨੇ ਹੀ ਟੈਂਡਰ ਭਰੇ, ਤੇ 'ਅਯੋਗ' ਟੈਂਡਰਕਾਰਾਂ ਨੂੰ ਠੇਕੇ ਦੇ ਦਿੱਤੇ ਗਏ।

ਪ੍ਰਧਾਨ ਮੰਤਰੀ ਦਫ਼ਤਰ 'ਤੇ ਵੀ ਮੌਕੇ ਦੇ ਕੇਂਦਰੀ ਖੇਡ ਮੰਤਰੀ ਸੁਨੀਲ ਦੱਤ ਵੱਲੋਂ ਇਤਰਾਜ਼ ਕੀਤੇ ਜਾਣ ਦੇ ਬਾਵਜੂਦ ਕਲਮਾਡੀ ਨੂੰ ਇੰਤਜ਼ਾਮੀਆ ਕਮੇਟੀ ਦਾ ਮੁਖੀ ਬਣਾਉਣ ਦਾ ਦੋਸ਼ ਲਾਇਆ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੁਰੇਸ਼ ਕਲਮਾਡੀ ਨੂੰ ਇੰਤਜ਼ਾਮੀਆ ਕਮੇਟੀ ਦਾ ਚੇਅਰਮੈਨ ਬਣਾਉਣ ਦੇ ਫ਼ੈਸਲੇ ਦਾ ਅਸਰ ਇਹ ਹੋਇਆ ਕਿ ਇੰਤਜ਼ਾਮੀਆ ਕਮੇਟੀ ਜੋ ਮੁੱਢਲੇ ਤੌਰ 'ਤੇ ਸਰਕਾਰੀ ਸੰਸਥਾ ਸੀ, ਉਹ ਸਰਕਾਰ ਦੇ ਕੰਟਰੋਲ ਤੋਂ ਬਾਹਰ ਚਲੀ ਗਈ। ਉਸ ਵੇਲੇ ਦੇ ਖੇਡ ਮੰਤਰੀ ਮਰਹੂਮ ਸੁਨੀਲ ਦੱਤ ਦੇ ਜ਼ੋਰਦਾਰ ਇਤਰਾਜ਼ਾਂ ਦੇ ਬਾਵਜੂਦ ਦਸੰਬਰ 2004 ਵਿਚ ਪੀ.ਐਮ.ਓ. ਦੀ ਸਿਫ਼ਾਰਸ਼ ਦੇ ਆਧਾਰ 'ਤੇ ਕਲਮਾਡੀ ਨੂੰ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਗਿਆ।

ਇੰਤਜ਼ਾਮੀਆ ਕਮੇਟੀ ਦੇ ਕੰਮਕਾਜ ਬਾਰੇ ਵਿਸ਼ੇਸ਼ ਵੇਰਵੇ ਸਹਿਤ ਅਧਿਆਏ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਕਮੇਟੀ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ.ਓ.ਏ.) ਜਿਸ ਦਾ ਕਲਮਾਡੀ ਹੀ ਮੁਖੀ ਸੀ, ਦੇ ਰਾਬਤੇ ਬਾਰੇ ਕੁਝ ਵੀ ਸਪੱਸ਼ਟ ਨਹੀਂ। ਇਸ ਦੇ ਸਿੱਟੇ ਵਜੋਂ ਵੱਖੋ-ਵੱਖ ਤਰੀਕਿਆਂ ਰਾਹੀਂ ਇੰਤਜ਼ਾਮੀਆ ਕਮੇਟੀ ਦੀ ਕੀਮਤ 'ਤੇ ਆਈ.ਓ.ਏ. ਨੂੰ ਲਾਭ ਹਾਸਲ ਹੋ ਗਏ। ਰਿਪੋਰਟ ਮੁਤਾਬਕ ਕਲਮਾਡੀ ਨੇ ਕਈ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਇਆ। ਇੰਤਜ਼ਾਮੀਆ ਕਮੇਟੀ ਦੇ ਮੁਖੀ ਨੇ 'ਬਹੁਤ ਹੀ ਸ਼ੱਕੀ' ਅਦਾਇਗੀਆਂ ਕੀਤੀਆਂ। ਕੁਈਨਜ਼ ਬੈਟਨ ਰਿਲੇਅ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਮੁਤੱਲਕ 'ਬਹੁਤ ਹੀ ਸ਼ੱਕੀ ਤੇ ਗੁੰਮਨਾਮ ਜਿਹੀਆਂ' ਕੰਪਨੀਆਂ ਨੂੰ ਅਦਾਇਗੀਆਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਏ.ਐਮ. ਫ਼ਿਲਮਜ਼ ਯੂ.ਕੇ. ਲਿਮਟਿਡ ਤੇ ਏ.ਐਮ. ਕਾਰ ਐਂਡ ਵੈਨ ਹਾਇਰ ਲਿਮਟਿਡ ਸ਼ਾਮਲ ਹਨ।

## ਅਕਾਲੀ ਆਗੂ ਵੱਲੋਂ ਪਤਨੀ ਦੀ ਹੱਤਿਆ ਤੋਂ ਬਾਅਦ ਖ਼ੁਦਕੁਸ਼ੀ

**ਸੰਗਰੂਰ:** ਭਦੌੜ ਨੇੜੇ ਪਿੰਡ ਨੈਣੇਵਾਲ ਵਿਖੇ ਨੌਜਵਾਨ ਅਕਾਲੀ ਆਗੂ ਨੇ ਆਪਣੀ ਸਰਪੰਚ ਪਤਨੀ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕਸ਼ੀ ਕਰ ਲਈ ਹੈ। ਪੁਲਿਸ ਅਨੁਸਾਰ ਕੁਲਦੀਪ ਸਿੰਘ (35) ਰਾਤ ਨੂੰ ਘਰ ਆਇਆ ਤੇ ਆਪਣੇ ਕਮਰੇ ਵਿਚ ਲੇਟ ਗਿਆ ਜਦੋਂ ਉਸ ਦੀ ਸਰਪੰਚ ਪਤਨੀ ਚਰਨਜੀਤ ਕੌਰ ਰੋਟੀ ਲੈ ਕੇ ਗਈ ਤਾਂ ਕੁਲਦੀਪ ਨੇ ਕਮਰੇ ਨੂੰ ਬੰਦ ਕਰਕੇ ਆਪਣੀ ਰਾਈਫਲ ਨਾਲ ਪਤਨੀ ਦੇ ਪੇਟ ਵਿਚ ਗੋਲੀ ਮਾਰ ਦਿੱਤੀ ਤੇ ਨਾਲ ਹੀ ਆਪਣੇ ਸਿਰ 'ਚ ਗੋਲੀ ਮਾਰ ਕੇ ਖੁਦਕਸ਼ੀ ਕਰ ਲਈ। ਮ੍ਰਿਤਕ ਆਪਣੇ ਪਿੱਛੇ ਇਕ ਲੜਕਾ ਤੇ ਲੜਕੀ ਛੱਡ ਗਏ।


Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ






Ph:510-415-7700, 800-498-3626, 408-480-4500
S&S Satellite System - e-mail: sns_satellite@yahoo.com

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



Punjab Insurance Agency

7212 Florin Mall Dr., Sacramento, CA, (CA Lic. 0C53799)
Ph: 916-391-7447, 916-391-7553, Fax: 916-391-7337

ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਇਮੀਗਰੇਸ਼ਨ ਸੇਵਾਵਾਂ:

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

*Family Petitions, Re-Entry, Affidavit of Support, Citizenship, Green Card, Work Permit, OCI , Visa & Passport Services.*

ਇੰਸ਼ੋਰੈਂਸ ਸੇਵਾਵਾਂ

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ

Notary Public, Live Certificate, Translation

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

*ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ*
*ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ*

ਮਨਜੀਤ ਸਿੰਘ 916-391-7447
ਸਜਵੀਰ ਸਿੰਘ 916-391-7553

ਪੰਜਾਬ ਟਾਈਮਜ਼

*ਸਨਿਚਰਵਾਰ, 13 ਅਗਸਤ 2011*

# ਪੰਜਾਬ, ਪਰਵਾਸ ਤੇ ਮਨਪ੍ਰੀਤ ਬਾਦਲ

ਉਤਰੀ ਅਮਰੀਕਾ ਦੇ ਦੌਰੇ ਉਤੇ ਆਏ ਹੋਏ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਪੰਜਾਬੀ ਪਰਵਾਸੀਆਂ ਨੇ ਹੱਥਾਂ ਉਤੇ ਚੁੱਕ ਲਿਆ ਹੈ, ਅੱਖਾਂ ਦੀਆਂ ਪਲਕਾਂ 'ਤੇ ਬਿਠਾ ਲਿਆ ਹੈ। ਉਹ ਪੰਜਾਬ ਦਾ ਸ਼ਾਇਦ ਪਹਿਲਾ ਅਜਿਹਾ ਲੀਡਰ ਹੈ ਜਿਸ ਦੀਆਂ ਨਿਰੋਲ ਸਿਆਸੀ ਰੈਲੀਆਂ ਇਉਂ ਵਿਦੇਸ਼ ਦੀ ਧਰਤੀ 'ਤੇ ਹੋਈਆਂ ਹਨ। ਇਸ ਤੋਂ ਪਹਿਲਾਂ ਪੰਜਾਬ ਤੋਂ ਗਏ ਲੀਡਰਾਂ ਦੇ ਇਕੱਠ ਤਾਂ ਬਥੇਰੇ ਭਰਦੇ ਰਹੇ ਹਨ ਪਰ ਜੋ ਰੰਗ ਮਨਪ੍ਰੀਤ ਸਿੰਘ ਬਾਦਲ ਦੇ ਇਕੱਠਾਂ ਨੇ ਬੰਨ੍ਹਿਆਂ ਹੈ, ਉਹ ਆਪਣੇ-ਆਪ ਵਿਚ ਐਨ ਵੱਖਰਾ ਵਰਤਾਰਾ ਹੈ ਜੋ ਪਰਵਾਸੀਆਂ ਨੇ ਆਪ ਅੱਖੀਂ ਵਾਪਰਦਾ ਦੇਖਿਆ ਹੈ। ਮੂਲ ਰੂਪ ਵਿਚ ਇਸ ਦੇ ਦੋ ਕਾਰਨ ਹਨ। ਇਕ ਤਾਂ ਪੰਜਾਬ ਦੀ ਦੂਸ਼ਿਤ ਸਿਆਸਤ ਅਤੇ ਦੂਜੀ, ਖੁਦ ਮਨਪ੍ਰੀਤ ਸਿੰਘ ਬਾਦਲ ਦੀ ਸ਼ਖਸੀਅਤ ਹੈ। ਇਸ ਵੇਲੇ ਪੰਜਾਬ ਹੀ ਨਹੀਂ, ਸਮੁੱਚੇ ਭਾਰਤ ਦੀ ਸਿਆਸਤ ਜਿਸ ਤਰ੍ਹਾਂ ਲੀਹੋਂ ਲੱਥੀ ਹੋਈ ਹੈ, ਉਸ ਨਾਲ ਪੈਦਾ ਹੋਏ ਖਲਾਅ ਵਿਚੋਂ ਅਜਿਹੇ ਹੀ ਵਰਤਾਰੇ ਜਨਮ ਲੈਂਦੇ ਹਨ। ਮਨਪ੍ਰੀਤ ਸਿੰਘ ਬਾਦਲ ਨੇ ਇਸ ਖਲਾਅ ਨੂੰ ਐਨ ਮੌਕੇ ਸਿਰ ਭਰਨ ਦਾ ਭਰਪੂਰ ਯਤਨ ਕੀਤਾ ਹੈ ਪਰ ਵਿਚਾਰਨ ਵਾਲਾ ਮਸਲਾ ਹੁਣ ਇਹ ਬਣ ਗਿਆ ਹੈ ਕਿ ਜਿਸ ਤਰ੍ਹਾਂ ਦਾ ਉਤਸ਼ਾਹ ਅਤੇ ਹੁੰਗਾਰਾ ਉਸ ਨੂੰ 'ਪਰੇਦਸੀ ਪੰਜਾਬ' ਤੋਂ ਮਿਲਿਆ ਹੈ, ਉਹ ਪੰਜਾਬ ਵਿਚੋਂ ਫਿਲਹਾਲ ਨਹੀਂ ਮਿਲਿਆ। ਇਸ ਤੋਂ ਪੰਜਾਬ ਦੀ ਸਿਆਸਤ ਅਤੇ ਸਮਾਜਕ ਖੇਤਰ ਵਿਚ ਸਦਾ-ਸਦਾ ਲਈ ਹਾਜ਼ਰ-ਨਾਜ਼ਰ ਰਹਿੰਦੇ ਦਾਬੇ ਦੀ ਸੂਹ ਮਿਲਦੀ ਹੈ। ਇਸ ਵੇਲੇ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਪਰਿਵਾਰ ਦਾ ਜੋ ਦਾਬਾ ਬਣ ਗਿਆ ਹੈ, ਉਸ ਦਾ ਅਸਰ ਅਤੇ ਅੰਦਾਜ਼ ਸੁੱਟ ਪਾਉਣ ਵਾਲਾ ਨਹੀਂ ਹੈ। ਖੌਰੇ ਇਸੇ ਕਰਕੇ ਹੀ ਕੁਝ ਸਿਆਸੀ ਮਾਹਿਰ ਐਤਕੀਂ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਮਨਪ੍ਰੀਤ ਸਿੰਘ ਬਾਦਲ ਲਈ ਅਭਿਆਸ-ਮਾਤਰ ਹੀ ਖਿਆਲ ਕਰ ਰਹੇ ਹਨ। ਇਨ੍ਹਾਂ ਮਾਹਿਰਾਂ ਮੁਤਾਬਕ ਮਨਪ੍ਰੀਤ ਦੀ ਸਿਆਸਤ ਦਾ ਰੰਗ ਐਤਕੀਂ ਵਾਲੀਆਂ ਚੋਣਾਂ ਵਿਚ ਘੱਟ, 2017 ਵਾਲੀਆਂ ਚੋਣਾਂ ਵਿਚ ਵਧੇਰੇ ਉਘੜਨਾ ਹੈ। ਖੈਰ, ਮਨਪ੍ਰੀਤ ਦੀ ਸਿਆਸਤ ਦਾ ਇਕ ਖਾਸਾ ਤਾਂ ਹੈ ਹੀ ਕਿ ਇਸ ਨੇ ਬਾਦਲਾਂ ਦੇ ਦਾਬੇ ਨੂੰ ਕਰਾਰੇ ਹੱਥੀਂ ਵੰਗਾਰਿਆ ਹੈ। ਇਸੇ ਕਰਕੇ ਹੀ ਉਸ ਨੂੰ ਸਿਆਸੀ ਪਿੜ ਵਿਚ ਇੰਨੇ ਵੱਡੇ ਪੱਧਰ 'ਤੇ ਹੁੰਗਾਰਾ ਮਿਲ ਸਕਿਆ ਹੈ।

ਹੁੰਗਾਰੇ ਦਾ ਦੂਜਾ ਵੱਡਾ ਕਾਰਨ ਮਨਪ੍ਰੀਤ ਦੀ ਆਪਣੀ ਸ਼ਖਸੀਅਤ ਹੈ। ਉਹ ਆਪ ਭਾਵੇਂ ਬਾਦਲ ਪਰਿਵਾਰ ਦੇ ਹਿੱਸੇ ਵਜੋਂ ਹੀ ਸਿਆਸਤ ਦੇ ਪਿੜ ਵਿਚ ਆਇਆ ਸੀ, ਪਰ ਉਸ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਬਾਦਲ ਪਰਿਵਾਰ ਦੀ ਸਿਰੇ ਦੀ ਚੜ੍ਹਤ ਦੇ ਬਾਵਜੂਦ ਆਪਣਾ ਜੋ ਅਕਸ ਬਣਾਇਆ ਹੈ, ਉਹ ਅਸਲ ਵਿਚ ਉਸ ਦੀ ਵੱਖਰੀ ਸ਼ਖਸੀਅਤ ਦੀ ਹੀ ਕਮਾਈ ਹੈ। ਕਈ ਮਾਮਲਿਆਂ ਵਿਚ ਉਸ ਨੇ ਪਹਿਲਾਂ ਪਈ ਲੀਹ ਤੋਂ ਹਟ ਕੇ ਤੁਰਨ ਦਾ ਯਤਨ ਕੀਤਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਸਿਆਸੀ ਸੱਤਾ ਨੂੰ ਉਸ ਨੇ ਨਸ਼ੇ ਵਾਂਗ ਨਹੀਂ ਚੜ੍ਹਨ ਦਿੱਤਾ। ਇਸੇ ਕਰਕੇ ਹੀ ਉਹ ਅਕਾਲੀ ਦਲ ਤੋਂ ਬਗਾਵਤ ਕਰਕੇ ਇੰਨੀ ਵੱਡੀ ਛਾਲ ਮਾਰ ਸਕਿਆ ਹੈ। ਅਕਾਲੀ ਦਲ ਵਿਚ ਹੁਣ ਤੱਕ ਜਿੰਨੀਆਂ ਵੀ ਬਗਾਵਤਾਂ ਹੋਈਆਂ ਹਨ, ਉਸ ਵਿਚੋਂ ਮਨਪ੍ਰੀਤ ਦੀ ਬਗਾਵਤ ਐਨ ਵੱਖਰੀ ਦਿਸਦੀ ਹੈ। ਪਹਿਲੀਆਂ ਬਗਾਵਤਾਂ ਮੁੱਖ ਅਕਾਲੀ ਧੜੇ ਉਤੇ ਇਸ ਦਾਅ ਕਦੇ ਵੀ ਅਸਰਅੰਦਾਜ਼ ਨਹੀਂ ਹੋ ਸਕੀਆਂ। ਨਤੀਜਨ, ਕੁਝ ਸਮਾਂ ਪਾ ਕੇ ਜਾਂ ਤਾਂ ਇਹ ਬੇਅਸਰ ਹੋ ਗਈਆਂ ਜਾਂ ਇਨ੍ਹਾਂ ਦੇ ਲੀਡਰ ਵਾਪਸ ਦਲ ਵਿਚ ਆਣ ਸ਼ਾਮਲ ਹੋਏ। ਹੁਣ ਤੱਕ ਦੇ ਰਵੱਈਏ ਤੋਂ ਜ਼ਾਹਿਰ ਹੁੰਦਾ ਹੈ ਕਿ ਮਨਪ੍ਰੀਤ ਵਾਪਸੀ ਦੀ ਹਰ ਸੰਭਾਵਨਾ ਉਤੇ ਗੂੜ੍ਹੇ ਲਾਲ ਰੰਗ ਦਾ ਕਾਟਾ ਫੇਰ ਕੇ ਆਇਆ ਹੈ। ਇਸ ਤੋਂ ਬਾਅਦ ਅਹਿਮ ਗੱਲ ਇਹ ਹੋਈ ਕਿ ਸਿਆਸੀ ਪਿੜ ਵਿਚ ਉਹਦੀ ਆਮਦ ਨਾਲ ਪੰਜਾਬ ਵਿਚ ਬਹੁਤ ਚਿਰਾਂ ਪਿੱਛੋਂ ਪਹਿਲੀ ਵਾਰ ਤੀਜੇ ਫਰੰਟ ਦੀ ਗੱਲ ਚੱਲ ਨਿਕਲੀ ਹੈ। ਪੰਜਾਬ ਦੀ ਸਿਆਸਤ ਦੇ ਕੁੱਝ ਦਹਾਕਿਆਂ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਸੁੱਟੀ ਜਾਵੇ ਤਾਂ ਤੀਜੇ ਮੋਰਚੇ ਦੀ ਅਹਿਮੀਅਤ ਦਾ ਪਤਾ ਲੱਗ ਜਾਂਦਾ ਹੈ। ਦਰਅਸਲ ਇਸ ਮੋਰਚੇ ਦੀ ਕਮਜ਼ੋਰੀ ਵਿਚੋਂ ਹੀ ਬਾਦਲ ਪਰਿਵਾਰ ਦੇ ਸਿਆਸੀ ਗਲਬੇ ਅਤੇ ਕਬਜ਼ੇ ਦੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਹੁਣ ਦੇਖਣਾ ਇਹ ਹੈ ਕਿ ਮਨਪ੍ਰੀਤ ਇਸ ਮੋਰਚੇ ਨੂੰ ਠੁਕਦਾਰ ਬਣਾਉਣ ਵਿਚ ਕਿੰਨਾ ਕੁ ਕਾਮਯਾਬ ਹੁੰਦਾ ਹੈ। ਇਸ ਕਾਮਯਾਬੀ ਨਾਲ ਹੀ ਉਸ ਦੀ ਸਿਆਸਤ ਦੀ ਸ਼ਕਤੀ ਅਤੇ ਸਫਲਤਾ ਜੁੜੀ ਹੋਈ ਹੈ। ਇਹ ਰਾਸਤਾ ਲੋਕ ਕਹਾਣੀਆਂ ਵਿਚ ਆਉਂਦੀ ਉਸ ਚੌਥੀ ਕੂਟ ਵਰਗਾ ਹੈ ਜਿਸ ਉਤੇ ਤੁਰੇ ਨਾਇਕ ਨੂੰ ਦੁਸ਼ਵਾਰੀਆਂ ਨਾਲ ਵਾਰ-ਵਾਰ ਦੋ-ਚਾਰ ਹੋਣਾ ਪੈਂਦਾ ਹੈ। ਫਿਲਹਾਲ ਮਨਪ੍ਰੀਤ ਇਸੇ ਚੌਥੀ ਕੂਟ ਦਾ ਨਾਇਕ ਹੈ। ਪੰਜਾਬ ਅੱਜ ਕੱਲ੍ਹ ਜਿਸ ਤਰ੍ਹਾਂ ਦੀ ਸੌੜੀ ਸਿਆਸਤ ਦੀ ਮਾਰ ਖਾ ਰਿਹਾ ਹੈ, ਉਸ ਨੂੰ ਪਛਾੜ ਦੇਣ ਲਈ ਬਹੁਤ ਪੱਕੇ ਪੈਰੀਂ ਤੁਰ ਸਕਣ ਵਾਲੀ ਤਾਕਤ ਦੀ ਲੋੜ ਹੈ; ਉਹ ਤਾਕਤ ਜਿਸ ਦਾ ਨਿਹਚਾ ਸੌੜੀ ਸਿਆਸਤ ਨੂੰ ਤੂੰਬਾ-ਤੂੰਬਾ ਉਡਾਉਣ ਦਾ ਹੋਵੇ। ਸੌੜੀ ਸਿਆਸਤ ਦੀ ਮਾਰ ਖਾ ਰਹੇ ਪੰਜਾਬੀਆਂ ਨੇ ਇਹ ਨਿਹਚਾ ਮਨਪ੍ਰੀਤ ਸਿੰਘ ਬਾਦਲ ਦੇ ਰੂਪ ਵਿਚ ਦੇਖਿਆ ਹੈ। ਮਨਪ੍ਰੀਤ ਵੱਲੋਂ ਸਿਰਜੇ ਜਾ ਰਹੇ ਭਵਿੱਖ ਦਾ ਨਕਸ਼ਾ ਅਜੇ ਤਾਂ ਉਸ ਦੇ ਭਾਸ਼ਣਾਂ ਵਿਚ ਹੀ ਦੇਖਣ-ਸੁਣਨ ਨੂੰ ਮਿਲ ਰਿਹਾ ਹੈ। ਇਸ ਨੇ ਠੋਸ ਰੂਪ ਅਜੇ ਅਖਤਿਆਰ ਕਰਨਾ ਹੈ। ਜਿਸ ਧਰਤੀ 'ਤੇ ਅੱਜ ਮਨਪ੍ਰੀਤ ਘੁੰਮ ਰਿਹਾ ਹੈ, ਉਸ ਧਰਤੀ ਤੋਂ ਇਕ ਸਦੀ ਪਹਿਲਾਂ ਗਦਰ ਮਚਾਉਣ ਵਾਲਿਆਂ ਦਾ ਕਾਫਲਾ ਚੱਲਿਆ ਸੀ। ਇਸ ਕਾਫਲੇ ਦਾ ਉਹ ਯਤਨ ਭਾਵੇਂ ਕਾਮਯਾਬ ਨਹੀਂ ਸੀ ਹੋਇਆ, ਪਰ ਉਸ ਕਾਫਲੇ ਨੇ ਅਜਿਹੀ ਮਿਸਾਲ ਪੈਦਾ ਕੀਤੀ ਕਿ ਗਦਰ ਅੱਜ ਵੀ ਤਖਤੇ ਪਲਟਾਉਣ ਦੀ ਚਾਹ ਰੱਖਣ ਵਾਲਿਆਂ ਲਈ ਪ੍ਰੇਰਨਾ ਦਾ ਵੱਡਾ ਸਰੋਤ ਹੈ। ਅੱਜ ਕੇਂਦਰੀ ਸ਼ਾਸਕਾਂ ਦੀਆਂ ਨੀਤੀਆਂ ਨੇ ਆਮ ਆਦਮੀ ਦਾ ਜੀਣਾ ਦੁਸ਼ਵਾਰ ਕੀਤਾ ਹੋਇਆ ਹੈ। ਮਨਪ੍ਰੀਤ ਕੇਂਦਰੀ ਸ਼ਾਸਕਾਂ ਦੀਆਂ ਇਨ੍ਹਾਂ ਆਰਥਿਕ ਨੀਤੀਆਂ ਨੂੰ ਕਿਸ ਤਰ੍ਹਾਂ ਟੱਕਰਦਾ ਹੈ, ਇਸ ਨੇ ਹੀ ਉਸ ਦੇ ਚੌਥੇ ਕੂਟ ਦੇ ਨਾਇਕ ਹੋਣ ਦੀ ਪੁਸ਼ਟੀ ਕਰਨੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸੁਣਿਉਂ ਭਾਈ ਪੀਰ ਮੁਹੰਮਦ !*

ਬਣਦੈ ਪੰਥ ਦੇ ਜ਼ਖਮਾਂ ਦਾ ਬਹੁਤ ਦਰਦੀ, ਵਿਚ ਮੀਡੀਏ ਨਾਮ ਚਮਕਾਉਣ ਦੇ ਲਈ।
'ਨਾਟਕ' ਹੁੰਦਾ ਏ ਦੇਸ਼-ਵਿਦੇਸ਼ ਅੰਦਰ, ਸਿੱਖ ਪੰਥ ਨੂੰ 'ਜਸਟਿਸ' ਦਿਵਾਉਣ ਦੇ ਲਈ।
ਬਣਿਆ ਮੋਹਰਾ ਸ਼ਤਰੰਜ ਦੀ ਖੇਡ ਵਾਲਾ, ਯਾਰੀ 'ਮਾਲਕਾਂ' ਨਾਲ ਨਿਭਾਉਣ ਦੇ ਲਈ।
ਬੁਰਕਾ ਉਤੋਂ ਫੈਡਰੇਸ਼ਨ ਦਾ ਪਹਿਨਿਆ ਏ, 'ਫੰਡਾ-ਰੇਸ਼ਨ' ਦੀ ਜੁਗਤ ਬਣਾਉਣ ਦੇ ਲਈ।
ਦੁੰਮ-ਛੱਲੇ ਨਹੀਂ ਬਣਨ ਨੂੰ ਦੇਰ ਲਾਉਂਦੇ, ਐਸੇ ਛੱਡਦਾ ਮਕਰ ਦੇ ਤੀਰ ਬਾਦਲ।
ਹਜ਼ਰਤ ਸਾਹਿਬ ਨੂੰ ਕਾਹਤੋਂ ਬਦਨਾਮ ਕਰਦੈਂ! ਨਾਮ ਰੱਖ ਲੈ ਯਾਰਾ ਤੂੰ ਪੀਰ ਬਾਦਲ!!

# ਕਿਸ ਕਰਵਟ ਬੈਠੇਗਾ ਨਵਾਂ ਭੋਂ-ਪ੍ਰਾਪਤੀ ਕਾਨੂੰਨ?

***ਜ਼ਮੀਨ ਐਕਵਾਇਰ ਕਰਨ ਦੇ ਅਮਲਾਂ ਨੇ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਹੈ, ਉਨ੍ਹਾਂ ਨੂੰ ਅੰਦੋਲਨ ਚਲਾਉਣ, ਤੇ ਇਥੋਂ ਤੱਕ ਕਿ ਪੁਲਿਸ ਦੀਆਂ ਗੋਲੀਆਂ ਖਾਣ ਲਈ ਵੀ ਮਜਬੂਰ ਕੀਤਾ ਹੈ। ਸਾਰੇ ਭਾਰਤ ਵਿਚ ਅਜਿਹੇ ਅਮਲਾਂ ਤੋਂ ਪੀੜਤ ਕਿਸਾਨ ਮੁਜ਼ਾਹਰੇ ਕਰ ਰਹੇ ਹਨ ਅਤੇ ਸਰਕਾਰ ਉਤੇ ਗ਼ੈਰ-ਵਾਜਬ ਮੁਆਵਜ਼ੇ ਤੇ ਜ਼ਮੀਨ ਐਕਵਾਇਰ ਕਰਨ ਦਾ ਜਬਰੀ ਤਰੀਕਾ ਵਰਤਣ ਦਾ ਦੋਸ਼ ਲਾ ਰਹੇ ਹਨ। ਜ਼ਮੀਨ ਨੂੰ ਐਕਵਾਇਰ ਕਰਨ, ਇਸ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੇ ਮੁੜ-ਵਸੇਬੇ ਅਤੇ ਮੁੜ-ਸਥਾਪਤੀ ਸਬੰਧੀ ਬਿੱਲ ਦਾ ਖਰੜਾ ਵੱਖਰੇ ਮੁਆਵਜ਼ਾ ਪੈਕੇਜਾਂ ਦੀ ਗੱਲ ਕਰਦਾ ਹੈ ਜਿਸ ਤਹਿਤ ਤਿੰਨ ਪੱਖਾਂ ਦਾ ਜ਼ਿਕਰ ਹੈ: ਜ਼ਮੀਨ ਦੀ ਬਾਜ਼ਾਰੀ ਕੀਮਤ, ਜ਼ਮੀਨ ਨਾਲ ਜੁੜੀ ਜਾਇਦਾਦ ਦੀ ਕੀਮਤ ਅਤੇ ਪੇਂਡੂ ਤੇ ਸ਼ਹਿਰੀ ਖੇਤਰਾਂ ਲਈ ਕੁੱਲ ਮੁਆਵਜ਼ੇ ਦੀ 100 ਫ਼ੀਸਦੀ ਅਦਾਇਗੀ।***

■ **ਗੋਬਿੰਦ ਠੁਕਰਾਲ**



ਕਾਂਗਰਸ ਦੀ ਅਗਵਾਈ ਵਾਲਾ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਮਹਿਸੂਸ ਕਰਦਾ ਹੈ ਕਿ ਜ਼ਮੀਨ ਐਕਵਾਇਰ ਕਰਨ ਬਾਰੇ ਤਜਵੀਜ਼ਸ਼ੁਦਾ ਕਾਨੂੰਨ, ਸਨਅਤੀ ਨਿਵੇਸ਼ ਵਿਚ ਵੱਡਾ ਅੜਿੱਕਾ ਦੂਰ ਕਰ ਸਕਦਾ ਹੈ ਅਤੇ ਮੁੜ ਵਸੇਬੇ ਤੇ ਮੁੜ-ਸਥਾਪਤੀ ਵਰਗੇ ਮਸਲਿਆਂ ਨੂੰ ਮੁਖਾਤਿਬ ਹੋ ਸਕਦਾ ਹੈ। ਇਹ ਜਿਥੇ ਜ਼ਮੀਨ ਮਾਲਕਾਂ ਅਤੇ ਜ਼ਮੀਨ 'ਤੇ ਨਿਰਭਰ ਰੋਜ਼ੀ-ਰੋਟੀ ਗੁਆਉਣ ਵਾਲਿਆਂ, ਦੋਵਾਂ ਨੂੰ ਸੁਰੱਖਿਆ ਮੁਹੱਈਆ ਕਰ ਸਕਦਾ ਹੈ, ਉਥੇ ਇਹ 'ਜਨਤਕ ਉਦੇਸ਼' ਨੂੰ ਵੀ ਪਰਿਭਾਸ਼ਿਤ ਕਰਦਾ ਹੈ ਜਿਸ ਲਈ ਜ਼ਮੀਨ ਸਰਕਾਰ ਵੱਲੋਂ ਐਕਵਾਇਰ ਕੀਤੀ ਜਾ ਸਕਦੀ ਹੈ। ਸਿਆਸੀ ਜ਼ਰੂਰਤ ਨੂੰ ਧਿਆਨ ਵਿਚ ਰੱਖਦਿਆਂ ਬਿੱਲ ਦਾ ਖਰੜਾ ਵਾਅਦਾ ਕਰਦਾ ਹੈ ਕਿ ਸਰਕਾਰ ਨਿੱਜੀ ਉਦੇਸ਼ਾਂ ਲਈ ਨਿੱਜੀ ਕੰਪਨੀਆਂ ਲਈ ਜ਼ਮੀਨ ਐਕਵਾਇਰ ਨਹੀਂ ਕਰੇਗੀ। ਇਹ ਕਿਸੇ ਵੀ ਤਰ੍ਹਾਂ ਬਹੁ-ਫਸਲੀ ਉਤਪਾਦਨ ਦੀ ਸਮਰੱਥਾ ਵਾਲੀ ਸਿੰਜਾਈ ਸਹੂਲਤਾਂ ਪ੍ਰਾਪਤ ਜ਼ਮੀਨ ਨੂੰ ਨਹੀਂ ਛੇੜੇਗੀ। ਨਿੱਜੀ ਖੇਤਰ ਦੀਆਂ ਕੰਪਨੀਆਂ ਸਿੱਧੇ ਤੌਰ 'ਤੇ ਕਿਸਾਨਾਂ ਅਤੇ ਹੋਰਾਂ ਤੋਂ ਜ਼ਮੀਨਾਂ ਖਰੀਦ ਸਕਦੇ ਹਨ। ਇਸ ਲਈ ਸ਼ਹਿਰੀ ਖੇਤਰਾਂ ਵਿਚ ਜ਼ਮੀਨ ਬਦਲੇ ਮੁਆਵਜ਼ਾ ਬਾਜ਼ਾਰੀ ਕੀਮਤਾਂ ਤੋਂ ਦੁੱਗਣਾ ਹੋਵੇਗਾ ਅਤੇ ਪੇਂਡੂ ਖੇਤਰਾਂ ਵਿਚ ਇਹ ਮੁਢਲੀਆਂ ਬਾਜ਼ਾਰੀ ਕੀਮਤਾਂ ਤੋਂ ਛੇ ਗੁਣਾ ਵੱਧ ਹੋਵੇਗਾ। ਸਬੰਧਿਤ ਪਿੰਡਾਂ ਦੇ ਲੋਕਾਂ ਦੀ 80 ਫ਼ੀਸਦੀ ਸਹਿਮਤੀ ਇਸ ਲਈ ਮੁਢਲੀ ਸ਼ਰਤ ਹੋਵੇਗੀ। ਰੋਟੀ-ਰੋਜ਼ੀ ਦੇ ਪੱਖ ਤੋਂ ਭਾਵੇਂ ਜ਼ਮੀਨ 'ਤੇ ਨਿਰਭਰ ਗ਼ੈਰ-ਕਿਸਾਨਾਂ ਭਾਵ ਖੇਤ ਮਜ਼ਦੂਰਾਂ ਆਦਿ ਨੂੰ ਮੁਆਵਜ਼ਾ ਜਾਂ ਆਰਥਿਕ ਸਹਾਇਤਾ ਬਾਰੇ ਬਿੱਲ ਵਿਚ ਕੋਈ ਸਪੱਸ਼ਟ ਜ਼ਿਕਰ ਨਹੀਂ ਕੀਤਾ ਗਿਆ ਪਰ ਤਜਵੀਜ਼ਸ਼ੁਦਾ ਕਾਨੂੰਨ ਜ਼ਮੀਨ ਐਕਵਾਇਰ ਕਰਨ ਦੇ ਸਵਾਲ ਨੂੰ ਮੁਖਾਤਿਬ ਹੋਣ ਲਈ ਅੱਗੇ ਵੱਲ ਇਕ ਕਦਮ ਜ਼ਰੂਰ ਹੈ। ਸਪੱਸ਼ਟ ਤੌਰ 'ਤੇ ਇਸ ਖਰੜੇ 'ਤੇ ਕਿਸਾਨਾਂ ਦਾ ਰੋਹ ਤੇ ਸੁਪਰੀਮ ਕੋਰਟ ਦੇ ਮਿਜਾਜ਼ ਦਾ ਪ੍ਰਛਾਵਾਂ ਵੀ ਮੰਡਰਾ ਰਿਹਾ ਹੈ।

ਜ਼ਮੀਨ ਐਕਵਾਇਰ ਕਰਨ ਦੇ ਅਮਲਾਂ ਨੇ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਹੈ, ਉਨ੍ਹਾਂ ਨੂੰ ਅੰਦੋਲਨ ਚਲਾਉਣ, ਤੇ ਇਥੋਂ ਤੱਕ ਕਿ ਪੁਲਿਸ ਦੀਆਂ ਗੋਲੀਆਂ ਖਾਣ ਲਈ ਵੀ ਮਜਬੂਰ ਕੀਤਾ ਹੈ। ਸਾਰੇ ਭਾਰਤ ਵਿਚ ਅਜਿਹੇ ਅਮਲਾਂ ਤੋਂ ਪੀੜਤ ਕਿਸਾਨ ਮੁਜ਼ਾਹਰੇ ਕਰ ਰਹੇ ਹਨ ਅਤੇ ਸਰਕਾਰ ਉਤੇ ਗ਼ੈਰ-ਵਾਜਬ ਮੁਆਵਜ਼ੇ ਤੇ ਜ਼ਮੀਨ ਐਕਵਾਇਰ ਕਰਨ ਦਾ ਜਬਰੀ ਤਰੀਕਾ ਵਰਤਣ ਦਾ ਦੋਸ਼ ਲਾ ਰਹੇ ਹਨ। ਜ਼ਮੀਨ ਨੂੰ ਐਕਵਾਇਰ ਕਰਨ, ਇਸ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੇ ਮੁੜ-ਵਸੇਬੇ ਅਤੇ ਮੁੜ-ਸਥਾਪਤੀ ਸਬੰਧੀ ਬਿੱਲ ਦਾ ਖਰੜਾ ਵੱਖਰੇ ਮੁਆਵਜ਼ਾ ਪੈਕੇਜਾਂ ਦੀ ਗੱਲ ਕਰਦਾ ਹੈ ਜਿਸ ਤਹਿਤ ਤਿੰਨ ਪੱਖਾਂ ਦਾ ਜ਼ਿਕਰ ਹੈ: ਜ਼ਮੀਨ ਦੀ ਬਾਜ਼ਾਰੀ ਕੀਮਤ, ਜ਼ਮੀਨ ਨਾਲ ਜੁੜੀ ਜਾਇਦਾਦ ਦੀ ਕੀਮਤ ਅਤੇ ਪੇਂਡੂ ਤੇ ਸ਼ਹਿਰੀ ਖੇਤਰਾਂ ਲਈ ਕੁੱਲ ਮੁਆਵਜ਼ੇ ਦੀ 100 ਫ਼ੀਸਦੀ ਅਦਾਇਗੀ। ਇਕ ਵਾਰ ਇਹ ਬਿੱਲ ਪ੍ਰਵਾਨ ਹੋ ਜਾਂਦਾ ਹੈ ਤਾਂ ਇਹ 1894 ਵਾਲੇ ਇਸ ਸਬੰਧੀ ਪੁਰਾਣੇ ਬਿੱਲ ਦੀ ਥਾਂ ਲੈ ਲਵੇਗਾ ਅਤੇ ਇਸ ਅਮਲ ਨਾਲ ਸਬੰਧਿਤ ਉਨ੍ਹਾਂ 18 ਕਾਨੂੰਨੀ ਮੱਦਾਂ ਨੂੰ ਭੰਗ ਕਰ ਦੇਵੇਗਾ ਜਿਨ੍ਹਾਂ ਵਿਚ ਵਿਸ਼ੇਸ਼ ਆਰਥਿਕ ਜ਼ੋਨਾਂ ਅਤੇ ਰੇਲਵੇ ਲਾਈਨਾਂ ਲਈ ਜ਼ਮੀਨ ਐਕਵਾਇਰ ਕਰਨਾ ਵੀ ਸ਼ਾਮਿਲ ਹੈ। ਇਹ ਤਜਵੀਜ਼ਸ਼ੁਦਾ ਬਿੱਲ ਦਾ ਖਰੜਾ ਸੰਸਦ ਵਿਚ ਪੇਸ਼ ਕਰਨ ਤੋਂ ਪਹਿਲਾਂ ਸਲਾਹ-ਮਸ਼ਵਰੇ ਲਈ ਲੋਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ।

ਇਹ ਬਿੱਲ ਵੱਖ-ਵੱਖ ਜਨਤਕ ਉਦੇਸ਼ਾਂ ਜਿਵੇਂ ਬੁਨਿਆਦੀ ਢਾਂਚੇ ਦਾ ਵਿਕਾਸ, ਸਨਅਤੀਕਰਨ ਅਤੇ ਸ਼ਹਿਰੀਕਰਨ ਲਈ ਜ਼ਮੀਨ ਪ੍ਰਾਪਤੀ ਦੀ ਲੋੜ ਨੂੰ ਕਿਵੇਂ ਪੂਰਾ ਕਰੇਗਾ ਅਤੇ ਕਿਸਾਨਾਂ ਅਤੇ ਆਪਣੀ ਰੋਜ਼ੀ-ਰੋਟੀ ਲਈ ਜ਼ਮੀਨ 'ਤੇ ਨਿਰਭਰ ਲੋਕਾਂ ਦੇ ਸਰੋਕਾਰਾਂ ਨੂੰ ਅਰਥ-ਭਰਪੂਰ ਤਰੀਕੇ ਨਾਲ ਕਿਵੇਂ ਮੁਖਾਤਿਬ ਹੋਵੇਗਾ? ਇਹ ਦੇਖਣ ਵਾਲੀ ਗੱਲ ਹੋਵੇਗੀ ਇਹ ਬਿੱਲ ਜ਼ਮੀਨ ਪ੍ਰਾਪਤੀ ਦੇ ਅਮਲ ਤੋਂ ਪ੍ਰਭਾਵਿਤ ਪਰਿਵਾਰਾਂ ਲਈ ਜ਼ਮੀਨ ਪ੍ਰਾਪਤੀ ਤੇ ਮੁੜ-ਵਸੇਬੇ ਲਈ ਇਕੋ ਕਾਨੂੰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ।

ਇਹ ਬਿੱਲ ਤਿੰਨ ਵਿਸ਼ੇਸ਼ ਹਾਲਾਤ ਵਿਚ ਜ਼ਮੀਨ ਪ੍ਰਾਪਤੀ ਦੀ ਇਜਾਜ਼ਤ ਦਿੰਦਾ ਹੈ: 1) ਜਦੋਂ ਸਰਕਾਰ ਜਨਤਕ ਉਦੇਸ਼ ਲਈ ਜ਼ਮੀਨ ਹਾਸਲ ਕਰਦੀ ਹੈ; 2)ਜਦੋਂ ਇਹ ਜਨਤਕ ਉਦੇਸ਼ ਲਈ ਨਿੱਜੀ ਕੰਪਨੀ ਨੂੰ ਜ਼ਮੀਨ ਮੁਹੱਈਆ ਕਰਾਉਣ ਲਈ ਜ਼ਮੀਨ ਐਕਵਾਇਰ ਕਰਦੀ ਹੈ ਅਤੇ; 3) ਜਦੋਂ ਨਿੱਜੀ ਕੰਪਨੀਆਂ ਇਹ ਐਲਾਨ ਕਰਦੀਆਂ ਹਨ ਕਿ ਜ਼ਮੀਨ ਜਨਤਕ ਉਦੇਸ਼ ਲਈ ਹੀ ਵਰਤੀ ਜਾਵੇਗੀ। ਸਰਕਾਰ ਨੇ ਤਜਵੀਜ਼ ਕੀਤੀ ਹੈ ਕਿ ਬਾਅਦ ਵਾਲੀਆਂ ਦੋ ਹਾਲਾਤ ਵਿਚ ਵੀ ਤਾਂ ਹੀ ਜ਼ਮੀਨ ਐਕਵਾਇਰ ਕੀਤੀ ਜਾ ਸਕਦੀ ਹੈ, ਜੇ ਪ੍ਰਭਾਵਿਤ ਪਰਿਵਾਰਾਂ ਦਾ 80 ਫ਼ੀਸਦੀ ਹਿੱਸਾ ਇਸ ਨਾਲ ਸਹਿਮਤ ਹੋਵੇ। ਇਹ ਬਿੱਲ ਅਜਿਹੇ ਅਮਲ ਨੂੰ ਰੋਕਦਾ ਹੈ ਜਿਸ ਤਹਿਤ ਜਿਸ ਉਦੇਸ਼ ਲਈ ਜ਼ਮੀਨ ਪ੍ਰਾਪਤ ਕੀਤੀ ਹੈ, ਉਸ ਤੋਂ ਹਟ ਕੇ ਜ਼ਮੀਨ ਦੀ ਹੋਰ ਮੰਤਵ ਲਈ ਵਰਤੋਂ ਕੀਤੀ ਜਾਂਦੀ ਹੈ। ਇਸ ਅਮਲ ਰਾਹੀਂ ਹੀ ਸਿਆਸਤਦਾਨ ਅਤੇ ਜ਼ਮੀਨ ਮਾਫ਼ੀਆ ਵੱਡੀ ਪੂੰਜੀ ਕਮਾਉਂਦਾ ਹੈ। ਇਸ ਬਿੱਲ ਮੁਤਾਬਕ, ਜਨਤਕ ਉਦੇਸ਼ ਇਕ ਵਾਰ ਪਰਿਭਾਸ਼ਿਤ ਕਰ ਲਏ ਜਾਂਦੇ ਹਨ ਤਾਂ ਇਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਬਿੱਲ ਦਾ ਖਰੜਾ 'ਜਨਤਕ ਉਦੇਸ਼' ਨੂੰ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ। ਇਸ ਵਿਚ ਰਣਨੀਤਕ ਉਦੇਸ਼ਾਂ, ਬੁਨਿਆਦੀ ਢਾਂਚੇ ਅਤੇ ਸਨਅਤਾਂ (ਜਿਸ ਦਾ ਵੱਡੇ ਤੌਰ 'ਤੇ ਫਾਇਦਾ ਆਮ ਲੋਕਾਂ ਨੂੰ ਪਹੁੰਚਦਾ ਹੋਵੇ) ਦੇ ਵਿਕਾਸ, ਮੁੜ-ਵਸੇਬੇ ਤੇ ਮੁੜ-ਸਥਾਪਤੀ ਦੇ ਉਦੇਸ਼ਾਂ, ਸ਼ਹਿਰੀ ਤੇ ਪੇਂਡੂ ਥਾਂਵਾਂ ਲਈ ਯੋਜਨਾਬੱਧ ਵਿਕਾਸ, ਨਿੱਜੀ ਕੰਪਨੀਆਂ ਵੱਲੋਂ ਜ਼ਮੀਨ ਦੀ ਜਨਤਕ ਉਦੇਸ਼ਾਂ ਲਈ ਵਰਤੋਂ ਅਤੇ ਕੁਦਰਤੀ ਆਫ਼ਤਾਂ ਕਾਰਨ ਪੈਦਾ ਹੋਈ ਕਿਸੇ ਵੀ ਲੋੜ ਸਬੰਧੀ ਸਰੋਕਾਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਥੇ ਕੁਝ ਅਸਪੱਸ਼ਟਤਾ ਬਣੀ ਹੋਈ ਹੈ। ਜੇ ਨਿੱਜੀ ਖੇਤਰ ਦੀ ਸਨਅਤ ਨੇ ਆਪਣੇ ਤੌਰ 'ਤੇ ਜ਼ਮੀਨ ਪ੍ਰਾਪਤ ਕਰਨੀ ਹੈ ਤਾਂ ਫਿਰ ਸਰਕਾਰ ਦੀ ਇਸ ਵਿਚ ਸ਼ਮੂਲੀਅਤ ਕਿਉਂ ਹੈ? ਹੁਣ ਤੱਕ ਦਾ ਤਜਰਬਾ ਇਹ ਰਿਹਾ ਹੈ ਕਿ ਜਿਥੇ ਸਾਨੂੰ ਸਨਅਤੀਕਰਨ ਅਤੇ ਸ਼ਹਿਰੀਕਰਨ ਦੀ ਲੋੜ ਹੁੰਦੀ ਹੈ, ਉਥੇ ਇਸ ਵਿਚ ਦੇਰੀ ਹੋ ਜਾਂਦੀ ਹੈ ਅਤੇ ਫਿਰ ਕੀਮਤਾਂ ਵਧ ਜਾਂਦੀਆਂ ਹਨ ਕਿਉਂਕਿ ਕਿਸਾਨ ਅਦਾਲਤ ਵਿਚ ਇਸ ਵਿਰੁੱਧ ਅਰਜ਼ੀ ਦੇ ਦਿੰਦੇ ਹਨ। ਇਸ ਲਈ ਇਹ ਬਹੁਪੱਖੀ ਕਾਨੂੰਨ ਕੀਮਤ ਅਤੇ ਕੰਮ ਮੁਕੰਮਲ ਕਰਨ ਦੇ ਸਮੇਂ ਨੂੰ ਘਟਾਉਣ ਅਤੇ ਨਿਸਚਿਤਤਾ ਵਧਾਉਣ ਲਈ ਬਹੁਤ ਮਹੱਤਵਪੂਰਨ ਹੈ। ਇਸ ਬਿੱਲ ਦਾ ਖਰੜਾ ਬਹੁਪੱਖੀ ਮੁਆਵਜ਼ਾ ਪੈਕੇਜ ਨੂੰ ਨਿਰਧਾਰਿਤ ਕਰਦਾ ਹੈ ਜੋ ਤਜਵੀਜ਼ਸ਼ੁਦਾ ਕਾਨੂੰਨ ਦੀਆਂ ਸਭ ਤੋਂ ਵਿਵਾਦਿਤ ਮੱਦਾਂ ਵਿਚੋਂ ਇਕ ਹੈ। ਇਹ ਇਸ ਗੱਲ ਦੀ ਵੀ ਵਿਵਸਥਾ ਕਰਦਾ ਹੈ ਕਿ ਜੇਕਰ ਜਿਸ ਉਦੇਸ਼ ਲਈ ਜ਼ਮੀਨ ਪ੍ਰਾਪਤ ਕੀਤੀ ਗਈ ਹੈ, ਉਸ ਨੂੰ ਪੰਜ ਸਾਲਾਂ ਦੇ ਅੰਦਰ-ਅੰਦਰ ਪੂਰਾ ਨਹੀਂ ਕੀਤਾ ਜਾਂਦਾ ਤਾਂ ਜ਼ਮੀਨ ਉਸ ਦੇ ਮਾਲਕ ਨੂੰ ਵਾਪਸ ਕਰ ਦਿੱਤੀ ਜਾਵੇਗੀ।

ਇਸ ਬਿੱਲ ਦੀ ਆਲੋਚਨਾ ਵੀ ਹੋਈ ਹੈ। ਜ਼ਮੀਨ ਮਾਲਕਾਂ ਨੂੰ ਭੂਮੀ ਮਾਫੀਆ ਤੋਂ ਕਾਨੂੰਨੀ ਸੁਰੱਖਿਆ ਮਿਲਣੀ ਚਾਹੀਦੀ ਹੈ ਕਿਉਂਕਿ ਇਸ ਮਾਮਲੇ ਵਿਚ ਉਨ੍ਹਾਂ ਦਾ ਮਹਾਰਾਸ਼ਟਰ ਵਿਚ ਤਜਰਬਾ ਮਾੜਾ ਰਿਹਾ ਹੈ। ਸਿਰਫ 80 ਫ਼ੀਸਦੀ ਹੀ ਨਹੀਂ, ਸਗੋਂ ਪਿੰਡ ਦੇ ਹਰ ਪ੍ਰਭਾਵਿਤ ਬੰਦੇ ਦੀ ਸਹਿਮਤੀ ਨੂੰ ਕਿਸੇ ਵੀ ਉਦੇਸ਼ ਲਈ ਜ਼ਮੀਨ ਪ੍ਰਾਪਤ ਕਰਨ ਦੇ ਸਬੰਧ ਵਿਚ ਮਾਨਤਾ ਦੇਣੀ ਚਾਹੀਦੀ ਹੈ। ਗ਼ੈਰ-ਸਰਕਾਰੀ ਜਥੇਬੰਦੀ 'ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟ' ਇਸ ਬਿੱਲ ਨੂੰ ਪਿੱਛੇ ਮੁੜਨ ਦਾ ਅਮਲ ਦੱਸਦੀ ਹੈ ਕਿਉਂਕਿ ਇਸ ਰਾਹੀਂ ਨਿੱਜੀ ਕੰਪਨੀਆਂ ਦੁਆਰਾ ਜ਼ਮੀਨਾਂ ਐਕਵਾਇਰ ਕਰਨ ਦੇ ਅਮਲ ਨੂੰ ਵੀ ਕਾਨੂੰਨੀ ਮਾਨਤਾ ਦਿੱਤੀ ਜਾ ਰਹੀ ਹੈ। ਇਸੇ ਤਰ੍ਹਾਂ 'ਪਾਸਕੋ ਪ੍ਰਤੀਰੋਧ ਸੰਗਰਾਮ ਸਮਿਤੀ' ਦਾ ਕਹਿਣਾ ਹੈ ਕਿ ਤਜਵੀਜ਼ਸ਼ੁਦਾ ਬਿੱਲ ਪਾਸਕੋ ਵਿਰੋਧੀ ਲਹਿਰ ਦੇ



ਚੱਲਣ ਵਿਚ ਕੋਈ ਤਬਦੀਲੀ ਨਹੀਂ ਲਿਆਏਗਾ। ਜਨਤਕ ਉਦੇਸ਼ਾਂ ਲਈ ਨਿੱਜੀ ਕੰਪਨੀਆਂ ਲਈ ਜ਼ਮੀਨ ਪ੍ਰਾਪਤ ਕਰਨ ਵਰਗੀ ਵਿਵਸਥਾ ਦੀ ਸੌਖਿਆਂ ਹੀ ਦੁਰਵਰਤੋਂ ਹੋ ਸਕਦੀ ਹੈ। ਫਿਰ ਇਸ ਵਿਚ ਅਜਿਹੀ ਜ਼ਰੂਰੀ ਮੱਦ ਵੀ ਸ਼ਾਮਿਲ ਹੈ ਜਿਸ ਤਹਿਤ ਅਣਮਿਥੇ ਉਦੇਸ਼ਾਂ ਲਈ ਦੁਰਲੱਭ ਤੋਂ ਦੁਰਲੱਭ ਮਾਮਲਿਆਂ ਵਿਚ ਵੀ ਜ਼ਮੀਨ ਐਕਵਾਇਰ ਕੀਤੀ ਜਾ ਸਕਦੀ ਹੈ। ਸਨਅਤੀ ਜਗਤ ਨੇ ਇਸ ਬਿੱਲ ਦਾ ਵੱਡੇ ਪੱਧਰ 'ਤੇ ਸਵਾਗਤ ਕੀਤਾ ਹੈ ਪਰ ਸਨਅਤਕਾਰਾਂ ਦੀ ਜਥੇਬੰਦੀ ਸੀ. ਆਈ. ਆਈ. ਇਹ ਚਾਹੇਗੀ ਕਿ ਬਿੱਲ ਵਿਚ ਜ਼ਮੀਨ ਪ੍ਰਾਪਤੀ ਦੇ ਅਮਲ ਨੂੰ ਸੁਖਾਲਾ ਬਣਾਉਣ ਅਤੇ ਸਨਅਤੀ ਵਰਤੋਂ ਲਈ ਜ਼ਮੀਨ ਦੇ ਭੁਗਤਾਨ ਲਈ 'ਲੈਂਡ ਬੈਂਕ ਕਾਰਪੋਰੇਸ਼ਨਾਂ' ਬਣਾਉਣ ਦੀ ਮੱਦ ਬਿੱਲ ਵਿਚ ਪਾਈ ਜਾਵੇ। ਉਹ ਇਹ ਵੀ ਚਾਹੇਗੀ ਕਿ ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਕੀਤਾ ਜਾਵੇ ਅਤੇ ਜ਼ਮੀਨ ਦੇ ਜ਼ੋਨ ਬਣਾਏ ਜਾਣ ਕਿਉਂਕਿ ਇਸ ਨਾਲ ਸਨਅਤੀ ਜ਼ਮੀਨ ਦਾ ਯੋਜਨਾਬੱਧ ਵਿਕਾਸ ਕਰਨ ਵਿਚ ਮਦਦ ਮਿਲੇਗੀ। ਸੀ.ਆਈ.ਆਈ. ਖ਼ੁਸ਼ ਹੈ ਕਿ ਸਰਕਾਰ ਸਨਅਤੀ ਵਿਕਾਸ ਲਈ ਜ਼ਮੀਨ ਪ੍ਰਾਪਤੀ ਦੇ ਅਮਲ ਵਿਚ ਆਪਣਾ ਪ੍ਰਭਾਵੀ ਰੋਲ ਨਿਭਾਉਣਾ ਜਾਰੀ ਰੱਖੇਗੀ ਕਿਉਂਕਿ ਬਿੱਲ ਵਿਚ ਅਜਿਹੀ ਤਜਵੀਜ਼ ਸ਼ਾਮਿਲ ਕੀਤੀ ਗਈ ਹੈ ਅਤੇ ਇਹ ਯੋਜਨਾਬੱਧ ਸਨਅਤੀਕਰਨ ਲਈ ਜ਼ਰੂਰੀ ਹੈ। ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਵੱਲੋਂ ਮੌਨਸੂਨ ਸਮਾਗਮ ਦੌਰਾਨ ਇਸ ਬਿੱਲ ਨੂੰ ਪੇਸ਼ ਕੀਤਾ ਜਾਣਾ ਨਿਸਚਿਤ ਹੈ ਕਿਉਂਕਿ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿਚ ਚੋਣਾਂ ਨੇੜੇ ਆ ਰਹੀਆਂ ਹਨ। ਸਿਆਸੀ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ।

# ਖੇਡ ਮੈਦਾਨ, ਭ੍ਰਿਸ਼ਟਾਚਾਰ ਅਤੇ ਮੁਨਾਫ਼ੇ ਦੀ ਜੰਗਬਾਜ਼ ਸਿਆਸਤ


ਸਵਾਲ ਸੰਵਾਦ



ਦਲਜੀਤ ਅਮੀ

ਫੋਨ :+91-97811-21873


***ਪਿਛਲੀ ਸਦੀ ਵਿਚ ਅਜਿਹੀਆਂ ਕਈ ਮਿਸਾਲਾਂ ਹਨ ਜਦੋਂ ਖਿਡਾਰੀ ਨਾਬਰਾਬਰੀ, ਬੇਇਨਸਾਫ਼ੀ, ਨਸਲੀ ਵਿਤਕਰੇ, ਜੰਗੀ ਮੁਹਿੰਮਾਂ ਅਤੇ ਨਫ਼ਰਤ ਦੇ ਖ਼ਿਲਾਫ਼ ਤਾਕਤਵਰ ਆਵਾਜ਼ ਵਜੋਂ ਸਾਹਮਣੇ ਆਏ। ਉਨ੍ਹਾਂ ਨੇ ਬਰਾਬਰੀ, ਇਨਸਾਫ਼, ਵਿਵੇਕ ਅਤੇ ਪਿਆਰ ਦੀ ਮਨੁੱਖੀ ਵਿਰਾਸਤ ਨੂੰ ਅਮੀਰ ਕੀਤਾ। ਮੌਜੂਦਾ ਦੌਰ ਵਿਚ ਖਿਡਾਰੀਆਂ ਦੀ ਕਾਰਗੁਜ਼ਾਰੀ ਤਾਂ ਬਹੁਤ ਬਿਹਤਰ ਹੋਈ ਹੈ ਪਰ ਖੇਡ ਮੈਦਾਨ ਵਿਚੋਂ ਦਰਦਮੰਦੀ ਦੀ ਆਵਾਜ਼ ਘੱਟ ਸੁਣਾਈ ਦਿੰਦੀ ਹੈ। ਇਸ ਤੋਂ ਬਿਨਾਂ ਖੇਡ ਕਾਰਪੋਰੇਟ ਨਿਜ਼ਾਮ ਅਤੇ ਖੁੱਲ੍ਹੀ ਮੰਡੀ ਦਾ ਅਖਾੜਾ ਬਣ ਕੇ ਰਹਿ ਗਿਆ ਹੈ। ਕੌਮਾਂਤਰੀ ਖੇਡ ਮੇਲਿਆਂ ਦੇ ਖ਼ਾਸੇ ਉੱਤੇ ਸੰਜੀਦਾ ਸੰਵਾਦ ਰਾਹੀਂ ਇਸ ਰੁਝਾਨ ਦੀਆਂ ਗੌਣ ਕੜੀਆਂ ਨੂੰ ਲੋਕ ਬਹਿਸ ਦਾ ਮੁੱਦਾ ਬਣਾਇਆ ਜਾਣਾ ਚਾਹੀਦਾ ਹੈ।***

ਕੌਮਾਂਤਰੀ ਖੇਡ ਮੇਲਿਆਂ ਦੀ ਅਹਿਮੀਅਤ ਅਤੇ ਸਿਆਸਤ ਦਾ ਅਰਥਚਾਰਾ ਆਪਸ ਵਿਚ ਜੁੜੇ ਹੋਏ ਮਸਲੇ ਹਨ ਪਰ ਇਨ੍ਹਾਂ ਦਾ ਬੁਨਿਆਦੀ ਖ਼ਾਸਾ ਇਕ-ਦੂਜੇ ਨਾਲ ਮੇਲ ਨਹੀਂ ਖਾਂਦਾ। ਨਤੀਜੇ ਵਜੋਂ ਮੌਜੂਦਾ ਖੇਡ ਮੇਲਿਆਂ ਦੀ ਚਰਚਾ ਨੂੰ ਕੌਮਾਂਤਰੀ ਸਿਆਸਤ ਅਤੇ ਅਰਥਸ਼ਾਸਤਰ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਸਾਲ 2012 ਦਾ ਯੂਰਪੀ ਫੁੱਟਬਾਲ ਕੱਪ ਯੂਕਰੇਨ ਅਤੇ ਪੋਲੈਂਡ ਵਿਚ ਕਰਵਾਇਆ ਜਾਣਾ ਹੈ। ਇਸ ਦੀ ਤਿਆਰੀ ਲਈ ਯੂਕਰੇਨ ਦੇ ਸਾਲਾਨਾ ਬਜਟ ਦਾ ਇਕ ਤਿਹਾਈ ਰੱਖਿਆ ਗਿਆ ਹੈ। ਇੰਨੀ ਵੱਡੀ ਰਕਮ ਨਾਲ ਮੁਲਕ ਉੱਤੇ ਪੈਣ ਵਾਲੇ ਅਸਰ ਦੇ ਹਵਾਲੇ ਨੇ ਸੰਨ 2004 ਵਿਚ ਯੂਨਾਨ (ਗਰੀਸ) ਵਿਚ ਹੋਈਆਂ ਓਲੰਪਿਕ ਖੇਡਾਂ ਅਤੇ ਪਿਛਲੇ ਸਾਲ ਦੱਖਣੀ ਅਫ਼ਰੀਕਾ ਵਿਚ ਹੋਏ ਆਲਮੀ ਫੁੱਟਬਾਲ ਕੱਪ ਦੀ ਚਰਚਾ ਲਗਾਤਾਰ ਹੋ ਰਹੀ ਹੈ। ਭਾਰਤ ਵਿਚ ਰਾਸ਼ਟਰਮੰਡਲ ਖੇਡਾਂ ਦੌਰਾਨ ਹੋਏ ਭ੍ਰਿਸ਼ਟਾਚਾਰ ਦੀ ਚਰਚਾ ਹੁਣ ਤੱਕ ਹੋ ਰਹੀ ਹੈ। ਇਸ ਨਾਲ ਸਮੁੱਚੇ ਮੁਲਕ ਉੱਤੇ ਪਏ ਆਰਥਿਕ ਬੋਝ ਦਾ ਲੇਖਾ-ਜੋਖਾ ਮਹਿਜ਼ ਭ੍ਰਿਸ਼ਟਾਚਾਰ ਦੇ ਹਵਾਲੇ ਨਾਲ ਕੀਤਾ ਜਾ ਰਿਹਾ ਹੈ ਪਰ ਇਹ ਨੁਕਤਾ ਬਹਿਸ ਤੋਂ ਬਾਹਰ ਹੈ ਕਿ ਕੌਮੀ ਸਰਮਾਏ ਦੀ ਲੁੱਟ ਲੋਕਾਂ ਦੀਆਂ ਦੁਸ਼ਵਾਰੀਆਂ ਵਿਚ ਵਾਧੇ ਦਾ ਸਬੱਬ ਕਿਸ ਤਰ੍ਹਾਂ ਬਣੀ ਹੈ।

ਯੂਕਰੇਨ 1991 ਵਿਚ ਖੁਦਮੁਖਤਿਆਰ ਮੁਲਕ ਬਣਿਆ। ਇਸ ਤੋਂ ਪਹਿਲਾਂ ਇਹ ਸੋਵੀਅਤ ਯੂਨੀਅਨ ਦਾ ਹਿੱਸਾ ਸੀ। ਹੁਣ ਇਹ ਮੁਲਕ ਕਰਜ਼ੇ ਅਤੇ ਸਿਆਸੀ ਬੇਵਿਸਾਹੀ ਦਾ ਸ਼ਿਕਾਰ ਹੈ। ਰਾਹਤ ਲਈ ਇਸ ਦੇ ਪੂਰਬੀ ਸੂਬੇ, ਮਾਸਕੋ ਅਤੇ ਪੱਛਮੀ ਸੂਬੇ, ਯੂਰਪੀ ਯੂਨੀਅਨ ਤੋਂ ਤਵੱਕੋ ਕਰਦੇ ਹਨ। ਇਨ੍ਹਾਂ ਹਾਲਾਤ ਕਾਰਨ ਮੁਲਕ ਦਾ ਬੇਸ਼ਕੀਮਤੀ ਮਨੁੱਖੀ ਵਸੀਲਾ ਲਗਾਤਾਰ ਉੱਤਰੀ ਅਮਰੀਕਾ ਅਤੇ ਯੂਰਪੀ ਯੂਨੀਅਨ ਵੱਲ ਵਹਿ ਰਿਹਾ ਹੈ। ਇਸ ਵੇਲੇ ਯੂਰਪੀ ਫੁੱਟਬਾਲ ਕੱਪ ਦੀ ਮੇਜ਼ਬਾਨੀ ਨੂੰ ਮੂਲ ਮੰਤਰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਜੇ ਇਹ ਖੇਡ ਮੇਲਾ ਸ਼ਾਨੋ-ਸ਼ੌਕਤ ਨਾਲ ਸਿਰੇ ਲੱਗ ਜਾਂਦਾ ਹੈ ਤਾਂ ਯੂਕਰੇਨ ਨੂੰ ਯੂਰਪੀ ਯੂਨੀਅਨ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ। ਸ਼ੈਨਗਨ ਵੀਜ਼ਾ ਜਾਰੀ ਕਰਨ ਦਾ ਅਖ਼ਤਿਆਰ ਹੀ ਖ਼ੁਸ਼ਹਾਲੀ ਅਤੇ ਬਹਾਲੀ ਦਾ ਕਾਰਗਰ ਸਬੱਬ ਬਣ ਗਿਆ ਹੈ। ਇਸ ਖੇਡ ਮੇਲੇ ਨੂੰ ਸ਼ਾਨੋ-ਸ਼ੌਕਤ ਅਤੇ ਵਿੱਤੀ ਤਾਕਤ ਦੀ ਨੁਮਾਇਸ਼ ਬਣਾਉਣ ਲਈ ਸਟੇਡੀਅਮ ਅਤੇ ਹੋਰ ਢਾਂਚਾ ਉਸਾਰਿਆ ਜਾ ਰਿਹਾ ਹੈ। ਆਪਣੇ ਰਕਬੇ ਕਾਰਨ ਯੂਕਰੇਨ ਯੂਰਪ ਦਾ ਸਭ ਤੋਂ ਵੱਡਾ ਮੁਲਕ ਹੈ ਅਤੇ 2008 ਦੀ ਆਲਮੀ ਮੰਦੀ ਵਿਚ ਇਸ ਦਾ ਕੁਲ ਘਰੇਲੂ ਉਤਪਾਦ 20 ਫ਼ੀਸਦੀ ਘਟਿਆ ਹੈ। ਮੰਦੀ ਤੋਂ ਪਹਿਲਾਂ ਯੂਕਰੇਨ ਵਿਚ ਵੀ ਉੱਚੀ ਵਿਕਾਸ ਅਤੇ ਮਹਿੰਗਾਈ ਦਰ ਰਹੀ ਹੈ। ਚਾਰ ਕਰੋੜ ਸੱਠ ਲੱਖ ਦੀ ਆਬਾਦੀ ਵਾਲੇ ਇਸ ਮੁਲਕ ਕੋਲ ਰੂਸ ਤੋਂ ਬਾਅਦ ਯੂਰਪ ਦੀ ਸਭ ਤੋਂ ਵੱਡੀ ਫ਼ੌਜ ਹੈ। ਸਵਾਲ ਇਹ ਹੈ ਕਿ ਇੰਨੇ ਵੱਡੇ ਮੁਲਕ ਨੂੰ ਯੂਰਪੀ ਯੂਨੀਅਨ ਵਿਚ ਸ਼ੁਮਾਰ ਕੀਤੇ ਜਾਣ ਦਾ ਫ਼ੈਸਲਾ ਕਿਸੇ ਖੇਡ ਮੇਲੇ ਦੀ ਮਹਿਮਾਨਨਿਵਾਜ਼ੀ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ? ਇਹ ਵੀ ਹੋ ਸਕਦਾ ਹੈ ਕਿ ਖੇਡ ਮੇਲਿਆਂ ਦੀ ਅਹਿਮੀਅਤ ਜ਼ਿਆਦਾ ਵਧ ਗਈ ਹੈ ਜਾਂ ਖੇਡ ਮੇਲਿਆਂ ਨਾਲ ਬਾਵਸਤਾ ਲੋਕ ਬਹੁਤ ਤਾਕਤਵਰ ਹੋ ਗਏ ਹਨ।

ਭਾਰਤ ਵਿਚ ਰਾਸ਼ਟਰਮੰਡਲ ਖੇਡਾਂ ਦੀ ਮਹਿਮਾਨਨਿਵਾਜ਼ੀ ਨੂੰ ਮੁਲਕ ਦੀ ਵਧ ਰਹੀ ਵਿੱਤੀ ਤਾਕਤ ਨਾਲ ਜੋੜ ਕੇ ਪ੍ਰਚਾਰਿਆ ਗਿਆ ਸੀ। ਉੱਚੀ ਵਿਕਾਸ ਅਤੇ ਮਹਿੰਗਾਈ ਦਰ ਵਿਚਲੇ ਰਿਸ਼ਤੇ ਦੀ ਵਿਆਖਿਆ ਕਰਨ ਵਿਚ ਨਾਕਾਮਯਾਬ ਰਹਿਣ ਵਾਲਾ ਅਰਥਸ਼ਾਸਤਰੀ ਲਾਣਾ ਇਸ ਨੂੰ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਰਿਹਾ ਹੈ। ਮਿਸਾਲਾਂ ਯੂਨਾਨ (ਗਰੀਸ) ਅਤੇ ਦੱਖਣੀ ਅਫ਼ਰੀਕਾ ਦੀਆਂ ਦਿੱਤੀਆਂ ਜਾ ਰਹੀਆਂ ਸਨ। ਰਾਸ਼ਟਰਮੰਡਲ ਨਾਲ ਜੁੜੀਆਂ ਬੇਨੇਮੀਆਂ ਅਤੇ ਭ੍ਰਿਸ਼ਟਾਚਾਰ ਦੀ ਲਗਾਤਾਰ ਚਰਚਾ ਹੁੰਦੀ ਰਹੀ ਪਰ ਸਰਕਾਰ ਨੇ ਆਖ਼ਰੀ ਵੇਲੇ ਤੱਕ ਇਸ ਨੂੰ ਨਜ਼ਰਅੰਦਾਜ਼ ਕੀਤਾ। ਆਖ਼ਰੀ ਮੌਕੇ ਇਮਾਨਦਾਰ ਪ੍ਰਧਾਨਮੰਤਰੀ ਨੇ ਪਛੇਤੀਆਂ ਤਿਆਰੀਆਂ ਨੂੰ ਮੁਕੰਮਲ ਕਰਨ ਅਤੇ ਸਮੁੱਚੇ ਮਾਮਲਿਆਂ ਦੀ ਖੇਡਾਂ ਤੋਂ ਬਾਅਦ ਜਾਂਚ ਕਰਨ ਦਾ ਭਰੋਸਾ ਦਿਵਾਇਆ। ਖੇਡਾਂ ਤੋਂ ਬਾਅਦ ਵੱਖ-ਵੱਖ ਮਹਿਕਮਿਆਂ ਵੱਲੋਂ ਸ਼ੁਰੂ ਕੀਤੀ ਗਈ ਜਾਂਚ ਵਿਚ ਕੋਈ ਤਾਲਮੇਲ ਨਹੀਂ ਬਣਿਆ ਅਤੇ ਸਮੁੱਚੀ ਬਦਇੰਤਜ਼ਾਮੀ ਲਈ ਜ਼ਿੰਮੇਵਾਰ ਸੁਰੇਸ਼ ਕਲਮਾਡੀ ਖ਼ਿਲਾਫ਼ ਕਾਰਵਾਈ ਬਹੁਤ ਦੇਰ ਨਾਲ ਹੋਈ। ਉਨ੍ਹਾਂ ਉੱਤੇ ਦਰਜ ਕੀਤਾ ਗਿਆ ਮਾਮਲਾ ਸਮੁੱਚੇ ਘਪਲੇ ਦੇ ਮੁਕਾਬਲੇ ਨਿਗੂਣਾ ਜਿਹਾ ਹੈ। ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਉਹ ਸ਼ਰ੍ਹੇਆਮ ਧਮਕੀ ਦਿੰਦੇ ਰਹੇ ਹਨ ਕਿ ਉਹ ਇਸ ਧਾਂਦਲੀ ਲਈ ਇਕੱਲੇ ਜ਼ਿੰਮੇਵਾਰ ਨਹੀਂ ਹਨ ਸਗੋਂ ਇਸ ਵਿਚ ਹੋਰ ਪਤਵੰਤੇ ਵੀ ਸ਼ਰੀਕ ਹਨ। ਉਨ੍ਹਾਂ ਨੇ ਇਨ੍ਹਾਂ ਪਤਵੰਤਿਆਂ ਦੇ ਨਾਮ ਨਹੀਂ ਲਏ। ਇਹੋ ਪਤਵੰਤੇ ਸੁਰੇਸ਼ ਕਲਮਾਡੀ ਲਈ ਰਾਹਤ ਅਤੇ ਬਹਾਲੀ ਦਾ ਸਬੱਬ ਵੀ ਬਣ ਸਕਦੇ ਹਨ। ਜੇ ਕੁਝ ਲੋਕਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸਜ਼ਾ ਮਿਲ ਵੀ ਜਾਂਦੀ ਹੈ ਤਾਂ ਰਾਸ਼ਟਰਮੰਡਲ ਖੇਡਾਂ ਕਾਰਨ ਹੋਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ।

ਇਨ੍ਹਾਂ ਖੇਡਾਂ ਨੂੰ ਵਧੇਰੇ ਦਰਸ਼ਨੀ ਬਣਾਉਣ ਲਈ ਬਹੁਤ ਸਾਰੇ ਲੋਕਾਂ ਨੂੰ ਉਜਾੜਿਆ ਗਿਆ। ਵਿਦੇਸ਼ੀਆਂ ਦੀ ਨਿਗ੍ਹਾ ਤੋਂ ਬਚਾਉਣ ਲਈ ਝੁੱਗੀ-ਝੌਂਪੜੀਆਂ ਦੁਆਲੇ ਬਾਂਸਾਂ ਜਾਂ ਇਸ਼ਤਿਹਾਰਾਂ ਦੀਆਂ ਕੰਧਾਂ ਉਸਾਰੀਆਂ ਗਈਆਂ। ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ.ਯੂ.ਡੀ.ਆਰ.) ਦੀ ਰਪਟ ਮੁਤਾਬਕ ਉਸਾਰੀ ਦੇ ਕੰਮਾਂ ਲਈ ਠੇਕੇ ਲੈਣ ਵਾਲਿਆਂ ਨੇ ਕਿਰਤ ਨਾਲ ਜੁੜੇ ਸਾਰੇ ਕਾਨੂੰਨੀ ਦੀ ਲਗਾਤਾਰ ਉਲੰਘਣਾ ਕੀਤੀ। ਰੋਜ਼ਾਨਾ ਇਕ ਕਰੋੜ ਮਜ਼ਦੂਰਾਂ ਨੂੰ ਘੱਟ ਉਜਰਤ ਦੇ ਕੇ ਲੁੱਟਿਆ ਜਾਂਦਾ ਸੀ। ਹਾਦਸਿਆਂ ਵਿਚ ਸੱਟਾਂ ਲੱਗਣ ਅਤੇ ਮਰਨ ਵਾਲੇ ਮਜ਼ਦੂਰਾਂ ਦੀ ਖ਼ਬਰ ਅਖ਼ਬਾਰਾਂ ਦੇ ਆਖ਼ਰੀ ਪੰਨਿਆਂ ਦੇ ਹਾਸ਼ੀਏ ਵਿਚ ਵੀ ਕਦੇ-ਕਦਾਈਂ ਹੀ ਦਰਜ ਹੋਈ। ਚੌਗਿਰਦੇ ਦਾ ਨੁਕਸਾਨ ਵੱਖਰਾ ਹੈ। ਰਾਸ਼ਟਰਮੰਡਲ ਖੇਡ ਪ੍ਰਬੰਧਾਂ ਨਾਲ ਜੁੜਿਆ ਭ੍ਰਿਸ਼ਟਾਚਾਰ ਸਾਡੇ ਮੁਲਕ ਲਈ ਨਵਾਂ ਨਹੀਂ ਹੈ। ਇਹ ਹੋਰ ਘਪਲਿਆਂ ਦੀ ਕੜੀ ਜਾਪਦਾ ਹੈ। ਭਾਰਤ ਵਿਚ ਭ੍ਰਿਸ਼ਟਾਚਾਰ ਨਾ ਇਸ ਘਪਲੇ ਨਾਲ ਸ਼ੁਰੂ ਹੋਇਆ ਹੈ, ਤੇ ਨਾ ਖ਼ਤਮ ਹੋਣਾ ਹੈ। ਉਂਝ ਵੀ ਇਹ ਸਿਰਫ਼ ਕੌਮੀ ਰੁਝਾਨ ਦੀ ਕੜੀ ਨਹੀਂ ਹੈ। ਇਸ ਦੀਆਂ ਕੌਮਾਂਤਰੀ ਤੰਦਾਂ ਬਹੁਤ ਅਹਿਮ ਹਨ ਜਿਨ੍ਹਾਂ ਦੀ ਖੇਡ ਮੇਲਿਆਂ ਦੇ ਹਵਾਲੇ ਨਾਲ ਚਰਚਾ ਜ਼ਰੂਰੀ ਹੈ।



*ਯੂਕਰੇਨ ਦੀ ਰਾਜਧਾਨੀ ਕੀਵ ਦਾ ਸਟੇਡੀਅਮ ਜਿੱਥੇ 2012 ਵਿਚ ਸੰਸਾਰ ਫੁਟਬਾਲ ਕੱਪ ਹੋਣਾ ਹੈ।*

ਪਿਛਲੇ ਸਾਲਾਂ ਵਿਚ ਹੋਏ ਸਾਰੇ ਕੌਮਾਂਤਰੀ ਖੇਡ ਮੇਲੇ ਇਸੇ ਤਰਜ਼ ਦੀ ਨੁਕਤਾਚੀਨੀ ਦਾ ਸ਼ਿਕਾਰ ਰਹੇ ਹਨ। ਜ਼ਿਆਦਾ ਚਰਚਾ ਮੇਜ਼ਬਾਨ ਮੁਲਕ ਤੱਕ ਮਹਿਦੂਦ ਹੋ ਕੇ ਰਹਿ ਜਾਂਦੀ ਹੈ ਕਿਉਂਕਿ ਮਹਿਮਾਨ ਮੁਲਕ ਪ੍ਰਬੰਧਾਂ ਦੇ ਚੰਗੇ-ਮਾੜੇ ਹੋਣ ਬਾਬਤ ਬੋਚਵੀਂ ਜਿਹੀ ਟਿੱਪਣੀ ਕਰਦੇ ਹਨ ਪਰ ਜ਼ਿਆਦਾ ਗੱਲਬਾਤ ਖਿਡਾਰੀਆਂ ਦੀ ਕਾਰਗੁਜ਼ਾਰੀ ਦੁਆਲੇ ਘੁੰਮਦੀ ਹੈ। ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਕੈਨੇਡਾ ਨੇ ਨੁਕਸਦਾਰ ਪ੍ਰਬੰਧਾਂ ਕਾਰਨ ਖਿਡਾਰੀ ਨਾ ਭੇਜਣ ਦੀ ਧਮਕੀ ਦਿੱਤੀ ਸੀ ਪਰ ਨਿਵੇਸ਼ ਦੀ ਪਸੰਦੀਦਾ ਮੰਜ਼ਿਲ ਬਣੇ ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਇਕੋ ਸੁਨੇਹਾ ਉਨ੍ਹਾਂ ਦੇ ਮੂੰਹ ਉੱਤੇ ਛਿਕਲੀ ਲਗਾਉਣ ਲਈ ਕਾਫ਼ੀ ਸਾਬਤ ਹੋਇਆ। ਇਸ ਤਰ੍ਹਾਂ ਮਹਿਮਾਨ ਮੁਲਕ ਪ੍ਰਬੰਧਾਂ ਨੂੰ ਬਿਹਤਰ ਬਣਾਉਣ ਦੀ ਮੰਗ ਕਰਕੇ ਮੇਜ਼ਬਾਨ ਉੱਤੇ ਦਬਾਅ ਤਾਂ ਬਣਾਉਂਦੇ ਹਨ ਪਰ ਕਿਸੇ ਹੋਰ ਪੱਖ ਵਿਚ ਦਿਲਚਸਪੀ ਨਹੀਂ ਲੈਂਦੇ। ਰਾਸ਼ਟਰਮੰਡਲ ਖੇਡਾਂ ਦੀ ਮਹਿਮਾਨਨਿਵਾਜ਼ੀ ਦਾ ਨਿੱਘ ਮਾਣਨ ਵਾਲੇ ਮੁਲਕਾਂ ਨੂੰ ਰਿਹਾਇਸ਼ੀ ਇਲਾਕੇ ਵਿਚੋਂ ਨਿਕਲੇ ਸੱਪ ਦੀ ਫਿਕਰ ਤਾਂ ਹੋ ਸਕਦੀ ਹੈ ਪਰ ਤਿਆਰੀਆਂ ਦੌਰਾਨ ਹਾਦਸਿਆਂ ਵਿਚ ਮਰੇ ਮਜ਼ਦੂਰ ਉਨ੍ਹਾਂ ਦਾ ਸਰੋਕਾਰ ਨਹੀਂ ਬਣਦੇ। ਗ਼ਰੀਬ ਮੁਲਕ ਦੇ ਆਵਾਮ ਉੱਤੇ ਖੇਡ ਮੇਲਿਆਂ ਦੇ ਅਸਰ ਉਨ੍ਹਾਂ ਦਾ ਧਿਆਨ ਖਿੱਚਣ ਵਿਚ ਨਾਕਾਮਯਾਬ ਰਹਿੰਦੇ ਹਨ। ਇਸ ਰੁਝਾਨ ਦੀਆਂ ਸਾਰੀਆਂ ਕੜੀਆਂ ਹਰ ਖੇਡ ਮੇਲੇ ਵਿਚ ਮੂਰਤੀਮਾਨ ਹੁੰਦੀਆਂ ਹਨ। ਦੱਖਣੀ ਅਫ਼ਰੀਕਾ ਦਾ ਆਲਮੀ ਫੁੱਟਬਾਲ ਕੱਪ ਸਪੇਨ ਦੀ ਜਿੱਤ ਤੋਂ ਇਲਾਵਾ ਵੂਵੂਜ਼ੇਲਾ ਲਈ ਵੀ ਜਾਣਿਆ ਜਾਂਦਾ ਹੈ। ਵੂਵੂਜ਼ੇਲਾ ਵਜਾਉਂਦੇ ਦਰਸ਼ਕ ਕਿਸੇ ਹੋਰ ਆਵਾਜ਼ ਨੂੰ ਸੁਣਨ ਨਹੀਂ ਦਿੰਦੇ ਸਨ। ਇਹ ਚਰਚਾ ਲਗਾਤਾਰ ਚੱਲਦੀ ਰਹੀ ਕਿ ਵੂਵੂਜ਼ੇਲਾ ਉੱਤੇ ਪਾਬੰਦੀ ਲਗਾਈ ਜਾਵੇ ਕਿਉਂਕਿ ਇਸ ਦਾ ਸਰੋਤਿਆਂ ਦੇ ਕੰਨਾਂ ਉੱਤੇ ਮਾਰੂ ਅਸਰ ਪੈ ਸਕਦਾ ਹੈ। ਦੱਖਣੀ ਅਫ਼ਰੀਕਾ ਵਿਚ ਫੁੱਟਬਾਲ ਦਾ ਬੁਖ਼ਾਰ ਉਤਰ ਗਿਆ ਹੈ ਪਰ ਵੂਵੂਜ਼ੇਲਾ ਹਾਲੇ ਵੀ ਵੱਜ ਰਿਹਾ ਹੈ। ਬੇਰੁਜ਼ਗਾਰੀ, ਬੇਵਿਸਾਹੀ ਅਤੇ ਬੁਨਿਆਦੀ ਸਹੂਲਤਾਂ ਦੀ ਅਣਹੋਂਦ ਤੋਂ ਤੰਗ ਆਏ ਲੋਕ ਆਪਣੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਵੂਵੂਜ਼ੇਲਾ ਵਜਾ ਰਹੇ ਹਨ ਪਰ ਕੋਈ ਹੁੰਗਾਰਾ ਨਹੀਂ ਭਰਦਾ। ਆਲਮੀ ਦਿਲਚਸਪੀ ਫੁੱਟਬਾਲ ਦੇ ਨਾਲ ਹੀ ਮੂੰਹ ਫੇਰ ਗਈ ਹੈ। ਕਰਜ਼ੇ ਵਿਚ ਡੁੱਬੇ ਦੱਖਣੀ ਅਫ਼ਰੀਕਾ ਦਾ ਆਲਮੀ ਫੁੱਟਬਾਲ ਕੱਪ ਉੱਤੇ ਪ੍ਰਤੀ ਜੀਅ 200 ਅਮਰੀਕੀ ਡਾਲਰ ਖ਼ਰਚ ਹੋਇਆ ਸੀ। ਇਸ ਮਕਸਦ ਲਈ ਬਣਾਏ ਗਏ ਛੇ ਸਟੇਡੀਅਮਾਂ ਅਤੇ ਅਭਿਆਸ ਦੀਆਂ ਸਹੂਲਤਾਂ ਨੂੰ ਖੇਡਾਂ ਦੇ ਬਹਾਨੇ ਵਿਕਾਸ ਵਜੋਂ ਪੇਸ਼ ਕੀਤਾ ਗਿਆ। ਹੁਣ ਇਸ ਢਾਂਚੇ ਦੀ ਕੋਈ ਵਰਤੋਂ ਨਹੀਂ ਹੁੰਦੀ ਬਲਕਿ ਇਨ੍ਹਾਂ ਦੀ ਸਾਂਭ-ਸੰਭਾਲ ਅਤੇ ਲੋੜੀਂਦੀ ਮੁਰੰਮਤ ਦਾ ਕੰਮ ਕਰਵਾਉਣ ਲਈ ਵੀ ਪੈਸੇ ਨਹੀਂ ਹਨ। ਇਹ ਉਸਾਰੀਆਂ ਨਿੱਜੀ ਮੁਨਾਫ਼ੇ ਦਾ ਸਬੱਬ ਜ਼ਰੂਰ ਬਣੀਆਂ ਹਨ। ਇਸੇ ਤਰ੍ਹਾਂ ਭਾਰਤ ਵਿਚ ਹੋਇਆ ਹੈ। ਰਾਸ਼ਟਰਮੰਡਲ ਖੇਡਾਂ ਲਈ ਬਣਾਇਆ ਗਿਆ ਰਿਹਾਇਸ਼ੀ ਪਿੰਡ ਨਿੱਜੀ ਮੁਨਾਫ਼ੇ ਦਾ ਸਬੱਬ ਬਣ ਰਿਹਾ ਹੈ। ਇਹੋ ਰੁਝਾਨ 1982 ਵਿਚ ਦਿੱਲੀ ਵਿਚ ਹੋਈਆਂ ਏਸ਼ੀਆਈ ਖੇਡਾਂ ਵਿਚ ਵੀ ਦਰਜ ਕੀਤਾ ਗਿਆ ਸੀ।

ਇਸ ਦੌਰਾਨ ਖੇਡ ਪ੍ਰਬੰਧ ਨਾਲ ਜੁੜੇ ਅਦਾਰੇ ਲਗਾਤਾਰ ਅਮੀਰ ਹੋ ਰਹੇ ਹਨ। ਫੁੱਟਬਾਲ ਦੇ ਆਲਮੀ ਪ੍ਰਬੰਧ ਦਾ ਜ਼ਿੰਮਾ ਫੈਡਰੇਸ਼ਨ ਆਫ਼ ਇੰਟਰਨੈਸ਼ਨਲ ਐਸੋਸੀਏਸ਼ਨਜ਼ (ਫੀਫਾ) ਉੱਤੇ ਹੈ। ਕਾਗ਼ਜ਼ੀ ਪੱਖੋਂ ਮੁਨਾਫ਼ਾ ਕਮਾਉਣਾ ਇਸ ਸੰਸਥਾ ਦਾ ਮਕਸਦ ਨਹੀਂ ਹੈ। ਪਿਛਲੇ ਸਮੇਂ ਦੌਰਾਨ ਇਸ ਸੰਸਥਾ ਦੀ ਚਰਚਾ ਭ੍ਰਿਸ਼ਟਾਚਾਰ ਨਲਾ ਜੋੜ ਕੇ ਹੁੰਦੀ ਰਹੀ ਹੈ। ਫੀਫਾ ਦੇ ਵੱਡੇ ਅਹੁਦੇਦਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਹੋਏ ਹਨ ਪਰ ਸੈਪ ਬਲੈਟਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਦੇ ਵਿਰੋਧੀ ਮੁੰਹਮਦ ਬਿਨ ਹਮਾਮ ਭ੍ਰਿਸ਼ਟਾਚਾਰ ਦੇ ਇਲਜ਼ਾਮ ਤਹਿਤ ਮੁਅੱਤਲ ਕੀਤੇ ਗਏ ਹਨ। ਚੋਣਾਂ ਦੌਰਾਨ ਵੋਟਾਂ ਖਰੀਦਣ ਦਾ ਮਸਲਾ ਸਾਹਮਣੇ ਆਇਆ ਸੀ। ਇਸ ਤੋਂ ਬਿਨਾਂ ਆਲਮੀ ਕੱਪ ਦੀ ਮਹਿਮਾਨਬਾਜ਼ੀ ਦਾ ਫ਼ੈਸਲਾ ਕਰਨ ਵੇਲੇ ਗ਼ੈਰ-ਕਾਨੂੰਨੀ ਰਕਮ ਦੀ ਮਲਕੀਅਤ ਬਦਲਣ ਦਾ ਮਾਮਲਾ ਚਰਚਾ ਵਿਚ ਆਇਆ ਹੋਇਆ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਕਤਰ ਵਰਗਾ ਛੋਟਾ ਅਤੇ 50 ਡਿਗਰੀ ਤੱਕ ਦੀ ਗਰਮੀ ਵਾਲਾ ਮੁਲਕ ਆਲਮੀ ਫੁੱਟਬਾਲ ਕੱਪ ਦੀ ਮਹਿਮਾਨਬਾਜ਼ੀ ਕਿਵੇਂ ਹਾਸਲ ਕਰ ਸਕਦਾ ਹੈ? ਫੀਫਾ ਸਮੇਤ ਹੋਰ ਕੌਮਾਂਤਰੀ ਖੇਡ ਅਦਾਰਿਆਂ ਦੇ ਦਫ਼ਤਰ ਸਵਿਟਜ਼ਰਲੈਂਡ ਵਿਚ ਹਨ। ਇਨ੍ਹਾਂ ਨੂੰ ਟੈਕਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਕੌਮਾਂਤਰੀ ਸਮਝੌਤਿਆਂ ਵਿਚ ਛੋਟਾਂ ਮਿਲੀਆਂ ਹੋਈਆਂ ਹਨ। ਹੁਣ ਸਵਿਟਜ਼ਰਲੈਂਡ ਦੀ ਸਰਕਾਰ ਫੀਫਾ ਖ਼ਿਲਾਫ਼ ਲੱਗੇ ਇਲਜ਼ਾਮਾਂ ਦੀ ਜਾਂਚ ਕਰ ਰਹੀ ਹੈ ਜਿਸ ਨੂੰ ਮੁਕੰਮਲ ਹੋਣ ਵਿਚ ਤਕਰੀਬਨ ਤਿੰਨ ਸਾਲ ਲੱਗ ਜਾਣਗੇ। ਇਨ੍ਹਾਂ ਹਾਲਾਤ ਤੋਂ ਉਜਾਗਰ ਹੁੰਦਾ ਹੈ ਕਿ ਫੀਫਾ ਅਮੀਰ ਸੰਸਥਾ ਹੈ ਜਿਸ ਦੇ ਫ਼ੈਸਲਿਆਂ ਵਿਚ ਜ਼ੋਰ-ਅਜ਼ਮਾਈ ਦੌਰਾਨ ਸਰਮਾਇਆ ਅਹਿਮ ਭੂਮਿਕਾ ਅਦਾ ਕਰਦਾ ਹੈ। ਇਸ ਤੋਂ ਬਾਅਦ ਸੈਪ ਬਲੈਟਰ ਨੇ ਫੀਫਾ ਦਾ ਅਕਸ ਸੁਧਾਰਨ ਲਈ ਅਮਰੀਕਾ ਦੇ ਸਾਬਕਾ ਗ੍ਰਹਿ ਮੰਤਰੀ ਹੈਨਰੀ ਕਸਿੰਗਰ ਦੀ ਸੇਵਾਵਾਂ ਲੈਣ ਦੀ ਤਜਵੀਜ਼ ਬਣਾਈ ਹੈ ਜਿਸ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ। ਸਵਾਲ ਇਹ ਹੈ ਕਿ ਹੈਨਰੀ ਕਸਿੰਗਰ ਵਰਗੀ ਸ਼ਖ਼ਸੀਅਤ ਨੂੰ ਉਸ ਦੀ ਸਿਆਸਤ ਤੋਂ ਨਿਖੇੜ ਕੇ ਕਿਵੇਂ ਦੇਖਿਆ ਜਾ ਸਕਦਾ ਹੈ? ਇਸ ਲੜੀ ਦੀ ਕੜੀ ਵਜੋਂ ਇੰਗਲੈਂਡ ਵੱਲੋਂ 2012 ਦੀਆਂ ਓਲੰਪਿਕ ਖੇਡਾਂ ਦੀ ਮਹਿਮਾਨਨਿਵਾਜ਼ੀ ਨਾਲ ਜੋੜ ਕੇ ਮਾਰੇ ਦਮਗਜਿਆਂ ਨੂੰ ਦੇਖਿਆ ਜਾ ਸਕਦਾ ਹੈ। ਇਨ੍ਹਾਂ ਖੇਡਾਂ ਦੀ ਮਹਿਮਾਨਨਿਵਾਜ਼ੀ ਨੂੰ ਇਰਾਕ ਵਿਚ ਘਾਤਕ ਹਥਿਆਰ ਨਾਲ ਮਿਲਣ ਕਾਰਨ ਹੋਈ ਪਸ਼ੇਮਾਨੀ ਦੇ ਮੁਆਵਜ਼ੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਲਲਿਤ ਮੋਦੀ ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੀ ਵਿੱਤੀ ਤਾਕਤ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਇੰਡੀਅਨ ਪ੍ਰੀਮੀਅਰ ਲੀਗ ਦੱਖਣੀ ਅਫ਼ਰੀਕਾ ਵਿਚ ਕਰਵਾ ਸਕਦੇ ਹਨ। ਸ਼੍ਰੀਲੰਕਾ ਦੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਸੰਗਾਕਾਰਾ ਨੂੰ ਸੂਝਵਾਨ ਬੁਲਾਰਾ ਮੰਨਿਆ ਜਾਂਦਾ ਹੈ। ਪਿਛਲੇ ਦਿਨੀਂ ਉਨ੍ਹਾਂ ਨੇ ਇੰਗਲੈਂਡ ਵਿਚ ਲਾਰਡਸ ਦੇ ਖੇਡ ਮੈਦਾਨ ਵਿਚ ਕਰਵਾਏ ਜਾਣ ਵਾਲੇ ਸਾਲਾਨਾ ਕਾਉਡਰੇ ਯਾਦਗਾਰੀ ਭਾਸ਼ਨ ਵਿਚ ਕਿਹਾ ਸੀ ਕਿ ਖੇਡਾਂ ਵਿਚ ਮੈਦਾਨ ਤੋਂ ਬਾਹਰ ਦੀ ਜੋੜ-ਤੋੜ ਜ਼ਿਆਦਾ ਅਹਿਮ ਹੋ ਗਈ ਹੈ। ਖੇਡ ਪ੍ਰੰਬਧਕਾਂ ਦੀਆਂ ਨਿਯੁਕਤੀਆਂ ਅਤੇ ਛਾਂਟੀਆਂ ਲਗਾਤਾਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਘਿਰੀਆਂ ਰਹਿੰਦੀਆਂ ਹਨ। ਸੰਗਾਕਾਰਾ ਦੀ ਗੱਲਬਾਤ ਦਾ ਧੁਰਾ ਭਾਵੇਂ ਉਨ੍ਹਾਂ ਦੇ ਮੁਲਕ ਦੇ ਕ੍ਰਿਕਟ ਪ੍ਰਬੰਧਕਾਂ ਦੁਆਲੇ ਘੁੰਮਦਾ ਸੀ ਪਰ ਮੁਲਕ ਦੇ ਹਵਾਲੇ ਤੋਂ ਬਿਨਾਂ ਇਹ ਧਾਰਨਾ ਪਾਕਿਸਤਾਨ ਅਤੇ ਭਾਰਤ ਉੱਤੇ ਵੱਖ-ਵੱਖ ਪ੍ਰਸੰਗਾਂ ਵਿਚ ਜਿਉਂ ਦੀ ਤਿਉਂ ਲਾਗੂ ਹੁੰਦੀ ਹੈ। ਪਾਕਿਸਤਾਨ ਦੇ ਖਿਡਾਰੀਆਂ ਦੀ ਬਦਨਾਮੀ ਸੱਟੇਬਾਜ਼ੀ ਕਾਰਨ ਵਧੇਰੇ ਹੋ ਗਈ ਹੈ ਪਰ ਇਹ ਤਾਂ ਸਮੁੱਚੇ ਰੁਝਾਨ ਦੀ ਬੇਪਰਦ ਹੋਈ ਉਹ ਕੜੀ ਹੈ ਜਿਸ ਦੀ ਕਾਰਪੋਰੇਟ ਜਗਤ ਵਿਚ ਸੁਥਰੀ ਵਿਆਖਿਆ ਨਹੀਂ ਹੋ ਸਕੀ। ਉਂਝ ਤਾਂ ਖੁੱਲ੍ਹੀ ਮੰਡੀ ਦਾ ਅਲੰਬਰਦਾਰ ਕਾਰਪੋਰੇਟ ਨਿਜ਼ਾਮ ਸੱਟੇਬਾਜ਼ੀ ਅਤੇ ਜ਼ਖ਼ੀਰੇਬਾਜ਼ੀ ਦੀ ਸ਼ਰ੍ਹੇਆਮ ਵਕਾਲਤ ਕਰਦਾ ਹੈ। ਖੇਡਾਂ ਨਾਲ ਜੁੜੀ ਸੱਟੇਬਾਜ਼ੀ ਨੂੰ ਮੀਡੀਆ ਲਗਾਤਾਰ ਜਾਣਕਾਰੀ ਵਜੋਂ ਪੇਸ਼ ਕਰ ਰਿਹਾ ਹੈ ਅਤੇ ਕਿਸੇ ਵੀ ਦਿਨ ਕਾਰਪੋਰੇਟ ਇਸ ਨੂੰ ਜ਼ਿਆਦਾ ਪਰੋਸਣਯੋਗ ਬਣਾ ਸਕਦਾ ਹੈ। ਖਿਡਾਰੀਆਂ ਦੀ ਵਧ ਚੜ੍ਹ ਕੇ ਬੋਲੀ ਦੇਣ ਵਾਲੇ ਕਾਰੋਬਾਰੀ ਹਰ ਹਾਲਤ ਵਿਚ ਜਿੱਤਣ ਲਈ ਕੀ ਨਹੀਂ ਕਰ ਸਕਦੇ?

ਖੇਡ ਮੇਲਿਆਂ ਦੀ ਕੌਮਾਂਤਰੀ ਤੋਂ ਮੁਕਾਮੀ ਤੰਦਾਂ ਵਿਚ ਬਹੁਤ ਸਾਰੀ ਇਕਸੁਰਤਾ ਹੈ। ਅਜਿਹੀਆਂ ਖ਼ਬਰਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ ਕਿ ਵਿਦੇਸ਼ੀ ਵਿਚ ਕਾਲੇ ਧੰਦੇ ਕਰਨ ਵਾਲੇ ਪੰਜਾਬੀ ਪਰਵਾਸੀ ਪੰਜਾਬ ਵਿਚ ਖੇਡਾਂ ਕਰਵਾਉਂਦੇ ਹਨ। ਹਰ ਖੇਡ ਮੇਲੇ ਉੱਤੇ ਸ਼ਾਮ ਨੂੰ ਗਾਇਕੀ ਦੇ ਅਖਾੜੇ ਅਤੇ ਸ਼ਰਾਬ ਦੀਆਂ ਮਹਿਫਲਾਂ ਲੱਗਦੀਆਂ ਹਨ। ਇਸ ਗਾਇਕੀ ਦਾ ਵਿਸ਼ਾ-ਵਸਤੂ ਅਤੇ ਸ਼ਰਾਬ ਦੀ ਲੋਰ ਵਿਚ ਪੈਂਦਾ ਸ਼ੋਰ ਖੇਡ ਦੇ ਬੁਨਿਆਦੀ ਖ਼ਾਸੇ ਨਾਲ ਮੇਲ ਨਹੀਂ ਖਾਂਦਾ। ਇਹ ਵਿਸ਼ਾ ਵੱਖਰੇ ਲੇਖ ਦਾ ਵਿਸ਼ਾ ਹੋ ਸਕਦਾ ਹੈ ਕਿ ਇਸ ਸੰਗੀਤ ਦੇ ਬੁਨਿਆਦੀ ਖ਼ਾਸੇ ਨਾਲ ਕੀ ਮੇਲ ਹੈ? ਇਹ ਵਿਸ਼ੇ ਆਪਸ ਵਿਚ ਜੁੜੇ ਹੋਏ ਹਨ ਕਿਉਂਕਿ ਖੇਡ ਵਾਂਗ ਸੰਗੀਤ ਮਨੁੱਖੀ ਖੇਡੇ ਦਾ ਜ਼ਾਹਰਾ ਰੂਪ ਹੈ। ਇਨ੍ਹਾਂ ਪੇਂਡੂ ਖੇਡ ਮੇਲਿਆਂ ਦਾ ਬਦਲਦਾ ਖ਼ਾਸਾ ਇੰਡੀਅਨ ਪ੍ਰੀਮੀਅਰ ਲੀਗ ਨਾਲ ਜੁੜੀਆਂ ਰੰਗ-ਰਲੀਆਂ ਵਾਲੀਆਂ ਦੇਰ ਰਾਤ ਤੱਕ ਚੱਲਣ ਵਾਲੀਆਂ ਪਾਰਟੀਆਂ ਨਾਲ ਕਿੰਨਾ ਮੇਲ ਖਾਂਦਾ ਹੈ?

ਖੇਡ ਮੇਲਿਆਂ ਦਾ ਖ਼ਾਸਾ ਇਨ੍ਹਾਂ ਦੇ ਅਰਥਚਾਰੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਅੱਗੋਂ ਇਸ ਦੀਆਂ ਸਿਆਸੀ ਤੰਦਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਆਖ਼ਰ ਉਂਝ ਹੀ ਤਾਂ ਹੈਨਰੀ ਕਸਿੰਗਰ ਦੀਆਂ ਸੇਵਾਵਾਂ ਨਹੀਂ ਲਈਆਂ ਜਾਂਦੀਆਂ! ਬਿਨਾਂ ਕਾਰਨ ਤੋਂ ਤਾਂ ਕੋਈ ਓਲੰਪਿਕ ਖੇਡਾਂ ਦੀ ਮਹਿਮਾਨਨਿਵਾਜ਼ੀ ਨੂੰ ਨਿਹੱਕੀ ਖ਼ੂਨੀ ਜੰਗ ਨਾਲ ਨਹੀਂ ਜੋੜਿਆ ਜਾਂਦਾ ਹੈ। ਇਨ੍ਹਾਂ ਸਾਰੇ ਤੱਥਾਂ ਦਾ ਜਮ੍ਹਾਂ-ਜੋੜ ਅਜਿਹੀ ਦਲੀਲ ਉਸਾਰਦਾ ਹੈ ਜਿਸ ਦਾ ਖੇਡ, ਖੇਡ ਮੈਦਾਨ ਅਤੇ ਖੇਡ ਭਾਵਨਾ ਨਾਲ ਕੋਈ ਸਰੋਕਾਰ ਨਹੀਂ ਹੈ। ਸਰਮਾਏ ਦੀ ਨੁਮਾਇਸ਼ ਵਜੋਂ ਪੇਸ਼ ਕੀਤੇ ਜਾ ਰਹੇ ਖੇਡ ਮੁਕਾਬਲੇ ਖ਼ਪਤਕਾਰੀ ਸੱਭਿਆਚਾਰ ਦਾ ਅਗਵਾਨ ਹੋ ਨਿਬੜੇ ਹਨ ਅਤੇ ਖਿਡਾਰੀਆਂ ਨੂੰ ਗੂੰਗੀਆਂ ਕਠਪੁਤਲੀਆਂ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ।

ਪਿਛਲੀ ਸਦੀ ਵਿਚ ਅਜਿਹੀਆਂ ਕਈ ਮਿਸਾਲਾਂ ਹਨ ਜਦੋਂ ਖਿਡਾਰੀ ਨਾਬਰਾਬਰੀ, ਬੇਇਨਸਾਫ਼ੀ, ਨਸਲੀ ਵਿਤਕਰੇ, ਜੰਗੀ ਮੁਹਿੰਮਾਂ ਅਤੇ ਨਫ਼ਰਤ ਦੇ ਖ਼ਿਲਾਫ਼ ਤਾਕਤਵਰ ਆਵਾਜ਼ ਵਜੋਂ ਸਾਹਮਣੇ ਆਏ। ਉਨ੍ਹਾਂ ਨੇ ਬਰਾਬਰੀ, ਇਨਸਾਫ਼, ਵਿਵੇਕ ਅਤੇ ਪਿਆਰ ਦੀ ਮਨੁੱਖੀ ਵਿਰਾਸਤ ਨੂੰ ਅਮੀਰ ਕੀਤਾ। ਮੌਜੂਦਾ ਦੌਰ ਵਿਚ ਖਿਡਾਰੀਆਂ ਦੀ ਕਾਰਗੁਜ਼ਾਰੀ ਤਾਂ ਬਹੁਤ ਬਿਹਤਰ ਹੋਈ ਹੈ ਪਰ ਖੇਡ ਮੈਦਾਨ ਵਿਚੋਂ ਦਰਦਮੰਦੀ ਦੀ ਆਵਾਜ਼ ਘੱਟ ਸੁਣਾਈ ਦਿੰਦੀ ਹੈ। ਇਸ ਤੋਂ ਬਿਨਾਂ ਖੇਡ ਕਾਰਪੋਰੇਟ ਨਿਜ਼ਾਮ ਅਤੇ ਖੁੱਲ੍ਹੀ ਮੰਡੀ ਦਾ ਅਖਾੜਾ ਬਣ ਕੇ ਰਹਿ ਗਿਆ ਹੈ। ਕੌਮਾਂਤਰੀ ਖੇਡ ਮੇਲਿਆਂ ਦੇ ਖ਼ਾਸੇ ਉੱਤੇ ਸੰਜੀਦਾ ਸੰਵਾਦ ਰਾਹੀਂ ਇਸ ਰੁਝਾਨ ਦੀਆਂ ਗੌਣ ਕੜੀਆਂ ਨੂੰ ਲੋਕ ਬਹਿਸ ਦਾ ਮੁੱਦਾ ਬਣਾਇਆ ਜਾਣਾ ਚਾਹੀਦਾ ਹੈ। ਜਦੋਂ ਖਿਡਾਰੀਆਂ ਦੀਆਂ ਪ੍ਰਾਪਤੀਆਂ ਮਨੁੱਖੀ ਗੁਣਾਂ ਦੀ ਥਾਂ ਅੰਕੜਿਆਂ ਅਤੇ ਇਸ਼ਤਿਹਾਰਾਂ ਵਿਚੋਂ ਲੱਭੀਆਂ ਜਾ ਰਹੀਆਂ ਹਨ ਤਾਂ ਇਹ ਸਵਾਲ ਕਰਨਾ ਬਣਦਾ ਹੈ ਕਿ ਹੁਣ ਖੇਡ ਦਾ ਮਨੁੱਖ ਦੇ ਚਾਅ ਨਾਲ ਕੀ ਰਿਸ਼ਤਾ ਹੈ? ਜਦੋਂ ਮਨੁੱਖ ਨੂੰ ਮਨੁੱਖ ਦੀ ਥਾਂ ਖ਼ਪਤਕਾਰ ਮੰਨਿਆ ਜਾ ਰਿਹਾ ਹੈ ਤਾਂ ਖੇਡ ਵਰਗੀ ਖ਼ੂਬਸੂਰਤ ਮਨੁੱਖੀ ਸਰਗਰਮੀ ਉੱਤੇ ਸਰਮਾਏਦਾਰੀ ਦਾ ਹਮਲਾ ਲਾਜ਼ਮੀ ਹੋ ਜਾਂਦਾ ਹੈ। ਇਸੇ ਲਈ ਖੇਡ ਮੈਦਾਨ ਵਿਚੋਂ ਮਨੁੱਖੀ ਸਮਰੱਥਾ ਦਾ ਜਸ਼ਨ ਮੱਠਾ ਪੈ ਰਿਹਾ ਹੈ ਅਤੇ ਕਾਰਪੋਰੇਟ ਜੰਗੀ ਮੁਨਾਫ਼ੇ ਦਾ ਖ਼ਪਤਕਾਰੀ ਸ਼ੋਰ ਵਧ ਰਿਹਾ ਹੈ।

# ਨੇੜਿਊਂ ਦੇਖੀ ਸੁਣੀ ਮਨਪ੍ਰੀਤ ਦੀ ਪੀਪਲਜ਼ ਪਾਰਟੀ !

ਖੂਹ ਨੂੰ ਖੂਹ ਨਹੀਂ ਮਿਲਦਾ ਪਰ ਬੰਦੇ ਨੂੰ ਬੰਦਾ ਮਿਲ ਪੈਂਦਾ ਹੈ। ਸਾਲ 2002 ਦੇ ਨਵੰਬਰ ਮਹੀਨੇ ਦੀ ਕੋਸੀ ਕੋਸੀ ਧੁੱਪ ਵਾਲਾ ਦਿਨ। ਬਾਲਾਸਰ ਦਾ ਕਿਲਾਨੁਮਾ ਮਹੱਲ। ਪਿਛਵਾੜੇ ਪਾਕਿਸਤਾਨੀ ਨਸਲ ਦੇ ਭੇਡੂਆਂ ਦਾ ਵਾੜਾ। ਲਾਗੇ ਹੀ ਰੰਗ-ਬ-ਰੰਗੇ ਫੁੱਲਾਂ ਦੇ ਬਗੀਚੇ ਵਿਚ ਅਰਾਮ ਕੁਰਸੀ 'ਤੇ ਬੈਠਾ ਮਨਪ੍ਰੀਤ ਸਿੰਘ ਬਾਦਲ। ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰ ਭੇਡੂਆਂ ਵਾਂਗ ਹੀ ਕਿਲੇ ਵਿਚ ਇੱਧਰ-ਉਧਰ ਘੁੰਮ ਰਹੇ ਸਨ। ਕੁਝ ਕੁ ਜਣੇ ਮਨਪ੍ਰੀਤ ਸਾਹਮਣੇ ਕੁਰਸੀਆਂ 'ਤੇ ਸਜੇ ਬੈਠੇ ਸਨ। ਕੁਰਸੀਆਂ ਵਾਲੇ ਇਸੇ ਗਰੁਪ ਵਿਚ ਬੈਠਾ ਹੋਇਆ ਮੈਂ ਵੀ, ਚਾਹ ਦੀਆਂ ਚੁਸਕੀਆਂ ਨਾਲ ਮਨਪ੍ਰੀਤ ਮੂੰਹੋਂ ਉਰਦੂ ਦੇ ਸ਼ੇਅਰ ਸੁਣ ਰਿਹਾ ਸਾਂ। ਉਸ ਘੜੀ ਚਿਤ-ਚੇਤੇ ਵੀ ਨਹੀਂ ਸੀ ਆਇਆ ਕਿ ਇਸੇ ਮਨਪ੍ਰੀਤ ਦੇ ਕਈ ਵਰ੍ਹਿਆਂ ਬਾਅਦ ਅਮਰੀਕਾ 'ਚ ਦਰਸ਼ਨ ਹੋਣਗੇ। ਉਹ ਵੀ 'ਤਾਏ ਦੇ ਸਾਏ' ਤੋਂ ਬਾਗੀ ਹੋ ਚੁੱਕੇ ਮਨਪ੍ਰੀਤ ਦੇ!! ਕਿਉਂ ਜੋ ਉਸ ਵੇਲੇ ਤਾਂ ਉਹ ਤਾਇਆ ਦਲ ਦਾ ਪੂਰਾ ਸੂਰਾ 'ਲਫ਼ਟੈਣ' ਬਣਿਆ ਬੈਠਾ ਸੀ।



ਪੂਰੇ ਨੌਂ ਸਾਲਾਂ ਬਾਅਦ ਜੁਲਾਈ 2011 ਵਿਚ ਉਸ ਨੂੰ ਦੁਬਾਰਾ ਮਿਲਣ ਦਾ ਮੌਕਾ ਬਣਿਆ। ਅਮਰੀਕਾ ਭਰ ਵਿਚ ਉਸ ਦੀ ਨਵੀਂ ਸਜੀ ਪਾਰਟੀ ਦੇ ਪ੍ਰਚਾਰ ਸਮਾਗਮਾਂ ਦੀ ਲੜੀ ਮੁਤਾਬਿਕ, ਮੇਰੀ ਰਿਹਾਇਸ਼ ਵਾਲੇ ਸ਼ਹਿਰ ਦੇ ਸਭ ਤੋਂ ਨਜ਼ਦੀਕ ਹੇਵਰਡ (ਕੈਲੀਫੋਰਨੀਆ) ਵਿਖੇ ਹੋਏ ਪ੍ਰੋਗਰਾਮ ਵਿਚ ਮੈਂ ਸ਼ਾਮਲ ਹੋਇਆ। ਮੇਰੇ ਨਾਲ ਸਨ ਕਵੀ ਦੋਸਤ ਡਾ. ਗੁਰਮੀਤ ਸਿੰਘ ਬਰਸਾਲ ਜਿਨ੍ਹਾਂ ਦੇ ਮਨ ਵਿਚ ਵੀ ਵੱਡੀ ਉਤਸੁਕਤਾ ਸੀ ਮਨਪ੍ਰੀਤ ਹੋਰਾਂ ਦੀ ਪਾਰਟੀ ਬਾਰੇ ਜਾਣਨ ਦੀ।

ਰਾਹ ਵਿਚ ਸਮਾਗਮ ਬਾਰੇ ਸਾਡੇ ਲਾਏ ਲੱਖਣ ਸਾਰੇ ਹੀ ਗਲਤ ਨਿਕਲੇ। ਨਾ ਤਾਂ ਪ੍ਰੋਗਰਾਮ ਮਿੱਥੇ ਸਮੇਂ ਤੋਂ ਪੰਜਾਬੀਆਂ ਵਾਲੀ 'ਲੇਟ' ਨਾਲ ਸ਼ੁਰੂ ਹੋਇਆ, ਨਾ ਕਿਸੇ ਨੇ ਮੁੱਖ ਮਹਿਮਾਨ ਨੂੰ 'ਜੀ ਆਇਆਂ' ਕਹਿਣ ਦੇ ਬਹਾਨੇ ਝੱਖ ਮਾਰੀ। ਨਾ ਹੀ ਸਪਾਂਸਰ ਕਰਨ ਵਾਲੇ 'ਉਘੇ ਸਮਾਜ ਸੇਵਕਾਂ' ਨੂੰ ਪਲੇਕਾਂ ਦੀਆਂ ਰਿਉੜੀਆਂ ਵੰਡੀਆਂ ਗਈਆਂ। ਉਥੇ ਨਾ ਕਿਸੇ ਨੂੰ ਮਹਾਨ ਸ਼ਖ਼ਸੀਅਤ ਗਰਦਾਨਿਆ ਗਿਆ, ਤੇ ਨਾ ਹੀ ਕਿਸੇ ਨੂੰ ਉਚੇਚੇ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਣ ਦੀ ਚਗਲੇ ਹੋਏ ਸ਼ਬਦਾਂ ਵਾਲੀ ਫੂਕ ਛਕਾਈ ਗਈ। ਹੋਰ ਵੀ ਬਹੁਤ ਕੁਝ ਨਵਾਂ ਨਿਵੇਕਲਾ ਦੇਖਣ ਨੂੰ ਮਿਲਿਆ।

ਪ੍ਰਧਾਨ ਦੇ ਸਾਹਮਣੇ ਬੇ-ਜ਼ੁਬਾਨੀਆਂ ਗਊਆਂ ਬਣ ਕੇ ਬਹਿਣ ਦੀ ਥਾਂ ਇੱਥੇ ਇਕ ਇਨਕਲਾਬੀ ਵਰਤਾਰਾ ਵਾਪਰਿਆ। ਬਿਨਾਂ ਕਿਸੇ ਲੰਮੀ ਚੌੜੀ ਭੂਮਿਕਾ ਦੇ ਤੈਅਸ਼ੁਦਾ ਸਟੇਜੀ ਕਾਰਵਾਈ ਅਨੁਸਾਰ ਅਰਦਾਸ ਰੂਪ ਗੀਤ ਤੋਂ ਬਾਅਦ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ.ਪੀ.ਪੀ.) ਦੀ ਕਾਇਮੀ ਅਤੇ ਮਨਪ੍ਰੀਤ ਸਿੰਘ ਬਾਦਲ ਦੀ ਕਾਰਗੁਜ਼ਾਰੀ ਬਾਰੇ ਪੰਦਰਾਂ-ਵੀਹ ਮਿੰਟਾਂ ਦੀ ਡਾਕੂਮੈਂਟਰੀ ਦਿਖਾਈ ਗਈ। ਉਸ ਤੋਂ ਬਾਅਦ ਹਾਲੇ ਦੋ ਕੁ ਬੁਲਾਰੇ ਹੀ ਭੁਗਤੇ ਸਨ ਕਿ ਅਚਾਨਕ ਸਟੇਜ ਸਕੱਤਰ ਕਹਿਣ ਲੱਗਾ ਕਿ ਬਹੁਤ ਸਾਰੇ ਲੇਟ ਆਏ ਦਰਸ਼ਕਾਂ ਦੀ ਫਰਮਾਇਸ਼ 'ਤੇ ਡਾਕੂਮੈਂਟਰੀ ਦੁਬਾਰਾ ਦਿਖਾਈ ਜਾਂਦੀ ਹੈ। ਸੈਕਟਰੀ ਮੂੰਹੋਂ ਇੰਨੀ ਗੱਲ ਨਿਕਲਣ ਦੀ ਦੇਰ ਸੀ ਕਿ ਭਗਵੰਤ ਮਾਨ ਸ਼ੂਟ ਵੱਟ ਕੇ ਸਟੇਜ ਉਪਰ ਜਾ ਚੜ੍ਹਿਆ। ਸੈਕਟਰੀ ਹੱਥੋਂ ਮਾਈਕ ਫੜ ਕੇ ਫੈਸਲਾਕੁਨ ਅੰਦਾਜ਼ 'ਚ ਬੋਲਿਆ, "ਡਾਕੂਮੈਂਟਰੀ ਦੁਬਾਰਾ ਬਿਲਕੁਲ ਨਹੀਂ ਦਿਖਾਈ ਜਾਵੇਗੀ। ਜਿਹੜੇ ਵੀਰ ਲੇਟ ਆਏ ਹਨ, ਕਸੂਰ ਉਨ੍ਹਾਂ ਦਾ ਹੈ ਸਾਡਾ ਨਹੀਂ!" ਸਾਰਾ ਪ੍ਰੋਗਰਾਮ ਪਹਿਲੋਂ ਵਿਉਂਤੀ ਹੋਈ ਤਰਤੀਬ ਅਨੁਸਾਰ ਹੀ ਚੱਲਿਆ।

ਜਿਹੜੀ ਜ਼ੁਰਅਤ ਭਗਵੰਤ ਮਾਨ ਨੇ ਦਿਖਾਈ, ਐਸਾ ਐਕਸ਼ਨ ਕਿਸੇ ਹੋਰ ਸਿਆਸੀ ਪਾਰਟੀ ਵਿਚ ਕਦੇ ਨਹੀਂ ਦੇਖਿਆ/ਸੁਣਿਆ। ਪ੍ਰਧਾਨ ਦੀ ਹਾਜ਼ਰੀ ਵਿਚ, ਉਸੇ ਦੀ ਕਾਰਗੁਜ਼ਾਰੀ ਬਾਰੇ ਡਾਕੂਮੈਂਟਰੀ ਦਿਖਾਉਣ ਤੋਂ ਵਰਜਣ ਜੈਸੀ ਹਿਮਾਕਤ, ਕਿਹੜਾ ਪ੍ਰਧਾਨ ਬਰਦਾਸ਼ਤ ਕਰ ਸਕਦਾ ਹੈ? ਮਿਸਾਲ ਵਜੋਂ ਮਨਪ੍ਰੀਤ ਬਾਦਲ ਦੇ ਤਾਏ ਦੀ ਮਾਲਕੀ ਵਾਲੇ 'ਦਲ' ਵਿਚ ਕਿਸੇ ਅਜਿਹੀ ਘਟਨਾ ਬਾਰੇ ਕਿਆਸ ਕਰਕੇ ਦੇਖੋ ਜ਼ਰਾ! ਹੋ ਸਕਦੀ ਹੈ ਕਿਸੇ ਦੀ ਮਜ਼ਾਲ ਕਿ ਪ੍ਰਧਾਨ ਮੋਹਰੇ ਕੋਈ ਸਾਹ ਵੀ ਉਚਾ ਲੈ ਸਕੇ? ਇਕ ਵਾਰੀ ਛੱਡ ਕੇ ਭਾਵੇਂ ਦਸ ਵਾਰੀ ਡਾਕੂਮੈਂਟਰੀ ਦਿਖਾਈ ਜਾਂਦੇ, ਕਿਸੇ ਨੇ ਵੀ ਚੂੰ-ਚਰਾਂ ਨਹੀਂ ਸੀ ਕਰਨੀ। ਇਹੋ ਜਿਹੀ 'ਆਪਹੁਦਰੀ' ਨੂੰ ਪ੍ਰਧਾਨ ਸਾਹਿਬ ਦੀ ਤੌਹੀਨ ਮੰਨ ਕੇ ਦੋਸ਼ੀ ਨੂੰ ਫੌਰਨ ਦਲ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ। ਮਨਪ੍ਰੀਤ ਦੀ ਨਵ-ਗਠਿਤ ਪਾਰਟੀ ਲਈ ਇਹ ਸ਼ੁਭ ਸ਼ਗਨ ਹੀ ਕਿਹਾ ਜਾ ਸਕਦਾ ਹੈ।

ਅਮਰੀਕਾ/ਕੈਨੇਡਾ ਵਿਚ ਹੋਏ ਅਤੇ ਹੋਣ ਜਾ ਰਹੇ ਸਾਰੇ ਸਮਾਗਮ ਦਾ ਕੋ-ਆਰਡੀਨੇਟਰ ਭਗਵੰਤ ਮਾਨ ਹੀ ਸੀ, ਤੇ ਹੈ। ਪੰਜਾਬੀਆਂ ਦੇ ਹਰਮਨ ਪਿਆਰੇ ਇਸ ਹਾਸਰਸ ਕਲਾਕਾਰ ਦਾ ਬਦਲਵਾਂ ਰੂਪ ਦੇਖਦਿਆਂ/ਸੁਣਦਿਆਂ ਮੈਂ ਇਤਿਹਾਸ ਦੇ ਉਸ ਦੌਰ ਬਾਰੇ ਸੋਚਣ ਲੱਗਾ ਜਦੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਨਗਰੀ ਵਿਚ ਸ੍ਰੀ ਦਸਮੇਸ਼ ਪਿਤਾ ਦਾ ਅਗੰਮੀ ਪ੍ਰਕਾਸ਼ ਡਲ੍ਹਕਾਂ ਮਾਰ ਰਿਹਾ ਸੀ, ਉਥੋਂ ਦੀ ਭਾਗਭਰੀ ਧਰਤੀ ਉਪਰ ਨੀਲੇ ਘੋੜੇ ਦੇ ਪੌੜ ਖਣਕਦੇ ਸਨ। ਇਕ ਦਿਨ ਸਾਹਿਬ ਜੀ ਦੇ ਸਜੇ ਦਰਬਾਰ ਵਿਚ ਕੁਝ ਭੰਡਾਂ ਨੇ ਕਲਗੀਧਰ ਜੀ ਤੋਂ ਆਗਿਆ ਲੈ ਕੇ ਗੁਰੂ ਕੇ ਮਸੰਦਾਂ ਦੀਆਂ 'ਸਕਿੱਟਾਂ' ਦਿਖਾਈਆਂ।

ਵੱਡੇ ਸਾਰੇ ਢਿੱਡ ਵਾਲਾ ਇਕ ਮਸੰਦ ਆਪਣੇ ਲਾਮ ਲਸ਼ਕਰ ਸਮੇਤ ਇਕ ਪੇਂਡੂ ਗਰੀਬੜੇ ਸਿੱਖ ਦੇ ਘਰ ਜਾ ਵੜਦਾ ਹੈ। ਕਿਰਤੀ ਸਿੱਖ ਦੇ ਟੱਬਰ ਨੂੰ ਚਾਅ ਚੜ੍ਹ ਜਾਂਦਾ ਹੈ-ਅੱਜ ਸਾਡੇ ਘਰ ਗੁਰੂ ਕਿਆਂ ਨੇ ਚਰਨ ਪਾਏ ਹਨ। ਧੰਨ ਭਾਗ ਸਾਡੇ!! ਸਿੱਖਣੀ ਫਟਾ-ਫਟ ਅਲਾਣੀ ਮੰਜੀ ਉਤੇ ਦਰੀ ਵਿਛਾਉਂਦੀ ਹੈ ਪਰ ਮਸੰਦ ਸਾਧਾਰਨ ਜਿਹੀ ਦਰੀ ਦੇਖ ਕੇ ਗਰਜਦਾ ਹੈ, "ਤੁਹਾਨੂੰ ਸ਼ਰਮ ਨਹੀਂ ਆਉਂਦੀ, ਆਹ ਮੈਲੀ ਕੁਚੈਲੀ ਦਰੀ ਸਾਡੇ ਬਹਿਣ ਲਈ ਵਿਛਾਉਂਦਿਆਂ?" ਗੁੱਸੇ 'ਚ ਉਹ ਦਰੀ ਵਲੇਟ ਕੇ ਪਰ੍ਹੇ ਵਗਾਹ ਮਾਰਦਾ ਹੈ। ਮੁਆਫੀਆਂ ਮੰਗਦੀ ਹੋਈ ਗਰੀਬ ਸਿੱਖਣੀ ਗੁਆਂਢੀਆਂ ਘਰੋਂ ਚੁਤਹੀ ਅਤੇ ਤਲਾਈ ਮੰਗ ਲਿਆਉਂਦੀ ਹੈ। ਇਸੇ ਤਰ੍ਹਾਂ ਰਾਤ ਨੂੰ ਸਾਦਾ ਦਾਲ-ਫੁਲਕਾ ਦੇਖ ਕੇ ਮਸੰਦ ਫਿਰ ਅੱਗ ਬਬੂਲਾ ਹੋ ਉਠਦਾ ਹੈ। ਚੰਗੇ ਚੋਸੇ ਪਕਵਾਨਾਂ ਦੀ ਮੰਗ ਕਰਦਾ ਹੈ। ਨਾਲੇ ਇਸ ਗਰੀਬ ਪਰਿਵਾਰ ਨੂੰ ਗੁਰੂ-ਕ੍ਰੋਪੀ ਦੇ ਡਰਾਵੇ ਦੇਈ ਜਾਂਦਾ ਹੈ। ਅੱਧੀ ਰਾਤ ਤੱਕ ਗਰੀਬ ਸਿੱਖ ਦੀ ਸੁਆਣੀ ਕੋਲੋਂ ਲੱਤਾਂ ਘੁਟਾਉਂਦਾ ਹੈ। ਸਵੇਰੇ ਰੁਖਸਤ ਹੋਣ ਵੇਲੇ ਗੁਆਂਢੀਆਂ ਤੋਂ ਮੰਗਿਆ ਹੋਇਆ ਬਿਸਤਰਾ ਆਪਣੀ ਘੋੜੀ ਦੀ ਕਾਠੀ 'ਤੇ ਸੁੱਟ ਲੈਂਦਾ ਹੈ। ਗਰੀਬ ਪਰਿਵਾਰ ਫਿਰ ਵੀ ਉਸ ਦੇ ਪੈਰ ਪੂਜਦਾ ਹੈ ਕਿ ਉਨ੍ਹਾਂ ਜਿਹੇ ਮੁਹਾਂਪੁਰਸ਼ਾਂ ਨੇ ਸਾਡਾ ਗ੍ਰਹਿ ਪਵਿੱਤਰ ਕੀਤਾ ਹੈ।

ਭੰਡਾਂ ਦੇ ਇਸ ਨਾਟਕ ਨੂੰ ਦੇਖ-ਦੇਖ ਸਾਰੀ ਸੰਗਤ ਹੱਸ ਰਹੀ ਸੀ ਪਰ ਦਸਮੇਸ਼ ਪਿਤਾ ਦੇ ਚਿਹਰੇ 'ਤੇ ਜਲਾਲ ਆ ਗਿਆ। ਸਤਿਗੁਰਾਂ ਨੇ ਉਸੇ ਵੇਲੇ ਹੁਕਮ ਕੀਤਾ ਕਿ ਸਾਰੇ ਮਸੰਦਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਦਰਬਾਰ 'ਚ ਲਿਆਂਦਾ ਜਾਵੇ। ਸ੍ਰੀ ਕੇਸਗੜ੍ਹ ਸਾਹਿਬ ਦੇ ਲਾਗਲੇ ਗੁਰਦੁਆਰੇ ਸੀਸ ਗੰਜ ਦੇ ਵਿਹੜੇ ਵਿਚ ਪੁਰਾਣਾ ਖੂਹ ਹੈ ਜਿਹਦੇ ਬਾਰੇ ਰਵਾਇਤ ਹੈ ਕਿ ਉਸ ਖੂਹ 'ਚੋਂ ਨਿਕਲੇ ਤੇਲ ਨਾਲ ਮਸੰਦਾਂ ਦਾ 'ਕਲਿਆਣ' ਕੀਤਾ ਗਿਆ ਸੀ। ਉਸੇ ਘੜੀ ਤੋਂ ਸਾਹਿਬ ਦਸਮੇਸ਼ ਗੁਰੂ ਨੇ ਮਸੰਦ ਪ੍ਰਥਾ ਦਾ ਖਾਤਮਾ ਕਰਕੇ, ਸਿੱਖਾਂ ਦਾ ਗੁਰੂ ਨਾਲ ਸਿੱਧਾ ਸਬੰਧ ਜੋੜਨ ਵਾਲਾ ਇਨਕਲਾਬੀ ਫੈਸਲਾ ਕਰ ਦਿੱਤਾ।

ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਵਿਚ ਸਿਧਾਂਤਕ ਭੂਮਿਕਾ ਨਿਭਾ ਰਿਹਾ ਭਗਵੰਤ ਮਾਨ, ਕਈ ਦਹਾਕਿਆਂ ਤੋਂ ਸਮੂਹ ਪੰਜਾਬੀਆਂ ਅੱਗੇ ਲੋਟੂ ਨਿਜ਼ਾਮ ਦੀਆਂ 'ਸਕਿੱਟਾਂ' ਪੇਸ਼ ਕਰਦਾ ਆ ਰਿਹਾ ਹੈ। ਐਮ.ਐਲ.ਏ., ਐਮ.ਪੀ., ਵਜ਼ੀਰਾਂ ਤੋਂ ਲੈ ਕੇ ਸਰਕਾਰੀ ਅਮਲੇ ਦੇ ਹਰ ਛੋਟੇ-ਵੱਡੇ ਅੰਗ ਦੀਆਂ ਪਰਤਾਂ ਖੋਲ੍ਹਣ ਵਾਲੀਆਂ 'ਸਕਿੱਟਾਂ' ਰਾਹੀਂ ਉਸ ਨੇ ਵਿਗੜੇ ਢਾਂਚੇ ਦਾ ਸ਼ੀਸ਼ਾ ਦਿਖਾਇਆ ਹੈ। ਅਸੀਂ ਬਥੇਰੀਆਂ ਤਾੜੀਆਂ ਮਾਰੀਆਂ... ਹੱਸ-ਹੱਸ ਢਿੱਡੀਂ ਪੀੜਾਂ ਪੁਆ ਲਈਆਂ... ਇਹ ਕੰਮ ਬਹੁਤ ਹੋ ਗਿਆ। ਗੁਰੂ ਵੀਹ ਵਿਸਵੇ, ਪਰ ਸੰਗਤ ਇੱਕੀ ਵਿਸਵੇ ਮੰਨੀ ਜਾਂਦੀ ਹੈ। ਆਉ ਹੁਣ ਮੱਥੇ 'ਤੇ ਜਲਾਲ ਲਿਆ ਕੇ ਮਸੰਦਾਂ ਦੀਆਂ ਮੁਸ਼ਕਾਂ ਬੰਨ੍ਹਣ ਲਈ ਕਮਰ ਕੱਸੇ ਕਰੀਏ। ਭਗਵੰਤ ਦੇ ਮੂੰਹੋਂ ਹੇਵਰਡ ਸ਼ਹਿਰ ਵਿਖੇ ਸੁਣੀ ਹੋਈ ਗੱਲ ਦੁਹਰਾਉਂਦਾ ਹਾਂ, "ਹੱਸਣਾ, ਨੱਚਣਾ, ਟੱਪਣਾ ਉਦੋਂ ਹੀ ਸੋਹਣਾ ਲਗਦਾ ਹੈ, ਜਦ ਘਰ ਦੇ ਚੁੱਲ੍ਹੇ 'ਚ ਅੱਗ ਬਲਦੀ ਹੋਵੇ, ਲੇਕਿਨ ਜੇ ਚੁੱਲੇ ਵਿਚ ਘਾਹ ਉਗ ਆਇਆ ਹੋਵੇ ਤਾਂ ਨੱਚਣ ਗਾਉਣ ਵਾਲੇ ਸ਼ੁਦਾਈ ਹੀ ਕਹਾਉਣਗੇ।"

ਇਹ ਫਲਸਫਾਨਾ ਵਾਕ ਸਮੁੱਚੇ ਪੰਜਾਬ ਵਾਸੀਆਂ ਨੂੰ ਤਾਂ ਝੰਜੋੜਦਾ ਹੀ ਹੈ, ਨਾਲ-ਨਾਲ ਉਨ੍ਹਾਂ ਪੰਜਾਬੀ ਗਾਇਕ ਕਲਾਕਾਰਾਂ ਦੀ ਜ਼ਮੀਰ ਨੂੰ ਵੀ ਹਲੂਣਦਾ ਹੈ ਜਿਹੜੇ ਕਰਜ਼ਿਆਂ ਦੇ ਝੰਬੇ, ਮਾਰੂ ਨਸ਼ਿਆਂ ਦੇ ਮਾਰੇ, ਲੁਟੇਰੇ ਸਿਸਟਮ ਦਾ ਸ਼ਿਕਾਰ ਬਣੇ, ਬਾਬਾਵਾਦ ਦੀ ਚੱਕੀ 'ਚ ਪਿਸਦੇ ਅਤੇ ਸਦਾਚਾਰਕ ਵਿਰਸੇ ਤੋਂ ਮਹਿਰੂਮ ਹੋ ਰਹੇ ਪੰਜਾਬ ਨੂੰ 'ਨੱਚਦਾ-ਟੱਪਦਾ ਰੰਗਲਾ' ਦੱਸ-ਦੱਸ ਕੇ ਆਪਣਿਆਂ ਦੇ ਹੀ ਅੱਖੀਂ ਘੱਟਾ ਪਾਈ ਜਾ ਰਹੀ ਨੇ। ਜੇ ਭਗਵੰਤ ਮਾਨ ਆਪਣੀ ਮਾਂ-ਭੂਮੀ ਦੇ ਦਰਦ ਹਿੱਤ ਆਪਣਾ ਸ਼ਾਨਦਾਰ ਪ੍ਰੋਫੈਸ਼ਨ ਤਿਆਗ ਕੇ ਮੈਦਾਨ 'ਚ ਨਿੱਤਰ ਸਕਦਾ ਹੈ ਤਾਂ ਪੁੱਛਣਾ ਬਣਦਾ ਹੈ, ਸਾਰੀ ਉਮਰ ਗਿੱਟਿਆਂ ਨੂੰ ਘੁੰਗਰੂ ਬੰਨ੍ਹ ਕੇ ਕਈ-ਕਈ ਲੱਖ ਦੀਆਂ ਫੀਸਾਂ ਲੈਣ ਵਾਲਿਆਂ ਦੀ ਆਤਮਾ ਉਨ੍ਹਾਂ ਨੂੰ ਲਾਹਣਤਾਂ ਨਹੀਂ ਪਾਉਂਦੀ?

ਹੁਣ ਗੱਲ ਕਰ ਲਈਏ ਭਗਵੰਤ ਮਾਨ ਜਿਹੇ ਟੀਸੀ 'ਤੇ ਪਹੁੰਚੇ ਕਲਾਕਾਰ ਨੂੰ ਆਪਣੇ ਕਾਫ਼ਲੇ ਦਾ ਪਾਂਧੀ ਬਣਾਉਣ ਵਾਲੇ ਮਨਪ੍ਰੀਤ ਸਿੰਘ ਬਾਦਲ ਦੇ ਦਾਅਵਿਆਂ ਅਤੇ ਵਾਅਦਿਆਂ ਦੀ। ਕਹਿੰਦੇ ਨੇ ਕਿ ਆਦਮੀ ਦਾ ਚਿਹਰਾ ਹੀ ਸਭ ਕੁਝ ਦੱਸ ਦਿੰਦਾ ਹੈ। ਇਸ ਲਿਹਾਜੇ ਮਨਪ੍ਰੀਤ ਦੇ ਚਿਹਰੇ ਤੋਂ ਵਾਕਿਆ ਹੀ ਪੰਜਾਬ ਲਈ ਲੋਹੜੇ ਦਾ ਦਰਦ ਝਲਕਦਾ ਹੈ। ਪੰਜਾਬ ਦੀ ਅਜ਼ਮਤ ਅਤੇ ਅਣਖ ਨੂੰ ਲੱਗੇ ਖੋਰੇ ਦਾ ਜ਼ਿਕਰ ਕਰਦਿਆਂ ਉਹਦਾ ਗੱਚ ਭਰ ਆਉਂਦਾ ਹੈ। ਇਸੇ ਕਾਰਨ ਹੀ ਦਿਨ-ਬ-ਦਿਨ ਉਸ ਦਾ ਕਾਫ਼ਲਾ ਵਧਦਾ ਜਾ ਰਿਹਾ ਹੈ ਪਰ ਕੀਤਾ ਕੀ ਜਾਏ, ਜੇ ਕੁਝ ਪੰਜਾਬੀ ਮਨਪ੍ਰੀਤ ਦੇ ਕਾਫਲੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਦੇ ਹਨ? ਇਸ ਵਿਚ ਕਸੂਰ ਮਨਪ੍ਰੀਤ ਦਾ ਨਹੀਂ। ਪੰਜਾਬੀਆਂ ਨੇ ਬਹੁਤ ਵਾਰ ਸਿਆਸਤਦਾਨਾਂ ਦੇ ਚਿਹਰਿਆਂ ਦੀ ਕਪਟੀ ਮਾਸੂਮੀਅਤ ਤੋਂ ਧੋਖੇ ਖਾਧੇ ਹਨ। ਦੰਭੀ, ਪਖੰਡੀ ਆਗੂਆਂ ਹੱਥੋਂ ਪੰਜਾਬੀਆਂ ਦੀ ਲੁੱਟ ਦਾ ਇਤਿਹਾਸ ਪੜ੍ਹ ਕੇ ਹਿੰਦੀ ਗੀਤ ਯਾਦ ਆਉਂਦਾ ਹੈ, 'ਕਹਾਂ ਤਕ ਨਾਮ ਗਿਨਵਾਊਂ, ਸਭੀ ਨੇ ਹਮ ਕੋ ਲੂਟਾ ਹੈ।' ਸੁਭਾਅ ਪੱਖੋਂ ਭੋਲੇ-ਭਾਲੇ ਪੰਜਾਬੀਆਂ ਨੂੰ ਕਿਸੇ ਸ਼ਾਇਰ ਨੇ ਸ਼ਾਇਦ ਇਸੇ ਕਰਕੇ, ਇਕ ਮੀਸਣੇ ਆਗੂ ਤੋਂ ਚੁਕੰਨੇ ਕਰਦਿਆਂ ਲਿਖਿਆ ਏ:


ਇਹਦਾ 'ਕੱਲਾ ਮੂੰਹ ਨਾ ਦੇਖੋ,
ਮੂੰਹ ਅੰਦਰਲੇ ਦੰਦ ਵੀ ਦੇਖੋ।
ਮੀਸਣੀਆਂ ਮੁਸਕਾਨਾਂ ਉਹਲੇ
ਜੋ ਜੋ ਚਾੜ੍ਹੇ ਚੰਦ ਵੀ ਦੇਖੋ।

ਇਸ ਲੇਖਕ ਨੇ ਆਪਣੀਆਂ ਅੱਖਾਂ ਨਾਲ ਉਹ ਦ੍ਰਿਸ਼ ਵੀ ਦੇਖਿਆ ਹੋਇਐ ਜਦੋਂ ਪੱਚੀ ਸਾਲ ਪ੍ਰਧਾਨਗੀ ਕਰਦੇ ਰਹੇ ਇਕ ਧਾਰਮਿਕ ਆਗੂ ਨੇ ਸ੍ਰੀ ਅਨੰਦਪੁਰ ਸਾਹਿਬ ਸਟੇਜ 'ਤੇ ਖਲੋ ਕੇ ਸ੍ਰੀ ਕੇਸਗੜ੍ਹ ਸਾਹਿਬ ਦੇ ਨਿਸ਼ਾਨ ਸਾਹਿਬ ਵੱਲ ਇਸ਼ਾਰਾ ਕਰਦਿਆਂ ਗਰਜ ਕੇ ਆਖਿਆ ਸੀ ਕਿ ਹੁਣ ਮੇਰੀ ਮੜ੍ਹੀ ਵੀ ਬਾਦਲ ਦਲ ਨਾਲ ਸਮਝੌਤਾ ਨਹੀਂ ਕਰੇਗੀ ਪਰ ਸ੍ਰੀਮਾਨ ਨੇ ਜਿਉਂਦੇ ਜੀ ਹੀ ਬਾਦਲ ਸਾਹਿਬ ਹੱਥੋਂ ਲੱਡੂ ਖਾ ਲਏ!! ਇੱਦਾਂ ਦੀ ਇਹ ਕੇਵਲ ਇਕੋ ਮਿਸਾਲ ਨਹੀਂ, 'ਪੰਜਾਬੀ ਸਰੀਰ' ਦੀ ਤਾਂ ਇਹ ਹਾਲਤ ਬਣੀ ਹੋਈ ਹੈ,

ਏਕ ਦਿਲ ਹੀ ਨਹੀਂ
ਸਾਰਾ ਬਦਨ ਛਲਨੀ ਹੈ!
ਅਬ ਤੋ ਦਰਦ ਭੀ ਪਰੇਸ਼ਾਂ ਹੈ
ਕਿ ਕਹਾਂ ਉਠੂੰ!!

ਮਨਪ੍ਰੀਤ ਸਿੰਘ ਦੇਸ਼-ਵਿਦੇਸ਼ ਦੇ ਪੰਜਾਬੀਆਂ ਨੂੰ ਪੂਰੀ ਦ੍ਰਿੜਤਾ ਨਾਲ ਕਹਿੰਦਾ ਹੈ ਕਿ ਮੇਰਾ ਸਾਥ ਦਿਓ, ਮੈਂ ਪੰਜਾਬ 'ਚ ਇਨਕਲਾਬ ਲੈ ਆਵਾਂਗਾ। ਬੁੱਢਾ ਬੋਹੜ ਨਾਵਲਕਾਰ ਕੰਵਲ ਇਕ ਨਾਵਲ 'ਚ ਕਹਿੰਦੈ, ਪੰਜਾਬ ਦੀ ਸਰ-ਜ਼ਮੀਂ 'ਤੇ ਨਾ ਮਾਓਵਾਦ, ਨਾ ਮਾਰਕਸਵਾਦ, ਸਿਰਫ਼ ਦਸਮੇਸ਼ ਪਿਤਾ ਦੀ ਸ਼ਮਸ਼ੀਰ ਹੀ ਇਨਕਲਾਬ ਲਿਆ ਸਕਦੀ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਪੰਜਾਬ ਲਈ ਤੜਫ ਰਿਹਾ ਸ. ਮਨਪ੍ਰੀਤ ਸਿੰਘ ਬਾਦਲ ਬਾਈ ਕੰਵਲ ਦੇ ਇਸ ਕਥਨ ਨੂੰ ਆਪਣੀ ਤਹਿਰੀਕ ਵਿਚ ਕਿਵੇਂ ਫਿੱਟ ਕਰੇਗਾ? ਮਨਪ੍ਰੀਤ ਨੂੰ ਇਹ ਯਕੀਨ ਦਹਾਨੀ ਕਰਵਾਉਣੀ ਪਏਗੀ ਕਿ ਪੀ.ਪੀ.ਪੀ. ਪਹਿਲੇ ਸਿਆਸੀ ਦਲਾਂ ਤੋਂ ਮੂਲੋਂ ਅਲੱਗ ਹੈ। ਫਿਲਹਾਲ ਪੀ.ਪੀ.ਪੀ. ਵਾਲਿਆਂ ਦੀਆਂ ਕ੍ਰਾਂਤੀਕਾਰੀ ਸੁਰਾਂ ਨੂੰ ਖੁਸ਼ਆਮਦੀਦ ਕਹਿਣਾ ਬਣਦਾ ਹੈ।


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952


## ਭਏ ਕ੍ਰਿਪਾਲ ਗੋਬਿੰਦ ਗੁਸਾਈ॥

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ
ਭਏ ਕ੍ਰਿਪਾਲ ਗੋਬਿੰਦ ਗੁਸਾਈ॥
ਮੇਘੁ ਵਰਸੈ ਸਭਨੀ ਥਾਈ॥
ਦੀਨ ਦਇਆਲ ਸਦਾ ਕ੍ਰਿਪਾਲ
ਠਾਢਿ ਪਾਈ ਕਰਤਾਰੇ ਜੀਉ॥
ਅਪੁਨੇ ਜੀਅ ਜੰਤ ਪ੍ਰਤਿਪਾਰੇ॥
ਜਿਉ ਬਾਰਿਕ ਮਾਤਾ ਸੰਮਾਰੇ॥
ਦੁਖ ਭੰਜਨ ਸੁਖ ਸਾਗਰ ਸੁਆਮੀ
ਦੇਤ ਸਗਲ ਆਹਾਰੇ ਜੀਉ॥
ਜਲਿ ਥਲਿ ਪੂਰਿ ਰਹਿਆ ਮਿਹਰਵਾਨਾ॥
ਸਦ ਬਲਿਹਾਰਿ ਜਾਈਐ ਕੁਰਬਾਨਾ॥
ਰੈਣਿ ਦਿਨਸੁ ਤਿਸੁ ਸਦਾ ਧਿਆਈ
ਜਿ ਖਿਨ ਮਹਿ ਸਗਲ ਉਧਾਰੇ ਜੀਉ॥
ਰਾਖਿ ਲੀਏ ਸਗਲੇ ਪ੍ਰਭਿ ਆਪੇ॥
ਉਤਰਿ ਗਏ ਸਭ ਸੋਗ ਸੰਤਾਪੇ॥
ਨਾਮੁ ਜਪਤ ਮਨੁ ਤਨੁ ਹਰੀਆਵਲੁ
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ॥

ਇਸ ਸ਼ਬਦ ਰਾਹੀਂ ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਜਿਵੇਂ ਬੱਦਲ ਜਦੋਂ ਵੱਸਦਾ ਹੈ ਤਾਂ ਉਚੇ ਨੀਵੇਂ ਥਾਂਵਾਂ 'ਤੇ ਸਮਾਨ ਹੀ ਵੱਸਦਾ ਹੈ, ਇਵੇਂ ਹੀ ਇਸ ਜਗਤ ਦਾ ਮਾਲਿਕ ਪ੍ਰਭੂ ਭੀ ਸਭ ਜੀਵਾਂ 'ਤੇ ਇਕ ਸਾਮਾਨ ਹੀ ਵੱਸਦਾ ਹੈ; ਸਭ ਜੀਵਾਂ 'ਤੇ ਇਕ ਸਮਾਨ ਹੀ ਮਿਹਰਵਾਨ ਰਹਿੰਦਾ ਹੈ ਅਤੇ ਆਪਣੇ ਪਿਆਰਿਆਂ ਦੇ ਹਿਰਦਿਆਂ 'ਤੇ ਨਾਮ ਰੂਪੀ ਬੱਦਲ ਬਣ ਕੇ ਵੱਸਦਾ ਹੈ ਅਤੇ ਠੰਢ ਪਾਉਂਦਾ ਹੈ; ਜਿਵੇਂ ਧਰਤੀ ਦੇ ਜੀਵ ਬੱਦਲ ਵਰ੍ਹਨ 'ਤੇ ਸ਼ਾਂਤੀ ਮਹਿਸੂਸ ਕਰਦੇ ਹਨ, ਇਵੇਂ ਹੀ ਉਹ ਪ੍ਰਭੂ ਜੋ ਦੀਨ ਦਇਆਲ ਅਤੇ ਕ੍ਰਿਪਾ ਦਾ ਸਾਗਰ ਹੈ, ਆਪਣੇ ਪਿਆਰਿਆਂ ਨੂੰ ਵਰੋਸਾਉਂਦਾ ਹੈ।

ਅਪੁਨੇ ਜੀਅ ਜੰਤ ਪ੍ਰਤਿਪਾਰੇ॥
ਜਿਉ ਬਾਰਿਕ ਮਾਤਾ ਸੰਮਾਰੇ॥
ਦੁਖ ਭੰਜਨ ਸੁਖ ਸਾਗਰ ਸੁਆਮੀ
ਦੇਤ ਸਗਲ ਆਹਾਰੇ ਜੀਉ॥

ਹੇ ਭਾਈ! ਜਿਵੇਂ ਮਾਂ ਆਪਣੇ ਬੱਚਿਆਂ ਦੀ ਸਾਂਭ-ਸੰਭਾਲ ਕਰਦੀ ਹੈ ਅਤੇ ਹਰ ਤਰ੍ਹਾਂ ਨਾਲ ਉਨ੍ਹਾਂ ਦਾ ਖਿਆਲ ਭੀ ਰੱਖਦੀ ਹੈ, ਇਵੇਂ ਹੀ ਪ੍ਰਭੂ ਭੀ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਪ੍ਰਤਿਪਾਲਨਾ ਕਰਦਾ ਹੈ ਅਤੇ ਸਭ ਨੂੰ ਖਾਣ ਨੂੰ ਭੀ ਦਿੰਦਾ ਹੈ। ਉਹ ਪ੍ਰਭੂ ਤਾਂ ਸਾਰੇ ਹੀ ਦੁੱਖਾਂ ਦਾ ਨਾਸ ਕਰਨ ਵਾਲਾ ਹੈ ਅਤੇ ਸੁੱਖਾਂ ਦਾ ਸਮੁੰਦਰ ਭੀ ਉਹ ਪ੍ਰਭੂ ਆਪ ਹੀ ਹੈ। ਇਸ ਲਈ ਉਸ ਦੀ ਸ਼ਰਣ ਵਿਚ ਹੀ ਰਹਿਣਾ ਚਾਹੀਏ।

ਜਲਿ ਥਲਿ ਪੂਰਿ ਰਹਿਆ ਮਿਹਰਵਾਨਾ॥
ਸਦ ਬਲਿਹਾਰਿ ਜਾਈਐ ਕੁਰਬਾਨਾ॥
ਰੈਣਿ ਦਿਨਸੁ ਤਿਸੁ ਸਦਾ ਧਿਆਈ
ਜਿ ਖਿਨ ਮਹਿ ਸਗਲ ਉਧਾਰੇ ਜੀਉ॥

ਹੇ ਭਾਈ! ਉਹ ਮਿਹਰਵਾਨ ਪ੍ਰਭੂ ਜੋ

### ਗੁਰਬਾਣੀ ਗਿਆਨ

ਮਿਹਰਾਂ ਦਾ ਮਾਲਿਕ ਹੈ, ਉਹ ਪਾਣੀ ਅਤੇ ਧਰਤੀ ਵਿਚ, ਭਾਵ ਹਰ ਥਾਂ 'ਤੇ ਆਪ ਹੀ ਵੱਸ ਗਿਆ ਅਤੇ ਐਸੇ ਪ੍ਰਭੂ ਜੀ ਤੋਂ ਤਾਂ ਸਦਾ ਹੀ ਵਾਰੀ ਸਦਕੇ ਜਾਣਾ ਚਾਹੀਦਾ ਹੈ, ਕੁਰਬਾਨ ਹੋਣਾ ਚਾਹੀਦਾ ਹੈ ਅਤੇ ਦਿਨ-ਰਾਤ, ਹਰ ਸਮੇਂ ਉਸ ਦਾ ਸਿਮਰਨ ਕਰਨਾ ਚਾਹੀਦਾ ਹੈ; ਜੋ ਇਕ ਪਲ ਵਿਚ ਹੀ ਸਾਰੇ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਸਕਦਾ ਹੈ।

ਰਾਖਿ ਲੀਏ ਸਗਲੇ ਪ੍ਰਭਿ ਆਪੇ॥
ਉਤਰਿ ਗਏ ਸਭ ਸੋਗ ਸੰਤਾਪੇ॥
ਨਾਮੁ ਜਪਤ ਮਨੁ ਤਨੁ ਹਰੀਆਵਲੁ
ਪ੍ਰਭ ਨਾਨਕ ਨਦਰਿ ਨਿਹਾਰੇ ਜੀਉ॥

ਹੁਣ ਗੁਰਦੇਵ ਮਿਹਰਾਂ ਕਰਦੇ ਹਨ ਕਿ ਹੇ ਭਾਈ! ਜੋ ਵੀ ਜੀਵ ਉਸ ਪਰਮਾਤਮਾ ਦੀ ਸ਼ਰਣ ਵਿਚ ਆ ਪਏ, ਉਨ੍ਹਾਂ ਸਾਰਿਆਂ ਨੂੰ ਪ੍ਰਭੂ ਜੀ ਨੇ ਦੁੱਖਾਂ ਕਲੇਸ਼ਾਂ ਤੋਂ ਬਚਾ ਲਿਆ ਅਤੇ ਉਨ੍ਹਾਂ ਜੀਵਾਂ ਦੇ ਸਾਰੇ ਹੀ ਸੋਗ ਸੰਤਾਪ ਭਾਵ ਚਿੰਤਾ ਫਿਕਰ ਦੂਰ ਕਰ ਦਿੱਤੇ ਅਤੇ ਆਪਣਾ ਨਾਮ ਸਿਮਰਨ ਦੇ ਕੇ, ਭਾਵ ਸਹਿਜ ਅਵਸਥਾ ਦੇ ਕੇ ਆਤਮਿਕ ਤੌਰ 'ਤੇ ਹਰੇ ਭਰੇ ਕਰ ਦਿੱਤਾ। ਇਸ ਲਈ ਇਹ ਨਾਨਕ ਭੀ ਅਰਦਾਸ ਬੇਨਤੀ ਕਰਦਾ ਹੈ ਕਿ ਪ੍ਰਭੂ ਜੀਉ! ਮੇਰੇ 'ਤੇ ਭੀ ਮਿਹਰ ਦੀ ਨਜ਼ਰ ਰੱਖੋ, ਤੇ ਮੈਂ ਭੀ ਆਪ ਦਾ ਨਾਮ ਜਪਦਾ ਰਵਾਂ ਜੀ।

ਆਓ! ਗੁਰੂ ਪਿਆਰਿਓ!! ਸ਼ਬਦ ਗੁਰੂ ਨਾਲ ਜੁੜੀਏ।


*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਜਿਸ ਕੀ ਲਾਠੀ, ਉਸ ਕੀ ਭੈਂਸ ਦੇ ਜ਼ਮਾਨੇ 'ਚ ਆਮ ਆਦਮੀ

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ

***ਗੱਲ ਭਾਵੇਂ ਅਸੀਂ ਕਾਮਨਵੈਲਥ ਖੇਡਾਂ ਤੋਂ ਸ਼ੁਰੂ ਕੀਤੀ ਹੋਵੇ ਅਤੇ ਇਸ ਮਾਮਲੇ ਵਿਚ ਕਿਸੇ ਦਾ ਕੋਈ ਲਿਹਾਜ ਨਹੀਂ ਹੋਣਾ ਚਾਹੀਦਾ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਹਰ ਮਾਮਲੇ ਵਿਚ ਹੀ ਭਾਰਤ ਦੀ ਰਾਜਨੀਤੀ ਦੀਆਂ ਸਾਰੀਆਂ ਪ੍ਰਮੁੱਖ ਧਿਰਾਂ ਦਾ ਦੋਗਲਾਪਣ ਮੁੜ-ਮੁੜ ਜ਼ਾਹਰ ਹੁੰਦਾ ਹੈ। ਅੱਗੇ-ਪਿੱਛੇ ਲੜਾਈ ਹੁੰਦੀ ਹੈ ਪਰ ਖਾਣ-ਪੀਣ ਵੇਲੇ ਲੀਡਰ ਜਿਵੇਂ ਆਪੋ ਵਿਚ ਰਲ ਜਾਂਦੇ ਹਨ, ਉਸ ਦੀਆਂ ਮਿਸਾਲਾਂ ਕਈ ਵਾਰ ਸਾਹਮਣੇ ਆਈਆਂ ਅਤੇ ਆ ਰਹੀਆਂ ਹਨ। ...ਮਾਮਲਾ ਕਾਮਨਵੈਲਥ ਦੀਆਂ ਖੇਡਾਂ ਦਾ ਹੋਵੇ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਦੀਆਂ ਖਾਣਾਂ ਦਾ, ਟੈਲੀਕਾਮ ਦੇ ਘੋਟਾਲੇ ਦਾ ਹੋਵੇ ਜਾਂ ਰਾਜਾਂ ਵਿਚ ਪਾਰਲੀਮੈਂਟਰੀ ਸੈਕਟਰੀਆਂ ਅਤੇ ਪਬਲਿਕ ਸਰਵਿਸ ਕਮਿਸ਼ਨਾਂ ਦੀਆਂ ਨਿਯੁਕਤੀਆਂ ਦਾ, ਹਰ ਥਾਂ 'ਜਿਸ ਕੀ ਲਾਠੀ, ਉਸ ਕੀ ਭੈਂਸ' ਦਾ ਫਾਰਮੂਲਾ ਚੱਲਦਾ ਹੈ। ਆਮ ਆਦਮੀ ਕੋਲ ਕਿਉਂਕਿ 'ਲਾਠੀ' ਨਹੀਂ, ਇਸ ਲਈ ਭੈਂਸ ਤਾਂ ਉਸ ਨੂੰ ਕੀ ਮਿਲਣੀ, ਕੱਟੀ ਵੀ ਉਸ ਦੇ ਕਰਮਾਂ ਵਿਚ ਨਹੀਂ ਹੋ ਸਕਦੀ।***

ਕਾਮਨਵੈਲਥ ਖੇਡਾਂ ਬਾਰੇ ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਤਾਜ਼ਾ ਰਿਪੋਰਟ ਆਉਂਦੇ ਸਾਰ ਦੇਸ਼ ਦੀ ਰਾਜਨੀਤੀ ਵਿਚ ਨਵਾਂ ਉਬਾਲਾ ਆ ਗਿਆ ਹੈ। ਜਿਹੜੀਆਂ ਲੱਭਤਾਂ ਇਸ ਰਿਪੋਰਟ ਨੇ ਪੇਸ਼ ਕੀਤੀਆਂ ਹਨ, ਉਨ੍ਹਾਂ ਨੂੰ ਵੇਖਦੇ ਹੋਏ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਸੂਰਜ ਡੁੱਬਣ ਤੋਂ ਪਹਿਲਾਂ ਕੁਰਸੀ ਛੱਡ ਦੇਣੀ ਚਾਹੀਦੀ ਸੀ ਪਰ ਉਸ ਨੇ ਇੰਜ ਕੀਤਾ ਨਹੀਂ। ਟਿਪਣੀ ਇਹ ਕੀਤੀ ਹੈ ਕਿ ਅਜੇ ਸਾਡੇ ਕੋਲ ਰਿਪੋਰਟ ਨਹੀਂ ਆਈ, ਆਵੇਗੀ ਤਾਂ ਪੜ੍ਹ ਕੇ ਵੇਖਾਂਗੇ ਅਤੇ ਫਿਰ ਅਗਲਾ ਕਦਮ ਚੁੱਕਾਂਗੇ। ਜਿਸ ਦੇ ਵਿਰੁਧ ਵੀ ਰਿਪੋਰਟ ਆਵੇ, ਇਹੋ ਕਹਿੰਦਾ ਹੁੰਦਾ ਹੈ। ਇਸ ਵਾਰੀ ਸ਼ੀਲਾ ਦੀਕਸ਼ਤ ਦੇ ਖਿਲਾਫ ਕੈਗ ਦੀ ਰਿਪੋਰਟ ਆਈ ਤਾਂ ਭਾਰਤੀ ਜਨਤਾ ਪਾਰਟੀ ਨੇ ਖੜੇ ਪੈਰ ਅਸਤੀਫਾ ਮੰਗ ਲਿਆ ਪਰ ਆਪਣੇ ਕਰਨਾਟਕਾ ਵਾਲੇ ਸਾਬਕਾ ਮੁੱਖ ਮੰਤਰੀ ਦੇ ਖਿਲਾਫ ਰਿਪੋਰਟ ਆਈ ਤੋਂ ਉਸ ਦੇ ਆਗੂ ਵੀ ਇਹੋ ਕਹਿੰਦੇ ਸਨ ਕਿ ਅਜੇ ਰਿਪੋਰਟ ਆਈ ਹੈ, ਇਸ ਨੂੰ ਪੜ੍ਹਿਆ ਜਾਵੇਗਾ, ਫਿਰ ਤੱਥਾਂ ਦੇ ਆਧਾਰ ਉਤੇ ਜੋ ਵੀ ਕਾਰਵਾਈ ਕਰਨੀ ਬਣਦੀ ਹੋਈ, ਕੀਤੀ ਜਾਵੇਗੀ। ਇਹ ਡੰਗ-ਟਪਾਊ ਗੱਲਾਂ ਹਨ, ਜਿਹੜੀਆਂ ਦੇਸ਼ ਵਿਚ ਕਦੇ ਰਾਜ ਕਰਦੀਆਂ ਤੇ ਕਦੇ ਰਾਜ ਲਈ ਤਾਂਘਦੀਆਂ ਇਨ੍ਹਾਂ ਦੋਵਾਂ ਪਾਰਟੀਆਂ ਨੇ ਕਈ ਵਾਰ ਕੀਤੀਆਂ ਹੋਈਆਂ ਹਨ। ਹਕੀਕਤ ਇਹ ਹੈ ਕਿ ਜਦੋਂ ਕਾਰਵਾਈ ਕਰਨੀ ਹੋਵੇ ਤਾਂ ਬਿਨਾਂ ਪੜ੍ਹਿਆਂ ਅਖਬਾਰੀ ਟਿਪਣੀਆਂ ਦੇ ਆਧਾਰ ਉਤੇ ਵੀ ਕੀਤੀ ਜਾਂਦੀ ਹੈ, ਜਿਵੇਂ ਭਾਜਪਾ ਨੇ ਆਪਣੇ ਆਗੂ ਜਸਵੰਤ ਸਿੰਘ ਦੀ ਜਿਨਾਹ ਬਾਰੇ ਕਿਤਾਬ ਪੜ੍ਹੇ ਬਗੈਰ ਕਰ ਦਿੱਤੀ ਸੀ।

ਸ਼ੀਲਾ ਦੀਕਸ਼ਤ ਦੇ ਮਾਮਲੇ ਵਿਚ ਕਿਸੇ ਨੂੰ ਹੁਣ ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਮੁੱਖ ਮੰਤਰੀ ਵਜੋਂ ਦਿੱਲੀ ਦੇ ਲੋਕਾਂ ਦੀ ਲਗਾਤਾਰ ਤੀਜੀ ਵਾਰ ਪਸੰਦ ਬਣੀ ਇਸ ਬੀਬੀ ਨੇ ਕਾਮਨਵੈਲਥ ਖੇਡਾਂ ਵਿਚ ਈਮਾਨਦਾਰੀ ਦਾ ਪੱਲਾ ਘੁੱਟ ਕੇ ਨਹੀਂ ਫੜਿਆ। ਉਸ ਨੇ ਆਪ ਕੁਝ ਖਾਧਾ ਜਾ ਨਹੀਂ, ਇਸ ਬਾਰੇ ਬਹਿਸ ਹੁੰਦੀ ਰਹੇਗੀ ਪਰ ਇਹ ਸੱਚ ਹੈ ਕਿ ਉਸ ਦੇ ਲਿਹਾਜੂਆਂ ਨੇ ਜਨਤਾ ਦੇ ਟੈਕਸਾਂ ਦੇ ਪੈਸੇ ਨੂੰ ਲੁੱਟਣ ਵਿਚ ਕਸਰ ਨਹੀਂ ਛੱਡੀ ਅਤੇ ਇਹ ਕੋਈ ਵੀ ਮੰਨ ਨਹੀਂ ਸਕਦਾ ਕਿ ਸ਼ੀਲਾ ਦੀਕਸ਼ਤ ਨੂੰ ਪਤਾ ਨਹੀਂ ਸੀ ਲੱਗਾ। ਹਰ ਚੀਜ਼ ਦੇ ਮੁੱਲ ਦੁੱਗਣੇ-ਚੌਗੁਣੇ ਹੀ ਨਹੀਂ, ਕਈ ਥਾਂ ਇਹ ਦਸ ਗੁਣੇ ਤੱਕ ਵੀ ਭਰੇ ਗਏ ਹਨ ਅਤੇ ਵਿਹਾਰ ਇੰਜ ਕੀਤਾ ਗਿਆ ਹੈ, ਜਿਵੇਂ ਬਾਅਦ ਵਿਚ ਕਿਸੇ ਨੇ ਕੋਈ ਲੇਖਾ ਦੇਣਾ ਹੀ ਨਾ ਹੋਵੇ। ਸ਼ਾਇਦ ਇਹ ਇਸ ਲਈ ਹੋਇਆ ਕਿ ਦਿੱਲੀ ਦੇ ਇੱਕ ਕਾਰੋਬਾਰੀ ਨੇ ਟੈਕਸਾਂ ਦੀ ਹੇਰਾਫੇਰੀ ਕੀਤੀ ਅਤੇ ਜਦੋਂ ਉਸ ਦੀ ਸਿਫਾਰਸ਼ ਕਰਨ ਵਾਲੇ ਮੰਤਰੀ ਦਾ ਮਾਮਲਾ ਦਿੱਲੀ ਦੇ ਲੋਕਪਾਲ ਦਫਤਰ ਰਾਹੀਂ ਲੈਫਟੀਨੈਂਟ ਗਵਰਨਰ ਤੀਕ ਜਾ ਪਹੁੰਚਿਆ ਤਾਂ ਇਹੋ ਬੀਬੀ ਸ਼ੀਲਾ ਦੀਕਸ਼ਤ ਉਸ ਮੰਤਰੀ ਦੀ ਢਾਲ ਬਣ ਕੇ ਖੜੋ ਗਈ ਸੀ। ਹੁਣ ਵਾਲਿਆਂ ਨੂੰ ਵੀ ਇਹੋ ਯਕੀਨ ਹੋਵੇਗਾ, ਜਿਸ ਕਰ ਕੇ ਉਨ੍ਹਾਂ ਨੇ ਬੱਚੇ ਸੱਕੇ ਵਾਂਗ ਚੰਮ ਦੀਆਂ ਚਲਾਈਆਂ ਹਨ।

ਅਸੀਂ ਪਿਛਲੇ ਕਈ ਦਿਨਾਂ ਤੋਂ ਇਹ ਗੱਲਾਂ ਸੁਣਦੇ ਆਏ ਹਾਂ ਕਿ ਇਸ ਵਿਚ ਪ੍ਰਧਾਨ ਮੰਤਰੀ ਦਫਤਰ ਦੀ ਭੂਮਿਕਾ ਵੀ ਠੀਕ ਨਹੀਂ ਸੀ। ਬਹੁਤਾ ਕਰ ਕੇ ਚਰਚਾ ਇਸ ਗੱਲ ਦੀ ਚੱਲਦੀ ਹੈ ਕਿ ਸੁਰੇਸ਼ ਕਲਮਾਡੀ ਨੂੰ ਕਾਮਨਵੈਲਥ ਖੇਡਾਂ ਦੀ ਜਥੇਬੰਦਕ ਕਮੇਟੀ ਦਾ ਮੁਖੀ ਬਣਾਉਣ ਦਾ ਕੇਂਦਰ ਦੇ ਦੋ ਖੇਡ ਮੰਤਰੀਆਂ ਨੇ ਵਿਰੋਧ ਕੀਤਾ ਸੀ ਪਰ ਡਾ. ਮਨਮੋਹਨ ਸਿੰਘ ਨੇ ਉਹ ਵਿਰੋਧ ਪਾਸੇ ਰੱਖ ਕੇ ਕਲਮਾਡੀ ਨੂੰ ਮੁਖੀ ਬਣਾ ਦਿੱਤਾ, ਜਿਸ ਕਾਰਨ ਭਾਰਤ ਦੀ ਬਦਨਾਮੀ ਹੋਈ ਹੈ। ਇਹ ਗੱਲ ਠੀਕ ਹੈ, ਪਰ ਇਹ ਵੀ ਠੀਕ ਹੈ ਕਿ ਜਦੋਂ ਉਸ ਨੂੰ ਇਸ ਕੰਮ ਲਈ ਚੁਣਿਆ ਗਿਆ, ਓਦੋਂ ਹਾਲੇ ਮਨਮੋਹਨ ਸਿੰਘ ਵਾਲੀ ਸਰਕਾਰ ਨਹੀਂ ਸੀ ਬਣੀ ਅਤੇ ਇੰਡੀਅਨ ਉਲੰਪਿਕ ਐਸੋਸੀਏਸ਼ਨ ਦੇ ਮੁਖੀ ਵਜੋਂ ਉਸ ਦੇ ਨਾਂ ਦੀ ਮਨਜ਼ੂਰੀ ਵਾਜਪਾਈ ਸਰਕਾਰ ਨੇ ਦਿੱਤੀ ਸੀ। ਕਾਰਨ ਕੋਈ ਵੀ ਹੋਵੇ, ਕਲਮਾਡੀ ਦੇ ਨਾਂ ਦੀ ਮਨਜ਼ੂਰੀ ਨਾਲ ਦੋਵਾਂ ਮੁੱਖ ਰਾਜਸੀ ਧਿਰਾਂ ਦੇ ਨਾਂ ਜੁੜਦੇ ਹਨ ਅਤੇ ਉਸ ਦੇ ਜੋੜੀਦਾਰਾਂ ਵਿਚ ਵੀ ਦੋਵਾਂ ਰਾਜਸੀ ਧਿਰਾਂ ਦੇ ਬੰਦੇ ਸਨ।

ਗੱਲ ਭਾਵੇਂ ਅਸੀਂ ਕਾਮਨਵੈਲਥ ਖੇਡਾਂ ਤੋਂ ਸ਼ੁਰੂ ਕੀਤੀ ਹੋਵੇ ਅਤੇ ਇਸ ਮਾਮਲੇ ਵਿਚ ਕਿਸੇ ਦਾ ਕੋਈ ਲਿਹਾਜ ਨਹੀਂ ਹੋਣਾ ਚਾਹੀਦਾ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਹਰ ਮਾਮਲੇ ਵਿਚ ਹੀ ਭਾਰਤ ਦੀ ਰਾਜਨੀਤੀ ਦੀਆਂ ਸਾਰੀਆਂ ਪ੍ਰਮੁੱਖ ਧਿਰਾਂ ਦਾ ਦੋਗਲਾਪਣ ਮੁੜ-ਮੁੜ ਜ਼ਾਹਰ ਹੁੰਦਾ ਹੈ। ਅੱਗੇ-ਪਿੱਛੇ ਲੜਾਈ ਹੁੰਦੀ ਹੈ ਪਰ ਖਾਣ-ਪੀਣ ਵੇਲੇ ਲੀਡਰ ਜਿਵੇਂ ਆਪੋ ਵਿਚ ਰਲ ਜਾਂਦੇ ਹਨ, ਉਸ ਦੀਆਂ ਮਿਸਾਲਾਂ ਕਈ ਵਾਰ ਸਾਹਮਣੇ ਆਈਆਂ ਅਤੇ ਆ ਰਹੀਆਂ ਹਨ।

ਇੱਕ ਮਿਸਾਲ ਤਾਂ ਕਰਨਾਟਕ ਦੀ ਹੈ। ਹੁਣੇ ਜਿਹੇ ਉਥੋਂ ਦੇ ਲੋਕਪਾਲ ਜਸਟਿਸ ਸੰਤੋਸ਼ ਹੇਗੜੇ ਦੀ ਜਿਸ ਰਿਪੋਰਟ ਨੇ ਮੁੱਖ ਮੰਤਰੀ ਦੀ ਕੁਰਸੀ ਤੋਂ ਭਾਜਪਾ ਦੇ ਯੇਦੂਰੱਪਾ ਨੂੰ ਉਠਾਇਆ ਹੈ, ਉਹ ਰਿਪੋਰਟ ਕਰਨਾਟਕ ਦੀਆਂ ਹੱਦਾਂ ਟੱਪ ਕੇ ਆਂਧਰਾ ਪ੍ਰਦੇਸ਼ ਤੱਕ ਵੀ ਜਾਂਦੀ ਹੈ। ਜੇ ਉਹ ਰਿਪੋਰਟ ਪੂਰੀ ਪੜ੍ਹੀ ਜਾਵੇ ਤਾਂ ਆਂਧਰਾ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਦਾ ਜਲੂਸ ਵੀ ਨਾਲ ਹੀ ਨਿਕਲ ਜਾਂਦਾ ਹੈ। ਕਰਨਾਟਕ ਦੇ ਬੇਲਾਰੀ ਜ਼ਿਲੇ ਦੀਆਂ ਖਾਣਾਂ ਵਿਚੋਂ ਦੌਲਤ ਨੂੰ ਦੋਵੀਂ ਹੱਥੀ ਲੁੱਟੀ ਜਾ ਰਹੇ ਜਿਹੜੇ ਰੈਡੀ ਬ੍ਰਦਰਜ਼ ਨਾਲ ਯਾਰੀ ਵਿਚ ਯੇਦੂਰੱਪਾ ਨੇ ਤਿੰਨ ਸਾਲਾਂ ਵਿਚ ਅਠਾਰਾਂ ਸੌ ਕਰੋੜ ਰੁਪਏ ਕਮਾਏ ਦੱਸੇ ਜਾਂਦੇ ਹਨ, ਉਨ੍ਹਾਂ ਨੂੰ ਸਕੂਟਰਾਂ ਦੀ ਸਵਾਰੀ ਤੋਂ ਕਾਰਾਂ ਤੇ ਫਿਰ ਨਿੱਜੀ ਹੈਲੀਕਾਪਟਰਾਂ ਦੇ ਮਾਲਕ ਆਂਧਰਾ ਪ੍ਰਦੇਸ਼ ਦੇ ਮਰਹੂਮ ਮੁੱਖ ਮੰਤਰੀ ਵਾਈ ਐਸ ਆਰ ਰੈਡੀ ਨੇ ਬਣਾਇਆ ਸੀ, ਜਿਸ ਨੂੰ ਬੜਾ ਸੱਚਾ-ਸੁੱਚਾ ਕਿਹਾ ਜਾਂਦਾ ਸੀ। ਉਸ ਦੇ ਪੁੱਤਰ ਜਗਨ ਮੋਹਨ ਰੈਡੀ ਵੱਲੋਂ ਮੁੱਖ ਮੰਤਰੀ ਦੀ ਕੁਰਸੀ ਨਾ ਮਿਲਣ ਕਾਰਨ ਇਸ ਵਕਤ ਕਾਂਗਰਸ ਪਾਰਟੀ ਨੂੰ ਜਿਹੜੀ ਚੁਣੌਤੀ ਦਿੱਤੀ ਜਾ ਰਹੀ ਹੈ, ਉਸ ਦੇ ਪਿੱਛੇ ਵੀ ਉਹੋ ਰੈਡੀ ਭਰਾ ਮੰਨੇ ਜਾਂਦੇ ਹਨ। ਜਿਹੜੀ ਕਾਂਗਰਸ ਪਾਰਟੀ ਯੇਦੂਰੱਪਾ ਦੇ ਮਾਮਲੇ ਵਿਚ ਚੀਕ-ਚਿਹਾੜਾ ਪਾ ਰਹੀ ਹੈ, ਉਹ ਆਂਧਰਾ ਦੇ ਮਾਮਲੇ ਦਾ ਜ਼ਿਕਰ ਵੀ ਕਰਨ ਤੋਂ ਭੱਜ ਜਾਂਦੀ ਹੈ।

ਡਾ. ਮਨਮੋਹਨ ਸਿੰਘ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਗੈਸ ਏਜੰਸੀਆਂ ਅਤੇ ਪੈਟਰੋਲ ਪੰਪਾਂ ਦੀ ਅਲਾਟਮੈਂਟ ਦਾ ਉਦੋਂ ਤੱਕ ਦਾ ਸਭ ਤੋਂ ਵੱਡਾ ਸਕੈਂਡਲ ਸਾਹਮਣੇ ਆਇਆ ਸੀ। ਬਹੁਤੇ ਪਰਮਟ ਤਾਂ ਭਾਜਪਾ ਦੇ ਆਗੂਆਂ ਦੇ ਧੀਆਂ-ਪੁੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਮਿਲੇ ਸਨ, ਜਿਨ੍ਹਾਂ ਵਿਚ ਵਾਜਪਾਈ ਦੀ ਆਪਣੀ ਰਿਹਾਇਸ਼ ਦਾ ਪਤਾ ਦੇ ਕੇ ਪਰਮਟ ਲੈਣ ਵਾਲਾ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਵੀ ਸ਼ਾਮਲ ਸੀ ਪਰ ਕੁਝ ਕਾਂਗਰਸੀ ਆਗੂਆਂ ਨੂੰ ਉਨ੍ਹਾਂ ਵਿਚ ਵੀ ਆਪਣਾ ਹਿੱਸਾ ਮਿਲ ਗਿਆ ਸੀ। ਪਿੱਛੋਂ ਉਹ ਸਾਰੇ ਪਰਮਟ ਸੁਪਰੀਮ ਕੋਰਟ ਵਿਚ ਠੀਕ ਸਾਬਤ ਕਰਨੇ ਔਖੇ ਹੋ ਗਏ ਅਤੇ ਵਾਜਪਾਈ ਸਰਕਾਰ ਨੂੰ ਰੱਦ ਕਰਨੇ ਪਏ ਸਨ। ਉਹੋ ਜਿਹੀ ਮਿਲੀਭੁਗਤ ਹਰ ਦੌਰ ਵਿਚ ਹੁੰਦੀ ਰਹਿੰਦੀ ਹੈ।

ਅਸੂਲਾਂ ਦੀ ਪਾਸਦਾਰੀ ਦੇ ਮਾਮਲੇ ਵਿਚ ਵੀ ਮੁੱਖ ਧਿਰਾਂ, ਜਿਹੜੀਆਂ ਕੇਂਦਰ ਜਾਂ ਸੰਬੰਧਤ ਰਾਜ ਅੰਦਰ ਆਪਣੀ ਹੋਂਦ ਕਾਰਨ ਕੁਰਸੀ ਦੀਆਂ ਦਾਅਵੇਦਾਰ ਮੰਨੀਆਂ ਜਾਂਦੀਆਂ ਹਨ, ਲਗਭਗ ਇੱਕੋ ਜਿਹਾ ਵਿਹਾਰ ਕਰਦੀਆਂ ਹਨ। ਮਿਸਾਲ ਵਜੋਂ ਪਿਛਲੇ ਦਿਨੀਂ ਉਤਰ ਪ੍ਰਦੇਸ਼ ਦੇ ਭੱਠਾ ਪਰਸੌਲ ਤੋਂ ਕਿਸਾਨਾਂ ਦੀ ਜ਼ਮੀਨ ਅਕੁਆਇਰ ਕਰਨ ਵਿਰੱਧ ਜੋ ਰੌਲਾ ਸ਼ੁਰੂ ਹੋਇਆ ਤੇ ਉਸ ਰੌਲੇ ਵਿਚ ਬਹੁਜਨ ਸਮਾਜ ਪਾਰਟੀ ਤੋਂ ਬਿਨਾਂ ਹਰ ਵੱਡੀ ਪਾਰਟੀ ਸ਼ਾਮਲ ਸੀ, ਉਸ ਵਿਚ ਵੀ ਸਾਰਿਆਂ ਦਾ ਦੋਗਲਾ ਕਿਰਦਾਰ ਸਾਹਮਣੇ ਆ ਜਾਂਦਾ ਹੈ। ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਨੂੰ ਇਹ ਭੁੱਲ ਗਿਆ ਕਿ ਉਸ ਦੇ ਆਪਣੇ ਵਕਤ ਰਿਲਾਇੰਸ ਵਾਲੇ ਅੰਬਾਨੀ ਭਰਾਵਾਂ ਨੂੰ ਕਿਸਾਨਾਂ ਤੋਂ ਖੋਹ ਕੇ ਜ਼ਮੀਨਾਂ ਦੇਣ ਦਾ ਕਿੰਨਾ ਵਿਰੋਧ ਹੋਇਆ ਸੀ ਪਰ ਹੁਣ ਉਹ ਕਿਸਾਨਾਂ ਦੇ ਹਿਤੈਸ਼ੀ ਬਣ ਤੁਰੇ ਹਨ। ਭਾਰਤੀ ਜਨਤਾ ਪਾਰਟੀ ਨੇ ਕਲਿਆਣ ਸਿੰਘ ਦੇ ਰਾਜ ਵਿਚ ਆਪਣੇ ਪੱਖ ਦੇ ਸਾਧਾਂ ਅਤੇ ਸਾਧਵੀਆਂ ਦੇ ਕਬਜ਼ੇ ਸਰਕਾਰੀ ਜ਼ਮੀਨਾਂ ਉਤੇ ਕਰਵਾਏ ਅਤੇ ਫਿਰ ਆਸ਼ਰਮ ਬਣਾਉਣ ਦੇ ਨਾਂ ਉਤੇ ਉਹ ਜ਼ਮੀਨਾਂ ਇੱਕ ਰੁਪਏ ਸਾਲਾਨਾ ਦੇ ਕਿਰਾਏ ਉਤੇ ਨੜਿਨਵੇਂ ਸਾਲ ਦੀ ਲੀਜ਼ ਉਤੇ ਦੇ ਦਿੱਤੀਆਂ ਸਨ। ਇਹੋ ਹਾਲ ਕਾਂਗਰਸ ਦੇ ਆਗੂਆਂ ਦਾ ਹੈ। ਉਹ ਯੂ ਪੀ ਵਿਚ ਅਜੇ ਕਿਸਾਨਾਂ ਦੇ ਹੇਜਲੇ ਬਣਨ ਤੋਂ ਵਿਹਲੇ ਨਹੀਂ ਹੋਏ ਸਨ ਕਿ ਹਰਿਆਣੇ ਦੇ ਇੱਕ ਪਿੰਡ ਵਿਚੋਂ ਰਾਜੀਵ ਗਾਂਧੀ ਫਾਊਂਡੇਸ਼ਨ ਲਈ ਜ਼ਮੀਨ ਹਥਿਆਉਣ ਦਾ ਰੌਲਾ ਪੈ ਗਿਆ ਹੈ। ਇਹ ਜ਼ਮੀਨ ਹਰਿਆਣੇ ਦੀ ਕਾਂਗਰਸ ਸਰਕਾਰ ਦੇ ਦਬਾਅ ਨਾਲ ਹਥਿਆਈ ਗਈ ਸੀ। ਕਿਹਾ ਇਹ ਜਾ ਰਿਹਾ ਹੈ ਕਿ ਉਸ ਦੇ ਸੰਬੰਧ ਵਿਚ ਪਿੰਡ ਦੀ ਪੰਚਾਇਤ ਨੇ ਮਤਾ ਪਾ ਕੇ ਸਹਿਮਤੀ ਦਿੱਤੀ ਸੀ ਪਰ ਪੰਚਾਇਤ ਕਹਿੰਦੀ ਹੈ ਕਿ ਜਿਵੇਂ ਨੋਇਡਾ ਦੇ ਕਿਸਾਨਾਂ ਨੂੰ ਜ਼ਮੀਨ ਹਥਿਆ ਕੇ ਮੁਆਵਜ਼ੇ ਦੇ ਚੈਕ ਫੜਨ ਨੂੰ ਮਜਬੂਰ ਕੀਤਾ ਗਿਆ ਸੀ, ਉਵੇਂ ਹੀ ਉਸ ਪੰਚਾਇਤ ਤੋਂ ਵੀ ਇਹ ਕਹਿ ਕੇ ਮਤਾ ਪਾਸ ਕਰਾਇਆ ਗਿਆ ਕਿ ਜੇ ਨਾ ਕੀਤਾ ਤਾਂ ਪੰਚਾਇਤ ਹੀ ਤੋੜ ਦੇਣੀ ਹੈ। ਹੁਣ ਇਹ ਮਾਮਲਾ ਅਦਾਲਤ ਵਿਚ ਹੈ ਤੇ ਇਹ ਪਤਾ ਨਹੀਂ ਕਿ ਕੱਲ੍ਹ ਨੂੰ ਊਠ ਕਿਸ ਕਰਵਟ ਬੈਠਣਾ ਹੈ। ਜਿਹੜੇ ਓਮ ਪ੍ਰਕਾਸ਼ ਚੌਟਾਲਾ ਇਸ ਨੂੰ ਹਰਿਆਣੇ ਦੀ ਕਾਂਗਰਸੀ ਸਰਕਾਰ ਦੀ ਬੇਸ਼ਰਮੀ ਕਹਿ ਰਹੇ ਹਨ, ਉਨ੍ਹਾਂ ਨੇ ਵੀ ਆਪਣੇ ਰਾਜ ਵੇਲੇ ਕਈ ਲੋਕਾਂ ਨੂੰ ਏਦਾਂ ਹੀ ਜ਼ਮੀਨਾਂ ਅਲਾਟ ਕੀਤੀਆਂ ਸਨ ਅਤੇ ਇਸ ਨੂੰ ਜਾਇਜ਼ ਠਹਿਰਾਉਂਦੇ ਰਹੇ ਸਨ।

ਅੱਜ ਕੱਲ੍ਹ ਦੋ ਮਾਮਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੱਲ ਰਹੇ ਹਨ, ਜਿਨ੍ਹਾਂ ਵਿਚ ਕਾਂਗਰਸ ਅਤੇ ਉਸ ਦੇ ਮੁੱਖ ਵਿਰੋਧੀ ਅਸਲੋਂ ਹੀ ਬੇਅਸੂਲਾ ਅਤੇ ਆਪਣੇ ਆਪ ਵਿਚ ਦੋਗਲਾ ਪੈਂਤੜਾ ਲੈ ਰਹੇ ਹਨ।

ਇੱਕ ਮਾਮਲਾ ਰਾਜਾਂ ਵਿਚ ਪਾਰਲੀਮੈਂਟਰੀ ਸੈਕਟਰੀ ਜਾਂ ਫਿਰ ਚੀਫ ਪਾਰਲੀਮੈਂਟਰੀ ਸੈਕਟਰੀਆਂ ਦੀ ਨਿਯੁਕਤੀ ਦਾ ਹੈ। ਵਾਜਪਾਈ ਸਰਕਾਰ ਵੇਲੇ ਪਾਰਲੀਮੈਂਟ ਨੇ ਕਾਨੂੰਨੀ ਵਿਵਸਥਾ ਕੀਤੀ ਸੀ ਕਿ ਕਿਸੇ ਵੀ ਰਾਜ ਦੀ ਵਿਧਾਨ ਸਭਾ ਦੇ ਪੰਦਰਾਂ ਫੀਸਦੀ ਮੈਂਬਰਾਂ ਤੋਂ ਵੱਧ ਮੰਤਰੀ ਨਹੀਂ ਬਣਾਏ ਜਾ ਸਕਦੇ। ਇਸ ਹਿਸਾਬ ਨਾਲ ਪੰਜਾਬ ਵਿਚ ਇੱਕ ਸੌ ਸਤਾਰਾਂ ਮੈਂਬਰੀ ਵਿਧਾਨ ਸਭਾ ਹੋਣ ਕਰ ਕੇ ਸਿਰਫ ਸਤਾਰਾਂ ਮੰਤਰੀ ਬਣਾਏ ਜਾ ਸਕਦੇ ਹਨ, ਜਦ ਕਿ ਇਸ ਤੋਂ ਪਹਿਲਾਂ ਚਾਲੀਆਂ ਤੱਕ ਬਣਦੇ ਅਸੀਂ ਵੇਖਦੇ ਰਹੇ ਸਾਂ। ਰਾਜਸੀ ਲੀਡਰਾਂ ਨੂੰ ਮੰਤਰੀ ਬਣਨ ਦਾ ਚਸਕਾ ਲੱਗ ਚੁੱਕਾ ਹੋਣ ਕਰ ਕੇ ਵਜ਼ੀਰੀ ਤੋਂ ਵਾਂਝੇ ਨਹੀਂ ਸਨ ਰਹਿਣਾ ਚਾਹੁੰਦੇ, ਇਸ ਲਈ ਇਹ ਰਾਹ ਕੱਢਿਆ ਗਿਆ ਕਿ ਮੰਤਰੀ ਨਾ ਬਣ ਸਕਣ ਵਾਲਿਆਂ ਨੂੰ ਚੀਫ ਪਾਰਲੀਮੈਂਟਰੀ ਸੈਕਟਰੀ ਬਣਾ ਦਿੱਤਾ ਜਾਵੇ। ਉਦੋਂ ਸਰਕਾਰ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਦੀ ਸੀ। ਉਸ ਨੇ ਜਦੋਂ ਇਹ ਕੰਮ ਕੀਤਾ ਤਾਂ ਅਕਾਲੀ ਦਲ ਦੇ ਇੱਕ ਸਿਖਰਲੇ ਲੀਡਰ ਨੇ ਜਾ ਕੇ ਹਾਈ ਕੋਰਟ ਵਿਚ ਕੇਸ ਕਰ ਦਿੱਤਾ ਕਿ ਇਹ ਪਿਛਲੇ ਦਰਵਾਜ਼ੇ ਤੋਂ ਵਜ਼ੀਰੀ ਦੇਣ ਦੀ ਗੈਰ-ਈਮਾਨਦਾਰਾਨਾ ਰਾਜਨੀਤੀ ਹੈ। ਕੇਸ ਚੱਲਦਾ ਰਿਹਾ ਤੇ ਫਿਰ ਸਰਕਾਰ ਬਦਲ ਕੇ ਅਕਾਲੀ-ਭਾਜਪਾ ਦੀ ਆ ਗਈ। ਇਸ ਸਰਕਾਰ ਨੇ ਵੀ ਚੀਫ ਪਾਰਲੀਮੈਂਟਰੀ ਸੈਕਟਰੀ ਬਣਾ ਲਏ। ਕਿਸੇ ਨੇ ਜਾ ਕੇ ਇਸ ਦੇ ਖਿਲਾਫ ਵੀ ਕੇਸ ਕਰ ਦਿੱਤਾ ਅਤੇ ਪਿਛਲੀ ਅਰਜ਼ੀ ਨਾਲ ਇਹ ਵੀ ਜੁੜ ਗਈ। ਜਿਸ ਅਕਾਲੀ ਆਗੂ ਨੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਇਹੋ ਕੇਸ ਕੀਤਾ ਸੀ, ਉਹ ਬਾਦਲ ਦੀ ਉਸੇ ਸਰਕਾਰ ਵਿਚ ਕੈਬਨਿਟ ਮੰਤਰੀ ਸੀ, ਜਿਸ ਨੇ ਕੈਪਟਨ ਅਮਰਿੰਦਰ ਸਿੰਘ ਵਾਲੀ ਖੇਡ ਦੁਹਰਾਈ ਸੀ, ਇਸ ਕਰ ਕੇ ਉਸੇ ਨੂੰ ਇਸ ਸਵਾਲ ਦਾ ਸਾਹਮਣਾ ਕਰਨਾ ਪੈ ਗਿਆ। ਜਵਾਬ ਉਸ ਦਾ ਇਹ ਸੀ ਕਿ ਜੋ ਕਹਿਣਾ ਹੋਇਆ, ਹੁਣ ਅਦਾਲਤ ਵਿਚ ਹੀ ਕਹਾਂਗੇ। ਇਹ ਸਿਰਫ ਪੰਜਾਬ ਦਾ ਮਾਮਲਾ ਨਹੀਂ, ਗਵਾਂਢ ਹਰਿਆਣੇ ਵਿਚ ਵੀ ਇਹੋ ਮੁਕੱਦਮਾ ਚੱਲ ਰਿਹਾ ਹੈ। ਹਿਮਾਚਲ ਪ੍ਰਦੇਸ਼ ਵਿਚ ਪਿਛਲੀ ਕਾਂਗਰਸੀ ਸਰਕਾਰ ਦੇ ਵਿਰੁਧ ਇਹੋ ਕੇਸ ਭਾਜਪਾ ਆਗੂਆਂ ਨੇ ਕੀਤਾ ਸੀ ਤੇ ਹੁਣ ਜਦੋਂ ਉਨ੍ਹਾਂ ਨੇ ਵੀ ਇਹੋ ਕੁਝ ਕਰ ਲਿਆ ਤਾਂ ਇਹੋ ਕੇਸ ਉਨ੍ਹਾਂ ਦੇ ਵਿਰੁਧ ਵੀ ਹੋ ਗਿਆ ਹੈ। ਇਸ ਦਾ ਭਾਵ ਇਹ ਕਿ ਬੇਅਸੂਲੀ ਖੇਡ ਦਾ ਹੱਕ ਹਰ ਪ੍ਰਮੁੱਖ ਪਾਰਟੀ ਸਰਕਾਰ ਚਲਾਉਣ ਵੇਲੇ ਆਪਣਾ ਮੰਨਦੀ ਹੈ ਤੇ ਵਿਰੋਧੀ ਧਿਰ ਵਿਚ ਬੈਠ ਕੇ ਇਸ ਦਾ ਵਿਰੋਧ ਕਰਦੀ ਹੈ।

ਦੂਜਾ ਇਹੋ ਜਿਹਾ ਮਾਮਲਾ ਰਾਜ ਦੇ ਪਬਲਿਕ ਸਰਵਿਸ ਕਮਿਸ਼ਨਾਂ ਦੀ ਨਿਯੁਕਤੀ ਦਾ ਹੈ, ਜਿਸ ਦਾ ਮੁੱਢ ਅਕਾਲੀ ਦਲ ਦੇ ਵਿਧਾਇਕ ਹਰੀਸ਼ ਢਾਂਡਾ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਲਾਉਣ ਦੇ ਫੈਸਲੇ ਨਾਲ ਬੱਝਾ ਹੈ। ਹਰੀਸ਼ ਦੀ ਅਸੈਂਬਲੀ ਸੀਟ ਜਾਂਦੀ ਰਹੀ ਤੇ ਚੇਅਰਮੈਨੀ ਨਸੀਬ ਨਹੀਂ ਹੋ ਸਕੀ, ਪਰ ਮੁਕੱਦਮਾ ਦਿਲਚਸਪ ਮੋੜ ਉਤੇ ਆ ਗਿਆ ਹੈ। ਹਾਈ ਕੋਰਟ ਵਿਚ ਹੁਣ ਪੰਜਾਬ ਅਤੇ ਹਰਿਆਣਾ ਦੀਆਂ ਦੋਵੇਂ ਸਰਕਾਰਾਂ ਕਟਹਿਰੇ ਵਿਚ ਹਨ। ਇੱਕ ਬੰਦੇ ਦੀ ਨਿਯੁਕਤੀ ਨਾਲੋਂ ਵੱਧ ਇੱਕ ਅਹੁਦੇ ਲਈ ਨਿਯੁਕਤੀ ਦੇ ਪੈਮਾਨੇ ਦਾ ਸਵਾਲ ਖੜਾ ਹੋ ਗਿਆ ਹੈ। ਦੋਵੇਂ ਸਰਕਾਰਾਂ ਕਹਿ ਰਹੀਆਂ ਹਨ ਕਿ ਇਸ ਪਦਵੀ ਲਈ ਨਿਯੁਕਤੀ ਦੇ ਕੋਈ ਨਿਯਮ ਜਾਂ ਬੰਧੇਜ ਹੀ ਨਹੀਂ। ਕਿਸੇ ਥਾਂ ਸੇਵਾਦਾਰ ਵੀ ਰੱਖਣਾ ਹੋਵੇ ਤਾਂ ਨਿਯਮ ਹੁੰਦੇ ਹਨ, ਪਰ ਜਿਸ ਕਮਿਸ਼ਨ ਨੇ ਰਾਜ ਦੇ ਮੈਜਿਸਟਰੇਟ ਤੇ ਗਜ਼ਟਿਡ ਪੁਲਿਸ ਅਫਸਰਾਂ ਤੱਕ ਦੀਆਂ ਨਿਯੁਕਤੀਆਂ ਕਰਨੀਆਂ ਹੁੰਦੀਆਂ ਹਨ, ਉਸ ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਦੇ ਲਈ ਕੋਈ ਯੋਗਤਾ ਦਾ ਪੈਮਾਨਾ ਹੀ ਨਹੀਂ ਹੈ। ਕਮਾਲ ਦੀ ਗੱਲ ਇਹ ਕਿ ਪੰਜਾਬ ਵਿਚ ਕਾਂਗਰਸ ਵਾਲੇ ਇਸ ਦਾ ਮਜ਼ਾਕ ਉਡਾਉਂਦੇ ਹਨ, ਹਾਲਾਂਕਿ ਉਨ੍ਹਾਂ ਦੇ ਰਾਜ ਵੇਲੇ ਵੀ ਇਹੋ ਸਥਿਤੀ ਹੁੰਦੀ ਸੀ, ਪਰ ਹਰਿਆਣੇ ਵਿਚ ਕਾਂਗਰਸ ਦੀ ਆਪਣੀ ਸਰਕਾਰ ਵੀ ਓਹੋ ਪੈਂਤੜਾ ਲੈ ਰਹੀ ਹੈ, ਜਿਹੜਾ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਲਿਆ ਹੈ। ਦੋਵੇਂ ਸਰਕਾਰਾਂ ਇਹ ਗੱਲ ਸਾਫ ਨਹੀਂ ਕਰ ਰਹੀਆਂ ਕਿ ਜਿਹੜੇ ਚੇਅਰਮੈਨ ਬਿਨਾਂ ਕਿਸੇ ਨਿਯਮ ਤੋਂ ਬਣਨਗੇ, ਉਹ ਆਪ ਵੀ ਨਿਯਮਾਂ ਦਾ ਖਿਆਲ ਕਿਉਂ ਰੱਖਣਗੇ?

ਮਾਮਲਾ ਕਾਮਨਵੈਲਥ ਦੀਆਂ ਖੇਡਾਂ ਦਾ ਹੋਵੇ, ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਦੀਆਂ ਖਾਣਾਂ ਦਾ, ਟੈਲੀਕਾਮ ਦੇ ਘੋਟਾਲੇ ਦਾ ਹੋਵੇ ਜਾਂ ਰਾਜਾਂ ਵਿਚ ਪਾਰਲੀਮੈਂਟਰੀ ਸੈਕਟਰੀਆਂ ਅਤੇ ਪਬਲਿਕ ਸਰਵਿਸ ਕਮਿਸ਼ਨਾਂ ਦੀਆਂ ਨਿਯੁਕਤੀਆਂ ਦਾ, ਹਰ ਥਾਂ 'ਜਿਸ ਕੀ ਲਾਠੀ, ਉਸ ਕੀ ਭੈਂਸ' ਦਾ ਫਾਰਮੂਲਾ ਚੱਲਦਾ ਹੈ। ਆਮ ਆਦਮੀ ਕੋਲ ਕਿਉਂਕਿ 'ਲਾਠੀ' ਨਹੀਂ, ਇਸ ਲਈ ਭੈਂਸ ਤਾਂ ਉਸ ਨੂੰ ਕੀ ਮਿਲਣੀ, ਕੱਟੀ ਵੀ ਉਸ ਦੇ ਕਰਮਾਂ ਵਿਚ ਨਹੀਂ ਹੋ ਸਕਦੀ।



ਸ਼ੀਲਾ ਦੀਕਸ਼ਤ



ਸੁਰੇਸ਼ ਕਲਮਾਡੀ



ਯੇਦੂਰੱਪਾ



ਜਗਨ ਮੋਹਨ ਰੈਡੀ



ਸੰਤੋਸ਼ ਹੇਗੜੇ


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਇਤਿਹਾਸਕ ਇਮਾਰਤਾਂ ਨਾਲ ਛੇੜ-ਛਾੜ

## ■ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਥੜ੍ਹੇ ਦੀ ਦਿੱਗ ਵਿਗਾੜੀ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਇਤਿਹਾਸਕ ਇਮਾਰਤਾਂ ਦੀ ਮਹੱਤਤਾ ਦੀ ਸੋਝੀ ਨਾ ਹੋਣ ਕਾਰਨ ਕਾਰ ਸੇਵਾ ਵਾਲੇ ਬਾਬੇ ਲਗਾਤਾਰ ਵਿਰਾਸਤੀ ਨਿਸ਼ਾਨੀਆਂ ਨੂੰ ਗਾਇਬ ਕਰ ਰਹੇ ਹਨ। ਪੰਜਾਬ 'ਚ ਤਕਰੀਬਨ ਸਾਰੇ ਹੀ ਇਤਿਹਾਸਕ ਗੁਰਦੁਆਰਿਆਂ ਦੀਆਂ ਪੁਰਾਤਨ ਨਿਸ਼ਾਨੀਆਂ ਸੰਗਮਰਮਰ ਹੇਠ ਲੋਪ ਹੋ ਗਈਆਂ ਹਨ। ਇਸੇ ਤਰ੍ਹਾਂ ਕਾਰ ਸੇਵਾ ਵਾਲੇ ਬਾਬਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਇਤਿਹਾਸਕ ਥੜ੍ਹੇ 'ਤੇ ਪਲਸਤਰ ਫੇਰ ਕੇ ਇਸ ਦੀ ਦਿੱਗ ਨੂੰ ਨੁਕਸਾਨ ਪਹੁੰਚਾਇਆ ਹੈ।

ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਕ ਥੜ੍ਹੇ ਦਾ ਪੁਰਾਤਨ ਸਰੂਪ ਬਰਕਰਾਰ ਰੱਖਣ ਦਾ ਯਤਨ ਕੀਤਾ ਜਾਵੇਗਾ। ਇਸ ਥੜ੍ਹੇ ਨੂੰ ਪੁਰਾਤਨ ਨਿਸ਼ਾਨੀ ਵਜੋਂ ਸੰਭਾਲ ਕੇ ਰੱਖਿਆ ਗਿਆ ਸੀ ਪਰ ਪ੍ਰਬੰਧਕਾਂ ਦੀ ਲਾਪਰਵਾਹੀ ਕਾਰਨ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਉਸ ਨੂੰ ਪਲਸਤਰ ਕਰਕੇ ਉਸ ਦੇ ਸਰੂਪ ਨੂੰ ਢਾਹ ਲਾਈ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਇਹ ਥੜ੍ਹਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਵੱਲੋਂ ਖੁਦ ਉਸਾਰਿਆ ਗਿਆ ਸੀ। ਉਸ ਵੇਲੇ ਇਸ ਇਮਾਰਤ ਨੂੰ ਤਖ਼ਤ ਅਕਾਲ ਬੁੰਗਾ ਨਾਂ ਦਿੱਤਾ ਗਿਆ ਸੀ।



ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸਕ ਥੜ੍ਹਾ ਜਿਸ ਦੀ ਦਿੱਖ ਪਲਸਤਰ ਕਰਕੇ ਵਿਗਾੜੀ ਜਾ ਰਹੀ ਹੈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ 1606 ਵਿਚ ਕਾਇਮ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ 1984 ਵਿੱਚ ਸਾਕਾ ਨੀਲਾ ਤਾਰਾ ਵੇਲੇ ਢਹਿ-ਢੇਰੀ ਹੋ ਗਈ ਇਮਾਰਤ ਦਾ ਕੁਝ ਹਿੱਸਾ (ਥੜ੍ਹਾ) ਪੁਰਾਤਨ ਨਿਸ਼ਾਨੀ ਵਜੋਂ ਸੰਭਾਲ ਕੇ ਰੱਖਿਆ ਗਿਆ ਸੀ। ਇਸ ਨਿਸ਼ਾਨੀ ਦੀ ਸੰਭਾਲ ਲਈ ਇਸ ਦੇ ਅੱਗੇ ਸ਼ੀਸ਼ੇ ਦੀ ਦੀਵਾਰ ਬਣਾ ਦਿੱਤੀ ਗਈ ਸੀ ਤਾਂ ਜੋ ਸੰਗਤਾਂ ਇਸ ਨੂੰ ਦੂਰੋਂ ਹੀ ਨਤਮਸਤਕ ਹੋਣ ਤੇ ਹੱਥ ਨਾ ਲਾਇਆ ਜਾਵੇ। ਪਿਛਲੇ ਦੋ ਦਹਾਕਿਆਂ ਤੋਂ ਇਸ ਦੀ ਲਗਾਤਾਰ ਸੰਭਾਲ ਕੀਤੀ ਜਾ ਰਹੀ ਸੀ ਪਰ ਬੀਤੇ ਦਿਨ ਅਚਨਚੇਤੀ ਇਸ ਪੁਰਾਤਨ ਨਿਸ਼ਾਨੀ 'ਤੇ ਪਲਸਤਰ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਕੁਝ ਇੱਟਾਂ ਨੂੰ ਛਿੱਲਿਆ ਵੀ ਗਿਆ ਹੈ ਜਿਸ ਨਾਲ ਇਸ ਦੇ ਪੁਰਾਤਨ ਸਰੂਪ ਨੂੰ ਢਾਹ ਲੱਗੀ ਹੈ। ਪੁਰਾਤਨ ਇਮਾਰਤਾਂ ਦੀ ਮਹੱਤਤਾ ਬਾਰੇ ਅਗਿਆਨਤਾ ਹੋਣ ਕਾਰਨ ਇਸ ਤੋਂ ਪਹਿਲਾਂ ਵੀ ਕਾਰ ਸੇਵਾ ਵਾਲੇ ਬਾਬਿਆਂ ਵੱਲੋਂ ਗੁਰਦੁਆਰਾ ਬਾਬਾ ਅੱਟਲ ਰਾਏ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਪੁਰਾਤਨ ਦਿਖ ਨੂੰ ਢਾਹ ਲਾਈ ਜਾ ਚੁੱਕੀ ਹੈ।

ਇਸ ਬਾਰੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਹਰਬੰਸ ਸਿੰਘ ਮੱਲ੍ਹੀ ਨੇ ਦੱਸਿਆ ਕਿ ਬੀਤੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਮਾਰਤ ਦੇ ਅਗਲੇ ਹਿੱਸੇ ਵਿਚ ਪਾਣੀ ਲੀਕ ਹੋ ਰਿਹਾ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ ਉਨ੍ਹਾਂ ਕਾਰ ਸੇਵਾ ਵਾਲੇ ਬਾਬਿਆਂ ਨੂੰ ਛੱਤ ਦੇ ਅਗਲੇ ਹਿੱਸੇ ਦੀ ਮੁਰੰਮਤ ਕਰਨ ਲਈ ਕਿਹਾ ਸੀ ਪਰ ਉਨ੍ਹਾਂ ਨੇ ਇਥੇ ਪੁਰਾਤਨ ਥੜ੍ਹੇ ਦੀ ਕੰਧ ਦੇ ਕੁਝ ਹਿੱਸੇ ਨੂੰ ਪਲੱਸਤਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਾਣਕਾਰੀ ਮਿਲਦਿਆਂ ਹੀ ਕੰਮ ਰੋਕ ਦਿੱਤਾ ਗਿਆ ਹੈ ਤੇ ਪਲਸਤਰ ਨੂੰ ਉਤਾਰ ਕੇ ਕੰਧ ਨੂੰ ਪੁਰਾਤਨ ਸਰੂਪ ਦੇ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੇ ਧਿਆਨ ਵਿਚ ਆਉਣ ਉਪਰੰਤ ਉਨ੍ਹਾਂ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਤੁਰੰਤ ਪੁਰਾਤਤਵ ਮਾਹਰਾਂ ਨੂੰ ਸੱਦਿਆ ਹੈ ਤੇ ਇਸ ਪੁਰਾਤਨ ਥੜ੍ਹੇ ਦੀ ਕੰਧ ਨੂੰ ਪੁਰਾਤਨ ਸਰੂਪ ਵਿਚ ਲਿਆਉਣ ਲਈ ਹਦਾਇਤ ਕੀਤੀ ਹੈ।

# ਸ਼੍ਰੋਮਣੀ ਕਮੇਟੀ ਤੋਂ ਬਾਦਲ ਦਾ ਕਬਜ਼ਾ ਹਟਾਉਣਾ ਜ਼ਰੂਰੀ:ਕੈਪਟਨ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਕਾਂਗਰਸੀ ਪੱਖੀ ਸਿੱਖ ਬਾਦਲ ਵਿਰੋਧੀ ਉਮੀਦਵਾਰਾਂ ਨੂੰ ਵੋਟਾਂ ਦੇਣਗੇ ਕਿਉਂਕਿ ਪੰਜਾਬ ਵਿਚ ਬਾਦਲ ਧੜੇ ਨੂੰ ਹਰਾਉਣਾ ਉਨ੍ਹਾਂ ਦਾ ਮੁੱਖ ਏਜੰਡਾ ਹੈ। ਇਹ ਦਾਅਵਾ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ। ਕੈਪਟਨ ਅਮਰਿੰਦਰ ਨੇ ਕਿਹਾ ਕਿ ਕਾਂਗਰਸ ਪਾਰਟੀ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਹਿੱਸਾ ਨਹੀਂ ਲਵੇਗੀ ਪਰ ਕਾਂਗਰਸੀ ਸਿੱਖ ਵੋਟਰਾਂ ਨੂੰ ਇਸ ਚੋਣ ਲਈ ਆਪਣੀ ਵੋਟ ਦੇਣ ਦਾ ਪੂਰਾ ਅਧਿਕਾਰ ਹੈ। ਕੈਪਟਨ ਨੇ ਕਿਹਾ ਕਿ ਸਿੱਖਾਂ ਦੀ ਇਸ ਸਰਵਉੱਚ ਸੰਸਥਾ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਆਪਣੇ ਸਿਆਸੀ ਲਾਭ ਲਈ ਵਰਤਿਆ ਹੈ। ਇਸ ਕਰਕੇ ਇਸ ਸੰਸਥਾ ਤੋਂ ਬਾਦਲ ਦਾ ਕਬਜ਼ਾ ਹਟਾਉਣਾ ਜ਼ਰੂਰੀ ਹੈ।

ਵਿਧਾਨ ਸਭਾ ਦੀਆਂ ਚੋਣਾਂ ਅਗਾਊਂ ਹੋਣ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਚੋਣ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਲਈ ਅਗਾਊਂ ਚੋਣ ਕੋਈ ਚੁਣੌਤੀ ਨਹੀਂ ਹੈ ਉਂਜ ਵੀ ਵਿਧਾਨ ਸਭਾ ਦੀ ਚੋਣ ਦਾ ਸਮਾਂ ਬਹੁਤ ਨੇੜੇ ਹੈ। ਪੰਜਾਬ ਵਿਚ ਵਿਧਾਇਕ ਉਮੀਦਵਾਰਾਂ ਦੀਆਂ ਟਿਕਟਾਂ ਦੀ ਵੰਡ ਬਾਰੇ ਉਨ੍ਹਾਂ ਕਿਹਾ ਕਿ ਇਹ ਹੱਕ ਕਾਂਗਰਸ ਹਾਈ ਕਮਾਨ ਕੋਲ ਹੈ। ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਬਾਰੇ ਉਨ੍ਹਾਂ ਕਿਹਾ ਕਿ ਪ੍ਰਦੇਸ਼ ਕਾਂਗਰਸ ਵੱਲੋਂ ਜਿੱਤਣ ਵਾਲੇ ਉਮੀਦਵਾਰਾਂ ਦੇ ਨਾਵਾਂ ਦੀਆਂ ਸੂਚੀਆਂ ਮੈਰਿਟ ਦੇ ਆਧਾਰ 'ਤੇ ਹਾਈ ਕਮਾਂਡ ਨੂੰ ਭੇਜੀਆਂ ਜਾਣੀਆਂ ਹਨ ਤੇ ਆਖਰੀ ਫੈਸਲਾ ਕਾਂਗਰਸ ਹਾਈ ਕਮਾਂਡ ਨੇ ਹੀ ਕਰਨਾ ਹੈ।



ਕੈਪਟਨ ਨੇ ਕਿਹਾ ਕਿ ਪੰਜਾਬ ਵਿਚ ਬੇਰੁਜ਼ਗਾਰੀ ਤੇ ਭੁੱਖਮਰੀ ਨੇ ਲੋਕਾਂ ਨੂੰ ਮਾਓਵਾਦ ਵੱਲ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਮੇਂ ਬਠਿੰਡਾ ਤੇ ਤਰਨਤਾਰਨ ਦੋ ਜ਼ਿਲ੍ਹੇ ਉਪਰੋਕਤ ਵਾਦ ਦੇ ਪ੍ਰਭਾਵ ਹੇਠ ਸਨ ਜਦੋਂਕਿ ਹੁਣ ਪੰਜਾਬ ਦੇ 20 ਜ਼ਿਲ੍ਹੇ ਇਸ ਦੀ ਜਕੜ ਵਿਚ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਗੋਬਿੰਦਪੁਰਾ (ਮਾਨਸਾ) ਵਿਚਲਾ ਕਿਸਾਨਾਂ ਦਾ ਸੰਘਰਸ਼ ਹੁਣ ਫਰੀਦਕੋਟ, ਤਰਨਤਾਰਨ ਤੇ ਪਟਿਆਲਾ ਜ਼ਿਲ੍ਹਿਆਂ ਤੱਕ ਫੈਲ ਗਿਆ ਹੈ। ਹਰ ਪਾਸੇ ਹਰ ਵਰਗ ਵਿਚ ਮੌਜੂਦਾ ਸਰਕਾਰ ਪ੍ਰਤੀ ਅਸੰਤੁਸ਼ਟ ਹੈ। ਅਮਨ-ਕਾਨੂੰਨ ਦੀ ਹਾਲਤ ਸਰਕਾਰ ਦੇ ਕਾਬੂ ਹੇਠ ਨਹੀਂ ਰਹੀ। ਦਿਨ-ਦਿਹਾੜੇ ਕਤਲ, ਲੁੱਟਾਂ, ਖੋਹਾਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਇਨਾਂ ਵਾਰਦਾਤਾਂ ਪਿੱਛੇ ਹੁਕਮਰਾਨ ਪਾਰਟੀ ਦੇ ਕਾਰਕੁਨਾਂ ਦੇ ਹੱਥ ਹਨ।

ਕੈਪਟਨ ਨੇ ਮਾਨਸਾ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਾਵਰ ਪ੍ਰਾਜੈਕਟ ਲਈ ਆਪਣੀ ਜ਼ਮੀਨ ਦੇਣ ਦੀ ਹਿੰਮਤ ਦਿਖਾਉਣ ਤੇ ਉਹ ਵਾਅਦਾ ਕਰਦੇ ਹਨ ਕਿ ਜਦੋਂ ਕਾਂਗਰਸ ਸਰਕਾਰ ਸੱਤਾ 'ਚ ਆਏਗੀ ਤਾਂ ਉਨ੍ਹਾਂ ਨੂੰ ਜ਼ਮੀਨਾਂ ਦਾ ਮੁਆਵਜ਼ਾ ਹੁਣ ਤੋਂ ਦੁੱਗਣਾ ਦਿੱਤਾ ਜਾਵੇਗਾ। ਉਨ੍ਹਾਂ ਇਹ ਟਿੱਪਣੀ ਕਰਦਿਆਂ ਕਿਹਾ ਕਿ ਸ. ਬਾਦਲ ਲਈ ਇਹ ਪ੍ਰਸਤਾਵ ਬੜਾ ਲਾਹੇਵੰਦ ਹੈ ਕਿਉਂਕਿ ਉਨ੍ਹਾਂ ਦੀ ਜ਼ਮੀਨ ਮਾਨਸਾ ਤੋਂ ਦੂਰ ਹੈ ਤੇ ਨਿਸ਼ਚਿਤ ਤੌਰ 'ਤੇ ਉਸਦੀ ਕੀਮਤ ਘੱਟ ਹੋਵੇਗੀ। ਕੈਪਟਨ ਨੇ ਮਾਨਸਾ ਨੇੜੇ ਕਿਸਾਨਾਂ 'ਤੇ ਕੀਤੇ ਗਏ ਤਸ਼ੱਦਦ ਦੇ ਦੋਸ਼ੀ ਪੁਲੀਸ ਅਧਿਕਾਰੀਆਂ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ।


ਉਨ੍ਹਾਂ ਸਰਕਾਰ ਤੇ ਇੰਡੀਆਬੁਲਸ ਕੰਪਨੀ ਵਿਚਾਲੇ ਹੋਏ ਸਮਝੌਤੇ 'ਚ ਗੜਬੜ ਹੋਣ ਦਾ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਵਿਚ ਕਈ ਖਾਮੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਤਾਂ ਇੰਡੀਆਬੁਲਸ ਕੰਪਨੀ ਨੂੰ ਬਿਨਾਂ ਬੋਲੀ ਤੋਂ ਜ਼ਮੀਨ ਦਿੱਤੀ ਗਈ ਜਦਕਿ ਇੰਡੀਆਬੁਲਸ ਦਾ ਬਿਜਲੀ ਉਤਪਾਦਨ ਵਿਚ ਕੋਈ ਰਿਕਾਰਡ ਜਾਂ ਤਜਰਬਾ ਨਹੀਂ ਹੈ ਤੇ ਤੀਸਰਾ ਪੰਜਾਬ ਸਰਕਾਰ ਨੇ ਹਾਲੇ ਤੱਕ ਕੰਪਨੀ ਨਾਲ ਬਿਜਲੀ ਖਰੀਦ ਸਬੰਧੀ ਸਮਝੌਤੇ 'ਤੇ ਹੀ ਦਸਤਖਤ ਨਹੀਂ ਕੀਤੇ।

# ਅਮੀਰ ਵਿਰਸੇ ਦੀਆਂ ਟਾਹਰਾਂ ਦੇਣ ਵਾਲੇ ਸੱਭਿਆਚਾਰਕ ਨੀਤੀ ਬਣਾਉਣ ਤੋਂ ਵੀ ਭੱਜੇ

## 44 ਵਰ੍ਹੇ ਲਾਰੇ-ਲੱਪਿਆਂ ਨਾਲ ਹੀ ਡੰਗ ਟਪਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮੀਰ ਵਿਰਸੇ ਦੀਆਂ ਟਾਹਰਾਂ ਦੇਣ ਵਾਲੇ ਅਕਾਲੀਆਂ ਨੇ ਅਜੇ ਤੱਕ ਪੰਜਾਬ ਲਈ ਸੱਭਿਆਚਾਰਕ ਨੀਤੀ ਨਹੀਂ ਬਣਾਈ। ਇਹ ਦੁਖ ਦੀ ਗੱਲ ਹੈ ਕਿ ਪੰਜਾਬ ਆਪਣੀ ਸੱਭਿਆਚਾਰਕ ਨੀਤੀ ਤੋਂ ਸੱਖਣਾ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਭਾਵੇਂ ਸੱਤਾ ਹਾਸਲ ਕਰਨ ਦੇ ਮੁੱਢਲੇ ਦੌਰ ਵਿਚ ਹੀ ਗੁਰੂਆਂ-ਪੀਰਾਂ ਦੀ ਛੋਹ ਪ੍ਰਾਪਤ ਪੰਜਾਬ ਦੀ ਧਰਤੀ ਲਈ 'ਸੱਭਿਆਚਾਰਕ ਨੀਤੀ' ਬਣਾਉਣ ਦੇ ਦਾਅਵੇ ਕੀਤੇ ਸਨ ਪਰ ਸਰਕਾਰ ਇਸ ਮਾਮਲੇ ਵਿਚ ਮਹਿਜ਼ ਮੀਟਿੰਗਾਂ ਦੇ ਮੱਕੜ ਜਾਲ ਵਿਚ ਹੀ ਫਸੀ ਹੋਈ ਹੈ। ਸਰਕਾਰ ਵੱਲੋਂ ਪਿਛਲੇ ਵਰ੍ਹੇ ਇਕ ਵੀ ਸੱਭਿਆਚਾਰਕ ਮੇਲਾ ਜਾਂ ਨਾਟਕ ਨਾ ਕਰਵਾਉਣ ਕਰ ਕੇ ਜਿਥੇ ਸੱਭਿਆਚਾਰ ਵਿਭਾਗ ਵੱਡਾ ਆਰਥਿਕ ਬੋਝ ਸਾਬਤ ਹੋ ਰਿਹਾ ਹੈ, ਉਥੇ ਕਲਾਕਾਰਾਂ ਤੋਂ ਵੀ ਪੂਰੀ ਤਰ੍ਹਾਂ ਮੂੰਹ ਫੇਰ ਲਿਆ ਹੈ। ਰਾਜ ਦੀ ਸੱਭਿਆਚਾਰਕ ਨੀਤੀ ਬਣਾਉਣ ਬਾਰੇ ਸੂਬੇ ਦੇ ਗਠਿਨ (1966) ਤੋਂ ਹੀ ਸਰਕਾਰੀ ਪ੍ਰਕ੍ਰਿਆ ਚੱਲ ਰਹੀ ਹੈ ਪਰ 44 ਸਾਲਾਂ ਦੌਰਾਨ ਇਹ ਦਫ਼ਤਰੀ ਫਾਈਲਾਂ ਤੱਕ ਹੀ ਸੀਮਤ ਹੈ।

ਸੱਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਕੋਲੋਂ ਸੂਚਨਾ ਦੇ ਹੱਕ ਤਹਿਤ ਹਾਸਲ ਜਾਣਕਾਰੀ ਅਨੁਸਾਰ ਇਸ ਵੇਲੇ ਪੰਜਾਬ ਦੀ ਕੋਈ ਸੱਭਿਆਚਾਰਕ ਨੀਤੀ ਨਹੀਂ ਹੈ। ਪੰਜਾਬ ਸਰਕਾਰ ਨੇ ਸੱਭਿਆਚਾਰਕ ਨੀਤੀ ਬਣਾਉਣ ਲਈ 18 ਦਸੰਬਰ 2008, 1 ਜੁਲਾਈ 2009 ਤੇ 12 ਅਪਰੈਲ 2010 ਨੂੰ ਪੰਜਾਬੀ ਲੇਖਕਾਂ, ਸਾਹਿਤਕਾਰਾਂ ਤੇ ਬੁੱਧੀਜੀਵੀ ਦੀਆਂ ਤਿੰਨ ਮੀਟਿੰਗਾਂ ਕੀਤੀਆਂ ਸਨ ਪਰ ਸੱਭਿਆਚਾਰਕ ਨੀਤੀ ਬਣਾਉਣ ਦਾ ਖਰੜਾ ਹਵਾ ਵਿਚ ਹੀ ਲਟਕ ਰਿਹਾ ਹੈ। ਇਸ ਵਿਭਾਗ ਵੱਲੋਂ ਸੱਭਿਆਚਾਰਕ ਨੀਤੀ ਬਣਾਉਣ ਲਈ ਕੀਤੀਆਂ ਮੀਟਿੰਗਾਂ 'ਤੇ ਹੋਏ ਕੁੱਲ ਖਰਚੇ ਦੀ ਜਾਣਕਾਰੀ ਦੇਣ ਤੋਂ ਸੰਕੋਚ ਕਰਦਿਆਂ ਬੱਸ ਏਨੀ ਹੀ ਜਾਣਕਾਰੀ ਦਿੱਤੀ ਹੈ ਕਿ ਇਨ੍ਹਾਂ ਮੀਟਿੰਗਾਂ ਵਿਚ ਹਿੱਸਾ ਲੈਣ ਵਾਲੇ ਮੈਂਬਰਾਂ ਨੂੰ 350 ਰੁਪਏ ਪ੍ਰਤੀ ਮੀਟਿੰਗ ਉੱਕਾ-ਪੁੱਕਾ ਖਰਚਾ ਦਿੱਤਾ ਜਾਂਦਾ ਰਿਹਾ ਹੈ।



ਸੱਭਿਆਚਾਰਕ ਵਿਭਾਗ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਹੈ ਕਿ ਮੌਜੂਦਾ ਸਮੇਂ ਰਾਜ ਦੀ ਕੋਈ ਸੱਭਿਆਚਾਰਕ ਨੀਤੀ ਨਹੀਂ ਹੈ। ਉਂਜ ਇਸ ਮਾਮਲੇ ਵਿਚ ਸੱਭਿਆਚਾਰਕ ਵਿਭਾਗ ਨੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੁੰਦਿਆਂ ਕਿਹਾ ਹੈ ਕਿ ਸੱਭਿਆਚਾਰਕ ਨੀਤੀ ਬਣਾਉਣ ਦਾ ਕੰਮ ਪੰਜਾਬ ਕਲਾ ਪ੍ਰੀਸ਼ਦ ਦੇ ਹਵਾਲੇ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਸੱਭਿਆਚਾਰਕ, ਜੇਲ੍ਹ ਤੇ ਸੈਰ-ਸਪਾਟਾ ਵਿਭਾਗ ਦੇ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਪਿਛਲੇ ਸਮੇਂ ਸੱਭਿਆਚਾਰਕ ਨੀਤੀ ਨੂੰ ਆਖਰੀ ਰੂਪ ਦੇਣ ਦਾ ਜ਼ਿੰਮਾ ਪੰਜਾਬ ਕਲਾ ਪ੍ਰੀਸ਼ਦ ਹਵਾਲੇ ਕੀਤਾ ਸੀ। ਸੱਭਿਆਚਾਰਕ ਵਿਭਾਗ ਨੇ ਪੰਜਾਬ ਦੀ ਗਾਇਕੀ ਨੂੰ ਪ੍ਰਫੁੱਲਤ ਕਰਨ ਲਈ ਪਿਛਲੇ ਚਾਰ ਸਾਲਾਂ ਦੌਰਾਨ ਕੀਤੇ ਯਤਨਾਂ ਦੀ ਜਾਣਕਾਰੀ ਤਿੰਨ ਸ਼ਬਦਾਂ ਵਿਚ ਦਿੰਦਿਆਂ ਕਿਹਾ ਹੈ ਕਿ ਇਸ ਬਾਬਤ ਵਿਭਾਗ ਨੇ 'ਕੋਈ ਯਤਨ ਨਹੀਂ' ਕੀਤਾ। ਇਸ ਦੇ ਨਾਲ ਹੀ ਸੱਭਿਆਚਾਰਕ ਵਿਭਾਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬੀ ਗਾਇਕੀ ਵਿਚ ਫੈਲੀ ਲੱਚਰਤਾ ਨੂੰ ਰੋਕਣ ਲਈ ਵੀ ਵਿਭਾਗ ਨੇ ਕੋਈ ਨੀਤੀ ਨਹੀਂ ਬਣਾਈ।

ਇਥੇ ਚੇਤੇ ਕਰਵਾਇਆ ਜਾਂਦਾ ਹੈ ਕਿ ਸਾਲ 1997-2002 ਦੌਰਾਨ ਬਾਦਲ ਸਰਕਾਰ ਮੌਕੇ ਹੀ ਉਸ ਵੇਲੇ ਦੇ ਸੱਭਿਆਚਾਰਕ ਵਿਭਾਗ ਦੇ ਮੰਤਰੀ ਚੌਧਰੀ ਸਵਰਨਾ ਰਾਮ ਨੇ ਲੱਚਰ ਗਾਇਕੀ ਵਿਰੁੱਧ ਮੁਹਿੰਮ ਚਲਾ ਕੇ ਰਾਜ ਲਈ ਸੱਭਿਆਚਾਰਕ ਨੀਤੀ ਬਣਾਉਣ ਦੀ ਮੁਹਿੰਮ ਚਲਾਈ ਸੀ ਪਰ ਬਾਦਲ ਸਰਕਾਰ ਦੀ ਇਸ ਦੂਸਰੀ ਪਾਰੀ ਦੇ ਆਖਰੀ ਪੜਾਅ ਦੌਰਾਨ ਵੀ ਇਹ ਨੀਤੀ ਕਿਸੇ ਸਿਰੇ ਲੱਗਦੀ ਨਹੀਂ ਜਾਪਦੀ। ਸੱਭਿਆਚਾਰਕ ਵਿਭਾਗ ਨੇ ਪੰਜਾਬ ਦੇ ਲੋਕ ਗਾਇਕਾਂ ਦੀਆਂ ਫੀਸਾਂ ਵਿਚ ਵੀ ਪਿਛਲੇ ਡੇਢ ਦਹਾਕੇ ਦੌਰਾਨ ਕੋਈ ਵਾਧਾ ਨਹੀਂ ਕੀਤਾ। ਵਿਭਾਗ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਦੇ ਕਲਾਕਾਰਾਂ ਤੇ ਗਾਇਕਾਂ ਦੀਆਂ ਫੀਸਾਂ ਤੈਅ ਕਰਨ ਲਈ ਸਾਲ 1995 ਵਿਚ ਕਮੇਟੀ ਕਾਇਮ ਕੀਤੀ ਸੀ ਤੇ ਇਸ ਕਮੇਟੀ ਵੱਲੋਂ ਸਾਲ 1995-96 ਦੌਰਾਨ ਸੱਭਿਆਚਾਰਕ ਪ੍ਰੋਗਰਾਮਾਂ ਲਈ ਕਲਾਕਾਰਾਂ ਤੇ ਲੋਕ ਗਾਇਕਾਂ ਦੀਆਂ ਤੈਅ ਕੀਤੀਆਂ ਫੀਸਾਂ ਵਿਚ ਅੱਜ ਤੱਕ ਕੋਈ ਵਾਧਾ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਵਿਭਾਗ ਨੇ ਸਾਫ ਕਰ ਦਿੱਤਾ ਹੈ ਕਿ ਪਿਛਲੇ ਵਰ੍ਹੇ ਸਰਕਾਰ ਵੱਲੋਂ ਰਾਜ ਵਿਚ ਇਕ ਵੀ ਸੱਭਿਆਚਾਰਕ ਮੇਲਾ ਜਾਂ ਨਾਟਕ ਵਗੈਰਾ ਨਹੀਂ ਕਰਵਾਇਆ ਗਿਆ।

ਪੰਜਾਬ ਕਲਾ ਪ੍ਰੀਸ਼ਦ ਦੇ ਵਾਈਸ ਚੇਅਰਮੈਨ ਹਰਵਿੰਦਰ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਉਨ੍ਹਾਂ ਸੱਭਿਆਚਾਰਕ ਨੀਤੀ ਬਣਾਉਣ ਬਾਰੇ 80 ਦੇ ਕਰੀਬ ਪੰਜਾਬ ਦੇ ਬੁੱਧੀਜੀਵੀਆਂ ਦੀ ਲਿਖਤੀ ਰਾਏ ਹਾਸਲ ਕਰ ਲਈ ਹੈ। ਹੁਣ ਪੰਜ ਮੈਂਬਰੀ ਕਮੇਟੀ ਬਣਾ ਕੇ ਸੱਭਿਆਚਾਰਕ ਨੀਤੀ ਦਾ ਖਰੜਾ ਤਿਆਰ ਕੀਤਾ ਜਾਵੇਗਾ ਤੇ ਉਸ ਤੋਂ ਬਾਅਦ ਬੁੱਧੀਜੀਵੀਆਂ ਦੇ ਅਧਾਰਤ ਸੈਮੀਨਾਰ ਕਰਵਾ ਕੇ ਇਸ ਨੂੰ ਆਖਰੀ ਰੂਪ ਦਿੱਤਾ ਜਾਵੇਗਾ।







# 3 ਸਾਲਾ ਬੱਚੀ ਦੀ ਜਾਨ ਬਚਾਉਣ ਵਾਲੇ ਇਸ਼ਾਨ ਦਾ ਸਨਮਾਨ

**ਸੈਨ ਹੋਜ਼ੇ (ਬਿਊਰੋ):** ਲੰਘੇ ਹਫਤੇ ਇਕ ਸਵਿਮਿੰਗ ਪੂਲ ਵਿਚ ਇਕ ਤਿੰਨ ਸਾਲਾ ਬੱਚੀ ਦੀ ਜਾਨ ਬਚਾਉਣ ਵਾਲੇ ਅੱਠ ਸਾਲਾ ਲੜਕੇ ਇਸ਼ਾਨ ਸਿੰਘ ਦਾ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਵਿਸ਼ੇਸ਼ ਮਾਣ ਸਤਿਕਾਰ ਕੀਤਾ ਗਿਆ। ਗੁਰੂ ਘਰ ਦੀ ਤਰਫੋਂ ਇਸ ਬੱਚੇ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਇਥੇ ਜ਼ਿਕਰਯੋਗ ਹੈ ਕਿ ਚੌਥੀ ਜਮਾਤ ਵਿਚ ਪੜ੍ਹਦੇ ਨਿਸ਼ਾਨ ਸਿੰਘ ਨੇ ਲੰਘੇ ਬੁੱਧਵਾਰ ਇਥੇ ਇਕ ਅਪਾਰਟਮੈਂਟ ਕੰਪਲੈਕਸ ਦੇ ਸਵਿਮਿੰਗ ਪੂਲ ਵਿਚ ਤਿੰਨ ਸਾਲ ਦੀ ਇਕ ਬੱਚੀ ਨੂੰ ਉਦੋਂ ਡੁੱਬਣ ਤੋਂ ਬਚਾਇਆ ਸੀ ਜਦੋਂ ਬੱਚੀ ਦੇ ਦਾਦਾ ਜੀ ਪੂਲ ਵਿਚ ਨਹਾਉਂਦਿਆਂ ਅਚਾਨਕ ਬੇਹੋਸ਼ ਹੋ ਕੇ ਡਿੱਗ ਪਏ ਸਨ ਅਤੇ ਬੱਚੀ



*ਇਸ਼ਾਨ ਦਾ ਸਨਮਾਨ*

ਉਸ ਸਮੇਂ ਉਨ੍ਹਾਂ ਦੇ ਮੋਢਿਆਂ 'ਤੇ ਸੀ। ਬਜ਼ੁਰਗ ਨੂੰ ਕੁਝ ਹੋਰ ਲੋਕਾਂ ਨੇ ਬਚਾਇਆ।

ਪ੍ਰਾਪਤ ਵੇਰਵੇ ਅਨੁਸਾਰ ਬੱਚੀ ਦੇ ਦਾਦਾ ਜੀ ਸਵਿਮਿੰਗ ਪੂਲ ਦੇ ਘੱਟ ਪਾਣੀ ਵਾਲੇ ਪਾਸੇ ਬੱਚੀ ਨੂੰ ਮੋਢਿਆਂ 'ਤੇ ਚੁੱਕ ਕੇ ਖਿਡਾ ਰਹੇ ਸਨ ਕਿ ਅਚਾਨਕ ਬੇਹੋਸ਼ ਹੋ ਕੇ ਡਿੱਗ ਪਏ। ਇਸ ਵੇਲੇ ਸਵਿਮਿੰਗ ਪੂਲ ਵਿਚ ਕਾਫੀ ਲੋਕ ਸਨ ਅਤੇ ਇਸ਼ਾਨ ਆਪਣੀ ਮਾਂ ਮਨਜੀਤ ਕੌਰ ਦੇ ਕਹਿਣ 'ਤੇ ਉਥੋਂ ਜਾਣ ਹੀ ਵਾਲਾ ਸੀ ਕਿ ਮਨਜੀਤ ਕੌਰ ਨੇ ਵੇਖਿਆ ਕਿ ਬੱਚੀ ਬਜ਼ੁਰਗ ਦੇ ਮੋਢਿਆਂ 'ਤੇ ਮੂਧੀ ਤੈਰ ਰਹੀ ਸੀ। ਮਨਜੀਤ ਕੌਰ ਨੇ ਇਸ਼ਾਨ ਨੂੰ ਬੱਚੀ ਨੂੰ ਬਚਾਉਣ ਲਈ ਕਿਹਾ ਕਿਉਂਕਿ ਉਹ ਖੁਦ ਤੈਰਨਾ ਨਹੀਂ ਜਾਣਦੀ। ਇਸ਼ਾਨ ਨੇ ਝੱਟ ਬੱਚੀ ਨੂੰ ਬਾਹਰ ਕੱਢ ਲਿਆਂਦਾ। ਇੰਨੇ ਵਿਚ ਕੁਝ ਹੋਰ ਲੋਕਾਂ ਨੇ ਬਜ਼ੁਰਗ ਨੂੰ ਵੀ ਪਾਣੀ ਵਿਚੋਂ ਬਾਹਰ ਲੈ ਆਂਦਾ। ਬਾਅਦ ਵਿਚ ਪੱਤਰਕਾਰਾਂ ਦੀ ਮੌਜੂਦਗੀ ਵਿਚ ਆਈਜ਼ਨਹਾਵਰ ਐਲੀਮੈਂਟਰੀ ਸਕੂਲ ਦੇ ਵਿਦਿਆਰਥੀ ਇਸ਼ਾਨ ਨੇ ਕਿਹਾ, "ਮੈਂ ਭੱਜ ਕੇ ਉਸ ਨੂੰ ਪਾਣੀ ਵਿਚੋਂ ਬਾਹਰ ਕੱਢ ਲਿਆਂਦਾ ਪਰ ਬੜੀ ਭਾਰੀ ਲੱਗੀ।" ਸੈਨ ਹੋਜ਼ੇ ਦੇ ਫਾਇਰ ਚੀਫ ਵਿਲੀਅਮ ਡੌਨਲਡ ਨੇ ਇਸ਼ਾਨ ਦਾ ਇਕ ਯਾਦਗਾਰੀ ਚਿੰਨ੍ਹ ਨਾਲ ਉਚੇਚਾ ਸਨਮਾਨ ਕੀਤਾ ਅਤੇ ਟੀ-ਸ਼ਰਟਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ਼ਾਨ 'ਤੇ ਮਾਣ ਹੈ। ਇਸ਼ਾਨ ਦੇ ਪਿਤਾ 33 ਸਾਲਾ ਸਰਬਜੀਤ ਸਿੰਘ ਦਾ ਕਹਿਣਾ ਹੈ ਕਿ ਇਸ਼ਾਨ ਬਹੁਤ ਹੀ ਦਿਆਲੂ ਸੁਭਾਅ ਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਮਾਣ ਹੈ ਕਿ ਇਸ਼ਾਨ ਨੇ ਕੋਈ ਭਲੇ ਦਾ ਕੰਮ ਕੀਤਾ।



# ਖੂਬ ਰੰਗ ਬੰਨਿਆ ਸਿਨਸਿਨੈਟੀ 'ਚ ਸ਼ੇਰੇ ਪੰਜਾਬ ਖੇਡ ਮੇਲੇ ਨੇ

**ਸਿਨਸਿਨੈਟੀ, ਓਹਾਇਓ (ਇਕਬਾਲ ਜੱਬੋਵਾਲ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਇਥੇ ਵਾਇਸ ਆਫ ਅਮੈਰਿਕਾ ਪਾਰਕ ਵਿਚ ਕਰਵਾਇਆ ਗਿਆ ਪਹਿਲਾ ਖੇਡ ਮੇਲਾ ਜਿਥੇ ਕਬੱਡੀ ਦਾ ਮਹਾਂਕੁੰਭ ਸਾਬਤ ਹੋਇਆ ਉਥੇ ਵਾਲੀਬਾਲ ਅਤੇ ਕ੍ਰਿਕਟ ਦੇ ਵੀ ਚੰਗੇ ਨਜ਼ਾਰੇ ਬੱਝੇ। ਕਬੱਡੀ ਓਪਨ ਵਿਚ 5100 ਡਾਲਰ ਦਾ ਪਹਿਲਾ ਇਨਾਮ ਅਤੇ ਟਰਾਫੀ ਮੇਜ਼ਬਾਨ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੀ ਆਪਣੀ ਹੀ ਤਾਕਤਵਰ ਟੀਮ ਨੇ ਜਿਤੇ ਜਦੋਂਕਿ ਦੂਜਾ 3100 ਡਾਲਰ ਦਾ ਇਨਾਮ ਸਖਤ ਟੱਕਰ ਦਿੰਦਿਆਂ ਇੰਡੀਅਨਐਪੋਲਿਸ ਦੇ ਮੀਰੀ-ਪੀਰੀ ਸਪੋਰਟਸ ਕਲੱਬ ਨੇ ਜਿੱਤਿਆ। ਕਬੱਡੀ ਮੈਚਾਂ ਵਿਚ ਨਿਊ ਯਾਰਕ, ਡੈਲਸ, ਇੰਡੀਆਨਾ, ਕੈਨੇਡਾ ਅਤੇ ਲੋਕਲ ਟੀਮਾਂ ਨੇ ਆਪਣੇ ਜੌਹਰ ਵਿਖਾ ਕੇ ਦਰਸ਼ਕਾਂ ਦੀ ਬੱਲੇ ਬੱਲੇ ਖੱਟੀ।

ਕਬੱਡੀ ਦੇ 18 ਸਾਲ ਤੋਂ ਘੱਟ ਉਮਰ ਦੇ ਵਰਗ ਵਿਚ ਡੇਅਟਨ ਨੇ ਪਹਿਲਾ ਅਤੇ ਸਿਨਸਿਨੈਟੀ ਨੇ ਦੂਸਰਾ ਇਨਾਮ ਜਿੱਤਿਆ। ਉਂਜ ਤਾਂ ਦਰਸ਼ਕਾਂ ਨੇ ਕੱਲੇ ਕੱਲੇ ਰੇਡਰ ਅਤੇ ਸਟਾਪਰ ਦੀ ਖੇਡ ਦਾ ਮੁੱਲ ਪਾਉਂਦਿਆਂ ਡਾਲਰਾਂ ਦੇ ਦਿਲ ਖੋਲ੍ਹ ਕੇ ਸਿਰਵਾਰਨੇ ਕੀਤੇ ਪਰ ਡੇਅਟਨ ਦੇ ਨੌਜਵਾਨ ਧਾਵੀ ਅਕਸ਼ੇ ਨੂੰ ਰੋਕਣ ਲਈ ਦਰਸ਼ਕਾਂ ਨੇ ਸਭ ਤੋਂ ਵੱਧ ਸ਼ਰਤਾਂ ਲਾਈਆਂ। ਕਬੱਡੀ ਦੇ ਮੈਚਾਂ ਦੀ ਕੁਮੈਂਟਰੀ ਪ੍ਰੋ. ਮੱਖਣ ਸਿੰਘ ਹਕੀਮਪੁਰ ਅਤੇ ਸੁਖਚੈਨ ਸਿੰਘ ਬਰਾੜ ਨੇ ਕਰਕੇ ਮੈਚਾਂ ਦਾ ਸਵਾਦ ਦੁਗਣਾ-ਤਿੱਗਣਾ ਕਰ ਛੱਡਿਆ।



ਕ੍ਰਿਕਟ ਦੀਆਂ ਕੁਲ ਬਾਰਾਂ ਟੀਮਾਂ ਮੈਦਾਨ ਵਿਚ ਨਿੱਤਰੀਆਂ ਅਤੇ ਕੱਪ ਲੈਖਸਸ-ਨੈਖਸਸ ਨੇ ਜਿੱਤਿਆ ਜਦੋਂਕਿ ਦੂਸਰਾ ਇਨਾਮ ਕਿਊਮਨ ਕਲੱਬ-ਇੰਡੀਆਨਾ ਦੇ ਹਿੱਸੇ ਆਇਆ। ਕ੍ਰਿਕਟ ਦੇ ਅੰਪਾਇਰਾਂ ਦੀ ਜ਼ਿੰਮੇਵਾਰੀ ਜਾਵੇਦ ਚੌਧਰੀ, ਦੀਪਕ ਅਤੇ ਗੌਰਵ ਨੇ ਨਿਭਾਈ।

ਵਾਲੀਬਾਲ ਦੇ ਮੈਚਾਂ ਵਿਚ ਮਿਸ਼ੀਗਨ, ਸ਼ਿਕਾਗੋ, ਵਰਜ਼ੀਨੀਆ, ਇੰਡੀਆਨਾ, ਡਿਟਰਾਇਟ ਤੇ ਓਹਾਇਓ ਦੀਆਂ ਟੀਮਾਂ ਵਿਚਾਲੇ ਬਹੁਤ ਹੀ ਸ਼ਾਨਦਾਰ ਮੁਕਾਬਲੇ ਹੋਏ ਜਿਸ ਵਿਚ ਸ਼ੇਰੇ ਪੰਜਾਬ ਦੀ ਟੀਮ ਪਹਿਲੇ ਨੰਬਰ 'ਤੇ ਰਹੀ ਅਤੇ ਸ਼ਹੀਦ ਭਗਤ ਸਿੰਘ ਕਲੱਬ-ਸ਼ਿਕਾਗੋ ਦੀ ਟੀਮ ਦੂਸਰੇ ਨੰਬਰ 'ਤੇ ਆਈ। ਕੁੜੀਆਂ ਦੇ ਵਾਲੀਬਾਲ ਮੁਕਾਬਲਿਆਂ ਵਿਚ ਸ਼ਿਕਾਗੋ ਦੀ ਟੀਮ 'ਤੂਫਾਨ' ਪਹਿਲੇ ਨੰਬਰ 'ਤੇ ਰਹੀ ਜਦੋਂਕਿ ਡੇਅਟਨ ਦੀਆਂ 'ਜੱਟੀਆਂ' ਨੇ ਸਖਤ ਮੁਕਾਬਲਾ ਦਿੰਦਿਆਂ ਦੂਜਾ ਥਾਂ ਹਾਸਲ ਕੀਤਾ।

ਵ੍ਹੀਲ ਬੈਰਲ ਰੇਸ ਵਿਚ ਰਿਧੀ ਤੇ ਨਵਰੋਜ ਪਹਿਲੇ ਜਦੋਂਕਿ ਅਮਨਜੋਤ ਤੇ ਸਿਮਰ ਦੂਜੇ ਨੰਬਰ 'ਤੇ ਰਹੀਆਂ। ਹੂਲਾ-ਹੂਪਸ (ਚੱਕਰ ਘੁਮਾਉਣਾ) ਵਿਚ ਅੱਠ ਸਾਲ ਦੇ ਉਮਰ ਵਰਗ ਵਿਚ ਨਿਤਿਆ ਪਰਚੂਰੀ, ਨੌਂ ਤੋਂ ਗਿਆਰਾਂ ਸਾਲ ਉਮਰ ਵਰਗ ਵਿਚ ਸਿਮਰ ਕਾਲਕਟ ਅਤੇ ਬਾਰਾਂ ਸਾਲ ਤੋਂ ਉਪਰ ਦੇ ਵਰਗ ਵਿਚ ਸ਼ਰਨਜੀਤ ਭੰਗੂ ਦੀ ਬਾਜ਼ੀ ਰਹੀ। ਰੱਸੀ ਟੱਪਣ ਦੇ ਮੁਕਾਬਲੇ ਵਿਚ ਰਿਧੀ ਨੇ ਬਾਜ਼ੀ ਮਾਰੀ ਜਦੋਂਕਿ ਬੀਬੀਆਂ ਦੀ ਦੌੜ ਵਿਚ ਪਹਿਲੇ ਨੰਬਰ 'ਤੇ ਨੈਂਸੀ ਮਟੂਟ ਅਤੇ ਦੂਜੇ ਨੰਬਰ 'ਤੇ ਬਲਵਿੰਦਰ ਫੰਟੂ ਰਹੀਆਂ।

ਮੇਲੇ ਵਿਚ ਲੱਗੇ ਵੱਖਰੇ ਵੱਖਰੇ ਪੰਡਾਲ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ, ਜਿਨ੍ਹਾਂ ਵਿਚ ਧਾਰਮਿਕ ਚਿੱਤਰਕਾਰੀ ਤੇ ਪੰਜਾਬੀ ਸੂਟਾਂ ਦੇ ਸਟਾਲ ਤੇ ਜੋਸਫ ਲੂਕਸ ਲਾਅ ਫਰਮ ਦਾ ਸਟਾਲ, ਨਿਊ ਯਾਰਕ ਲਾਈਫ ਦਾ ਸਟਾਲ, ਹੈਕਨੀ ਤੇ ਈਬੀ ਬਰਾਊਨ ਦੇ ਸਟਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਮਹਾਰਾਜਾ ਇੰਡੀਅਨ ਰੈਸਟੋਰੈਂਟ ਡੇਅਟਨ ਦੇ ਫਰੀ ਫੂਡ ਦੇ ਸਟਾਲ 'ਤੇ ਦਰਸ਼ਕਾਂ ਦੀ ਭੀੜ ਲੱਗੀ ਰਹੀ। ਨਿਊ ਯਾਰਕ ਲਾਈਫ ਇੰਸ਼ੋਰੈਂਸ ਦੇ ਸੁਦੇਸ਼ ਜੈਨ ਵੱਲੋਂ ਵਰਤਾਈਆਂ ਗਈਆਂ ਫਰੀ ਕੁਲਫੀਆਂ ਦਾ ਬੱਚਿਆਂ ਨੇ ਖੂਬ ਆਨੰਦ ਮਾਣਿਆ।

ਇਨਾਮ ਵੰਡ ਸਮਾਰੋਹ ਵਿਚ ਕਬੱਡੀ ਦੇ ਬੈਸਟ ਰੇਡਰ ਰਵੀ ਸਰਾ ਤੇ ਸਨੀ ਘੋਤੜਾ ਅਤੇ ਬੈਸਟ ਸਟਾਪਰ ਪਿੰਦਾ ਵੈਨਕੂਵਰ ਤੇ ਸੰਦੀਪ ਟੋਰਾਂਟੋ ਦਾ ਸਨਮਾਨ ਕੀਤਾ ਗਿਆ। ਸਭ ਤੋਂ ਵਧੀਆ ਲੋਕਲ ਕਬੱਡੀ ਖਿਡਾਰੀਆਂ ਵਿਚ ਜਿੱਥੇ ਰੁਸਤਮੇ ਹਿੰਦ ਪਹਿਲਵਾਨ ਬੁੱਧ ਸਿੰਘ ਦੇ ਮੁੰਡੇ ਕਾਲਾ ਤੇ ਗੋਰਾ ਨੂੰ ਸਨਮਾਨਿਤ ਕੀਤਾ ਗਿਆ ਉਥੇ ਹੀ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਖੇਡਾਂ ਦੇ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਵੀ ਸਨਮਾਨਿਆ ਗਿਆ। ਇਨ੍ਹਾਂ ਵਿਚੋਂ ਬਲਵਿੰਦਰ ਸਿੰਘ ਫਿੱਡੂ, ਕ੍ਰਿਕਟ ਵਿਚ ਸਾਬਕਾ ਪਾਕਿਸਤਾਨੀ ਖਿਡਾਰੀ ਖਾਲਿਦ ਹਸਨ ਤੇ ਪਹਿਲਵਾਨ ਬੁੱਧ ਸਿੰਘ ਦੇ ਨਾਮ ਸ਼ਾਮਿਲ ਹਨ। ਸੁਖਵਿੰਦਰ ਸਿੰਘ ਫਿੰਡੀ, ਬਿੱਟੂ ਕੋਟ-ਗੰਗੂਰਾਏ, ਹੈਪੀ ਮਹਿਤੋਤ ਤੇ ਗੁਰਮੀਤ ਸਿੰਘ ਸ਼ਿਕਾਗੋ ਨੇ ਕਬੱਡੀ ਵਿਚ ਵਿਸ਼ੇਸ਼ ਜ਼ਿੰਮੇਵਾਰੀਆਂ ਨਿਭਾਈਆਂ। ਵਾਲੀਬਾਲ ਵਿਚ ਹੈਪੀ ਮੁੰਡੀ, ਦੀਪ ਸਹੋਤਾ ਤੇ ਸੁੱਖੀ ਬੈਂਸ ਨੇ ਆਪਣੀਆਂ ਜ਼ਿੰਮੇਵਾਰੀਆਂ ਨੇਪਰੇ ਚਾੜ੍ਹੀਆਂ।

ਖੇਡਾਂ ਤੋਂ ਬਾਅਦ ਹੋਏ ਰੰਗਾ-ਰੰਗ ਪ੍ਰੋਗਰਾਮ ਨੇ ਖਿਡਾਰੀਆਂ ਤੇ ਦਰਸ਼ਕਾਂ ਦੀ ਸਾਰੇ ਦਿਨ ਦੀ ਥਕਾਵਟ ਲਾਹ ਦਿੱਤੀ। ਮੰਚ-ਸੰਚਾਲਨ ਕੁਮਾਰ ਪਵਨਦੀਪ ਨੇ ਕੀਤਾ। ਗਾਇਕਾਂ ਵਿਚ ਨਿੰਮਾ ਡੱਲੇਵਾਲਾ ਤੇ ਲਾਡੀ ਬਸਰਾ ਨੇ ਖੂਬ ਰੰਗ ਬੰਨਿਆ। ਰੌਸ਼ਨ ਪ੍ਰਿੰਸ ਨੇ ਆਪਣੇ ਗਾਣਿਆਂ ਨਾਲ ਹਰ ਇਕ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਮਿਸ ਪੂਜਾ ਅਤੇ ਰੌਸ਼ਨ ਪ੍ਰਿੰਸ ਨੇ ਦੋਗਾਣੇ ਪੇਸ਼ ਕਰ ਕੇ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ ਪਰ ਮੇਲਾ ਲੁੱਟਣ ਦਾ ਸਿਹਰਾ ਸਰੋਤਿਆਂ ਨੇ ਰੌਸ਼ਨ ਪ੍ਰਿੰਸ ਦੇ ਸਿਰ ਹੀ ਬੰਨਿਆ।

ਮੇਲੇ ਦਾ ਅਨੰਦ ਮਾਣਨ ਲਈ ਇੰਡੀਆਨਾ, ਕੈਨਟਕੀ, ਇਲੀਨਾਏ, ਮਿਸ਼ੀਗਨ ਨਿਊ ਯਾਰਕ, ਡੈਲਸ, ਕੈਲੀਫੋਰਨੀਆ ਤੋਂ ਇਲਾਵਾ ਕੈਨੇਡਾ ਦੇ ਟਰਾਂਟੋ, ਵੈਨਕੂਵਰ ਤੋਂ ਵੀ ਲੋਕ ਪੁੱਜੇ ਹੋਏ ਸਨ। ਮੇਲੇ ਦੇ ਮੁੱਖ-ਮਹਿਮਾਨ ਅਕਾਲੀ ਆਗੂ ਬਲਦੇਵ ਸਿੰਘ ਸੱਲ੍ਹਾਂ ਸਨ ਜਿਨ੍ਹਾਂ ਜੇਤੂ ਟੀਮਾਂ ਤੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ 'ਚ ਹੱਥ ਵਟਾਇਆ। ਕਲੱਬ ਦੇ ਪ੍ਰਧਾਨ ਸ੍ਰੀ ਹਰਵਿੰਦਰ ਸਿੰਘ ਵਾਲੀਆ ਨੇ ਮੁੱਖ ਮਹਿਮਾਨ ਦੇ ਨਾਲ ਆਏ ਸਰਬਜੀਤ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ ਤੋਂ ਇਲਾਵਾ ਹੋਰ ਮੁਅਜ਼ਜ਼ ਮਹਿਮਾਨਾਂ ਨਾਮੀ ਕਾਲਮਨਵੀਸ ਐਸ. ਅਸ਼ੋਕ ਭੌਰਾ, ਗੀਤਕਾਰ ਮੱਖਣ ਲੁਹਾਰ, ਡਾ. ਚਰਨਜੀਤ ਸਿੰਘ ਗੁਮਟਾਲਾ, ਸੋਹਣ ਸਿੰਘ ਗਿੱਲ ਆਇਓਆ, ਦਵਿੰਦਰ ਸਿੰਘ ਗੁਰਾਇਆ, ਨਿਊ ਯਾਰਕ ਤੋਂ ਅਸ਼ੋਕ ਕੁਮਾਰ (ਜੇ.ਐਮ.ਡੀ.), ਪੰਮਾ, ਢਿੱਲੋਂ, ਹੈਪੀ ਰਾਜ, ਵਿਕਾਸ ਮਦਾਨ, ਸ਼ਿਕਾਗੋ ਤੋਂ ਮਨਜੀਤ ਸਿੰਘ ਧਨੋਆ, ਡਾ. ਹਰਜਿੰਦਰ ਖਹਿਰਾ, ਬਲਵੀਰ ਬੈਦਵਾਨ, ਗੁਰਮੀਤ ਸਿੰਘ, ਪਰਮਜੀਤ ਗਰਚਾ, ਇੰਡੀਆਨਾ ਤੋਂ ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਸਿੰਘ ਘੋਤੜਾ, ਪਾਲ ਖਲੀਲ, ਸਰਵਣ ਸਿੰਘ ਟਿਵਾਣਾ, ਕੁਲਦੀਪ ਸਿੰਘ ਲੰਗ, ਦਰਸ਼ਨ ਸਿੰਘ ਖਾਨਪੁਰ, ਮੀਰੀ-ਪੀਰੀ ਸਪੋਰਟਸ ਕਲੱਬ ਇੰਡੀਆਨਾ, ਭਗਵਾਨ ਸਿੰਘ ਖਹਿਰਾ ਮਿਸ਼ੀਗਨ, ਪੰਜਾਬ ਸਪੋਰਟਸ ਕਲੱਬ ਕਲੀਵਲੈਂਡ ਵਲੋਂ ਇਕਬਾਲ ਸਿੰਘ ਬੋਪਾਰਾਏ, ਮਿੰਦਰ ਸਿੰਘ, ਅਵਤਾਰ ਸਿੰਘ ਸਪਰਿੰਗਫੀਲਡ, ਕੈਨਟਕੀ ਤੋਂ ਸੁਖਵਿੰਦਰ ਬਿੱਲੂ ਪੰਧੇਰ, ਤੀਰਥ ਪੰਧੇਰ, ਗੁਰਮੁਖ ਪੰਧੇਰ, ਸੁੱਖ ਬੈਂਸ, ਪਾਲੀ ਬੜਿੰਗ, ਸਚਿਨ ਅਰੋੜਾ, ਉਪਕਾਰ ਸੋਹਲ, ਰਾਜ ਸੰਧੂ, ਉਂਕਾਰ ਨਾਗਰਾ, ਮਲਕੀਤ ਢਿੱਲੋਂ ਟਰਾਂਟੋ, ਨਵੀ ਥਾਂਦੀ, ਮਨਪ੍ਰੀਤ ਚੋਪੜਾ, ਜਸਬੀਰ ਚਾਹਲ, ਮਨਰਾਜ ਬੈਂਸ, ਮਨਦੀਪ ਥਿੰਦ, ਤਰਜੀਤ ਬਾਸੀ, ਅਜਾਇਬ ਕੰਗ, ਗੁਰਿੰਦਰ ਮਾਹਲ, ਮਨਪ੍ਰੀਤ ਚੋਪੜਾ, ਅਮਿਤ ਵਾਸੂਦੇਵਾ, ਸੁਖਚੈਨ ਅਰੋੜਾ, ਮੁਖਤਿਆਰ ਢਿੱਲੋਂ, ਮਿਲਵਾਕੀ ਤੋਂ ਅਮਰਜੀਤ ਸਿੰਘ ਢੀਂਡਸਾ, ਦੀਦਾਰ ਧਨੋਆ, ਲੱਖਾ, ਕੰਮੀ ਤੇ ਗੁਰਵਿੰਦਰ ਸਿੰਘ ਖਟੜਾ ਦਾ ਉਚੇਚਾ ਧੰਨਵਾਦ ਕੀਤਾ।



## ਭੁਜੰਗੀ ਦੀ ਦਾਤ

ਬੇਕਰਜ਼ਫੀਲਡ ਦੇ ਗੁਰਦੁਆਰਾ ਵਿਲਸਨ ਰੋਡ ਦੇ ਹੈਡ ਗ੍ਰੰਥੀ ਭਾਈ ਗੁਰਮੇਜ ਸਿੰਘ ਨੂੰ ਵਾਹਿਗੁਰੂ ਨੇ ਭੁਜੰਗੀ ਦੀ ਦਾਤ ਬਖਸ਼ੀ ਹੈ। ਭਾਈ ਗੁਰਮੇਜ ਸਿੰਘ ਤੇ ਉਨ੍ਹਾਂ ਦੀ ਧਰਮਪਤਨੀ ਸਤਵਿੰਦਰ ਕੌਰ ਨੂੰ ਬਹੁਤ ਬਹੁਤ ਵਧਾਈ। ਉਨ੍ਹਾਂ ਨਾਲ ਸੰਪਰਕ ਫੋਨ 661-487-4881 'ਤੇ ਹੋ ਸਕਦਾ ਹੈ।


To Advertise with Punjab Times
Call: 847-359-0746
Visit us on the web:wwwpunjabtimesusa.com



M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Dhillon Truck Stop
Dhillon Road Service
Interstate 40, exit 356, San Jon, NM


ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



ਗੁਰੂ ਘਰ ਵੈਸਟ ਸੈਕਰਾਮੈਂਟੋ ਅਤੇ ਸਕੂਲ ਦੇ ਪ੍ਰਬੰਧਕ

# ਵੈਸਟ ਸੈਕਰਾਮੈਂਟੋ ਗੁਰੂ ਘਰ 'ਚ ਪੰਜਾਬੀ ਚਾਰਟਰ ਸਕੂਲ 15 ਤੋਂ ਸ਼ੁਰੂ ਹੋਵੇਗਾ

**ਸੈਕਰਾਮੈਂਟੋ (ਬਿਊਰੋ):** ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦਾ ਉਦਘਾਟਨ 15 ਅਗਸਤ ਨੂੰ ਹੋਵੇਗਾ। ਗੁਰਦੁਆਰਾ ਵੈਸਟ ਸੈਕਰਾਮੈਂਟੋ ਦੀ ਪ੍ਰਬੰਧਕੀ ਕਮੇਟੀ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਨੇ ਇਥੇ ਇਸ ਸਬੰਧੀ ਸਾਂਝੇ ਤੌਰ 'ਤੇ ਇਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਸਕੂਲ ਨੂੰ 9 ਜੂਨ ਤੋਂ ਖੋਲ੍ਹਣ ਦੀ ਮਨਜ਼ੂਰੀ ਮਿਲ ਗਈ ਸੀ।

ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਲੋਕ ਸੰਪਰਕ ਸਕੱਤਰ ਸ. ਦਰਸ਼ਨ ਸਿੰਘ ਮੁੰਡੀ ਨੇ ਦੱਸਿਆ ਕਿ ਅਮਰੀਕਾ ਵਿਚ ਪੰਜਾਬੀ ਭਾਈਚਾਰੇ ਨੂੰ ਅਜਿਹੇ ਸਕੂਲਾਂ ਦੀ ਬਹੁਤ ਘਾਟ ਮਹਿਸੂਸ ਹੋ ਰਹੀ ਸੀ ਜਿਸ ਕਰਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਜਿਹਾ ਸਕੂਲ ਖੋਲ੍ਹਣ ਦਾ ਫੈਸਲਾ ਲਿਆ। ਜਿਸ ਵਿਚ ਅਮਰੀਕੀ ਪੜ੍ਹਾਈ ਦੇ ਨਾਲ-ਨਾਲ ਪੰਜਾਬੀ ਨੂੰ ਵੀ ਇਕ ਮਜ਼ਮੂਨ ਵਜੋਂ ਪੜ੍ਹਾਇਆ ਜਾਵੇ। ਇਹ ਮਜ਼ਮੂਨ ਪਹਿਲੀ ਕਲਾਸ ਤੋਂ 6ਵੀਂ ਕਲਾਸ ਤੱਕ ਪੜ੍ਹਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਵਿਚ ਸੰਡੇ ਸਕੂਲ ਤਾਂ ਬਹੁਤ ਲੱਗਦੇ ਹਨ ਪਰ ਬੱਚੇ ਉਥੋਂ ਪੂਰੀ ਤਰ੍ਹਾਂ ਨਾਲ ਪੰਜਾਬੀ ਨਹੀਂ ਸਿੱਖ ਸਕਦੇ। ਸਕੂਲ ਵਿਚ ਪਹਿਲੀ ਤੋਂ 6ਵੀਂ ਕਲਾਸ ਤੱਕ ਪੜ੍ਹਾਈ ਮੁਫਤ ਹੋਵੇਗੀ।

ਇਸ ਮੌਕੇ ਬੋਲਦਿਆਂ ਡਾ. ਨਰਿੰਦਰ ਸਿੰਘ ਧਾਲੀਵਾਲ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਕੂਲ ਵਿਚ ਅਨੁਭਵੀ ਅਧਿਆਪਕ ਰੱਖੇ ਗਏ ਹਨ। ਹਰਜਿੰਦਰ ਸਿੰਘ ਮੱਟੂ ਨੇ ਕਿਹਾ ਕਿ ਅਸੀਂ ਆਪਣੀ ਆਉਣ ਵਾਲੀ ਨਸਲ ਨੂੰ ਆਪਣੇ ਸੱਭਿਆਚਾਰ ਤੋਂ ਟੁੱਟਣ ਨਹੀਂ ਦੇਵਾਂਗੇ। ਸ. ਬਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਸਕੂਲ ਦੀ ਬਿਲਡਿੰਗ ਸਮਾਂ ਥੋੜ੍ਹਾ ਹੋਣ ਕਰਕੇ ਨਹੀਂ ਬਣ ਸਕੀ। ਸਕੂਲ ਦੀ ਬਿਲਡਿੰਗ ਤਿਆਰ ਕਰਵਾਉਣ ਲਈ ਪ੍ਰਾਜੈਕਟ ਪਾਸ ਹੋ ਚੁੱਕਾ ਹੈ, ਜਿਸ 'ਤੇ ਇਕ ਮਿਲੀਅਨ ਡਾਲਰ ਤੋਂ ਵੱਧ ਖਰਚਾ ਹੋਣ ਦੀ ਉਮੀਦ ਹੈ ਤੇ ਸੰਗਤਾਂ ਦੇ ਸਹਿਯੋਗ ਨਾਲ ਉਹ ਵੀ ਜਲਦ ਪੂਰਾ ਕਰ ਲਿਆ ਜਾਵੇਗਾ। ਸ. ਪ੍ਰਭਜੋਤ ਸਿੰਘ ਸੇਠੀ ਨੇ ਕਿਹਾ ਕਿ ਇਹ ਸਕੂਲ ਬਣਾਉਣਾ ਸਾਡੇ ਲਈ ਬਿਲਕੁਲ ਨਵਾਂ ਤਜ਼ਰਬਾ ਹੈ। ਇਸ ਦੇ ਖੁੱਲ੍ਹਣ ਨਾਲ ਬਹੁਤ ਸਾਰੇ ਪਰਿਵਾਰਾਂ ਵਿਚ ਨਵਾਂ ਉਤਸ਼ਾਹ ਪੈਦਾ ਹੋਵੇਗਾ। ਡਾ. ਨਾਜਰ ਸਿੰਘ ਚੌਹਾਨ ਨੇ ਕਿਹਾ ਕਿ ਇਸ ਸਕੂਲ ਵਿਚ ਬੱਚਿਆਂ ਦਾ ਮੈਡੀਕਲ ਚੈਕਅਪ ਸਮੇਂ-ਸਮੇਂ 'ਤੇ ਹੋਇਆ ਕਰੇਗਾ। ਸ. ਸੁਰਜੀਤ ਸਿੰਘ ਢਿੱਲੋਂ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ।




## ਅਖਬਾਰਾਂ ਵਾਲਿਆਂ ਦਿੱਤੀ ਅਖਬਾਰ ਚੋਰ ਨੂੰ ਇਕ ਮਹੀਨੇ ਦੀ ਮੋਹਲਤ

**ਸੈਕਰਾਮੈਂਟੋ (ਬਿਊਰੋ):** ਪਿਛਲੇ ਦਿਨੀਂ ਸੈਕਰਾਮੈਂਟੋ ਦੀ ਇਕ ਸਬਰਬ ਐਲਕ ਗਰੋਵ ਦੇ ਇਕ ਗਰੋਸਰੀ ਸਟੋਰ ਤੋਂ ਇਕ ਅਖਬਾਰ ਚੋਰ ਨੂੰ ਸੀ. ਸੀ. ਕੈਮਰੇ 'ਚ ਕੈਦ ਕਰ ਲਿਆ ਗਿਆ। ਇਹ ਚੋਰ ਪਿਛਲੇ 4-5 ਮਹੀਨਿਆਂ ਤੋਂ ਸੈਕਰਾਮੈਂਟੋ ਅਤੇ ਨਾਲ ਲੱਗਦੇ ਵੱਖ-ਵੱਖ ਇਲਾਕਿਆਂ ਤੋਂ ਪੰਜਾਬ ਟਾਈਮਜ਼, ਪੰਜਾਬ ਮੇਲ, ਅੰਮ੍ਰਿਤਸਰ ਟਾਈਮਜ਼, ਸਾਡੇ ਲੋਕ, ਅਮਰੀਕਨ ਪੰਜਾਬੀ ਨਿਊਜ਼ ਸਮੇਤ ਹੋਰ ਵੀ ਸਥਾਨਕ ਅਖਬਾਰਾਂ ਚੋਰੀ ਚੁੱਕ ਕੇ ਲੈ ਜਾਂਦਾ ਸੀ।

ਇਸ ਚੋਰ ਦੀ ਕਾਫੀ ਦੇਰ ਤੋਂ ਤਲਾਸ਼ ਸੀ ਅਤੇ ਹੁਣ ਇਹ ਚੋਰ ਕੈਮਰੇ 'ਚ ਕੈਦ ਹੈ। ਕੈਮਰੇ ਦੀ ਰਿਕਾਰਡਿੰਗ ਅਨੁਸਾਰ ਇਸ ਕਥਿਤ ਚੋਰ ਦੀ ਫੋਰਡ ਗੱਡੀ ਵਿਚ ਪਹਿਲਾਂ ਤੋਂ ਕੁਝ ਅਖਬਾਰਾਂ ਹੋਰ ਪਈਆਂ ਹਨ। ਇਹ ਚੋਰ ਉਸ ਗੱਡੀ ਵਿਚੋਂ ਉਤਰ ਕੇ ਸਿੱਧਾ ਪੰਜਾਬੀ ਗਰੋਸਰੀ ਸਟੋਰ ਦੇ ਬਾਹਰ ਪਈਆਂ ਅਖਬਾਰਾਂ ਨੂੰ ਜਾ ਕੇ ਚੁੱਕਦਾ ਹੈ ਅਤੇ ਆਪਣੀ ਗੱਡੀ ਵਿਚ ਰੱਖਦਾ ਹੈ ਅਤੇ ਫਿਰ ਦੁਬਾਰਾ ਆਉਂਦਾ ਹੈ ਤੇ ਬਾਕੀ ਰਹਿੰਦੀਆਂ ਹੋਰ ਅਖਬਾਰਾਂ ਵੀ ਆਪਣੀ ਗੱਡੀ ਵਿਚ ਰੱਖ ਕੇ ਚਲੇ ਜਾਂਦਾ ਹੈ।

ਸੀ. ਸੀ. ਕੈਮਰੇ ਵਿਚ ਚੋਰੀ ਕਰਨ ਦਾ ਟਾਈਮ ਸਵੇਰੇ 5:33 ਰਿਕਾਰਡ ਕੀਤਾ ਗਿਆ ਹੈ। ਸਮੂਹ ਅਖਬਾਰਾਂ ਵਾਲਿਆਂ ਨੇ ਇਹ ਫੈਸਲਾ ਕੀਤਾ ਹੈ ਕਿ ਜੇ ਇਹ ਚੋਰ ਇਕ ਮਹੀਨੇ ਦੇ ਵਿਚ-ਵਿਚ ਸਾਰੀਆਂ ਅਖਬਾਰਾਂ ਕੋਲੋਂ ਲਿਖਤੀ ਮੁਆਫੀ ਨਹੀਂ ਮੰਗਦਾ ਤਾਂ ਇਹ ਵੀਡੀਓ ਕੈਸੇਟ ਪੁਲਿਸ ਨੂੰ ਦੇ ਦਿੱਤੀ ਜਾਵੇਗੀ ਅਤੇ ਉਸ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸ ਸਬੰਧੀ ਸਾਰੀ ਜਾਣਕਾਰੀ ਅਖਬਾਰਾਂ ਵਿਚ ਵੀ ਛਾਪੀ ਜਾਵੇਗੀ।







## ਯਿੰਗਲਕ ਬਣੀ ਥਾਈਲੈਂਡ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ

**ਬੈਂਕਾਕ:** ਯਿੰਗਲਕ ਸ਼ਿਨਵਾਤਰਾ ਥਾਈਲੈਂਡ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣ ਗਈ ਹੈ। ਮਹੀਨਾ ਪਹਿਲਾਂ ਉਸ ਦੀ ਪੀ.ਪੀ. ਪਾਰਟੀ ਨੇ ਚੋਣਾਂ 'ਚ ਸੱਤਾਧਾਰੀ ਡੈਮੋਕਰੇਟਾਂ ਨੂੰ ਪਛਾੜਿਆ ਸੀ। ਸਪੀਕਰ ਸੋਮਸਕ ਕਿਆਤਸੂਰੇਨੋਟ ਨੇ ਦੱਸਿਆ ਕਿ ਯਿੰਗਲਕ ਨੂੰ ਅੱਧਿਓਂ ਵੱਧ ਵੋਟਾਂ ਮਿਲੀਆਂ ਸਨ ਤੇ ਇਸ ਕਰਕੇ ਪ੍ਰਤੀਨਿਧ ਸਦਨ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੇ ਉਸ ਨੂੰ ਨਵੀਂ ਪ੍ਰਧਾਨ ਮੰਤਰੀ ਐਲਾਨ ਦਿੱਤਾ। ਸਪੀਕਰ ਵੱਲੋਂ ਹੁਣ ਇਹ ਨਤੀਜਾ ਸ਼ਾਹੀ ਮੋਹਰ ਲਈ ਪੇਸ਼ ਕੀਤਾ ਜਾਏਗਾ।

44 ਸਾਲਾ ਯਿੰਗਲਕ, ਪ੍ਰਤੀਨਿਧ 'ਚ ਬਹੁਗਿਣਤੀ ਵੋਟਾਂ ਨਾਲ ਬਣੀ 20ਵੀਂ ਪ੍ਰਧਾਨ ਮੰਤਰੀ ਹੈ। ਕੁੱਲ 296 ਮੈਂਬਰਾਂ ਨੇ ਯਿੰਗਲਕ ਦੇ ਹੱਕ 'ਚ ਵੋਟਾਂ ਪਾਈਆਂ ਜਦੋਂਕਿ ਤਿੰਨ ਉਹਦੇ ਖ਼ਿਲਾਫ਼ ਭੁਗਤੇ ਤੇ197 ਮੈਂਬਰ ਗੈਰਹਾਜ਼ਰ ਰਹੇ। ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦਾਅਵੇਦਾਰ ਉਹ ਇਕੱਲੀ ਸੀ। ਵਿਰੋਧੀ ਧਿਰ ਨੇ ਕੋਈ ਉਮੀਦਵਾਰ ਨਾਮਜ਼ਦ ਨਹੀਂ ਕੀਤਾ ਸੀ। ਯਿੰਗਲਕ ਸਾਬਕਾ ਪ੍ਰਧਾਨ ਮੰਤਰੀ ਥਾਕਸਿਨ ਸ਼ਿਨਵਾਤਰਾ ਦੀ ਸਭ ਤੋਂ ਛੋਟੀ ਭੈਣ ਹੈ। ਥਾਕਸਿਨ ਨੂੰ 2006 ਦੇ ਫੌਜੀ ਰਾਜ ਪਲਟੇ 'ਚ ਗੱਦੀਓਂ ਲਾਹ ਦਿੱਤਾ ਗਿਆ ਸੀ ਤੇ ਉਹ ਦੁਬਈ 'ਚ ਰਹਿ ਰਿਹਾ ਹੈ। ਪੰਜ ਸਾਲ ਦੀ ਗੜਬੜ ਮਗਰੋਂ ਯਿੰਗਲਕ ਅੱਗੇ ਹੁਣ ਸਭ ਤੋਂ ਵੱਡੀ ਚੁਣੌਤੀ ਸਿਆਸੀ ਟਿਕਟਿਕਾਅ ਲਿਆਉਣ ਦੀ ਹੈ।

## ਮਹਿਲਾ ਕਮਾਂਡਰ ਸਾਂਭੇਗੀ ਬਰਤਾਨਵੀ ਸ਼ਾਹੀ ਬੇੜੇ ਦੀ ਕਮਾਨ

**ਲੰਡਨ:** ਇਕ ਬਰਤਾਨਵੀ ਮਹਿਲਾ ਨੇਵੀ ਅਧਿਕਾਰੀ ਰਾਇਲ ਨੇਵੀ ਦੇ ਮੋਹਰੀ ਜੰਗੀ ਬੇੜੇ ਦੀ ਕਮਾਨ ਸੰਭਾਲੇਗੀ। ਬਰਤਾਨੀਆ ਦੀ ਜਲ ਸੈਨਾ ਦੇ 500 ਸਾਲਾ ਇਤਿਹਾਸ 'ਚ ਪਹਿਲੀ ਵਾਰ ਕੋਈ ਔਰਤ ਇਸ ਅਹੁਦੇ 'ਤੇ ਪੁੱਜ ਰਹੀ ਹੈ। ਲੈਫਟੀਨੈਂਟ ਕਮਾਂਡਰ ਸਾਰਾਹ ਵੈਸਟ (39) ਐਮ.ਐਮ.ਐਸ. ਪੋਰਟਲੈਂਡ ਬੇੜੇ ਦੀ ਕਮਾਨ ਸੰਭਾਲੇਗੀ ਜਿਸ ਦਾ 185 ਦੇ ਕਰੀਬ ਸਟਾਫ ਹੈ ਤੇ ਇਨ੍ਹਾਂ 'ਚੋਂ ਬਹੁਤੇ ਮਰਦ ਹਨ। 65000 ਪੌਂਡ ਸਾਲਾਨਾ ਦੀ ਤਰੱਕੀ ਮਗਰੋਂ ਇਹ ਕਮਾਂਡਰ ਹੁਣ ਦੁਨੀਆਂ 'ਚ ਕਿਤੇ ਵੀ ਲੜਾਈ 'ਚ ਆਪਣਾ ਜੰਗੀ ਬੇੜਾ ਲਿਜਾ ਸਕੇਗੀ। 'ਦਿ ਸਨ' ਦੀ ਰਿਪੋਰਟ ਅਨੁਸਾਰ ਸਾਰਾਹ ਦੀ ਚੋਣ ਮੈਰਿਟ, ਲੀਡਰਸ਼ਿਪ, ਭਰੋਸੇ, ਨੈਤਿਕ ਬਲ, ਫ਼ੈਸਲੇ ਲੈਣ ਦੀ ਸਮਰੱਥਾ ਤੇ ਲੋਕਾਂ ਬਾਰੇ ਕਮਾਲ ਦੀ ਪੇਸ਼ੀਨਗੋਈ ਕਰਨ ਦੀ ਸਮਰੱਥਾ ਕਾਰਨ ਕੀਤੀ ਗਈ ਹੈ। ਉਹ ਅਪਰੈਲ 2012 ਤੋਂ ਇਹ ਅਹੁਦਾ ਸੰਭਾਲੇਗੀ। ਉਸ ਦੇ ਬੇੜੇ 'ਚ ਹਾਰਪੂਨ ਤੇ ਸੀ ਵੁਲਫ਼ ਮਿਜ਼ਾਈਲਾਂ ਫਿੱਟ ਹਨ।

## ਤਮਗੇ ਲਈ ਅੰਗਰੇਜ਼ ਫ਼ੌਜੀ ਨੇ ਤਾਲਿਬ ਦੀਆਂ ਉਂਗਲਾਂ ਵੱਢੀਆਂ

**ਲੰਡਨ:** ਇੰਗਲੈਂਡ ਦਾ ਰੱਖਿਆ ਮੰਤਰਾਲਾ ਇਸ ਦਾਅਵੇ ਦੀ ਜਾਂਚ ਕਰ ਰਿਹਾ ਹੈ ਕਿ ਇਕ ਬਰਤਾਨਵੀ ਸੈਨਿਕ ਨੇ ਇਕ ਮਾਰੇ ਗਏ ਤਾਲਿਬਾਨ ਅਤਿਵਾਦੀ ਦੀਆਂ ਉਂਗਲਾਂ ਯਾਦਗਾਰ ਵਜੋਂ ਸਾਂਭਣ ਲਈ ਕੱਟ ਲਈਆਂ ਸਨ। ਆਪਣੇ ਵਧੇਰੇ ਮਾਨਵੀ ਹੋਣ ਦੇ ਦਾਅਵੇ ਕਰਨ ਵਾਲੇ ਪੱਛਮ ਤੇ ਖ਼ਾਸ ਕਰ ਬਰਤਾਨੀਆ ਲਈ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿਉਂਕਿ ਮੁਸਲਮਾਨਾਂ 'ਤੇ ਨਿਰਦਈ ਹੋਣ ਦੇ ਦੋਸ਼ ਇਹ ਬੜੇ ਸਹਿਜੇ ਹੀ ਲਾ ਦਿੰਦੇ ਹਨ।

ਸਮਝਿਆ ਜਾ ਰਿਹਾ ਹੈ ਕਿ ਇਹ ਦੋਸ਼ ਅਰਗਾਇਲ ਤੇ ਸੁਦਰਲੈਂਡ ਹਾਈਲੈਂਡਰਜ਼ ਦੇ ਸੈਨਿਕ 'ਤੇ ਲੱਗੇ ਹਨ ਜੋ ਅਫ਼ਗਾਨਿਸਤਾਨ 'ਚ ਤਾਇਨਾਤ ਸੀ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਇਸ ਬਟਾਲੀਅਨ ਦੀ ਆਖ਼ਰੀ ਅਫ਼ਗਾਨਿਸਤਾਨ ਫੇਰੀ ਦੌਰਾਨ ਸਤੰਬਰ 2010 ਤੋਂ ਇਸ ਸਾਲ ਅਪਰੈਲ ਤੱਕ ਸਬੰਧਤ ਸੈਨਿਕ ਹੇਲਮੰਡ ਰਿਆਸਤ 'ਚ ਤਾਇਨਾਤ ਸੀ। ਇਨ੍ਹਾਂ ਦਾ ਕੰਮ ਅਫ਼ਗਾਨ ਪੁਲਿਸ ਨੂੰ ਸਿਖਲਾਈ ਦੇਣਾ ਸੀ। ਰੱਖਿਆ ਮੰਤਰਾਲੇ ਦੇ ਬੁਲਾਰੇ ਅਨੁਸਾਰ ਇਹ ਬੜੇ ਗੰਭੀਰ ਦੋਸ਼ ਹਨ ਤੇ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

## ਭਾਰਤੀ ਤੇ ਚੀਨੀ ਨਾਗਰਿਕਾਂ 'ਤੇ ਆਸਟਰੇਲੀਆ ਦੀ ਨਜ਼ਰ

**ਮੈਲਬਰਨ:** ਆਸਟਰੇਲੀਆ ਵਿਚ ਸਰਹੱਦੀ ਨਿਗਰਾਨੀ ਸੂਚੀ ਵਾਲੇ ਵਿਅਕਤੀਆਂ 'ਚੋਂ ਭਾਰਤੀ ਤੇ ਚੀਨੀ ਨਾਗਰਿਕਾਂ ਦੀ ਬਹੁਤਾਤ ਹੈ। ਕੌਮੀ ਸੁਰੱਖਿਆ ਲਈ ਖਤਰਨਾਕ ਮੰਨੇ ਜਾਂਦੇ ਇਨ੍ਹਾਂ ਵਿਅਕਤੀਆਂ 'ਤੇ ਨਜ਼ਰ ਰੱਖਣ ਲਈ ਗੁਪਤ ਰੂਪ ਵਿਚ ਇਕ ਡੇਟਾਬੇਸ ਤਿਆਰ ਕੀਤਾ ਗਿਆ ਹੈ। ਚੀਨ ਦੇ 34189 ਨਾਗਰਿਕ ਇਸ ਮੂਵਮੈਂਟ ਅਲਰਟ ਸੂਚੀ ਵਿਚ ਹਨ ਜੋ ਕੁਝ ਡੇਟਾਬੇਸ ਦੇ 10 ਫੀਸਦੀ ਤੋਂ ਜ਼ਿਆਦਾ ਹਨ ਜਦਕਿ ਸੂਚੀ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ 21643 ਹੈ। ਇਕ ਆਸਟਰੇਲੀਅਨ ਅਖਬਾਰ ਦੀ ਰਿਪੋਰਟ ਅਨੁਸਾਰ ਸੂਹੀਆ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਸਰਕਾਰੀ ਏਜੰਸੀਆਂ ਕੋਲ ਜੂਨ ਤੱਕ 314462 ਨਾਵਾਂ ਵਾਲੀ ਸੂਚੀ ਸੀ। ਸੂਚੀ ਵਿਚ ਵਿਅਕਤੀਆਂ ਦੀ ਪਛਾਣ ਤੇ ਯਾਤਰਾ ਦਸਤਾਵੇਜ਼ਾਂ ਦੇ ਵੇਰਵੇ ਸ਼ਾਮਲ ਹਨ।

# ਅਵੱਲੇ ਸ਼ੌਂਕ ਪਾਲਣ ਵਾਲਾ ਨਰਿੰਦਰ ਭੁੱਲਰ

**ਇਕਬਾਲ ਜੱਬੋਵਾਲੀਆ**

ਹਰ ਇਨਸਾਨ ਨੂੰ ਕੋਈ ਨਾ ਕੋਈ ਸ਼ੌਂਕ ਜਰੂਰ ਹੁੰਦਾ ਹੈ। ਇਸ ਸ਼ੌਂਕ ਦੀ ਖ਼ੁਸ਼ਬੂ ਨੂੰ ਪਾਲਣ ਲਈ ਘਾਲਣਾ ਜਰੂਰ ਘਾਲਣੀ ਪੈਂਦੀਂ ਹੈ, ਕੀਮਤ ਵੀ ਚੁਕਾਉਣੀ ਪੈਂਦੀ ਹੈ, ਕੀਮਤ ਦਾ ਕੋਈ ਅੰਦਾਜ਼ਾ ਨਹੀਂ ਹੁੰਦਾ। ਅੱਜ ਅਸੀਂ ਅਜਿਹੇ ਇਨਸਾਨ ਦੀ ਗੱਲ ਕਰਨ ਜਾ ਰਹੇ ਹਾਂ ਜੋ ਵਿਦੇਸ਼ ਰਹਿੰਦਿਆਂ ਲੱਖਾਂ ਰੁਪਏ ਖ਼ਰਚ ਕੇ ਪੰਜਾਬ ਵਿਚ ਜਾਨਵਰ ਪਾਲਣ ਦਾ ਸ਼ੌਂਕ ਪੂਰਦਾ ਹੈ। ਇਹ ਹਨ ਨਿਊ ਯਾਰਕ ਰਹਿੰਦੇ ਪਿੰਡ ਬੂੱਬਾਂ ਦੇ ਨਰਿੰਦਰ ਸਿੰਘ ਭੁੱਲਰ ਦੇ ਪੰਜਾਬ ਰਹਿੰਦੇ ਬੇਟੇ-ਦਾਨਵੀਰ ਸਿੰਘ ਭੁੱਲਰ ਅਤੇ ਅਮਨਵੀਰ ਸਿੰਘ ਭੁੱਲਰ-ਜੋ ਮਹਿੰਗੇ ਘੋੜੇ-ਘੋੜੀਆਂ, ਵਿਦੇਸ਼ੀ ਕੁੱਤੇ, ਸੀਲ-ਮੁਰਗੇ ਅਤੇ ਅਫ਼ਗਾਨੀ ਕਿਸਮ ਦੇ ਕਬੂਤਰ ਪਾਲ ਕੇ ਸ਼ੋਅ-ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ। ਇਹ ਕਬੂਤਰ ਸ਼ੌਂਕ ਲਈ ਰੱਖਦੇ ਹਨ, ਵੇਚਣ ਲਈ ਨਹੀਂ।

ਪਿੰਡ ਬੂੱਬਾਂ ਨੇੜੇ ਸ਼ਾਮਚੁਰਾਸੀ ਵਿਚ ਪੰਜ ਕਨਾਲਾਂ ਵਿਚ ਸੋਹਣਾ ਜਿਹਾ ਪਾਰਕ ਬਣਾ ਕੇ 'ਭੁੱਲਰ ਸਟੱਡ ਅਤੇ ਕੈਨਲ ਫ਼ਾਰਮ' ਬਣਾਇਆ ਹੋਇਐ। 'ਦੋ ਲੱਖ ਚਾਲੀ ਹਜ਼ਾਰ' ਦੀ ਮੁਕਤਸਰੋਂ ਲਿਆਦੀ ਘੋੜੀ ਦਾ ਬੱਚਾ ਘੋੜਾ ਹੁਣ ਇਸ ਫਾਰਮ ਦਾ ਸ਼ਿੰਗਾਰ ਹੈ, ਜੋ ਦੋਆਬੇ 'ਚੋਂ ਪਹਿਲੇ ਨੰਬਰ 'ਤੇ ਸੋਹਣਾ ਘੋੜਾ ਐਲਾਨਿਆ ਗਿਆ। ਇਸ ਵੇਲੇ ਕਾਲੇ ਰੰਗ ਦਾ ਇਕ ਘੋੜਾ ਅਤੇ ਚਾਰ ਘੋੜੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਹਨ।





ਨਰਿੰਦਰ ਸਿੰਘ ਭੁੱਲਰ

ਇਸ ਫ਼ਾਰਮ ਦੀ ਪਾਰਕ ਵਿਚ ਕੁੱਤਿਆਂ ਨੂੰ ਟਰੇਨਿੰਗ ਦਿਤੀ ਜਾਂਦੀ ਹੈ। ਇਕ ਬੌਕਸਰ ਕਿਸਮ ਦਾ ਬਰੀਡ ਕੁੱਤਾ ਦਿੱਲੀ ਵਾਲੇ ਮੁਕਲ ਦੇਵ ਤੋਂ ਡੇਢ ਲੱਖ ਦਾ ਖਰੀਦਿਆ ਜਿਸ ਨੂੰ ਸੱਲ੍ਹਾਂ ਵਾਲੇ (ਨੇੜੇ ਬੰਗਾ) ਰੇਸ਼ਮ ਸਿੰਘ ਸੋਡੀ ਨੇ ਟਰੇਨਿੰਗ ਦਿਤੀ। ਪੌਣੇ ਦੋ ਲੱਖ ਦਾ ਇਕ ਵਧੀਆ ਕਿਸਮ ਦਾ ਕੁੱਤਾ ਥਾਈਲੈਂਡ ਤੋਂ ਮੰਗਵਾਇਆ। ਬਹੁਤੇ ਜਾਨਵਰ ਵਿਦੇਸ਼ਾਂ ਅਤੇ ਦੱਖਣੀ ਭਾਰਤ ਤੋਂ ਖਰੀਦੇ ਜਾਂਦੇ ਹਨ। ਹਾਲੈਂਡ, ਪੋਲੈਂਡ, ਇਟਲੀ, ਆਸਟਰੇਲੀਆ ਅਤੇ ਹੋਰ ਕਈ ਮੁਲਕਾਂ ਦੇ ਕੁੱਤਿਆਂ ਦੇ ਹੋਏ ਬੰਗਲੌਰ ਮੁਕਾਬਲੇ 'ਚੋਂ ਬੌਕਸਰ ਕੁੱਤਾ ਇੰਟਰਨੈਸ਼ਨਲ ਚੈਂਪੀਅਨ ਬਣਿਆ। ਛੇ ਵਾਰ ਵੈਸਟਰਨ-ਸ਼ੋਅ ਅਤੇ 50 ਵਾਰ ਬੈਸਟ-ਬਰੀਡ ਚੁਣਿਆ ਗਿਆ। ਲੁਧਿਆਣਾ, ਜਲੰਧਰ, ਕੋਟਕਪੂਰਾ, ਦਿੱਲੀ, ਗੁੜਗਾਵਾਂ, ਦੇਹਰਾਦੂਨ, ਸ਼ਿਮਲਾ, ਆਗਰਾ, ਅਮ੍ਰਿਤਸਰ ਅਤੇ ਮੁਕਤਸਰ ਵਿਖੇ ਡੌਗ-ਸ਼ੋਅ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਵੇਲੇ ਇਨ੍ਹਾਂ ਕੋਲ 15 ਕਿਸਮ ਦੇ ਵੱਖ ਵੱਖ ਨਸਲੀ ਕੁੱਤੇ ਹਨ। ਕੁੱਤਿਆਂ ਦੀ ਬਰੀਡ ਕਰਕੇ ਸੇਲ ਵੀ ਕੀਤੀ ਜਾਂਦੀ ਹੈ। ਵਿਦੇਸ਼ ਬੈਠੇ ਹੀ ਨਰਿੰਦਰ ਸਿੰਘ ਭੁੱਲਰ ਆਪਣੇ ਪੁੱਤਰਾਂ ਨਾਲ ਸਲਾਹ ਮਸ਼ਵਰਾ ਕਰਦੇ ਰਹਿੰਦੇ ਹਨ। ਵੱਡੇ ਲੈਂਡਲਾਰਡ, ਜਾਨਵਰਾਂ ਦੇ ਪ੍ਰੇਮੀ ਅਤੇ ਪਰਿਵਾਰਕ ਦੋਸਤ ਹਰਿਆਣੇ ਵਾਲੇ ਬੌਬੀ ਸਿੰਘ ਸਰਾਉ ਵੀ ਕਾਫ਼ੀ ਉਤਸ਼ਾਹਤ ਕਰਦੇ ਰਹਿੰਦੇ ਹਨ। ਇਹ ਪਰਿਵਾਰ ਸਿਆਸਤ ਵਿਚ ਵੀ ਪੂਰਾ ਉਤਸ਼ਾਹ ਰੱਖਦਾ ਹੈ। ਬਹੁਪੱਖੀ ਸ਼ਖਸੀਅਤ ਦੇ ਮਾਲਕ ਅਤੇ ਨੇਕ ਇਨਸਾਨ ਨਰਿੰਦਰ ਸਿੰਘ ਭੁੱਲਰ ਦੀ ਪਤਨੀ ਬੀਬੀ ਬਲਵੀਰ ਕੌਰ ਭੁੱਲਰ ਬਲਾਕ ਸੰਮਤੀ ਮੈਂਬਰ ਹੈ ਅਤੇ ਇਲਾਕਾ ਹੁਸ਼ਿਆਰਪੁਰ ਦੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਸਿਰ ਕੱਢ ਸਰਗਰਮ ਆਗੂ ਹੈ।




## ਅਮਰੀਕਾ ਦੀ ਪਾਕਿਸਤਾਨ ਦੇ ਪਰਮਾਣੂ ਹਥਿਆਰ ਕਬਜ਼ੇ 'ਚ ਲੈਣ ਦੀ ਯੋਜਨਾ !

**ਵਾਸ਼ਿੰਗਟਨ:** ਜਦੋਂ ਕਦੇ ਵੀ ਅਮਰੀਕੀ ਰਾਸ਼ਟਰਪਤੀ ਨੂੰ ਇਹ ਮਹਿਸੂਸ ਹੋਵੇ ਕਿ ਅਮਰੀਕਾ ਜਾਂ ਇਸ ਦੇ ਹਿੱਤਾਂ ਨੂੰ ਖਤਰਾ ਹੈ ਤਾਂ ਅਮਰੀਕਾ ਨੇ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ 'ਤੇ ਕਬਜ਼ਾ ਕਰਨ ਦੀ ਹੰਗਾਮੀ ਯੋਜਨਾ ਬਣਾਈ ਹੋਈ ਹੈ। ਐਨ.ਬੀ.ਸੀ. ਨਿਊਜ਼ ਨੇ ਮੌਜੂਦਾ ਤੇ ਸਾਬਕਾ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ ਹੈ ਕਿ ਪਾਕਿਸਤਾਨ ਦੇ ਹਾਲਾਤ ਬੇਹੱਦ ਖਰਾਬ ਹੋਣ ਦੀ ਸੂਰਤ ਵਿਚ ਯੋਜਨਾਵਾਂ ਉਲੀਕੀਆਂ ਸਨ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ 9/11 ਦੇ ਅਤਿਵਾਦੀ ਹਮਲੇ ਤੋਂ ਪਹਿਲਾਂ ਵੀ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਵੱਡਾ ਮਸਲਾ ਰਹੀ ਹੈ।

ਰਿਪੋਰਟ ਵਿਚ ਜਿਸ ਤਰ੍ਹਾਂ ਦੇ ਹਲਾਤ ਬਣਨ ਦਾ ਖਾਕਾ ਉਲੀਕਿਆ ਗਿਆ ਹੈ ਉਨ੍ਹਾਂ ਵਿਚ ਪਾਕਿਸਤਾਨ ਵਿਚ ਅਰਾਜਕਤਾ ਦਾ ਮਾਹੌਲ ਪੈਦਾ ਹੋਣਾ, ਦਹਿਸ਼ਤਗਰਦਾਂ ਵੱਲੋਂ ਕਿਸੇ ਪਰਮਾਣੂ ਕੇਂਦਰ 'ਤੇ ਵੱਡਾ ਹਮਲਾ ਬੋਲਣ, ਭਾਰਤ ਨਾਲ ਲੜਾਈ ਛਿੜਨੀ ਜਾਂ ਇਸਲਾਮੀ ਇਤੰਹਾਪਸੰਦਾਂ ਵੱਲੋਂ ਸਰਕਾਰ ਜਾਂ ਪਾਕਿਸਤਾਨ ਫੌਜ ਦੀ ਵਾਗਡੋਰ ਸੰਭਾਲਣੀ ਸ਼ਾਮਲ ਹਨ। ਰਿਪੋਰਟ 'ਚ ਕਿਹਾ ਹੈ ਕਿ ਮਈ ਵਿਚ ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦਿਨ ਨੂੰ ਅਮਰੀਕੀ ਫੌਜੀ ਦਸਤਿਆਂ ਵੱਲੋਂ ਪਾਕਿਸਤਾਨ ਵਿਚ ਦਾਖਲ ਹੋ ਕੇ ਮਾਰਨ ਦੀ ਕਾਰਵਾਈ ਨਾਲ ਪਾਕਿਸਤਾਨ ਦੇ ਪਰਮਾਣੂ ਜ਼ਖੀਰਿਆਂ ਬਾਰੇ ਖਦਸ਼ੇ ਵਧ ਗਏ ਸਨ। ਰਿਪੋਰਟ ਮੁਤਾਬਕ ਅਮਰੀਕੀ ਅਧਿਕਾਰੀਆਂ ਅੰਦਰ ਇਹ ਸ਼ੱਕ ਵੱਧ ਰਿਹਾ ਹੈ ਕਿ ਓਸਾਮਾ ਨੂੰ ਆਈ.ਐਸ.ਆਈ. ਅੰਦਰੋਂ ਮਦਦ ਹਾਸਲ ਸੀ ਤੇ ਐਬਟਾਬਾਦ ਅਪਰੇਸ਼ਨ ਨਾਲ ਵਾਸ਼ਿੰਗਟਨ ਵਾਲਿਆਂ ਦੀ ਇਸ ਸੋਚ ਨੂੰ ਹੁਲਾਰਾ ਮਿਲਿਆ ਸੀ ਕਿ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਸੁਰੱਖਿਅਤ ਬਣਾਉਣ ਲਈ ਛਾਪਾਮਾਰ ਕਾਰਵਾਈ ਸਫਲ ਹੋ ਸਕੇ।

## ਖਹਿਰਾ ਵੱਲੋਂ ਬੀਬੀ ਜਗੀਰ ਕੌਰ ਦਾ ਵਿਰੋਧ

**ਅੰਮ੍ਰਿਤਸਰ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਅਪੀਲ ਕੀਤੀ ਹੈ ਕਿ ਸ਼ੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਜੋ ਇਸ ਵੇਲੇ ਅਦਾਲਤੀ ਕੇਸ ਦਾ ਸਾਹਮਣਾ ਕਰ ਰਹੇ ਹਨ, ਨੂੰ ਸ਼ੋਮਣੀ ਕਮੇਟੀ ਚੋਣਾਂ ਲੜਨ ਦੀ ਆਗਿਆ ਨਾ ਦਿੱਤੀ ਜਾਵੇ।

ਸ. ਖਹਿਰਾ ਨੇ ਦੱਸਿਆ ਕਿ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਮੂਹ ਸਿਆਸੀ ਪਾਰਟੀਆਂ ਨੂੰ ਹਦਾਇਤ ਕੀਤੀ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਸਾਫ ਸੁਥਰੇ ਕਿਰਦਾਰ ਵਾਲੇ ਅੰਮ੍ਰਿਤਧਾਰੀ ਉਮੀਦਵਾਰਾਂ ਨੂੰ ਹੀ ਮੈਦਾਨ ਵਿਚ ਉਤਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸੇ ਬਿਆਨ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਦਿੱਤਾ ਹੈ ਤੇ ਅਪੀਲ ਕੀਤੀ ਹੈ ਕਿ ਬੀਬੀ ਜਗੀਰ ਕੌਰ ਸਮੇਤ ਹੋਰ ਅਜਿਹੇ ਦੋਸ਼ਾਂ ਵਿਚ ਫਸੇ ਉਮੀਦਵਾਰਾਂ ਨੂੰ ਚੋਣ ਲੜਨ ਤੋਂ ਵਰਜਿਆ ਜਾਵੇ।

ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਇਸ ਵੇਲੇ ਆਪਣੀ ਗਰਭਵਤੀ ਬੇਟੀ ਨੂੰ ਕਥਿਤ ਤੌਰ 'ਤੇ ਕਤਲ ਕਰਨ ਦੇ ਦੋਸ਼ ਹੇਠ ਕੇਸ ਵਿਚ ਘਿਰੇ ਹੋਏ ਹਨ ਤੇ ਉਨ੍ਹਾਂ ਨੂੰ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕੇਸ ਵਿਚ ਜੇਕਰ ਅਦਾਲਤ ਉਨ੍ਹਾਂ ਖਿਲਾਫ ਕੋਈ ਕਾਰਵਾਈ ਕਰਦੀ ਹੈ ਤਾਂ ਇਸ ਨਾਲ ਸਿੱਖ ਪੰਥ ਨੂੰ ਨਮੋਸ਼ੀ ਝੱਲਣੀ ਪਵੇਗੀ। ਇਸ ਲਈ ਉਨ੍ਹਾਂ ਨੂੰ ਹੁਣ ਤੋਂ ਹੀ ਧਾਰਮਿਕ ਸੰਸਥਾ ਦੀ ਚੋਣ ਲੜਨ ਤੋਂ ਵਰਜਿਆ ਜਾਵੇ। ਉਨ੍ਹਾਂ ਬੀਬੀ ਜਗੀਰ ਕੌਰ 'ਤੇ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਨ ਤੇ ਜ਼ਮੀਨ 'ਤੇ ਕਬਜ਼ਾ ਕਰਨ ਜਿਹੇ ਕੁਝ ਹੋਰ ਗੰਭੀਰ ਦੋਸ਼ ਵੀ ਲਾਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹੋਰ ਵੀ ਉਮੀਦਵਾਰਾਂ ਨੂੰ ਚੋਣਾਂ ਲੜਨ ਤੋਂ ਰੋਕਿਆ ਜਾਵੇ।

## ਲੰਗਾਹ ਵੱਲੋਂ ਡੇਰਾ ਬਾਬਾ ਨਾਨਕ ਤੋਂ ਚੋਣ ਲੜਨ ਦਾ ਐਲਾਨ

**ਗੁਰਦਾਸਪੁਰ:** ਵਿਧਾਨ ਸਭਾ ਹਲਕਾ ਧਾਰੀਵਾਲ ਤੋਂ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਜ਼ਿਲੇ ਗੁਰਦਾਸਪੁਰ ਵਿਚੋਂ ਜਿੱਤ ਹਾਸਲ ਕਰਕੇ ਖੇਤੀਬਾੜੀ ਮੰਤਰੀ ਬਣੇ ਜਥੇਦਾਰ ਸੁੱਚਾ ਸਿੰਘ ਲੰਗਾਹ ਵੱਲੋਂ ਨਵੇਂ ਬਣੇ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ।।ਜਥੇਦਾਰ ਲੰਗਾਹ ਵੱਲੋਂ ਜਦੋਂ ਪਿਛਲੇ ਮਹੀਨੇ ਡੇਰਾ ਬਾਬਾ ਨਾਨਕ ਵਿਖੇ ਚੋਣ ਮੀਟਿੰਗ ਕਰਨ ਦਾ ਐਲਾਨ ਕੀਤਾ ਹਿਆ ਤਾਂ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਤੇ ਟਿਊਬਵੈਲ ਕਾਰਪੋਰੇਸ਼ਨ ਦੇ ਚੇਅਰਮੈਨ ਰਵੀਕਰਨ ਸਿੰਘ ਕਾਹਲੋਂ ਵੱਲੋਂ ਜਥੇਦਾਰ ਲੰਗਾਹ 'ਤੇ ਸਿਆਸੀ ਹਮਲੇ ਕੀਤੇ ਗਏ ਸਨ ਜਿਸ ਦੇ ਜਵਾਬ ਵਿਚ ਜਥੇਦਾਰ ਲੰਗਾਹ ਨੇ ਵਰਕਰਾਂ ਦੇ ਇਕੱਠ 'ਚ ਸ. ਕਾਹਲੋਂ ਨੂੰ ਤਾੜਨਾ ਕੀਤੀ ਕਿ ਉਹ ਜ਼ਿਲ੍ਹਾ ਪ੍ਰਧਾਨ ਹੋਣ ਦੇ ਨਾਤੇ ਰਵੀਕਰਨ ਖ਼ਿਲਾਫ਼ ਪਾਰਟੀ ਦੀ ਕਾਰਵਾਈ ਕਰ ਸਕਦੇ ਸਨ ਪਰ ਉਨ੍ਹਾਂ ਨੇ ਹਮੇਸ਼ਾ ਪਾਰਟੀ ਦੀ ਤਰੱਕੀ ਲਈ ਹੀ ਕਦਮ ਚੁੱਕੇ ਹਨ।

ਜਥੇਦਾਰ ਲੰਗਾਹ ਨੇ ਕਿਹਾ ਕਿ ਪੁਰਾਣਾ ਹਲਕਾ ਧਾਰੀਵਾਲ ਟੁੱਟਣ ਕਾਰਨ ਇਸ ਹਲਕੇ ਦੇ ਜ਼ਿਆਦਾਤਰ ਪਿੰਡ ਨਵੇਂ ਬਣੇ ਹਲਕਾ ਡੇਰਾ ਬਾਬਾ ਨਾਨਕ ਵਿਚ ਆ ਗਏ ਹਨ। ਜਥੇਦਾਰ ਲੰਗਾਹ ਨੇ ਆਪਣਾ ਹਲਕਾ ਡੇਰਾ ਬਾਬਾ ਨਾਨਕ 'ਤੇ ਹੱਕ ਜਤਾਉਂਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਤਕਰੀਬਨ ਇਕ ਸਾਲ ਪਹਿਲਾਂ ਹੀ ਆਪਣੀ ਮਰਜ਼ੀ ਦੇ ਹਲਕੇ ਤੋਂ ਚੋਣਾਂ ਲੜਨ ਲਈ ਪੇਸ਼ਕਸ਼ ਕੀਤੀ ਸੀ ਜਿਸ ਦੇ ਮੱਦੇਨਜਰ ਹੁਣ ਪਾਰਟੀ ਵੱਲੋਂ ਪੂਰੀ ਤਰ੍ਹਾਂ ਥਾਪੜਾ ਮਿਲ ਗਿਆ ਹੈ ਜਿਸ ਤਹਿਤ ਉਹ ਨਵੇਂ ਬਣੇ ਵਿਧਾਨ ਸਭਾ ਹਲਕੇ ਡੇਰਾ ਬਾਬਾ ਨਾਨਕ ਤੋਂ ਵਿਧਾਨ ਸਭਾ ਦੀਆਂ ਚੋਣਾਂ ਦੀਆਂ ਤਿਆਰੀਆਂ ਕਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਵੱਲੋਂ ਕੀਤੇ ਗਏ ਆਪਣੇ ਵਾਅਦੇ ਵਫ਼ਾ ਕੀਤੇ ਹਨ। ਇਸ ਮੌਕੇ ਜਥੇਦਾਰ ਲੰਗਾਹ ਵੱਲੋਂ ਸ਼੍ਰੋਮਣੀ ਕਮੇਟੀ ਦੇ ਚੋਣ ਲੜਨ ਲਈ ਹਲਕਾ ਡੇਰਾ ਬਾਬਾ ਨਾਨਕ ਤੋਂ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਦੇ ਨਾਂ ਦਾ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਵਿਦੇਸ਼ ਦੇ ਦੌਰੇ 'ਤੇ ਜਾ ਕੇ ਕੋਲਡ ਸਟੋਰਾਂ ਦੀ ਨਵੀਂ ਤਕਨੀਕ ਪੰਜਾਬ 'ਚ ਲਿਆਂਦੀ ਹੈ ਤੇ ਜਲਦੀ ਹੀ ਅੰਮ੍ਰਿਤਸਰ ਵਿਖੇ ਆਧੁਨਿਕ ਸਹੂਲਤਾਂ ਵਾਲੇ ਕੋਲਡ ਸਟੋਰ ਦਾ ਨਿਰਮਾਣ ਕੀਤਾ ਜਾਵੇਗਾ।

# ਰੋਜ਼ਾਨਾ ਮਣਾਂ ਮੂੰਹੀਂ ਲਹੂ ਪੀ ਰਹੀਆਂ ਨੇ ਪੰਜਾਬ ਦੀਆਂ ਸੜਕਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀਆਂ ਸੜਕਾਂ ਰੋਜ਼ਾਨਾ ਮਣਾਂ ਮੂੰਹੀਂ ਲਹੂ ਪੀ ਰਹੀਆਂ ਹਨ। ਇਨ੍ਹਾਂ ਲਹੂ ਪੀਣੀਆਂ ਸੜਕਾਂ 'ਤੇ ਰੋਜ਼ਾਨਾ ਸੜਕ ਹਾਦਸਿਆਂ 'ਚ ਔਸਤਨ ਨੌਂ ਵਿਅਕਤੀਆਂ ਨੂੰ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ। ਇਕ ਪਾਸੇ ਲੋਕਾਂ ਨੂੰ ਟੋਲ ਪਲਾਜ਼ਿਆਂ 'ਤੇ ਜੇਬਾਂ ਢਿੱਲੀਆਂ ਕਰਨੀਆਂ ਪੈ ਰਹੀਆਂ ਹਨ, ਉਥੇ ਦੂਸਰੇ ਪਾਸੇ ਟਰੈਫਿਕ ਪੁਲਿਸ ਰੋਜ਼ਾਨਾ ਜੁਰਮਾਨੇ ਵਜੋਂ ਵਾਹਨ ਚਾਲਕਾਂ ਕੋਲੋਂ ਪੰਜ ਲੱਖ ਰੁਪਏ ਉਗਰਾਹ ਰਹੀ ਹੈ। ਪੰਜਾਬ ਪੁਲਿਸ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਰਾਜ ਵਿਚ ਰੋਜ਼ਾਨਾ ਔਸਤਨ 18 ਵੱਡੇ ਸੜਕ ਹਾਦਸੇ ਹੁੰਦੇ ਹਨ। ਇਸ ਦੌਰਾਨ ਨੌਂ ਵਿਅਕਤੀਆਂ ਦੀ ਮੌਤ ਹੁੰਦੀ ਹੈ ਤੇ 16 ਵਿਅਕਤੀ ਜ਼ਖ਼ਮੀ ਹੁੰਦੇ ਹਨ। ਇਹ ਗਿਣਤੀ ਰਾਜ ਦੇ ਥਾਣਿਆਂ ਵਿਚ ਦਰਜ ਕੇਸਾਂ 'ਤੇ ਅਧਾਰਤ ਹੈ ਜਦਕਿ ਅਸਲ ਵਿਚ ਸੜਕ ਹਾਦਸਿਆਂ ਦੇ ਅੰਕੜੇ ਇਸ ਤੋਂ ਕਿਤੇ ਵੱਧ ਹਨ ਕਿਉਂਕਿ ਜਾਨਲੇਵਾ ਹਾਦਸਿਆਂ ਨੂੰ ਛੱਡ ਕੇ ਬਾਕੀ ਮਾਮਲਿਆਂ ਵਿਚ ਅਕਸਰ ਸਮਝੌਤੇ ਹੋ ਜਾਂਦੇ ਹਨ।

ਮਿਲੇ ਅੰਕੜਿਆਂ ਅਨੁਸਾਰ 1 ਜਨਵਰੀ 2010 ਤੋਂ 30 ਜੂਨ 2011 (ਡੇਢ ਸਾਲ) ਦੌਰਾਨ ਪੰਜਾਬ ਦੀਆਂ ਸੜਕਾਂ 'ਤੇ ਕੁੱਲ 9691 ਹਾਦਸੇ ਹੋਏ ਹਨ। ਇਨ੍ਹਾਂ 'ਚ 5068 ਵਿਅਕਤੀਆਂ ਦੀ

## ਡੇਢ ਵਰ੍ਹੇ ਦੌਰਾਨ 5068 ਜਣਿਆਂ ਦੀ ਮੌਤ



ਮੌਤ ਹੋਈ ਹੈ, ਜਦਕਿ 8415 ਵਿਅਕਤੀ ਜ਼ਖ਼ਮੀ ਹੋਏ। ਪਿਛਲੇ ਵਰ੍ਹੇ ਵਾਪਰੇ 6641 ਸੜਕ ਹਾਦਸਿਆਂ ਦੌਰਾਨ 3423 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 5854 ਜ਼ਖ਼ਮੀ ਹੋਏ ਸਨ, ਜਦਕਿ ਇਸ ਵਰ੍ਹੇ ਪਹਿਲੇ ਛੇ ਮਹੀਨਿਆਂ ਦੌਰਾਨ ਕੁੱਲ 3050 ਸੜਕ ਹਾਦਸਿਆਂ ਦੌਰਾਨ 1645 ਵਿਅਕਤੀਆਂ ਦੀ ਮੌਤ ਹੋਈ ਤੇ 2561 ਗੰਭੀਰ ਜ਼ਖਮੀ ਹੋਏ ਹਨ।

ਦੂਜੇ ਪਾਸੇ ਪੰਜਾਬ ਦੀ ਟਰੈਫਿਕ ਪੁਲਿਸ ਨੇ ਪਿਛਲੇ ਡੇਢ ਸਾਲ ਦੌਰਾਨ ਵਾਹਨਾਂ ਦੇ ਚਲਾਨ ਕੱਟ ਕੇ 29 ਕਰੋੜ ਰੁਪਏ ਜੁਰਮਾਨੇ ਦੇ ਰੂਪ ਵਿਚ ਵਸੂਲੇ ਹਨ। ਇਨ੍ਹਾਂ ਵਿਚੋਂ 18.50 ਕਰੋੜ ਰੁਪਏ ਪਿਛਲੇ ਵਰ੍ਹੇ ਤੇ 10.50 ਕਰੋੜ ਰੁਪਏ ਦੇ ਕਰੀਬ ਇਸ ਸਾਲ ਦੇ ਪਹਿਲੇ ਛੇ ਮਹੀਨੇ ਵਸੂਲੇ ਹਨ। ਸੜਕ ਹਾਦਸਿਆਂ ਦੇ ਮਾਮਲੇ ਵਿਚ ਜ਼ਿਲ੍ਹਾ ਪਟਿਆਲਾ ਸਭ ਤੋਂ ਵੱਧ ਪੀੜਤ ਹੈ। ਪਿਛਲੇ ਵਰ੍ਹੇ ਇਸ ਜ਼ਿਲ੍ਹੇ ਵਿਚ 667 ਸੜਕ ਹਾਦਸਿਆਂ ਦੌਰਾਨ 362 ਵਿਅਕਤੀਆਂ ਦੀ ਮੌਤ ਹੋਈ ਤੇ 614 ਜਖ਼ਮੀ ਹੋਏ ਸਨ। ਇਸ ਤੋਂ ਬਾਅਦ ਜ਼ਿਲ੍ਹਾ ਲੁਧਿਆਣਾ ਵਿਚ ਪਿਛਲੇ ਵਰ੍ਹੇ ਵਾਪਰੇ 665 ਸੜਕ ਹਾਦਸਿਆਂ ਦੌਰਾਨ 338 ਵਿਅਕਤੀ ਮਾਰੇ ਗਏ ਸਨ ਤੇ 566 ਜ਼ਖਮੀ ਹੋਏ ਸਨ। ਚੰਡੀਗੜ੍ਹ ਦੇ ਨਾਲ ਲਗਦੇ ਜ਼ਿਲ੍ਹੇ ਮੁਹਾਲੀ ਦੀ ਹਾਲਤ ਵੀ ਇਸ ਮਾਮਲੇ ਵਿਚ ਬੜੀ ਨਾਜ਼ੁਕ ਹੈ। ਪਿਛਲੇ ਵਰ੍ਹੇ ਇਸ ਜ਼ਿਲ੍ਹੇ ਵਿਚ 446 ਸੜਕ ਹਾਦਸਿਆਂ ਦੌਰਾਨ 239 ਵਿਅਕਤੀਆਂ ਦੀ ਮੌਤ ਹੋਈ ਤੇ 324 ਜ਼ਖਮੀ ਹੋਏ। ਇਸ ਸਮੇਂ ਦੌਰਾਨ ਜਲੰਧਰ ਜ਼ਿਲ੍ਹੇ ਵਿਚ 322 ਸੜਕ ਹਾਦਸਿਆਂ ਦੌਰਾਨ 214 ਵਿਅਕਤੀਆਂ ਦੀ ਮੌਤ ਹੋਈ ਤੇ 188 ਜ਼ਖਮੀ ਹੋਏ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਿਛਲੇ ਵਰ੍ਹੇ 286 ਸੜਕ ਹਾਦਸਿਆਂ 'ਚ 206 ਵਿਅਕਤੀਆਂ ਦੀ ਮੌਤ ਹੋਈ ਤੇ 208 ਜ਼ਖਮੀ ਹੋਏ ਸਨ। ਕਪੂਰਥਲਾ ਜ਼ਿਲ੍ਹੇ 'ਚ ਪਿਛਲੇ ਸਾਲ 643 ਹਾਦਸਿਆਂ ਦੌਰਾਨ 120 ਵਿਅਕਤੀਆਂ ਦੀ ਮੌਤ ਹੋਈ ਸੀ ਤੇ 1006 ਜ਼ਖਮੀ ਹੋਏ ਸਨ।

ਫਿਕਰ ਦੀ ਗੱਲ ਇਹ ਹੈ ਕਿ ਜਿਥੇ ਸਾਲ 2010 'ਚ 30 ਜੂਨ ਤੱਕ 3283 ਸੜਕ ਹਾਦਸਿਆਂ ਦੌਰਾਨ 1658 ਵਿਅਕਤੀਆਂ ਦੀ ਮੌਤ ਹੋਈ ਤੇ 3068 ਜ਼ਖਮੀ ਹੋਏ, ਉਥੇ ਇਸ ਵਰ੍ਹੇ ਪਹਿਲੇ ਛੇ ਮਹੀਨਿਆਂ ਦੌਰਾਨ ਪਿਛਲੇ ਵਰ੍ਹੇ ਨਾਲੋਂ 767 ਵੱਧ ਸੜਕ ਹਾਦਸੇ ਹੋਏ ਹਨ। ਇਸ ਦੌਰਾਨ 3050 ਸੜਕ ਹਾਦਸਿਆਂ ਵਿਚ 1645 ਵਿਅਕਤੀਆਂ ਦੀ ਮੌਤ ਹੋਈ ਹੈ ਤੇ 2561 ਜ਼ਖਮੀ ਹੋਏ ਹਨ। ਹਾਦਸਿਆਂ ਦਾ ਪ੍ਰਕੋਪ ਇਸ ਵਰ੍ਹੇ ਸਭ ਤੋਂ ਵੱਧ ਜ਼ਿਲ੍ਹਾ ਲੁਧਿਆਣਾ 'ਤੇ ਰਿਹਾ ਹੈ। ਇਸ ਵਰ੍ਹੇ ਦੇ ਪਹਿਲੇ ਛੇ ਮਹੀਨੇ ਇਸ ਜ਼ਿਲ੍ਹੇ ਵਿਚ 303 ਸੜਕ ਹਾਦਸਿਆਂ ਦੌਰਾਨ 203 ਵਿਅਕਤੀਆਂ ਦੀ ਮੌਤ ਹੋਈ ਹੈ ਜਦਕਿ 247 ਜ਼ਖਮੀ ਹੋਏ ਹਨ। ਇਸੇ ਤਰ੍ਹਾਂ ਇਸ ਵਰ੍ਹੇ ਪਟਿਆਲਾ ਜ਼ਿਲ੍ਹੇ ਵਿਚ ਪਹਿਲੇ ਛੇ ਮਹੀਨਿਆਂ ਦੌਰਾਨ ਵਾਪਰੇ 313 ਸੜਕ ਹਾਦਸਿਆਂ 'ਚ 171 ਵਿਅਕਤੀ ਮਾਰੇ ਗਏ ਤੇ 242 ਜ਼ਖਮੀ ਹੋਏ ਹਨ।

# ਦਵਾਈਆਂ ਦੀ ਪਰਖ਼ ਲਈ ਗਰੀਬ ਤੇ ਕਬਾਇਲੀਆਂ ਦੀ ਬਲੀ

**ਚੰਡੀਗੜ੍ਹ**: ਗਰੀਬ ਲੋਕਾਂ ਨੂੰ ਜਨੌਰ ਹੀ ਸਮਝਿਆ ਜਾਂਦਾ ਤੇ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ ਪਾਇਆ ਜਾਂਦਾ। ਇਹ ਖੁਲਾਸਾ ਇਕ ਅਹਿਮ ਜਾਣਕਾਰੀ ਤੋਂ ਹੋਇਆ ਹੈ ਜਿਸ ਅਨੁਸਾਰ ਦਵਾਈਆਂ ਦੀ ਪਰਖ਼ ਦੌਰਾਨ ਹੀ 1725 ਵਿਅਕਤੀਆਂ ਦੀ ਮੌਤ ਹੋ ਗਈ। ਇਹ ਸਾਰੇ ਲੋਕ ਗਰੀਬ ਸਨ ਜਿਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਸਰਕਾਰ ਨੇ ਮੰਨਿਆ ਹੈ ਕਿ ਦਵਾਈਆਂ ਦੀ ਅਜ਼ਮਾਇਸ਼ ਦੌਰਾਨ ਪਿਛਲੇ ਚਾਰ ਸਾਲਾਂ 'ਚ 1,725 ਲੋਕ ਆਪਣੀਆਂ ਜਾਨਾਂ ਗਵਾ ਚੁੱਕੇ ਹਨ। 2010 'ਚ ਗੁਜਰਾਤ ਤੇ ਆਂਧਰਾ ਪ੍ਰਦੇਸ਼ ਦੀਆਂ ਛੇ ਕਬਾਇਲੀ ਲੜਕੀਆਂ ਦੀ ਇਸ ਪਰਖ ਦੌਰਾਨ ਮੌਤ ਹੋ ਗਈ ਸੀ। ਇਨ੍ਹਾਂ 'ਤੇ ਗਿੱਚੀ ਦੇ ਕੈਂਸਰ ਰੋਧੀ ਐਚ.ਪੀ.ਵੀ. ਵੈਕਸੀਨ ਦੀ ਅਜ਼ਮਾਇਸ਼ ਕੀਤੀ ਗਈ ਸੀ।

ਸਾਲ 2007 'ਚ ਮੌਤਾਂ ਦੀ 132 ਤੋਂ ਵਧ ਕੇ 2008 'ਚ 288 ਹੋ ਗਈ ਜੋ 2009 'ਚ 637 ਤੇ ਪਿਛਲੇ ਸਾਲ 668 'ਤੇ ਪੁੱਜ ਗਈ ਪਰ 40 ਕਰੋੜ ਡਾਲਰ ਦੇ ਇਸ ਸੈਕਟਰ 'ਚ ਕੋਈ ਰੈਗੂਲੇਟਰੀ ਬਾਡੀ ਨਾ ਹੋਣ ਕਾਰਨ ਅਜਿਹਾ ਲਗਾਤਾਰ ਵਾਪਰ ਰਿਹਾ ਹੈ। ਪਿਛਲੇ ਸਾਲ ਸਰਕਾਰ ਨੇ 668 'ਚੋਂ ਸਿਰਫ 22 ਕੇਸਾਂ 'ਚ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ। ਇਹ ਮੌਤਾਂ ਦਵਾਈਆਂ ਦੀ ਅਜ਼ਮਾਇਸ਼ ਦੌਰਾਨ 'ਗੰਭੀਰ ਉਲਟ ਅਸਰਾਂ' ਕਾਰਨ ਹੋਈਆਂ ਸਨ। ਇਹ ਲੂੰ ਕੰਡੇ ਖੜ੍ਹੇ ਕਰਨ ਵਾਲੀ ਜਾਣਕਾਰੀ ਇਸ ਹਫਤੇ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਸੰਸਦ 'ਚ ਦਿੱਤੀ। ਕਲੀਨੀਕਲ ਟਰਾਇਲ ਰਜਿਸਟਰੀ ਆਫ ਇੰਡੀਆ ਅਨੁਸਾਰ ਇਸ ਵੇਲੇ ਦੇਸ਼ 'ਚ 1868 ਕਲੀਨੀਕਲ ਅਜ਼ਮਾਇਸ਼ਾਂ ਚੱਲ ਰਹੀਆਂ ਹਨ। ਇਨ੍ਹਾਂ 'ਚੋਂ ਬਹੁਤੀਆਂ ਦਵਾਈਆਂ ਦੇਸ਼ ਲਈ ਵਿਸ਼ੇਸ਼ ਮਹੱਤਵ ਵਾਲੀਆਂ ਨਹੀਂ ਹਨ ਤੇ ਇਹ ਕਿਤੇ ਵੀ ਪਰਖੀਆਂ ਜਾ ਸਕਦੀਆਂ ਹਨ। ਦੁਖਦਾਈ ਗੱਲ ਹੈ ਕਿ ਡਰੱਗਜ਼ ਐਂਡ ਕਾਸਮੈਟਿਕਸ ਐਕਟ ਅਧੀਨ ਨਿਯਮ ਪਰਖ ਕਰਨ ਵਾਲੇ 'ਤੇ ਪੂਰਾ ਭਰੋਸਾ ਕਰਦੇ ਹਨ ਕਿ ਸਬੰਧਤ (ਸਬਜੈਕਟ) ਦੀ ਮੌਤ ਕਿਉਂ ਹੋਈ।

ਯੂ.ਕੇ. 'ਚ ਬਹੁਤ ਸਾਰੇ ਕਲੀਨੀਕਲ ਟਰਾਇਲ ਵਾਲੀ ਡਾ. ਚੰਦਰਾ ਗੁਲਾਟੀ ਦਾ ਕਹਿਣਾ ਹੈ ਕਿ ਮੌਤਾਂ ਦੀ ਗਿਣਤੀ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ ਸਾਡੇ ਕੋਲ ਇਨ੍ਹਾਂ ਤਜਰਬਿਆਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਜਾਂ ਕਾਰਨਾਂ ਦਾ ਪਤਾ ਲਾਉਣ ਲਈ ਸਹੀ ਪ੍ਰਣਾਲੀ ਨਹੀਂ ਹੈ। ਤਜਰਬਾ ਕਰਨ ਵਾਲਾ ਇਹ ਵੀ ਕਹਿ ਸਕਦਾ ਹੈ ਕਿ

## ਭਾਰਤ 'ਚ ਚਾਰ ਵਰ੍ਹਿਆਂ ਦੌਰਾਨ 1725 ਮੌਤਾਂ



ਇਹ ਮੌਤ ਪਹਿਲਾਂ ਤੋਂ ਹੀ ਸਬਜੈਕਟ ਨੂੰ ਦੱਸੀ ਬਿਮਾਰੀ ਕਾਰਨ ਹੋ ਸਕਦੀ ਹੈ। ਫਰਮਾਂ ਅਕਸਰ ਅਜਿਹੇ ਇਨਵੈਸਟੀਗੇਟਰ ਹੀ ਲੈਂਦੀਆਂ ਹਨ। ਨਿਯਮਾਂ ਮੁਤਾਬਕ ਪਰਖ ਦੀ ਖਾਹਸ਼ ਰੱਖਣ ਵਾਲੀ ਕੰਪਨੀ ਨੇ ਡਰੱਗ ਕੰਟਰੋਲਰ ਕੋਲ ਪ੍ਰਵਾਨਗੀ ਲਈ ਜਾਣਾ ਹੁੰਦਾ ਹੈ ਪਰ ਇਨ੍ਹਾਂ ਬੇਨਤੀਆਂ ਦੀ ਨਿਗਰਾਨੀ ਵੀ ਪੂਰੀ ਤਰ੍ਹਾਂ ਨਹੀਂ ਕੀਤੀ ਜਾਂਦੀ। ਡਾ. ਗੁਲਾਟੀ ਅਨੁਸਾਰ ਇਕ ਫਰਮ ਨੇ 800 ਸਫਿਆਂ ਦੀ ਪ੍ਰੋਟੋਕੋਲ ਡਰੱਗ ਕੰਟਰੋਲਰ ਨੂੰ ਦਿੱਤੀ ਜਿਸ 'ਤੇ ਚਾਰ ਦਿਨ ਮਗਰੋਂ ਪ੍ਰਵਾਨਗੀ ਮਿਲ ਗਈ। ਜਦਕਿ ਅਜਿਹਾ ਪ੍ਰਾਜੈਕਟ ਸਮਝਣ ਲਈ ਘੱਟੋ-ਘੱਟ ਮਹੀਨਾ ਲੱਗ ਜਾਂਦਾ ਹੈ।

ਇਹ ਡਾਕਟਰ ਇਸ ਵੇਲੇ ਇੰਦੌਰ 'ਚ ਹਾਲੀਆ ਕਲੀਨੀਕਲ ਅਜ਼ਮਾਇਸ਼ 'ਚ ਹੋਈਆਂ 81 ਮੌਤਾਂ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਨਿਯਮ ਤਾਂ ਸਬਜੈਕਟ ਦੀ ਸਹਿਮਤੀ ਲੈਣ ਦਾ ਵੀ ਹੈ। ਛੇ ਲੜਕੀਆਂ ਦੀ ਮੌਤ ਦੇ ਮਾਮਲੇ 'ਚ ਸਹਿਮਤੀ ਫਾਰਮਾਂ 'ਤੇ ਉਨ੍ਹਾਂ ਦੇ ਦਸਤਖਤ ਨਹੀਂ ਬਲਕਿ ਉਸ ਹੋਸਟਲ ਵਾਰਡਨ ਦੇ ਸਨ ਜਿਥੇ ਉਹ ਰਹਿ ਰਹੀਆਂ ਸਨ। ਗੁਜਰਾਤ, ਆਂਧਰਾ ਦੋਵੇਂ ਥਾਈਂ ਲੜਕੀਆਂ ਕਬਾਇਲੀ ਸਨ ਜਦਕਿ ਇਨ੍ਹਾਂ 'ਤੇ ਤਜਰਬੇ ਕਰਨ ਦੀ ਕਾਨੂੰਨ ਆਗਿਆ ਨਹੀਂ ਦਿੰਦਾ। ਇਨ੍ਹਾਂ ਦਾ ਪਰਦਾਫਾਸ਼ ਡਾ. ਅਮਿਤ ਸੇਨ ਗੁਪਤਾ ਨੇ ਕੀਤਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਇਹ ਤਜਰਬੇ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਡਾਇਰੀਆ, ਮਲੇਰੀਆ ਬਾਰੇ ਭਾਰਤ 'ਚ ਤਜਰਬੇ ਕੀਤੇ ਜਾਣ ਦੀ ਸਮਝ ਲਗਦੀ ਹੈ ਪਰ ਕੈਂਸਰ ਰੋਕੂ ਬੀਮਾਰੀਆਂ ਲਈ ਵਿਦੇਸ਼ੀ ਫਰਮਾਂ ਸਿਰਫ ਇਸ ਕਰਕੇ ਆ ਰਹੀਆਂ ਹਨ ਕਿ ਇਥੇ ਲਾਗਤ 80% ਘੱਟ ਹੈ।

## 23 ਜਥੇਬੰਦੀਆਂ 'ਤੇ ਪਾਬੰਦੀ

**ਲਾਹੌਰ:** ਪਾਕਿਸਤਾਨ ਦੇ ਪੰਜਾਬ ਸੂਬੇ ਦੇ ਅਧਿਕਾਰੀਆਂ ਨੇ ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਸਣੇ 23 ਜਥੇਬੰਦੀਆਂ 'ਤੇ ਆਪਣੀਆਂ ਸਰਗਰਮੀਆਂ ਲਈ ਚੰਦਾ ਇਕੱਠਾ ਕਰਨ 'ਤੇ ਪਾਬੰਦੀ ਲਾ ਦਿੱਤੀ ਹੈ। ਪੰਜਾਬ ਸਰਕਾਰ ਨੇ ਚੇਤਾਵਨੀ ਦਿੱਤੀ ਸੀ ਕਿ ਪਾਬੰਦੀਸ਼ੁਦਾ ਜਥੇਬੰਦੀਆਂ ਨੂੰ ਮਦਦ ਜਾਂ ਚੰਦਾ ਦੇਣ ਵਾਲਿਆਂ ਖਿਲਾਫ ਦਹਿਸ਼ਤਵਾਦ ਵਿਰੋਧੀ ਕਾਨੂੰਨ ਅਧੀਨ ਕੇਸ ਚਲਾਇਆ ਜਾਵੇਗਾ। ਬਹਰਾਲ ਸਰਕਾਰ ਨੇ ਜਮਾਤ-ਉਦ-ਦਾਵਾ ਦੇ ਫਰੰਟ ਫਲਾਹ-ਏ-ਇਨਸਾਨੀਅਤ ਨੂੰ ਇਨ੍ਹਾਂ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ।


**Global Multi Services**

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ**

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**

**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਮਾਂ ਬੋਲੀ ਨਾਲੋਂ ਟੁੱਟਣਾ ਜੜ੍ਹਾਂ ਨਾਲੋਂ ਟੁੱਟਣ ਬਰਾਬਰ-ਡਾ. ਜਸਪਾਲ ਸਿੰਘ

## *ਵਿਸ਼ਵ ਪੰਜਾਬੀ ਕਾਨਫਰੰਸ, ਟੋਰਾਂਟੋ-2011*

**ਟੋਰਾਂਟੋ, ਕੈਨੇਡਾ (ਡਾ. ਗੁਰਨਾਮ ਕੌਰ):** "ਮਾਂ ਬੋਲੀ ਸਾਨੂੰ ਵਿਰਾਸਤ, ਇਤਿਹਾਸ ਅਤੇ ਲੋਕਾਂ ਨਾਲ ਜੋੜਨ ਲਈ ਇੱਕ ਤੰਦ ਹੈ। ਮਾਂ ਬੋਲੀ ਨਾਲੋਂ ਟੁੱਟਿਆ ਬੰਦਾ ਗੁਆਚ ਜਾਂਦਾ ਹੈ ਕਿਉਂਕਿ ਮਾਂ ਬੋਲੀ ਨਾਲੋਂ ਟੁੱਟਣਾ ਆਪਣੀਆਂ ਜੜਾਂ ਨਾਲੋਂ ਟੁੱਟਣਾ ਹੈ।" ਇਹ ਸ਼ਬਦ ਇਥੇ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦਾ ਉਦਘਾਟਨ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਆਖੇ। ਉਨ੍ਹਾਂ ਕਿਹਾ ਕਿ ਇਹ ਭੁਲੇਖਾ ਕਿ ਮਾਂ ਬੋਲੀ ਅੰਗਰੇਜ਼ੀ ਜਾਂ ਕੋਈ ਹੋਰ ਭਾਸ਼ਾ ਸਿੱਖਣ ਵਿਚ ਰੁਕਾਵਟ ਪੈਦਾ ਕਰਦੀ ਹੈ, ਮੂਲੋਂ ਹੀ ਗਲਤ ਹੈ। ਕੋਈ ਵੀ ਮਾਂ-ਬੋਲੀ ਕਿਸੇ ਵੀ ਹੋਰ ਭਾਸ਼ਾ ਨੂੰ ਸਿੱਖਣ ਵਿਚ ਰੁਕਾਵਟ ਨਹੀਂ ਹੁੰਦੀ ਬਲਕਿ ਸਹਾਇਕ ਹੁੰਦੀ ਹੈ। ਜਿਸ ਸ਼ਖਸ ਨੂੰ ਮਾਂ-ਬੋਲੀ ਵਿਚ ਮੁਹਾਰਤ ਹੈ ਉਹ ਹੋਰ ਭਾਸ਼ਾਵਾਂ ਵੀ ਅਸਾਨੀ ਨਾਲ ਸਿੱਖ ਸਕਦਾ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਡਾ. ਜਸਪਾਲ ਸਿੰਘ ਨੇ ਆਖਿਆ ਕਿ ਦੁਨੀਆਂ ਦੇ ਨਵੇਂ ਅਧਿਐਨ ਇਹ ਦੱਸਦੇ ਹਨ ਕਿ ਕਿਸੇ ਵੀ ਸਮਾਜ ਦਾ ਵਿਕਾਸ ਉਸ ਦੀ ਬੋਲੀ ਦੇ ਵਿਕਾਸ ਤੋਂ ਬਿਨਾ ਸੰਭਵ ਨਹੀਂ। ਸੰਪੂਰਨ ਵਿਕਾਸ ਭਾਸ਼ਾ ਅਤੇ ਸਭਿਆਚਾਰ ਦੇ ਵਿਕਾਸ ਨਾਲ ਹੀ ਸੰਭਵ ਹੈ। ਭਾਰਤ ਦੇ ਪਹਿਲੇ ਨੋਬਲ ਇਨਾਮ ਜੇਤੂ ਰਬਿੰਦਰਨਾਥ ਟੈਗੋਰ ਅਤੇ ਬਲਰਾਜ ਸਾਹਨੀ ਵਿਚਾਲੇ ਮਾਂ-ਬੋਲੀ ਪੰਜਾਬੀ ਦੀ ਥਾਂ ਹਿੰਦੀ ਵਿਚ ਸਾਹਿਤ ਰਚਨਾ ਕਰਨ ਬਾਰੇ ਹੋਈ ਗੱਲਬਾਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਗੁਰੂਦੇਵ ਟੈਗੋਰ ਨੇ ਕਿਹਾ ਸੀ, "ਤੁਸੀਂ ਪਰਾਈ ਭਾਸ਼ਾ ਵਿਚ ਭਾਵੇਂ ਸਾਰੀ ਜ਼ਿੰਦਗੀ ਲਿਖਦੇ ਰਹੋ ਪਰ ਨਾ ਤੁਹਾਡੇ ਆਪਣੇ ਲੋਕ ਆਪਣਾ ਸਮਝਣਗੇ ਅਤੇ ਨਾ ਹੀ ਪਰਾਏ ਤੁਹਾਨੂੰ ਅਪਨਾਉਣਗੇ। ਪਹਿਲਾਂ ਆਪਣਿਆਂ ਦੇ ਬਣੋ, ਫਿਰ ਦੂਸਰਿਆਂ ਦੇ।"

ਡਾ. ਜਸਪਾਲ ਸਿੰਘ ਨੇ ਕਿਹਾ, "ਪੰਜਾਬੀਅਤ ਖੁਲ੍ਹ-ਦਿਲੀ, ਇਨਸਾਫ-ਪਸੰਦੀ, ਮਹਿਮਾਨ-ਨਿਵਾਜ਼ੀ, ਦੂਸਰੇ ਦੇ ਹੱਕਾਂ ਦੀ ਰਾਖੀ ਕਰਨ, ਸਰਬੱਤ ਦੇ ਭਲੇ ਦੀ ਕਾਮਨਾ ਕਰਨ ਅਤੇ ਉਸ ਲਈ ਕਾਰਜਸ਼ੀਲ ਹੋਣ ਦਾ ਨਾਮ ਹੈ। ਪੰਜਾਬੀ ਨੂੰ ਚੁਣੌਤੀਆਂ ਦਰਪੇਸ਼ ਹਨ ਪਰ ਨਿਰਾਸ਼ ਹੋਣ ਦੀ ਲੋੜ ਨਹੀਂ ਸਿਰਫ ਧਿਆਨ ਦੇਣ ਦੀ ਲੋੜ ਹੈ। ਅੱਜ ਪੰਜਾਬੀ ਸਭਿਆਚਾਰ ਨੇ ਸਾਰੇ ਸੰਸਾਰ ਨੂੰ ਨੱਚਣ ਲਾ ਦਿੱਤਾ ਹੈ।"

ਬ੍ਰੈਂਪਟਨ ਵਿਚ ਸ਼ੈਰੀਡਨ ਕਾਲਜ ਦੇ ਓਕਵਿਲ ਕੈਂਪਸ ਦੇ ਹਾਲ ਵਿਚ ਕਰਵਾਈ ਗਈ ਇਸ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਹਿੰਦ-ਪਾਕਿ ਸਰਹੱਦ ਦੇ ਦੋਹਾਂ ਪਾਸਿਆਂ ਦੇ ਵਿਦਵਾਨਾਂ ਤੇ ਲੇਖਕਾਂ ਤੋਂ ਇਲਾਵਾ ਵਿਸ਼ਵ ਦੇ ਹੋਰ ਬਹੁਤ ਸਾਰੇ ਦੇਸ਼ਾਂ ਤੋਂ ਵੀ ਨੁਮਾਇੰਦੇ ਸ਼ਾਮਲ ਹੋਏ। ਭਾਵੇਂ ਇਹ ਕਾਲਜ ਕੈਂਪਸ ਪੰਜਾਬੀ ਵੱਸੋਂ ਵਾਲੇ ਖੇਤਰਾਂ-ਬ੍ਰੈਂਪਟਨ ਅਤੇ ਮਿਸੀਸਾਗਾ ਤੋਂ ਥੋੜਾ ਦੂਰ ਪੈਂਦਾ ਹੈ ਪਰ ਫਿਰ ਵੀ ਮਾਂ ਬੋਲੀ ਲਈ ਚਾਅ ਅਤੇ ਉਤਸ਼ਾਹ ਨਾਲ ਭਰੇ ਪੰਜਾਬੀਆਂ ਨੇ ਭਰਪੂਰ ਹਾਜ਼ਰੀ ਲੁਆਈ।

ਉਦਘਾਟਨੀ ਸਮਾਰੋਹ ਵਿਚ ਮੁੱਖ ਮਹਿਮਾਨ ਓਂਟਾਰੀਓ ਸਰਕਾਰ ਵਿਚ ਸਰਕਾਰੀ ਸੇਵਾਵਾਂ ਦੇ ਕੈਬਨਿਟ ਮੰਤਰੀ ਹਰਿੰਦਰ ਸਿੰਘ ਤੱਖਰ ਸਨ ਅਤੇ ਹੋਰ ਮਹਿਮਾਨਾਂ ਵਿਚ ਐਮ.ਪੀ.ਪੀ. ਡਾ. ਕੁਲਦੀਪ ਸਿੰਘ ਕੁਲਾਰ, ਕੇਂਦਰੀ ਇਮੀਗਰੇਸ਼ਨ ਅਤੇ ਸਿਟੀਜਨਸ਼ਿਪ ਮੰਤਰੀ ਜੈਸਨ ਕੈਨੀ ਦੇ ਪ੍ਰਤੀਨਿਧ, ਮਿਸੀਸਾਗਾ ਦੇ ਐਮ.ਪੀ., ਓਂਟਾਰੀਓ ਦੀ ਵਾਤਾਵਰਣ ਮਨਿਸਟਰ, ਬ੍ਰੈਂਪਟਨ ਦੇ ਕੌਂਸਲਰ ਵਿਕ ਢਿੱਲੋਂ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਸ਼ਾਮਲ ਸਨ।

ਡਾ. ਦਰਸ਼ਨ ਸਿੰਘ ਨੇ ਕਿਹਾ ਕਿ ਇਹ ਸੰਸਾਰ ਪੱਧਰ ਤੇ ਆਪਸੀ ਸਾਹਿਤਕ, ਭਾਸ਼ਾਈ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਵਾਸਤੇ ਇੱਕ ਮਹੱਤਵਪੂਰਨ ਮੌਕਾ ਹੈ। ਇੰਗਲੈਂਡ, ਯੂ.ਐਸ.ਏ. ਅਤੇ ਕੈਨੇਡਾ ਵਿਚ ਅੱਜ ਪੰਜਾਬੀ ਭਾਈਚਾਰਾ ਬਹੁਤ ਵੱਡੀ ਗਿਣਤੀ ਵਿਚ ਸਥਾਪਤ ਹੋ ਗਿਆ ਹੈ। ਪੰਜਾਬੀ ਸਾਰੇ ਸੰਸਾਰ ਤੇ ਫੈਲੇ ਹੋਏ ਹਨ। ਹਿੰਦੁਸਤਾਨੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਭਾਵੇਂ ਲਿਪੀ ਵੱਖੋ-ਵੱਖਰੀ ਵਰਤੀ ਜਾਂਦੀ ਹੈ ਪਰ ਭਾਸ਼ਾ ਇਕ ਹੈ। ਪਾਕਿਸਤਾਨੀ ਪੰਜਾਬ ਦੀ ਵੱਸੋਂ ਸੱਤ ਕਰੋੜ ਹੈ ਜਦ ਕਿ ਭਾਰਤੀ ਪੰਜਾਬ ਦੀ ਵਸੋਂ ਚਾਰ ਕਰੋੜ ਹੈ। ਇੰਨੀ ਪੰਜਾਬੀ ਵਸੋਂ ਦੇ ਬਾਵਜੂਦ ਅਗਲੀ ਪੀੜ੍ਹੀ ਪੰਜਾਬੀ ਨਹੀਂ ਬੋਲ ਰਹੀ। ਇਹ ਕਾਨਫਰੰਸ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਪ੍ਰਤੀ ਸੁਚੇਤ ਕਰਨ ਦਾ ਇੱਕ ਉਪਰਾਲਾ ਹੈ।

ਵਿੱਕੀ ਢਿੱਲੋਂ ਨੇ ਗਿਲਾ ਪ੍ਰਗਟ ਕੀਤਾ ਕਿ ਪੰਜਾਬੀ ਸਾਂਝੇ ਪ੍ਰੋਗਰਾਮਾਂ ਵਿਚ ਸ਼ਾਮਲ ਨਹੀਂ ਹੁੰਦੇ ਜਿਵੇਂ ਸਕੂਲਾਂ ਵਿਚ ਅਧਿਆਪਕਾਂ ਨਾਲ ਮਾਪਿਆਂ ਦੀਆਂ ਮੀਟਿੰਗਾਂ, ਨਸ਼ਾ-ਰੋਕੂ ਇਕੱਠਾਂ ਜਾਂ ਹੁਣੇ ਜਿਹੇ ਹੋਏ 'ਸੇਵਾ' ਦੇ ਸੈਮੀਨਾਰ ਆਦਿ। ਉਨ੍ਹਾਂ ਨੇ ਕਿਹਾ ਕਿ ਸਮਾਗਮਾਂ ਵਿਚ ਜ਼ਰੂਰ ਸ਼ਿਰਕਤ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਬੱਚਿਆਂ ਦੀ ਅਤੇ ਸਮਾਜ ਦੀ ਕਾਰਗੁਜ਼ਾਰੀ ਵੱਲ ਧਿਆਨ ਦੇ ਸਕੀਏ।

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦਾ ਪਾਣੀ ਅਤੇ ਵਾਤਾਵਰਣ ਗੰਧਲਾ ਹੋ ਗਿਆ ਹੈ, ਪਲੀਤ ਹੋ ਰਿਹਾ ਹੈ। ਕੈਂਸਰ, ਕਾਲੇ ਪੀਲੀਏ ਅਤੇ ਹੋਰ ਇਸ ਕਿਸਮ ਦੇ ਭਿਆਨਕ ਰੋਗਾਂ ਨੇ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਜਕੜ ਲਿਆ ਹੈ। ਗੁਰੂ ਰਾਮ ਦਾਸ ਦੀ ਨਗਰੀ ਵਿਚ ਫੈਕਟਰੀਆਂ ਦੇ ਪਾਣੀ ਦੀ ਬਦਬੂ ਫੈਲੀ ਹੋਈ ਹੈ। ਸਰਕਾਰਾਂ ਮੂਕ ਦਰਸ਼ਕ ਬਣ ਕੇ ਦੇਖ ਰਹੀਆਂ ਰਹੀਆਂ ਹਨ। ਜੇ ਪੀਣ ਲਈ ਪਾਣੀ ਦੇ ਰੂਪ ਵਿਚ ਜ਼ਹਿਰ ਮਿਲੇਗਾ ਜਿਸ ਨੂੰ ਸਰਕਾਰਾਂ ਚੁੱਪਚਾਪ ਦੇਖ ਰਹੀਆਂ ਹਨ, ਇਸ ਨੂੰ ਪੀ ਕੇ ਲੋਕ ਭਿਆਨਕ ਬਿਮਾਰੀਆਂ ਨਾਲ ਮਰ ਰਹੇ ਹਨ ਅਤੇ ਜੇ ਲੋਕ ਹੀ ਨਹੀਂ ਰਹਿਣਗੇ ਫਿਰ ਪੰਜਾਬੀ ਕੌਣ ਬੋਲੇਗਾ? ਪੰਜਾਬ ਦੀ ਸਰਕਾਰ ਪੰਜਾਬ ਬਾਰੇ ਚਿੰਤਤ ਨਹੀਂ ਹੈ। ਸਾਨੂੰ ਪੰਜਾਬ ਵਾਸਤੇ ਅਤੇ ਪੰਜਾਬੀ ਬੋਲੀ ਵਾਸਤੇ ਚਿੰਤਤ ਹੋਣਾ ਚਾਹੀਦਾ ਹੈ।

ਐਮ.ਪੀ. ਦਵਿੰਦਰ ਸ਼ੋਰੀ ਨੇ ਕਿਹਾ ਕਿ ਸਾਡੀ ਇੱਛਾ ਹੈ ਕਿ ਪੰਜਾਬ ਵਧੇ ਫੁੱਲੇ। ਸਾਨੂੰ ਇਸ ਦੇ ਪਾਣੀਆਂ ਅਤੇ ਵਾਤਾਵਰਣ ਬਾਰੇ ਚਿੰਤਤ ਹੋਣਾ ਚਾਹੀਦਾ ਹੈ। ਪ੍ਰਿੰ. ਅਮਰਜੀਤ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਕਿਹਾ ਕਿ ਕਾਨੂੰਨ ਨੂੰ ਪੰਜਾਬੀ ਨਾਲ ਜੋੜ ਕੇ ਕੰਮ ਹੋਣਾ ਚਾਹੀਦਾ ਹੈ ਤਾਂ ਕਿ ਆਮ ਲੋਕਾਂ ਨੂੰ ਸਮਝ ਆ ਸਕੇ।

ਪੰਜ ਅਤੇ ਛੇ ਅਗਸਤ ਦੇ ਦੋ ਦਿਨਾਂ ਵਿਚ ਪੰਜ ਅਕਾਦਮਿਕ ਸੈਸ਼ਨ ਹੋਏ ਜਿਸ ਵਿਚ ਭਾਰਤ, ਪਾਕਿਸਤਾਨ, ਯੂ.ਐਸ.ਏ, ਇੰਗਲੈਂਡ, ਨਾਰਵੇ, ਸਵੀਡਨ ਅਤੇ ਪਾਕਿਸਤਾਨ ਤੋਂ ਆਏ ਵੱਖ ਵੱਖ ਵਿਦਵਾਨਾਂ ਨੇ ਆਪਣੇ ਪਰਚੇ ਪੇਸ਼ ਕੀਤੇ। ਇਨ੍ਹਾਂ ਸੈਸ਼ਨਾਂ ਦੀ ਪ੍ਰਧਾਨਗੀ ਕ੍ਰਮਵਾਰ ਡਾ. ਦੀਪਕ ਮਨਮੋਹਣ ਸਿੰਘ, ਜਸਟਿਸ ਆਸਿਫ ਸ਼ਾਹਕਾਰ, ਡਾ. ਹਰਜਿੰਦਰ ਸਿੰਘ ਵਾਲੀਆ, ਜਨਾਬ ਆਸ਼ਟ ਰਹੀਮ ਅਤੇ ਡਾ. ਜਸਵਿੰਦਰ ਸਿੰਘ ਨੇ ਕੀਤੀ।

ਵਿਸ਼ਵ ਪੰਜਾਬੀ ਕਾਨਫਰੰਸ 'ਕਲਮ ਲੈਂਗੁਏਜ ਡਿਵੈਲਪਮੈਂਟ ਫਾਉਂਡੇਸ਼ਨ ਆਫ ਨਾਰਥ ਅਮੈਰਿਕਾ' ਵੱਲੋਂ ਕਰਵਾਈ ਗਈ। ਇਸ ਦੇ ਮੇਜ਼ਬਾਨ ਸਥਾਨਕ ਪੰਜਾਬੀ ਅਖ਼ਬਾਰ 'ਅਜੀਤ ਵੀਕਲੀ' ਸਨ ਅਤੇ ਇਸ ਦੇ ਸੰਪਾਦਕ ਦਰਸ਼ਨ ਸਿੰਘ ਆਯੋਜਕਾਂ ਵਿਚ ਮੋਹਰੀ ਸਨ। ਇਸ ਨੂੰ ਓਂਟਾਰੀਓ ਫਰੈਂਡਜ ਕਲੱਬ, ਪੰਜਾਬੀ ਹੈਰੀਟੇਜ ਫਾਉਂਡੇਸ਼ਨ ਓਟਵਾ ਦੀ ਇਮਦਾਦ ਹਾਸਲ ਸੀ। ਕਲਮ ਫਾਉਂਡੇਸ਼ਨ ਦੀ ਪ੍ਰਧਾਨ ਡਾ. ਜਤਿੰਦਰ ਕੌਰ ਰੰਧਾਵਾ, ਉਪ ਪ੍ਰਧਾਨ ਬੀਬੀ ਪਰਮਜੀਤ ਕੌਰ ਦਿਓਲ ਅਤੇ ਡਾਇਰੈਕਟਰ ਅਜਵਿੰਦਰ ਸਿੰਘ ਚੱਠਾ ਨੇ ਪੂਰਾ ਸਹਿਯੋਗ ਦਿੱਤਾ। ਕਾਨਫਰੰਸ ਨੂੰ ਸਫਲ ਬਣਾਉਣ ਲਈ ਗਿਆਨ ਸਿੰਘ ਕੰਗ, ਲਖਬੀਰ ਸਿੰਘ ਗਰੇਵਾਲ, ਪਿਆਰਾ ਸਿੰਘ ਕੁੱਦੋਵਾਲ, ਗੁਰਮਿੰਦਰਪਾਲ ਸਿੰਘ ਆਹਲੂਵਾਲੀਆ, ਪਰਗਟ ਸਿੰਘ ਬੱਗਾ, ਦਲਜੀਤ ਸਿੰਘ ਗੈਦੂ, ਜਨਾਬ ਜਾਹਿਦ ਇਕਬਾਲ, ਜੈਦੀਪ ਸਿੰਘ, ਅਮਰੀਕ ਸਿੰਘ ਗੋਗਨਾ, ਡਾ. ਜਸਵਿੰਦਰ ਸਿੰਘ, ਡਾ. ਦੀਪਕ ਮਨਮੋਹਨ ਸਿੰਘ. ਡਾ. ਹਰਜਿੰਦਰ ਸਿੰਘ ਵਾਲੀਆ, ਬਲਵਿੰਦਰ ਸਿੰਘ ਥਿੰਦ, ਕੁਲਜੀਤ ਸਿੰਘ ਜੰਜੂਆ, ਹੀਰਾ ਸਿੰਘ ਰੰਧਾਵਾ, ਲੱਖ ਕਰਨਾਲਵੀ ਅਤੇ ਹਰਦਿਆਲ ਸਿੰਘ ਝੀਤਾ ਨੇ ਉਘੀ ਭੂਮਿਕਾ ਨਿਭਾਈ

# ਆਜ਼ਾਦੀ ਘੁਲਾਟੀਏ ਦੇ ਵਾਰਸ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਨੂੰ ਵਿਦੇਸ਼ੀ ਹਾਕਮਾਂ ਤੋਂ ਆਜ਼ਾਦ ਕਰਾਉਣ ਲਈ ਪੂਰੀ ਜ਼ਿੰਦਗੀ ਸਰਗਰਮ ਰਹੇ ਆਜ਼ਾਦੀ ਘੁਲਾਟੀਆਂ ਦੇ ਅਨੇਕਾਂ ਪਰਿਵਾਰ ਮੌਜੂਦਾ ਸਮੇਂ 'ਦੇਸੀ ਹਾਕਮਾਂ' ਤੋਂ ਆਜ਼ਾਦੀ ਹਾਸਲ ਕਰਨ



ਆਜ਼ਾਦੀ ਘੁਲਾਟੀਏ ਗੇਂਦਾ ਸਿੰਘ ਦੇ ਪਰਿਵਾਰ ਦੀ ਗੁਰਬਤ ਭਰੀ ਹਾਲਤ।

ਲਈ ਜਦੋ-ਜਹਿਦ ਕਰ ਰਹੇ ਹਨ। ਇਨ੍ਹਾਂ ਪਰਿਵਾਰਾਂ ਦੇ ਪੁਰਖੇ ਦੇਸ਼ ਦੇ ਸੁਤੰਤਰਤਾ ਅੰਦੋਲਨ ਤਹਿਤ ਉਮਰ ਕੈਦਾਂ ਕੱਟਣ, ਜ਼ਮੀਨ ਕੁਰਕ ਕਰਾਉਣ, ਸਰੀਰਕ ਤਸੀਹੇ ਝੱਲਣ ਤੇ ਜਲਾਵਤਨੀ ਭੋਗਣ ਵਰਗੀਆਂ ਸਖ਼ਤ ਸਜ਼ਾਵਾਂ ਕੱਟਦੇ ਰਹੇ ਪਰ ਆਜ਼ਾਦੀ ਪਿੱਛੋਂ ਸਰਕਾਰ ਨੇ ਇਨ੍ਹਾਂ ਯੋਧਿਆਂ ਤੇ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਜਿਹੀ ਬੇਰੁਖੀ ਦਿਖਾਈ ਕਿ ਮਾਣ-ਸਨਮਾਨ ਦੇ ਹੱਕਦਾਰ ਇਹ ਲੋਕ ਗੁਰਬਤ ਤੇ ਗੁਮਨਾਮੀ ਭਰਿਆ ਜੀਵਨ ਜਿਉਣ ਲਈ ਮਜਬੂਰ ਹੋ ਗਏ।

ਅਜਿਹੀ ਮਿਸਾਲ ਸਥਾਨਕ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਸਿੰਬਲੀ ਦੇ ਪ੍ਰਸਿੱਧ ਆਜ਼ਾਦੀ ਘੁਲਾਟੀਏ ਗੇਂਦਾ ਸਿੰਘ ਦੇ ਪਰਿਵਾਰ ਦੀ ਹੈ। ਗੇਂਦਾ ਸਿੰਘ ਗ਼ਦਰ ਲਹਿਰ ਦਾ ਹਿਤੈਸ਼ੀ, ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਲਹਿਰ (1920) ਤੇ ਗੁਰਦੁਆਰਾ ਸੁਧਾਰ ਲਹਿਰ ਦਾ ਸਰਗਰਮ ਆਗੂ ਰਿਹਾ ਸੀ ਜਿਸ ਨੂੰ ਅੰਗਰੇਜ਼ ਹਕੂਮਤ ਨੇ 'ਦੇਸ਼' ਵਿਰੋਧੀ ਕਾਰਵਾਈਆਂ ਕਰਕੇ 1921 ਤੇ 1922 ਵਿਚ ਸਖ਼ਤ ਕੈਦ ਦੀ ਸਜ਼ਾ ਸੁਣਾਈ ਸੀ। ਮਿੰਟਗੁਮਰੀ ਜੇਲ੍ਹ ਵਿਚ ਗੁਰੂ ਕੇ ਬਾਗ ਮੋਰਚੇ ਸਬੰਧੀ ਕੈਦ ਕੱਟਣ ਮਗਰੋਂ ਵੀ ਉਸ ਨੇ ਦੇਸ਼ ਦੀ ਆਜ਼ਾਦੀ ਤਕ ਚੱਲੀਆਂ ਕੌਮੀ ਤੇ ਸਥਾਨਕ ਆਜ਼ਾਦੀ ਲਹਿਰਾਂ ਵਿਚ ਹਿੱਸਾ ਲਿਆ। ਆਜ਼ਾਦੀ ਪ੍ਰਾਪਤੀ ਪਿੱਛੋਂ ਕੁਝ ਸਮਾਂ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਮੀਟਿੰਗਾਂ ਦੇ ਸੱਦਾ ਪੱਤਰ ਆਉਂਦੇ ਰਹੇ ਪਰ ਉਮਰ ਦੇ ਆਖ਼ਰੀ ਪੜਾਅ ਦੌਰਾਨ ਉਹ ਸਰਕਾਰੀ ਬੇਰੁਖੀ ਦੇ ਸ਼ਿਕਾਰ ਰਹੇ।

1968 ਵਿਚ ਅਕਾਲ ਚਲਾਣਾ ਕਰਨ ਤੋਂ ਪਹਿਲਾਂ ਉਸ ਨੇ ਆਪਣੀ ਜ਼ਮੀਨ ਦਾ ਵੱਡਾ ਹਿੱਸਾ ਪਿੰਡ ਸਿੰਬਲੀ ਦੇ ਸਰਕਾਰੀ ਸਕੂਲ ਨੂੰ ਤੇ ਗੁਰਦੁਆਰਾ ਸਾਹਿਬ ਨੂੰ ਦਾਨ ਕਰ ਦਿੱਤਾ। ਪੰਜਾਬੀ ਸੂਬੇ ਦੇ ਮੋਰਚੇ ਵਿਚ ਵੀ ਉਨ੍ਹਾਂ ਨੇ ਜਥਿਆਂ ਸਮੇਤ ਗ੍ਰਿਫ਼ਤਾਰੀ ਦਿੱਤੀ ਤੇ ਪੰਥਕ ਜਥੇਬੰਦੀਆਂ ਦੇ ਸੰਘਰਸ਼ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਪਰ ਇਸ ਪਿੱਛੋਂ ਆਪ ਦਾ ਪਰਿਵਾਰ ਲਗਾਤਾਰ ਸਰਕਾਰੀ ਬੇਰੁਖੀ ਦਾ ਸ਼ਿਕਾਰ ਰਿਹਾ। ਮੌਜੂਦਾ ਸਮੇਂ ਗੇਂਦਾ ਸਿੰਘ ਦੇ ਪਰਿਵਾਰ ਵਿਚ ਉਨ੍ਹਾਂ ਦੀ ਵਿਧਵਾ ਧੀ ਸੰਤ ਕੌਰ (80) ਪਤਨੀ ਕਿਸ਼ਨ ਸਿੰਘ ਤੇ ਵਿਧਵਾ ਦੋਹਤੀ ਸੁਰਿੰਦਰ ਕੌਰ (50) ਹਨ ਜਿਹੜੀਆਂ ਕਿ ਦੋ ਖਸਤਾ ਹਾਲ ਕਮਰਿਆਂ ਵਿਚ ਗੁਰਬਤ ਭਰਿਆ ਜੀਵਨ ਜੀਣ ਲਈ ਮਜਬੂਰ ਹਨ। ਉਹ ਗੇਂਦਾ ਸਿੰਘ ਵੱਲੋਂ ਧੀ ਸੰਤ ਕੌਰ ਦੇ ਨਾਂ ਲਾਈ ਜ਼ਮੀਨ 'ਤੇ ਕਬਜ਼ਾ ਲੈਣ ਲਈ ਸਰਕਾਰੀ ਦਫ਼ਤਰਾਂ ਤੇ ਉੱਚ ਅਧਿਕਾਰੀਆਂ ਅੱਗੇ ਫਰਿਆਦਾਂ ਕਰ ਰਹੀਆਂ ਹਨ।

ਸੰਤ ਕੌਰ ਅਨੁਸਾਰ ਉਸ ਦੀ ਤੇ ਉਸ ਦੀ ਵਿਧਵਾ ਧੀ ਦੀ ਗੁਰਬਤ ਭਰੀ ਮਜਬੂਰੀ ਦਾ ਫਾਇਦਾ ਉਠਾ ਕੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਹੀ ਉਨ੍ਹਾਂ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰ ਲਿਆ ਹੈ ਤੇ ਆਪਣੀ ਜ਼ਮੀਨ ਹਾਸਲ ਕਰਨ ਲਈ ਉਹ ਦਰ-ਦਰ ਦੀਆਂ ਠੋਕਰਾਂ ਖਾ ਰਹੀਆਂ ਹਨ। ਪਿੰਡ ਵਿਖੇ ਦੋ ਵਿਧਵਾ ਔਰਤਾਂ ਵਾਲਾ ਇਹ 'ਪਰਿਵਾਰ' ਸਮਾਜਿਕ ਤੌਰ 'ਤੇ ਵੀ ਅਲੱਗ-ਥਲੱਗ ਪੈ ਗਿਆ ਹੈ। ਘਰ ਵਿਚ ਅੱਧ-ਕੱਚੀ ਹਾਲਤ ਦੇ ਦੋ ਕਮਰੇ ਹਨ। ਨਾਨਕਸ਼ਾਹੀ ਇੱਟਾਂ ਵਾਲਾ ਉਬੜ-ਖਾਬੜ ਫਰਸ਼ ਲੱਗਾ ਹੋਇਆ ਹੈ ਤੇ ਇਹ ਦੋਵੇਂ ਔਰਤਾਂ ਆਪਣੀ ਗੁਰਬਤ ਕੱਟਣ ਲਈ ਪਸ਼ੂਆਂ ਦਾ ਦੁੱਧ ਵੇਚ ਕੇ ਗੁਜ਼ਾਰਾ ਕਰ ਰਹੀਆਂ ਹਨ।

ਬਜ਼ੁਰਗ ਵਿਧਵਾ ਸੰਤ ਕੌਰ ਅਨੁਸਾਰ ਉਸ ਦੇ ਪਿਤਾ ਗੇਂਦਾ ਸਿੰਘ ਦੇ ਕੋਈ ਪੁੱਤਰ ਨਹੀਂ ਸੀ ਤੇ ਉਹ ਤਿੰਨ ਭੈਣਾਂ ਹਨ। ਇਕ ਭੈਣ ਦੀ ਮੌਤ ਹੋ ਚੁੱਕੀ ਹੈ ਜਦਕਿ ਦੂਜੀ ਦਾ ਅਲੱਗ ਪਰਿਵਾਰ ਹੈ। ਉਸ ਅਨੁਸਾਰ ਉਸ ਦੇ ਪਿਤਾ ਨੇ ਮੁਰੱਬੇਬੰਦੀ ਦੇ ਸਾਲ 1953-54 ਦੌਰਾਨ ਵੱਖਰੇ ਇੰਤਕਾਲ ਨੰਬਰਾਂ ਤਹਿਤ ਆਪਣੀ ਜ਼ਮੀਨ ਵਿਚੋਂ 8 ਕਿੱਲੇ 4 ਕਨਾਲ ਰਕਬਾ ਉਸ ਦੇ ਨਾਂ ਲੁਆਇਆ ਸੀ ਪਰ ਪਿਛਲੇ ਸਾਲਾਂ ਦੌਰਾਨ ਜ਼ਮੀਨ ਦੇ ਚੜ੍ਹੇ ਭਾਅ ਕਾਰਨ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ 19 ਅਪਰੈਲ, 2009 ਨੂੰ ਜਬਰੀ ਉਨ੍ਹਾਂ ਵੱਲੋਂ ਬੀਜੀ ਫਸਲ ਵੱਢ ਕੇ ਜ਼ਮੀਨ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਸ ਬਾਰੇ ਤਹਿਸੀਲਦਾਰ, ਡਿਪਟੀ ਕਮਿਸ਼ਨਰ, ਐਸ.ਐਸ.ਪੀ., ਪੰਚਾਇਤ ਵਿਭਾਗ ਦੇ ਡਾਇਰੈਕਟਰ ਸਮੇਤ ਮੁੱਖ ਮੰਤਰੀ ਪੰਜਾਬ ਨੂੰ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਤੇ ਜ਼ਮੀਨ ਦੀ ਪ੍ਰਾਪਤੀ ਬਾਰੇ ਲਿਖਿਆ ਸੀ ਪਰ ਕੁਝ ਕਾਗਜ਼ੀ ਕਾਰਵਾਈ ਨੂੰ ਛੱਡ ਕੇ ਕੋਈ ਸਾਰਥਿਕ ਨਤੀਜਾ ਨਹੀਂ ਨਿਕਲਿਆ।

ਗੇਂਦਾ ਸਿੰਘ ਦੀ ਦੋਹਤੀ ਸੁਰਿੰਦਰ ਕੌਰ ਅਨੁਸਾਰ ਹੁਣ ਉਨ੍ਹਾਂ ਕੋਲ ਸਿਰਫ ਦੋ ਕਿੱਲੇ ਬਚਦੇ ਹਨ ਜਿੱਥੇ ਫਸਲ ਤੇ ਚਾਰਾ ਬੀਜ ਕੇ ਘਰ ਦਾ ਗੁਜ਼ਾਰਾ ਚੱਲਦਾ ਹੈ। ਸੰਤ ਕੌਰ ਅਨੁਸਾਰ ਉਹ ਸਿਰਫ਼ ਬੁਢਾਪਾ ਪੈਨਸ਼ਨ ਲੈ ਰਹੇ ਹਨ ਜਦਕਿ ਰਾਜ ਤੇ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਦੇ ਪਿਤਾ ਦੀ ਦੇਸ਼ ਲਈ ਕੁਰਬਾਨੀ ਬਦਲੇ ਉਨ੍ਹਾਂ ਨੂੰ ਕੋਈ ਪੈਨਸ਼ਨ, ਮਾਣ-ਸਨਮਾਨ ਜਾਂ ਹੋਰ ਸਹਾਇਤਾ ਨਹੀਂ ਮਿਲੀ। ਇਸ ਮੌਕੇ ਗੇਂਦਾ ਸਿੰਘ ਦੀ ਵਿਧਵਾ ਦੋਹਤੀ ਸੁਰਿੰਦਰ ਕੌਰ ਨੇ ਕੇਂਦਰ ਸਰਕਾਰ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਵੱਲੋਂ ਭਾਰਤ ਛੱਡੋ ਅੰਦੋਲਨ ਦੀ ਗੋਲਡਨ ਜੁਬਲੀ ਮੌਕੇ ਜਾਰੀ ਪ੍ਰਸ਼ੰਸਾ ਪੱਤਰ ਵੀ ਦਿਖਾਇਆ ਤੇ ਕਿਹਾ ਕਿ ਅਜਿਹੇ ਪੱਤਰ ਜਾਰੀ ਕਰਕੇ ਸਰਕਾਰਾਂ ਨੇ ਸਿਰਫ਼ ਖਾਨਾਪੂਰਤੀ ਕੀਤੀ ਹੈ ਜਦਕਿ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਕੋਈ ਕਦਮ ਨਹੀਂ ਚੁੱਕਿਆ।


ਪਿੰਡ ਸਿੰਬਲੀ ਦੇ ਬਜ਼ੁਰਗ ਬਲਦੇਵ ਸਿੰਘ ਅਨੁਸਾਰ ਗੇਂਦਾ ਸਿੰਘ ਦੀ ਪ੍ਰੇਰਨਾ ਨਾਲ ਪਿੰਡ ਤੇ ਇਲਾਕੇ ਸਮੇਤ ਉਸ ਦੇ ਰਿਸ਼ਤੇਦਾਰ ਵੀ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ ਸਨ। ਉਨ੍ਹਾਂ ਕਿਹਾ ਕਿ ਕਾਲੇ ਪਾਣੀ ਦੀ ਸਜ਼ਾ ਕੱਟ ਕੇ ਜਦੋਂ ਭਾਈ ਰਤਨ ਸਿੰਘ ਰੱਕੜਾਂ ਸੰਨ 1931 ਨੂੰ ਪੰਜਾਬ ਪੁੱਜੇ ਸਨ ਤਾਂ ਉਨ੍ਹਾਂ ਨੇ ਗੇਂਦਾ ਸਿੰਘ ਦੇ ਇਸੇ ਘਰ ਪਨਾਹ ਲਈ ਸੀ। ਉਨ੍ਹਾਂ ਕਿਹਾ ਕਿ 15 ਜੁਲਾਈ 1932 ਨੂੰ ਰੁੜਕੀ ਪਿੰਡ ਵਿਖੇ ਅੰਗਰੇਜ਼ਾਂ ਨਾਲ ਹੋਏ ਗਹਿਗੱਚ ਮੁਕਾਬਲੇ ਵਿਚ ਜਦੋਂ ਰਤਨ ਸਿੰਘ ਰੱਕੜਾਂ ਸ਼ਹੀਦ ਹੋ ਗਏ ਤਾਂ ਗੇਂਦਾ ਸਿੰਘ ਵੀ ਉਨ੍ਹਾਂ ਨਾਲ ਸੀ।


## ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:**

| ਨਰਿੰਦਰ ਸਿੰਘ | ਜੋਗਿੰਦਰ ਸਿੰਘ | ਨਿਰਮਲ ਸਿੰਘ |
|---|---|---|
| 530-682-7383 | 530-870-3440 | 530-635-0273 |



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

# ਪੰਜਾਬ, ਮੈਂ ਅਤੇ ਮੇਰੇ ਹਿੱਸੇ ਦੀ 'ਮਿੱਟੀ'

*ਖਮਾਣੋਂ ਨੇੜਲੇ ਨਿੱਕੇ ਜਿਹੇ ਪਿੰਡ ਭੁੱਟਾ ਦੀ ਮਿੱਟੀ ਵਿਚ ਪੈਦਾ ਹੋਇਆ ਜਤਿੰਦਰ ਮੌਹਰ (7 ਨਵੰਬਰ 1978) ਸਿਰੇ ਦਾ ਸੰਵੇਦਨਸ਼ੀਲ ਫਿਲਮਸਾਜ਼ ਹੈ। ਉਸ ਦੀ ਇਸ ਸੰਵੇਦਨਾ ਦਾ ਰੰਗ ਦਰਸ਼ਕਾਂ ਨੇ ਉਸ ਦੀ ਫਿਲਮ 'ਮਿੱਟੀ' ਰਾਹੀਂ ਦੇਖਿਆ ਹੈ। ਬਤੌਰ ਫਿਲਮ ਨਿਰਦੇਸ਼ਕ ਇਹ ਜਤਿੰਦਰ ਦੀ ਪਲੇਠੀ ਫਿਲਮ ਸੀ। ਇਸ ਫਿਲਮ ਵਿਚ ਉਸ ਨੇ ਪੰਜਾਬ ਦੀ ਹਕੀਕਤ ਪੰਜਾਬੀਆਂ ਦੇ ਸਾਹਮਣੇ ਬਹੁਤ ਮਾਰਮਿਕ ਰੂਪ ਵਿਚ ਪੇਸ਼ ਕੀਤੀ। ਇਹ ਫਿਲਮ ਮਰ ਅਤੇ ਲੜ ਰਹੇ ਪਿੰਡ ਦਾ ਦਰਦ ਅਤੇ ਹੌਸਲਾ ਬਿਆਨ ਕਰਦੀ ਹੈ। ਜਤਿੰਦਰ ਨੇ ਮੁੱਖਧਾਰਾ ਸਿਨੇਮਾ ਦੀਆਂ ਚੁਸਕੀਆਂ ਤੋਂ ਹਟ ਕੇ ਇਸ ਫਿਲਮ ਵਿਚ ਅਸਲ ਪੰਜਾਬ ਦੀ ਬਾਤ ਪਾਈ ਹੈ। ਜਤਿੰਦਰ ਅੱਜਕੱਲ੍ਹ ਆਪਣੀ ਨਵੀਂ ਫਿਲਮ 'ਤੇ ਕੰਮ ਕਰ ਰਿਹਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਉਹ ਆਪਣੇ ਕਾਲਮ 'ਪਹਿਲੀ ਗੱਲ' ਨਾਲ ਗੱਲਾਂ ਕਰਿਆ ਕਰੇਗਾ। ਇਸ ਵਾਰ ਉਸ ਨੇ ਆਪਣੀ ਫਿਲਮ 'ਮਿੱਟੀ' ਬਾਰੇ ਹੀ ਗੱਲ ਕੀਤੀ ਹੈ। -ਸੰਪਾਦਕ*

ਫ਼ਿਲਮਸਾਜ਼ ਸੰਗਤ ਭਾਵ ਲੋਕਾਂ ਨੂੰ ਆਮ ਹੀ ਦਲੀਲ ਦਿੰਦੇ ਹਨ ਕਿ ਫ਼ਿਲਮ ਦੇਖਣ ਵੇਲੇ ਦਿਲ ਅਤੇ ਦਿਮਾਗ ਘਰ ਰੱਖ ਕੇ ਆਉ। ਜਾਣ-ਬੁੱਝ ਕੇ ਜਾਂ ਸੁਤੇ-ਸਿੱਧ ਦਿੱਤੀ ਜਾਂਦੀ ਇਹ ਦਲੀਲ ਮੈਨੂੰ ਬਹੁਤ ਰੜਕਦੀ ਰਹਿੰਦੀ ਸੀ, ਤੇ ਗੁੱਸਾ ਵੀ ਬੜਾ ਆਉਂਦਾ ਸੀ। ਫ਼ਿਲਮਸਾਜ਼ ਕੋਲ ਇਹ ਬੌਧਿਕ ਹੱਕ ਨਹੀਂ ਹੈ ਕਿ ਉਹ ਸੰਗਤ ਨੂੰ ਆਪਣੀਆਂ ਗਿਆਨ ਇੰਦਰੀਆਂ ਵਰਤਣ ਤੋਂ ਰੋਕੇ। ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿਚ ਇਹ ਮਨੁੱਖ ਵਰਗੇ ਉੱਚੇ ਜੀਵ ਦੀ ਹੱਤਕ ਹੈ। ਅਜਿਹਾ 'ਹੁਕਮ' ਸੁਣਾਉਣ ਪਿੱਛੇ ਫ਼ਿਲਮਸਾਜ਼ ਦੀ ਮਨਸ਼ਾ ਨੂੰ ਸਮਝਣਾ ਜ਼ਰੂਰੀ ਹੈ। ਸੰਗਤ ਨੂੰ ਮੰਡੀ ਦਾ ਮਾਲ ਸਮਝਣ ਵਾਲੀ ਸੋਚ ਲਈ ਦਿਲ ਅਤੇ ਦਿਮਾਗ ਤੋਂ ਗੈਰਹਾਜ਼ਰ ਬੰਦਾ ਚੰਗਾ ਗਾਹਕ ਹੁੰਦਾ ਹੈ। ਗਾਹਕ ਨਾਲ ਰਿਸ਼ਤਾ ਸਿਰਫ਼ ਮੁਨਾਫ਼ੇ ਦਾ ਹੀ ਹੋ ਸਕਦਾ ਹੈ। ਮਨੁੱਖ ਦੇ ਖ਼ਿਲਾਫ਼ ਭੁਗਤ ਰਹੇ ਢਾਂਚੇ ਲਈ ਅਜਿਹਾ ਗਾਹਕ ਫਾਇਦੇਮੰਦ ਹੈ ਪਰ ਜਦੋਂ ਅਸੀਂ ਦਰਸ਼ਕ ਨੂੰ ਸੰਗਤ ਦੇ ਰੂਪ ਵਿਚ ਪ੍ਰਵਾਨ ਕਰਾਂਗੇ ਤਾਂ ਉਸ ਨਾਲ ਅਪਣੱਤ ਦੀ ਉਹ ਤੰਦ ਜੁੜੇਗੀ ਜਿਸ ਨੇ ਫ਼ਿਲਮਸਾਜ਼ ਨਾਲ ਜ਼ਿੰਮੇਵਾਰੀ ਵਾਲਾ ਰਿਸ਼ਤਾ ਤੈਅ ਕਰਨਾ ਹੈ। ਇਸ ਜ਼ਿੰਮੇਵਾਰੀ ਦੇ ਭਾਵ ਵਿਚੋਂ ਫ਼ਿਲਮ, ਸੰਵਾਦ ਰਚਾਉਣ ਦਾ ਮਾਧਿਅਮ ਬਣਦੀ ਹੈ, ਤੇ ਸੰਵਾਦ ਕਦੇ ਵੀ ਇਕਤਰਫਾ ਨਹੀਂ ਹੋ ਸਕਦਾ। ਸੰਵਾਦ ਫ਼ਿਲਮਸਾਜ਼ ਅਤੇ ਸੰਗਤ ਨੂੰ ਬਰਾਬਰ ਦੀ ਅਹਿਮੀਅਤ ਦਿੰਦਾ ਹੈ। ਸੰਗਤ ਦਾ ਕੀਮਤੀ ਸਮਾਂ ਅਤੇ ਸਰਮਾਇਆ ਲੁੱਟਣ ਦਾ ਫ਼ਿਲਮਸਾਜ਼ ਨੂੰ ਕੋਈ ਹੱਕ ਨਹੀਂ, ਜੇ ਉਸ ਕੋਲ ਸਾਂਝੀ ਕਰਨ ਲਈ ਸਾਰਥਿਕ ਗੱਲ ਨਹੀਂ ਹੈ।

'ਮਿੱਟੀ' ਫ਼ਿਲਮ ਲਿਖਣ ਵੇਲੇ ਅਜਿਹੇ ਕਈ ਸਵਾਲ ਚੇਤ-ਅਚੇਤ ਮੇਰੇ ਸਾਹਮਣੇ ਆਉਂਦੇ ਸਨ। ਸ਼ੁਰੂ ਵਿਚ ਫ਼ਿਲਮ ਦੀ ਕਹਾਣੀ ਚਾਰ ਮੁੰਡਿਆਂ ਦੀ ਦੋਸਤੀ ਬਾਰੇ ਸੀ ਜਿਨ੍ਹਾਂ ਨੂੰ ਯੂਨੀਵਰਸਿਟੀ ਵਿਚੋਂ ਨਿਕਲਿਆਂ ਕਈ ਸਾਲ ਹੋ ਚੁੱਕੇ ਹਨ ਪਰ ਉਹ ਵਾਪਿਸ ਪਿੰਡ ਨਹੀਂ ਜਾਣਾ ਚਾਹੁੰਦੇ। ਇਸ ਤਰ੍ਹਾਂ ਦੀ ਮੁੰਡ੍ਹੀਰ ਚੰਡੀਗੜ੍ਹ ਵਿਚ ਆਮ ਦੇਖੀ ਜਾ ਸਕਦੀ ਹੈ। ਮੇਰਾ ਆਪਣਾ ਤਜਰਬਾ ਇਨ੍ਹਾਂ ਦੇ ਨੇੜੇ ਹੋਣ ਕਰ ਕੇ ਅਜਿਹੇ ਕਿਰਦਾਰਾਂ ਨਾਲ ਸੱਥਰੀ ਸਹਿਜੇ ਪੈ ਗਈ। ਮੁੱਖ ਮੁੱਦਾ ਉਸ ਮਾਨਸਿਕਤਾ ਨੂੰ ਫੜਨ ਦਾ ਸੀ ਜੋ ਉਨ੍ਹਾਂ ਨੂੰ ਪਿੰਡ ਪਰਤਣ ਤੋਂ ਰੋਕਦੀ ਹੈ ਪਰ ਅਗਲੇਰੀਆਂ ਘਟਨਾਵਾਂ ਨੇ ਮੇਰਾ ਧਿਆਨ ਮੂਲ ਮੁੱਦੇ ਤੋਂ ਭਟਕਾ ਦਿੱਤਾ। ਜਦੋਂ ਮੈਂ ਫ਼ਿਲਮ ਸਕੂਲ ਵਿਚੋਂ ਪੜ੍ਹਾਈ ਪੂਰੀ ਕਰਕੇ ਵਾਪਿਸ ਪੰਜਾਬ ਪਰਤਿਆ, ਉਨ੍ਹਾਂ ਦਿਨਾਂ ਵਿਚ ਸਿੰਗੂਰ, ਨੰਦੀਗ੍ਰਾਮ, ਕਾਲਿੰਗਾ, ਬਰਨਾਲਾ, ਹਲਵਾਰਾ, ਅੰਮ੍ਰਿਤਸਰ ਅਤੇ ਹੋਰ ਕਈ ਨਾਮ ਅਖਬਾਰੀ ਕਾਲਮਾਂ ਵਿਚ ਛਾਏ ਹੋਏ ਸਨ ਅਤੇ 'ਜ਼ਮੀਨ ਬਚਾਉ ਸੰਘਰਸ਼' ਦੇ ਨਾਅਰੇ ਦੀ ਗੂੰਜ ਸੁਣਾਈ ਦੇ ਰਹੀ ਸੀ। ਇਨ੍ਹਾਂ ਘਟਨਾਵਾਂ ਦਾ ਸਿੱਧਾ ਅਸਰ 'ਮਿੱਟੀ' ਦੀ ਕਹਾਣੀ 'ਤੇ ਪਿਆ। ਨਵਾਂ ਮੋੜ ਆਉਣ ਕਰਕੇ, ਫ਼ਿਲਮ ਮੁੰਡਿਆਂ ਦੀ ਅਲਹਿਦਗੀ ਦੇ ਕਾਰਨਾਂ 'ਤੇ ਪੰਛੀ-ਝਾਤ ਹੀ ਮਾਰ ਸਕਦੀ ਸੀ। ਅਜਿਹੀ ਹਾਲਤ ਵਿਚ ਫ਼ਿਲਮ ਦਾ ਪਹਿਲਾ ਅੱਧ ਮੁੰਡ੍ਹੀਰ ਦੇ ਭਟਕਾਉ ਉੱਤੇ ਵਧੇਰੇ ਕੇਂਦਰਤ ਹੋ ਗਿਆ। ਉਸ ਦੇ ਕਾਰਨ ਪਿਛੋਕੜ ਵਿਚ ਰਹਿ ਗਏ। ਕੋਸ਼ਿਸ਼ ਉਨ੍ਹਾਂ ਦੇ ਭਟਕਾਉ ਨੂੰ ਧੁਰ-ਅੰਦਰ ਤੱਕ ਪੇਸ਼ ਕਰਨ ਦੀ ਸੀ। ਨਤੀਜੇ ਵਜੋਂ ਕਿਰਦਾਰਾਂ ਦੇ ਕਈ ਸੰਵਾਦ 'ਅਸ਼ਲੀਲ' ਐਲਾਨੇ ਗਏ। ਉਂਝ, ਮੇਰਾ ਮੰਨਣਾ ਹੈ ਕਿ ਅਸ਼ਲੀਲਤਾ ਦੇ ਪੈਮਾਨਿਆਂ ਬਾਰੇ ਗੰਭੀਰ ਚਰਚਾ ਹੋਣੀ ਜ਼ਰੂਰੀ ਹੈ।

ਸ਼ੇਕਸਪੀਅਰ ਦੇ ਨਾਟਕ 'ਜੂਲੀਅਸ ਸੀਜ਼ਰ' ਦੇ ਦੋ ਕਿਰਦਾਰ ਬਰੂਟਸ ਅਤੇ ਕੈਸ਼ੀਅਸ ਮੇਰੀ ਲਿਖਤ ਉੱਤੇ ਹਮੇਸ਼ਾਂ ਅਸਰਅੰਦਾਜ਼ ਰਹੇ ਹਨ। ਬਰੂਟਸ ਕ੍ਰਾਂਤੀ ਦੀ ਰਾਹ 'ਤੇ ਨੈਤਿਕਤਾ ਨੂੰ ਅਹਿਮ ਮੰਨਦਾ ਹੈ ਅਤੇ ਉਹ ਘੱਟ ਹਿੰਸਕ ਹੈ। ਕੈਸ਼ੀਅਸ ਉਸ ਤੋਂ ਵਧੀਆ ਯੋਜਨਾਕਾਰ ਹੈ ਪਰ ਵਧੇਰੇ ਹਿੰਸਕ ਹੈ ਜੋ ਨੈਤਿਕਤਾ ਨੂੰ ਤਵੱਜੋ ਨਹੀਂ ਦਿੰਦਾ। ਹਰ ਲਹਿਰ ਵਿਚ ਦੋਵੇਂ ਮਾਨਸਿਕਤਾਵਾਂ ਦੇ ਲੋਕ ਹੁੰਦੇ ਹਨ। 'ਮਿੱਟੀ' ਫ਼ਿਲਮ ਦੇ ਦੋ ਕਿਰਦਾਰਾਂ 'ਰੱਬੀ' ਅਤੇ 'ਗਾਜ਼ੀ' ਉੱਤੇ ਇਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਅਸਰ ਹੈ। ਫ਼ਿਲਮ ਦੇ ਪਾਤਰ ਕਿਸੇ ਵਿਦੇਸ਼ ਜਾਂ ਵੱਡੇ ਸ਼ਹਿਰ ਵਿਚ ਰਹਿ ਕੇ ਪਿੰਡ ਦੇ ਉਦਰੇਵੇਂ ਦਾ ਸ਼ਿਕਾਰ ਨਹੀਂ ਹਨ। ਉਹ ਅੱਜ ਦੇ ਪਿੰਡਾਂ ਦੇ ਬਾਸ਼ਿੰਦੇ ਹਨ ਜੋ ਪਰਵਾਸੀ 'ਗੋਦੋ' ਦੀ ਉਡੀਕ ਛੱਡ ਕੇ ਮੁਸ਼ਕਲਾਂ ਦਾ ਹੱਲ ਖ਼ੁਦ ਲੱਭਣ ਦੇ ਆਹਰ ਵਿਚ ਲੱਗੇ ਹੋਏ ਹਨ। ਤ੍ਰਾਸਦੀ ਨਿੱਜੀ ਹੋਣ ਦੇ ਬਾਵਜੂਦ ਇਨ੍ਹਾਂ ਦੀ ਤੰਦ ਸੰਗਤ ਨਾਲ ਜੁੜਦੀ ਹੈ ਅਤੇ ਹੱਲ ਉਸੇ ਵਿਚੋਂ ਲੱਭਿਆ ਜਾ ਰਿਹਾ ਹੈ। ਫ਼ਿਲਮ ਦਾ ਕੋਈ ਵੀ ਕਿਰਦਾਰ ਅੰਤਰਜਾਮੀ ਨਹੀਂ ਹੈ। ਪੰਜਾਬ ਦੀ ਜਵਾਨੀ ਨੂੰ ਮਿਹਣੇ ਮਾਰਨ ਦੀ ਰਵਾਇਤ ਤਾਂ ਹੁਣ ਬਹੁਤ ਪੱਕੇ ਪੈਰੀਂ ਹੋ ਚੁੱਕੀ ਹੈ। ਇਸ ਰਵਾਇਤ ਦੇ ਹਾਮੀਆਂ ਨੂੰ ਵੀ ਹੁਣ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਸਿਆਸੀ, ਸਮਾਜਿਕ ਅਤੇ ਸਿੱਖਿਆ ਸੰਸਥਾਵਾਂ ਨੇ ਭਲਾ ਕਿੰਨਾ ਕੁ ਜ਼ਿੰਮੇਵਾਰ ਅਤੇ ਗੰਭੀਰ ਸੰਵਾਦ ਨੌਜਵਾਨਾਂ ਨਾਲ ਰਚਾਇਆ ਹੈ? ਜਵਾਨੀ ਦੀ ਮੌਜੂਦਾ ਹੋਣੀ ਲਈ ਇਹ ਸਾਰਾ ਢਾਂਚਾ ਬਰਾਬਰ ਜ਼ਿੰਮੇਵਾਰ ਹੈ। ਗੱਭਰੂਆਂ ਦੇ ਜਿੰਮ ਜਾਣ, ਕਬੱਡੀ ਖੇਡਣ ਜਾਂ ਪਿੰਡ ਦੀ ਸਫ਼ਾਈ ਕਰਨ ਨਾਲ ਜੇ ਸਮੱਸਿਆ ਹੱਲ ਹੋਣੀ ਹੁੰਦੀ ਤਾਂ ਮਸਲਾ ਖਤਮ ਹੋ ਚੁੱਕਿਆ ਹੁੰਦਾ। ਇਹ ਇਸ ਤਰ੍ਹਾਂ ਖਤਮ ਹੋਣਾ ਨਹੀਂ ਕਿਉਂਕਿ ਮਸਲੇ ਦੀ ਜੜ੍ਹ ਕਿਤੇ ਹੋਰ ਹੈ ਜੀਹਦਾ ਇਕ ਤਣਾ 'ਮਿੱਟੀ' ਲੱਭਣ ਦੀ ਕੋਸ਼ਿਸ਼ ਕਰਦੀ ਹੈ। ਫ਼ਿਲਮ ਸੁਹਿਰਦ ਤਜਰਬੇ ਅਤੇ ਜਵਾਨੀ ਦੇ ਜੋਸ਼ ਵਿਚਲੇ ਸੰਵਾਦ ਦੀ ਕਹਾਣੀ ਹੈ। ਜਵਾਨੀ ਦਾ ਜੋਸ਼ ਛੇਤੀ ਨਤੀਜੇ ਦਾ ਆਸਵੰਦ ਹੈ ਜਦਕਿ ਤਜਰਬਾ ਸਬਰ ਤੇ ਸੰਤੋਖ ਦੀ ਮੰਗ ਕਰਦਾ ਹੈ। ਦੋਵਾਂ ਤੋਂ ਗਲਤੀਆਂ ਹੋਣੀਆਂ ਸੁਭਾਵਕ ਹਨ ਪਰ ਮਸਲਾ ਬਿਹਤਰ ਸੱਚ ਦੀ ਤਲਾਸ਼ ਦਾ ਹੈ ਜਿਸ 'ਤੇ ਦੋਵੇਂ ਧਿਰਾਂ ਇਕਸੁਰ ਹਨ। ਇਸ ਇਕਸੁਰਤਾ ਵਿਚੋਂ ਮਿਲੀ ਸੋਝੀ ਫ਼ਿਲਮ ਦੇ ਨੌਜਵਾਨ ਕਿਰਦਾਰਾਂ ਸਿਰ ਵੱਡੀ ਸਮਾਜਿਕ ਜ਼ਿੰਮੇਵਾਰੀ ਪਾਉਂਦੀ ਹੈ ਜਿਸ ਦੀ ਤੰਦ ਨਾਬਰੀ ਦੇ ਇਤਿਹਾਸ ਨਾਲ ਜਾ ਜੁੜਦੀ ਹੈ। ਇਸ ਜ਼ਿੰਮੇਵਾਰੀ ਤੋਂ ਰਵਾਇਤੀ ਫ਼ਿਲਮਾਂ ਅਕਸਰ ਬਚਦੀਆਂ ਨੇ ਅਤੇ ਬਚਾਉਂਦੀਆਂ ਵੀ ਹਨ।



*ਫਿਲਮ 'ਮਿੱਟੀ ਦਾ ਇਕ ਦ੍ਰਿਸ਼।*

ਫ਼ਿਲਮ ਇਸ ਧਾਰਨਾ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਲੋਕ-ਸਮੱਸਿਆਵਾਂ ਦਾ ਕਾਰਨ ਜਨਤਾ ਨਹੀਂ, ਬਲਕਿ ਮੁਨਾਫ਼ੇ ਦੀ ਬੇਕਿਰਕ ਭੁੱਖ ਹੈ। ਉਹ ਸੋਚ ਹੈ ਜੋ ਮਨੁੱਖਤਾ ਦੀ ਸਾਂਝੀ ਜਾਇਦਾਦ ਨੂੰ ਕੁਝ ਬੇਰਹਿਮ/ਬੇਕਿਰਕ ਹੱਥਾਂ ਵਿਚ ਮਹਿਦੂਦ ਕਰ ਦਿੰਦੀ ਹੈ। ਇਨ੍ਹਾਂ ਬੇਰਹਿਮ/ਬੇਕਿਰਕ ਹੱਥਾਂ ਨੂੰ ਸੰਗਤ ਦੇ ਸਾਂਝੇ ਹੱਥਾਂ ਦੀ ਸਿਦਕਦਿਲੀ ਹੀ ਤੋੜ ਸਕਦੀ ਹੈ। ਫ਼ਿਲਮ ਦੇ ਅੰਤ ਵਿਚ ਬੇਸ਼ੱਕ, ਖਾੜਕੂ ਜਨਤਕ ਅੰਦੋਲਨ ਪੁਲਿਸ ਨੂੰ ਖਦੇੜਨ ਵਿਚ ਕਾਮਯਾਬ ਹੋ ਜਾਂਦਾ ਹੈ ਪਰ ਇਹ ਸਿਰਫ਼ ਸ਼ੁਰੂਆਤ ਹੈ। 'ਮਿੱਟੀ' ਕਿਸੇ 'ਅੰਤਮ ਸੱਚ' ਦਾ ਦਾਅਵਾ ਨਹੀਂ ਕਰਦੀ। ਮਨੁੱਖਤਾ ਦੀ ਖ਼ੁਸ਼ਹਾਲੀ ਲਈ, ਬੀਤੇ ਤੋਂ ਸਬਕ ਲੈ ਕੇ ਲੋਕ-ਤਾਕਤ ਦੀ ਸਮਰੱਥਾ ਵਿਚ ਯਕੀਨ ਦਿਵਾਉਂਦੀ ਹੈ।

ਫ਼ਿਲਮ ਵਿਚ ਬੀਬੀਆਂ ਦੀ ਸ਼ਮੂਲੀਅਤ ਨਾਮਨਿਹਾਦ ਹੈ। ਚਾਹੇ ਇਹ ਮੇਰੀ ਕੋਈ ਮਜਬੂਰੀ ਰਹੀ ਹੋਵੇ, ਇਸ ਕਸੂਰ ਨੂੰ ਅੱਖਾਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ? ਇਹ ਫ਼ਿਲਮਸਾਜ਼ ਦੀ ਸਮੱਸਿਆ ਹੈ, ਦਰਸ਼ਕਾਂ ਦੀ ਨਹੀਂ।

Quik Signs
Signs • Graphics • Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।




ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਮਾਨ ਖਾਲਿਸਤਾਨ ਦੇ ਮੁੱਦੇ 'ਤੇ ਚੋਣ ਲੜਨ ਲਈ ਦ੍ਰਿੜ੍ਹ



*ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਚੋਣ ਮਨੋਰਥ ਪੱਤਰ ਜਾਰੀ ਕਰਦੇ ਹੋਏ*

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪਹਿਲਕਦਮੀ ਕਰਦਿਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਆਪਣੀ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਹੈ ਜਿਸ ਵਿਚ ਸਿੱਖਾਂ ਲਈ ਮੁਕੰਮਲ ਆਜ਼ਾਦੀ ਦਾ ਮੁੱਦਾ ਸ਼ਾਮਲ ਕੀਤਾ ਗਿਆ ਹੈ। ਇਥੇ ਸਰਕਟ ਹਾਊਸ ਵਿਖੇ ਚੋਣ ਮਨੋਰਥ ਪੱਤਰ ਦੀ ਕਾਪੀ ਜਾਰੀ ਕਰਦਿਆਂ ਸ. ਮਾਨ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਨੂੰ ਸੰਗਤਾਂ ਨੇ ਵੋਟ ਦਿੱਤੀ ਤੇ ਸੱਤਾ ਪ੍ਰਾਪਤ ਹੋਈ ਤਾਂ ਉਹ ਗੁਰਦੁਆਰਿਆਂ ਦੀ ਸਾਂਭ-ਸੰਭਾਲ ਲਈ ਬਣੀ ਸੰਸਥਾ ਸ਼੍ਰੋਮਣੀ ਕਮੇਟੀ 'ਚ ਵੱਡੇ ਸੁਧਾਰ ਲਿਆਉਣਗੇ। ਚੋਣ ਮਨੋਰਥ ਪੱਤਰ ਵਿਚ ਸਿੱਖਾਂ ਦੀ ਮੁਕੰਮਲ ਆਜ਼ਾਦੀ ਲਈ ਸੰਘਰਸ਼ ਦਾ ਵਾਅਦਾ ਕੀਤਾ ਗਿਆ ਹੈ।

ਚੋਣ ਮਨੋਰਥ ਪੱਤਰ 'ਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦਾ 1919 ਵਾਲਾ ਰੁਤਬਾ ਕਾਇਮ ਕੀਤਾ ਜਾਵੇਗਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਿੰਘ ਸਾਹਿਬਾਨ ਜਿਹੀਆਂ ਉੱਚ ਪਦਵੀਆਂ ਨੂੰ ਭੈਅ ਮੁਕਤ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਬਾਅਦ ਆਜ਼ਾਦ ਸ਼ਖ਼ਸੀਅਤ ਵਾਲੇ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਬਣਾਏ ਗਏ ਨਿੱਜੀ ਟਰੱਸਟ ਖ਼ਤਮ ਕਰਕੇ ਸੰਸਥਾ ਦੇ ਸਿੱਧੇ ਪ੍ਰਬੰਧ ਹੇਠ ਲਿਆਂਦੇ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਸੱਤਾ 'ਚ ਆਉਣ ਉਪਰੰਤ ਸ਼੍ਰੋਮਣੀ ਕਮੇਟੀ 'ਚ ਹਾਕਮ ਧਿਰ ਵੱਲੋਂ ਕੀਤੀ ਗਈ ਲੁੱਟ-ਖਸੁੱਟ ਬਾਰੇ ਵਾਈਟ ਪੇਪਰ ਜਾਰੀ ਕੀਤਾ ਜਾਵੇਗਾ ਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਲਿਆਂਦਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਸੋਚ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸੰਸਥਾ ਦੀ ਆਪਣੀ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਲਈ ਅਖ਼ਬਾਰ ਅਰੰਭ ਕੀਤੀ ਜਾਵੇਗੀ, 24 ਘੰਟੇ ਕੀਰਤਨ ਦਾ ਪ੍ਰਸਾਰਣ ਤੇ ਖ਼ਬਰਾਂ ਲਈ ਟੀ.ਵੀ. ਚੈਨਲ ਕਾਇਮ ਹੋਵੇਗਾ, ਐਫ.ਐਮ. ਰੇਡੀਓ ਕਾਇਮ ਕੀਤਾ ਜਾਵੇਗਾ ਤੇ ਗੁਰਬਾਣੀ ਦਾ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਤੇ ਸਮਕਾਲੀ ਸਾਹਿਤ ਦੀ ਘੋਖ ਲਈ ਵਿਦਵਾਨਾਂ ਦਾ ਨਿਗਰਾਨ ਬੋਰਡ ਕਾਇਮ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਸੱਤਾਧਾਰੀਆਂ ਦੇ ਕਬਜ਼ੇ ਹੇਠਲੀਆਂ ਜ਼ਮੀਨਾਂ ਨੂੰ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਲਿਆਂਦਾ ਜਾਵੇਗਾ। ਸਾਕਾ ਨੀਲਾ ਤਾਰਾ ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਗਵਾਚਾ ਅਮੁੱਲਾ ਖ਼ਜ਼ਾਨਾ ਕੇਂਦਰ ਸਰਕਾਰ ਕੋਲੋਂ ਵਾਪਸ ਲੈਣ ਲਈ ਠੋਸ ਯਤਨ ਕੀਤੇ ਜਾਣਗੇ। ਨਜ਼ਰਬੰਦ ਸਿੱਖਾਂ ਦੀ ਰਿਹਾਈ ਲਈ ਉਪਰਾਲੇ ਕੀਤੇ ਜਾਣਗੇ ਤੇ ਧਰਮੀ ਫੌਜੀਆਂ ਦੀ ਸਾਂਭ-ਸੰਭਾਲ ਤੇ ਮਦਦ ਕੀਤੀ ਜਾਵੇਗੀ। ਸਾਕਾ ਨੀਲਾ ਤਾਰਾ 'ਚ ਸ਼ਹੀਦ ਹੋਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਵੀ ਮਦਦ ਦਿੱਤੀ ਜਾਵੇਗੀ। ਦਸਤਾਰ ਦੇ ਸਵੈਮਾਨ ਨੂੰ ਬਹਾਲ ਕਰਨ ਲਈ ਵਿਦੇਸ਼ਾਂ ਵਿਚ ਵੀ ਯੋਗ ਕਦਮ ਚੁੱਕੇ ਜਾਣਗੇ ਤੇ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਨੁਮਾਇੰਦਗੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਸਿੱਖਾਂ ਦੀ ਕਾਲੀ ਸੂਚੀ ਨੂੰ ਮੁਕੰਮਲ ਤੌਰ 'ਤੇ ਖ਼ਤਮ ਕਰਵਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ 'ਚ ਰੂਹਾਨੀਅਤ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮ ਵੀ ਅਰੰਭ ਕਰਵਾਏ ਜਾਣਗੇ। ਗੁਰਡੰਮ ਤੇ ਦੇਹਧਾਰੀਆਂ ਵਿਰੁੱਧ ਮੁਹਿੰਮ ਅਰੰਭੀ ਜਾਵੇਗੀ, ਅਨੰਦ ਮੈਰਿਜ ਐਕਟ ਨੂੰ ਲਾਗੂ ਕਰਾਉਣ ਲਈ ਯਤਨ ਕੀਤੇ ਜਾਣਗੇ, ਰੰਗਰੇਟੇ ਸਿੱਖਾਂ ਦਾ ਬੁੰਗਾ ਜੋ ਪਰਕਰਮਾ ਵਿਚੋਂ ਢਾਹ ਦਿੱਤਾ ਗਿਆ ਸੀ, ਦਾ ਪੁਨਰ ਨਿਰਮਾਣ ਕਰਵਾਇਆ ਜਾਵੇਗਾ, ਪੰਥਕ ਵਿਦਵਾਨ ਗਿਆਨੀ ਦਿੱਤ ਸਿੰਘ ਦੇ ਨਾਂ 'ਤੇ ਯੂਨੀਵਰਸਿਟੀ, ਕਾਲਜ ਤੇ ਸਕੂਲਾਂ ਦੀ ਲੜੀ ਅਰੰਭ ਕੀਤੀ ਜਾਵੇਗੀ। ਸਿਕਲੀਗਰ ਸਿੱਖ ਭਾਈਚਾਰੇ ਦੀ ਬਿਹਤਰੀ ਲਈ ਤੇ ਨਿਹੰਗ ਸਿੱਖ ਜਥੇਬੰਦੀਆਂ ਦੀ ਦਿੱਖ ਸੁਧਾਰਨ ਲਈ ਯਤਨ ਕੀਤੇ ਜਾਣਗੇ। ਵਿਦਿਅਕ ਨੀਤੀ ਵਿੱਚ ਸੁਧਾਰ ਲਿਆਂਦੇ ਜਾਣਗੇ, ਵੱਖ-ਵੱਖ ਦੇਸ਼ਾਂ ਤੇ ਸੂਬਿਆਂ ਵਿਚ ਸਿੱਖ ਸਫ਼ਾਰਤਖ਼ਾਨੇ ਕਾਇਮ ਕੀਤੇ ਜਾਣਗੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮਾਨ ਨੇ ਪੰਥਕ ਮੋਰਚੇ ਨਾਲ ਗਠਜੋੜ ਕਰਨ ਜਾਂ ਸੀਟ ਵੰਡ ਕਰਨ ਤੋਂ ਸਪੱਸ਼ਟ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਭਾਜਪਾ ਤੇ ਕਾਂਗਰਸ ਹਮਾਇਤੀ ਜਥੇਬੰਦੀਆਂ ਨਾਲ ਕੋਈ ਸਮਝੌਤਾ ਨਹੀਂ ਕਰੇਗੀ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਤੇ ਉਹ ਖੁਦ ਬੱਸੀ ਪਠਾਣਾਂ ਜਾਂ ਚੰਦਰ ਭਾਲ ਹਲਕੇ 'ਚੋਂ ਚੋਣ ਲੜਨਗੇ। ਬਿਨਾਂ ਫੋਟੋ ਸ਼ਨਾਖਤੀ ਕਾਰਡ ਦੇ ਚੋਣਾਂ ਕਰਵਾਏ ਜਾਣ ਬਾਰੇ ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ ਪਹਿਲਾਂ ਹੀ ਗੁਰਦੁਆਰਾ ਚੋਣ ਕਮਿਸ਼ਨ ਕੋਲ ਇਤਰਾਜ਼ ਉਠਾਇਆ ਜਾ ਚੁੱਕਾ ਹੈ। ਇਸ ਮੌਕੇ ਜਥੇਬੰਦੀ ਦੇ ਆਗੂ ਧਿਆਨ ਸਿੰਘ ਮੰਡ, ਜਸਕਰਨ ਸਿੰਘ, ਰਾਮ ਸਿੰਘ, ਗੁਰਿੰਦਰ ਪਾਲ ਸਿੰਘ ਧਨੌਲਾ, ਹਰਬੀਰ ਸਿੰਘ ਸੰਧੂ, ਪ੍ਰੋ. ਮਹਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੀਆਂ ਟਿਕਟਾਂ ਦੇ ਚਾਹਵਾਨ ਅੰਮ੍ਰਿਤ ਛਕਣ ਲੱਗੇ

**ਬਠਿੰਡਾ:** ਸ਼੍ਰੋਮਣੀ ਕਮੇਟੀ ਦੀ ਟਿਕਟ ਦੇ ਚਾਹਵਾਨ ਹੁਣ ਅੰਮ੍ਰਿਤ ਛੱਕਣ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਟਿਕਟ ਦੇ ਵੀ ਦਿੱਤੀ ਗਈ ਹੈ, ਉਹ ਵੀ ਹੁਣ ਅੰਮ੍ਰਿਤ ਪਾਨ ਕਰ ਰਹੇ ਹਨ। ਪਤਾ ਲੱਗਾ ਹੈ ਕਿ ਮਾਲਵੇ 'ਚ ਤਕਰੀਬਨ ਇਕ ਦਰਜਨ ਚਾਹਵਾਨਾਂ ਵੱਲੋਂ ਪਿਛਲੇ ਦਿਨੀਂ ਅੰਮ੍ਰਿਤ ਪਾਨ ਕੀਤਾ ਗਿਆ ਹੈ।

ਤਖਤ ਦਮਦਮਾ ਸਾਹਿਬ ਵਿਖੇ ਹਰ ਐਤਵਾਰ ਤੇ ਮੱਸਿਆ ਨੂੰ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਛਕਾਇਆ ਜਾਂਦਾ ਹੈ। ਬੀਤੇ ਐਤਵਾਰ ਤਖਤ ਦਮਦਮਾ ਸਾਹਿਬ ਵਿਖੇ ਤਕਰੀਬਨ 111 ਪ੍ਰਾਣੀਆਂ ਵੱਲੋਂ ਅੰਮ੍ਰਿਤ ਛਕਿਆ ਗਿਆ। ਸ਼੍ਰੋਮਣੀ ਕਮੇਟੀ ਦੇ ਤਿੰਨ ਉਮੀਦਵਾਰਾਂ ਵੱਲੋਂ ਵੀ ਤਖਤ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਪਾਨ ਕੀਤਾ ਗਿਆ ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟ ਦੇਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਉਮੀਦਵਾਰਾਂ ਦੇ ਨਾਂ ਅਕਾਲੀ ਦਲ ਵੱਲੋਂ ਐਲਾਨੀ 64 ਉਮੀਦਵਾਰਾਂ ਦੀ ਸੂਚੀ ਵਿਚ ਆ ਗਏ ਹਨ। ਇਨ੍ਹਾਂ 'ਚ ਦੋ ਉਮੀਦਵਾਰ ਹਰਿਆਣਾ ਦੇ ਹਨ ਜਦੋਂਕਿ ਇਕ ਬਠਿੰਡਾ ਸੰਸਦੀ ਹਲਕੇ 'ਚੋਂ ਹੈ।

ਜ਼ਿਕਰਯੋਗ ਹੈ ਕਿ ਪੰਜ ਪਿਆਰਿਆਂ ਵੱਲੋਂ ਜਿਨ੍ਹਾਂ ਨੂੰ ਅੰਮ੍ਰਿਤ ਪਾਨ ਕਰਾਇਆ ਜਾਂਦਾ ਹੈ, ਉਨ੍ਹਾਂ ਨੂੰ ਬਕਾਇਦਾ ਇਕ ਸਰਟੀਫਿਕੇਟ ਵੀ ਦਿੱਤਾ ਜਾਂਦਾ ਹੈ। ਉਮੀਦਵਾਰਾਂ ਨੂੰ ਇਸ ਸਰਟੀਫਿਕੇਟ ਦੀ ਖਾਸ ਜ਼ਰੂਰਤ ਹੁੰਦੀ ਹੈ। ਤਖਤ ਦਮਦਮਾ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਣਾ ਚੋਂ ਉਮੀਦਵਾਰ ਜਗਸੀਰ ਸਿੰਘ ਜਿਸ ਨੂੰ ਡਬਵਾਲੀ ਹਲਕੇ ਤੋਂ ਟਿਕਟ ਦਿੱਤੀ ਗਈ ਹੈ, ਨੇ ਪੰਜ ਪਿਆਰਿਆ ਤੋਂ ਅੰਮ੍ਰਿਤ ਛਕਿਆ ਹੈ। ਇਸੇ ਤਰ੍ਹਾਂ ਹਰਿਆਣਾ ਦੇ ਸਿਰਸਾ ਹਲਕੇ ਤੋਂ ਉਮੀਦਵਾਰ ਪ੍ਰਕਾਸ਼ ਸਿੰਘ ਸਾਹੂਵਾਲ ਨੇ ਵੀ ਤਖਤ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਪਾਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਬੁਢਲਾਡਾ ਤੋਂ ਹਲਕਾ ਇੰਚਾਰਜ ਹਰਬੰਤ ਸਿੰਘ ਦਾਤੇਵਾਸ ਦੀ ਪਤਨੀ ਬੀਬੀ ਜਸਵੀਰ ਕੌਰ ਜਿਸ ਨੂੰ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ ਲਈ ਉਮੀਦਵਾਰ ਬਣਾਇਆ ਗਿਆ ਹੈ, ਨੇ ਵੀ ਤਖਤ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਪਾਨ ਕੀਤਾ ਹੈ।

# ਹਾਈ ਕੋਰਟ ਵੱਲੋਂ ਚੋਣਾਂ 'ਤੇ ਰੋਕ ਲਾਉਣ ਤੋਂ ਇਨਕਾਰ

**ਚੰਡੀਗੜ੍ਹ:** ਪੰਜਾਬ-ਹਰਿਆਣਾ ਹਾਈ ਕੋਰਟ ਨੇ 18 ਸਤੰਬਰ ਨੂੰ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਪਰ ਸਪੱਸ਼ਟ ਕੀਤਾ ਕਿ ਚੋਣ ਪ੍ਰਕਿਰਿਆ ਰਿੱਟ ਪਟੀਸ਼ਨ ਦੇ ਫ਼ੈਸਲੇ 'ਤੇ ਨਿਰਭਰ ਕਰੇਗੀ। ਅਦਾਲਤ ਨੇ ਕੇਂਦਰ ਸਰਕਾਰ ਤੇ ਗੁਰਦੁਆਰਾ ਚੋਣ ਕਮਿਸ਼ਨਰ ਨੂੰ 16 ਅਗਸਤ ਤੱਕ ਦੇ ਨੋਟਿਸ ਵੀ ਜਾਰੀ ਕੀਤੇ ਹਨ। ਪ੍ਰਤੀਵਾਦੀ ਧਿਰਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਆਪਣਾ ਜਵਾਬ ਸੁਣਵਾਈ ਤੋਂ ਘੱਟ ਤੋਂ ਘੱਟ ਤਿੰਨ ਦਿਨ ਪਹਿਲਾਂ ਸਬੰਧਤ ਕਾਨੂੰਨੀ ਦਸਤਾਵੇਜ਼ ਸਮੇਤ ਦਾਖ਼ਲ ਕਰਨ। ਹਾਈ ਕੋਰਟ ਦੇ ਜਸਟਿਸ ਐਮ.ਐਮ. ਕੁਮਾਰ, ਜਸਟਿਸ ਗੁਰਦੇਵ ਸਿੰਘ ਤੇ ਜਸਟਿਸ ਆਲੋਕ ਸਿੰਘ 'ਤੇ ਆਧਾਰਤ ਬੈਂਚ ਕੋਲ ਸੁਣਵਾਈ ਦੌਰਾਨ ਪਟੀਸ਼ਨਰ ਧਿਰਾਂ ਨੇ ਕਿਹਾ ਕਿ ਮਾਮਲਾ ਤਕਰੀਬਨ ਸੱਤ ਸਾਲਾਂ ਤੋਂ ਹਾਈ ਕੋਰਟ ਦੇ ਵਿਚਾਰ ਅਧੀਨ ਹੈ, ਇਸ ਲਈ ਇਸ ਦਾ ਨਿਬੇੜਾ ਕੀਤਾ ਜਾਵੇ। ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਕਿ ਇਤਰਾਜ਼ ਮੰਗੇ ਜਾ ਚੁੱਕੇ ਹਨ। ਵੋਟਰ ਸੂਚੀਆਂ ਤਿਆਰ ਹੋ ਗਈਆਂ ਹਨ ਤੇ ਚੋਣ ਨਿਸ਼ਾਨ ਵੰਡੇ ਜਾ ਚੁੱਕੇ ਹਨ। ਇਸ ਤਰ੍ਹਾਂ ਚੋਣ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਹਰਬੰਸ ਸਿੰਘ ਕੰਧੋਲਾ ਵੱਲੋਂ ਦਾਖ਼ਲ ਕੀਤੀ ਗਈ ਅਰਜ਼ੀ 'ਤੇ ਸੁਣਵਾਈ ਦੇ ਨਾਲ ਹੀ ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ ਦਾਖ਼ਲ ਅਰਜ਼ੀ 'ਤੇ ਵੀ ਇਕੱਠੀ ਸੁਣਵਾਈ ਹੋਈ। ਆਪਣੀ ਅਰਜ਼ੀ ਵਿਚ ਫੈਡਰੇਸ਼ਨ ਨੇ ਕਿਹਾ ਹੈ ਕਿ ਉਸ ਨੇ ਸਹਿਜਧਾਰੀ ਸਿੱਖਾਂ ਦੇ ਵੋਟ ਦੇ ਅਧਿਕਾਰ ਨੂੰ ਖੋਹਣ ਵਾਲੇ 8 ਅਕਤੂਬਰ 2003 ਨੂੰ ਜਾਰੀ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ ਸੀ ਜਿਸ ਵਿਚ 31 ਮਈ 2004 ਨੂੰ ਹਾਈ ਕੋਰਟ ਨੇ ਕਿਹਾ ਸੀ ਕਿ ਪਟੀਸ਼ਨ ਦਾ ਫੈਸਲਾ ਚੋਣ ਪ੍ਰਕਿਰਿਆ 'ਤੇ ਲਾਗੂ ਹੋਵੇਗਾ ਤੇ ਸੁਣਵਾਈ ਲਈ 1 ਜੁਲਾਈ 2004 ਤੈਅ ਕੀਤੀ ਸੀ। 19 ਜੁਲਾਈ ਨੂੰ ਸੁਣਵਾਈ ਤੋਂ ਪਹਿਲਾਂ 11 ਜੁਲਾਈ 2004 ਨੂੰ ਚੋਣਾਂ ਹੋ ਗਈਆਂ, ਭਾਵ ਸ਼੍ਰੋਮਣੀ ਕਮੇਟੀ ਹਾਊਸ ਦੀ ਮਿਆਦ ਪੰਜ ਸਾਲ ਹੈ ਪਰ ਮੈਂਬਰ ਸੱਤ ਸਾਲ ਤੱਕ ਇਸ ਦਾ ਆਨੰਦ ਮਾਣਦੇ ਰਹੇ ਹਨ।

# ਸ਼੍ਰੋਮਣੀ ਕਮੇਟੀ ਚੋਣਾਂ 'ਚ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਰਗਰਮੀ ਸ਼ੁਰੂ ਹੋਣ ਦੇ ਨਾਲ ਹੀ ਚੋਣਾਂ ਦੌਰਾਨ ਵੋਟਰਾਂ ਨੂੰ ਭਰਮਾਉਣ ਲਈ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ। ਇਸ ਮੁਹਿੰਮ ਦੀ ਅਗਵਾਈ ਕਰ ਰਹੇ ਸੁਪਰੀਮ ਕੋਰਟ ਦੇ ਵਕੀਲ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਸਿੱਖ ਵੋਟਰਾਂ ਤੇ ਧਾਰਮਿਕ ਅਦਾਰਿਆਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਤੇ ਸਹੀ ਉਮੀਦਵਾਰਾਂ ਦੀ ਚੋਣ ਲਈ ਸਹਿਯੋਗ ਦਿੱਤਾ ਜਾਵੇ।



ਸ. ਫੂਲਕਾ ਦਾ ਕਹਿਣਾ ਹੈ ਕਿ ਗੁਰਦੁਆਰਾ ਚੋਣਾਂ ਵਿਚ ਨਸ਼ਿਆਂ ਦੀ ਵਰਤੋਂ ਬਹੁਤ ਸ਼ਰਮਨਾਕ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਸ਼ਿਆਂ ਵਿਚ ਡੁੱਬ ਰਿਹਾ ਹੈ ਤੇ ਚੋਣਾਂ ਦੌਰਾਨ ਵੰਡੀ ਜਾਂਦੀ ਸ਼ਰਾਬ ਨੌਜਵਾਨਾਂ ਨੂੰ ਨਸ਼ੇ ਦਾ ਆਦੀ ਬਣਾ ਰਹੀ ਹੈ। ਉਨ੍ਹਾਂ ਵੋਟਰਾਂ ਨੂੰ ਇਹ ਅਪੀਲ ਵੀ ਕੀਤੀ ਕਿ ਜੇ ਕੋਈ ਉਮੀਦਵਾਰ ਨਸ਼ਾ ਵੰਡੇਗਾ ਤਾਂ ਉਸ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਮੀਦਵਾਰ ਦੀ ਨਾਮਜ਼ਦਗੀ ਰੱਦ ਕਰਵਾਉਣ ਦਾ ਯਤਨ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਨਾਲ ਸੰਪਰਕ ਕਾਇਮ ਕੀਤਾ ਜਾ ਰਿਹਾ ਹੈ ਤੇ ਬਹੁਤ ਸਾਰੀਆਂ ਜਥੇਬੰਦੀਆਂ ਇਸ ਮੁਹਿੰਮ ਵਿਚ ਸ਼ਾਮਲ ਹੋ ਗਈਆਂ ਹਨ। ਉਨ੍ਹਾਂ ਕਿਹਾ ਅਗਲੇ ਕੁਝ ਕੁ ਦਿਨਾਂ ਵਿਚ ਹੀ ਤਾਲਮੇਲ ਕਮੇਟੀ ਬਣਾਈ ਜਾਵੇਗੀ ਜਿਹੜੀ ਇਸ ਮੁਹਿੰਮ ਨੂੰ ਚਲਾਉਣ ਲਈ ਨਿਰਦੇਸ਼ ਜਾਰੀ ਕਰੇਗੀ।

ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਚਲਾਈ ਜਾ ਰਹੀ ਇਸ ਮੁਹਿੰਮ ਲਈ ਹਰ ਚੋਣ ਖੇਤਰ ਵਿਚ 50-50 ਵਲੰਟੀਅਰ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਪ੍ਰਚਾਰ ਲਈ ਨਾ ਤਾਂ ਉਮੀਦਵਾਰਾਂ ਦੇ ਪੋਸਟਰ ਤੇ ਬੈਨਰ ਲੱਗਣੇ ਚਾਹੀਦੇ ਹਨ ਤੇ ਨਾ ਹੀ ਹੋਰਡਿੰਗ ਲੱਗਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਰਹੇ ਹਨ ਤੇ ਜੇ ਲੋੜ ਪਈ ਤਾਂ ਸੁਪਰੀਮ ਕੋਰਟ ਵਿਚ ਲੋਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਥੇ ਵੀ ਸ਼ਰਾਬ ਵੰਡਣ ਬਾਰੇ ਪਤਾ ਲੱਗੇਗਾ ਉਥੇ ਪੁਲੀਸ ਅਧਿਕਾਰੀਆਂ ਨੂੰ ਕਾਰਵਾਈ ਲਈ ਆਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਹਾਈ ਕੋਰਟ ਵਿਚ ਪਟੀਸ਼ਨਾਂ ਵੀ ਪਾਈਆਂ ਜਾਣਗੀਆਂ। ਇਸ ਕਾਰਵਾਈ ਲਈ ਹਾਈ ਕੋਰਟ ਦੇ ਵੀਹ ਵਕੀਲਾਂ ਦੀ ਟੀਮ ਬਣਾਈ ਗਈ ਹੈ ਜਿਸ ਦੇ ਇੰਚਾਰਜ ਹਾਈ ਕੋਰਟ ਦੇ ਵਕੀਲ ਨਵਕਿਰਨ ਸਿੰਘ ਹਨ। ਉਨ੍ਹਾਂ ਕਿਹਾ ਕਿ ਸ਼ਰਾਬ ਵੰਡਣ ਵਾਲੇ ਉਮੀਦਵਾਰ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕਰਾਂਗੇ ਤੇ ਉਸ ਦੀ ਨਾਮਜ਼ਦਗੀ ਰੱਦ ਕਰਵਾਈ ਜਾਵੇਗੀ। ਸ੍ਰੀ ਫੂਲਕਾ ਨੇ ਕੀਰਤਨ ਜਥਿਆਂ ਤੇ ਕਥਾਵਾਚਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪ੍ਰੋਗਰਾਮਾਂ ਦੌਰਾਨ ਨਸ਼ਿਆਂ ਖ਼ਿਲਾਫ਼ ਸੁਚੇਤ ਕਰਨ। ਉਨ੍ਹਾਂ ਕਿਹਾ ਕਿ ਇਸ ਬਾਰੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਮਿਲਣਗੇ ਤੇ ਚੋਣ ਕਮਿਸ਼ਨ ਨੂੰ ਵੀ ਪੱਤਰ ਲਿਖਿਆ ਜਾਵੇਗਾ।

# ਦਲ ਖਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਮੁੱਚੇ ਢਾਂਚੇ 'ਚ ਨਵੇਂ ਸਿਰਿਉਂ ਕਾਇਆ ਕਲਪ ਕਰਨ ਦੇ ਮੰਤਵ ਨਾਲ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਆਪਣੇ ਪੱਧਰ 'ਤੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਸੱਤ ਸਾਲ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕੀਤਾ ਗਿਆ ਤੇ ਇਸ ਬਾਰੇ ਰਿਪੋਰਟ ਤਿਆਰ ਕੀਤੀ ਗਈ ਹੈ ਜੋ 13 ਅਗਸਤ ਨੂੰ ਜਥੇਬੰਦੀ ਦੀ ਸਥਾਪਨਾ ਵਰ੍ਹੇਗੰਢ ਮੌਕੇ ਰਸਮੀਂ ਤੌਰ 'ਤੇ ਜਾਰੀ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀ ਕਾਰਗੁਜ਼ਾਰੀ ਦੇ ਲੇਖੇ-ਜੋਖੇ ਬਾਰੇ ਰਿਪੋਰਟ ਵਿਚ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਤੇ ਡਾ. ਮਨਜਿੰਦਰ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਜੋ ਸਿੱਖਾਂ ਦੀ ਸੰਸਦ ਹੈ, ਨੇ ਕਦੇ ਵੀ ਸੰਸਦ ਵਾਂਗ ਕੰਮ ਨਹੀਂ ਕੀਤਾ। ਇਹ ਸੰਸਥਾ ਨਿਰੰਤਰ ਨਿਘਾਰ ਵੱਲ ਜਾ ਰਹੀ ਹੈ ਤੇ ਇਸ ਨੂੰ ਵਧੇਰੇ ਨੁਕਸਾਨ ਤੋਂ ਬਚਾਉਣ ਲਈ ਇਸਦੇ ਸਮੁੱਚੇ ਢਾਂਚੇ ਦੀ ਨਵੇਂ ਸਿਰਿਉਂ ਕਾਇਆ ਕਲਪ ਕਰਨ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਵਾਰ ਚੋਣਾਂ ਵਿਚ ਸੰਗਤਾਂ ਉਮੀਦਵਾਰਾਂ ਦੀ ਚੋਣ ਉਸ ਦੀ ਪਾਰਟੀ ਦੇ ਆਧਾਰ 'ਤੇ ਨਹੀਂ, ਸਗੋਂ ਉਮੀਦਵਾਰ ਦੀ ਲਿਆਕਤ ਤੇ ਗੁਣਾਂ ਦੇ ਆਧਾਰ 'ਤੇ ਕਰਨ ਤਾਂ ਜੋ ਗੁਰਧਾਮਾਂ ਦਾ ਪ੍ਰਬੰਧ ਵਧੇਰੇ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ।

ਦਲ ਖ਼ਾਲਸਾ ਵੱਲੋਂ ਕੀਤੇ ਗਏ ਲੇਖੇ ਜੋਖੇ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਮੌਜੂਦਾ ਸਦਨ ਦਾ ਕਾਰਜਕਾਲ ਸੱਤ ਸਾਲ ਦੇ ਕਰੀਬ ਰਿਹਾ ਤੇ ਇਸ ਕਾਰਜਕਾਲ ਦੌਰਾਨ ਕੁਝ ਸਮੇਂ ਲਈ ਬੀਬੀ ਜਗੀਰ ਕੌਰ ਇਸ ਦੇ ਪ੍ਰਧਾਨ ਰਹੇ ਹਨ ਤੇ ਵਧੇਰੇ ਸਮਾਂ ਜਥੇਦਾਰ ਅਵਤਾਰ ਸਿੰਘ ਇਸ ਦੇ ਪ੍ਰਧਾਨ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਸਿਰਫ ਸਾਲ ਵਿਚ ਦੋ ਵਾਰ ਹੁੰਦਾ ਹੈ, ਇਕ ਵਾਰ ਪ੍ਰਧਾਨ ਦੀ ਚੋਣ ਤੇ ਇਕ ਵਾਰ ਬਜਟ ਪਾਸ ਕਰਨ ਲਈ ਤੇ ਦੋਹਾਂ ਇਜਲਾਸਾਂ ਸਮੇਂ ਮੈਂਬਰਾਂ ਵੱਲੋਂ ਸਿਰਫ ਹੱਥ ਹੀ ਖੜ੍ਹੇ ਕੀਤੇ ਜਾਂਦੇ ਹਨ। ਇਸ ਮੌਕੇ ਕੋਈ ਉਸਾਰੂ ਗੱਲ ਜਾਂ ਮੁੱਦੇ ਉਤੇ ਬਹਿਸ ਨਹੀਂ ਹੋਣ ਦਿੱਤੀ ਜਾਂਦੀ। ਦੋਸ਼ ਲਾਇਆ ਗਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਅੰਦਰੂਨੀ ਤਰੁੱਟੀਆਂ ਕਾਰਨ ਡੇਰਾਵਾਦ ਨੂੰ ਉਤਸ਼ਾਹ ਮਿਲਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਆਪਣੇ ਵੋਟਰਾਂ ਤੇ ਸਿੱਖ ਸੰਗਤਾਂ ਨਾਲ ਮੇਲ-ਮਿਲਾਪ ਦੀ ਘਾਟ ਵੀ ਸਾਹਮਣੇ ਆਈ ਹੈ ਤੇ ਮੈਂਬਰਾਂ ਵਿਚ ਧਾਰਮਿਕ ਰੁਚੀਆਂ ਦੀ ਅਣਹੋਂਦ ਤੇ ਰਾਜਨੀਤਕ ਲਾਲਸਾਵਾਂ ਵੱਧ ਵੇਖਣ ਨੂੰ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਵਧੇਰੇ ਮੈਂਬਰਾਂ ਦਾ ਕਿਰਦਾਰ ਤੇ ਪਰਿਵਾਰਕ ਪਿਛੋਕੜ ਗੁਰਮਤਿ ਅਨੁਸਾਰ ਨਹੀਂ ਹੈ ਤੇ ਇਹ ਮੈਂਬਰ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਸਿੱਖ ਸਿਧਾਂਤਾਂ ਨੂੰ ਢਾਹ ਲਾ ਰਹੇ ਹਨ।

ਰਿਪੋਰਟ ਵਿਚ ਦੱਸਿਆ ਗਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਮਤੇ ਤਾਂ ਪਾਸ ਕੀਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਲਾਗੂ ਨਹੀਂ ਕਰਵਾਇਆ ਜਾਂਦਾ। ਇਸੇ ਰਿਪੋਰਟ ਵਿਚ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਾਂ ਨੂੰ ਅਣਦੇਖਿਆ ਕਰਨ ਦਾ ਵੀ ਦੋਸ਼ ਲਾਇਆ ਗਿਆ ਜਿਸ ਵਿਚ ਡੇਰਾ ਸਿਰਸਾ ਸਬੰਧੀ ਜਾਰੀ ਹੁਕਮਨਾਮਾ, ਵਿਆਨਾ ਕਾਂਡ ਦੀ ਜਾਂਚ ਲਈ ਵਫਦ ਭੇਜਣ ਦਾ ਮਾਮਲਾ, ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ ਤੇ ਹੋਰ ਸੇਵਾ ਨਿਯਮ ਤਿਆਰ ਕਰਨ ਦਾ ਮਾਮਲਾ ਵੀ ਸ਼ਾਮਲ ਹੈ। ਉਨ੍ਹਾਂ ਰਿਪੋਰਟ ਵਿਚ ਸ਼੍ਰੋਮਣੀ ਕਮੇਟੀ ਦੀ ਵਿਰੋਧੀ ਧਿਰ ਦੇ ਮੈਂਬਰਾਂ ਦੀ ਕਾਰਗੁਜ਼ਾਰੀ 'ਤੇ ਵੀ ਕਿੰਤੂ ਪ੍ਰੰਤੂ ਕਰਦਿਆਂ ਕਿਹਾ ਕਿ ਇਹ ਧਿਰ ਸ਼੍ਰੋਮਣੀ ਕਮੇਟੀ ਦੇ ਸਮਨੰਤਰ ਕੰਮ ਕਰਨ ਵਿਚ ਅਸਮਰੱਥ ਰਹੀ ਹੈ। ਅੰਤ ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵਧੇਰੇ ਨੁਕਸਾਨ ਤੋਂ ਬਚਾਉਣ ਲਈ ਇਸ ਦੇ ਢਾਂਚੇ ਦੀ ਨਵੇਂ ਸਿਰਿਉਂ ਕਾਇਆ ਕਲਪ ਕਰਨ ਦਾ ਸੁਝਾਅ ਦਿੱਤਾ ਤੇ ਕਿਹਾ ਇਸ ਵਾਸਤੇ ਸੰਗਤਾਂ ਸਹੀ ਉਮੀਦਵਾਰਾਂ ਦੀ ਚੋਣ ਕਰਨ।

## ਕਿਸੇ ਨੂੰ ਲੇਖਾ-ਜੋਖਾ ਕਰਨ ਦਾ ਹੱਕ ਨਹੀਂ: ਮੱਕੜ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਲੇਖਾ ਜੋਖਾ ਰਿਪੋਰਟ ਬਾਰੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਦਲ ਖਾਲਸਾ ਜਥੇਬੰਦੀ ਨੂੰ ਇਹ ਲੇਖਾ ਜੋਖਾ ਕਰਨ ਦਾ ਕੋਈ ਹੱਕ ਨਹੀਂ। ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਸ਼੍ਰੋਮਣੀ ਅਕਾਲੀ ਦਲ ਚਲਾ ਰਿਹਾ ਹੈ ਤੇ ਉਸ ਵੱਲੋਂ ਹੀ ਲੇਖਾ ਜੋਖਾ ਕਰਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਹਾਊਸ ਦੇ ਕਾਰਜਕਾਲ ਦੌਰਾਨ ਵੱਡੇ ਪੱਧਰ 'ਤੇ ਕੰਮ ਹੋ ਰਹੇ ਹਨ ਜਿਨ੍ਹਾਂ ਵਿੱਚ ਲੰਗਰ ਤੇ ਸਰਾਵਾਂ ਦੇ ਪ੍ਰਬੰਧ ਵਿਚ ਸੁਧਾਰ, ਵਿਦਿਅਕ ਮਿਆਰ ਨੂੰ ਉੱਚਾ ਚੁੱਕਣਾ, ਯੂਨੀਵਰਸਿਟੀ ਸਮੇਤ ਨਵੇਂ ਕਾਲਜ ਤੇ ਸਕੂਲ ਕਾਇਮ ਕਰਨਾ, ਗੁਰਮਤਿ ਪ੍ਰਚਾਰ ਵਿਚ ਤੇਜ਼ੀ ਲਿਆਂਦੀ ਗਈ ਹੈ, ਉਨ੍ਹਾਂ ਨੇ ਲੇਖਾ ਜੋਖਾ ਕਰਨ ਵਾਲੇ ਆਗੂਆਂ ਨੂੰ ਸਵਾਲ ਕੀਤਾ ਕਿ ਸ਼ਹੀਦਾਂ ਦੇ ਵਾਰਸ ਹੋਣ ਦਾ ਦਾਅਵਾ ਕਰਨ ਵਾਲੇ ਦੱਸਣ ਕਿ ਕੀ ਹੁਣ ਉਹ ਕਾਂਗਰਸ ਸਮਰਥਕ ਆਗੂ ਦੀ ਅਗਵਾਈ ਹੇਠ ਚੋਣਾਂ ਲੜਣਗੇ।

# ਵਿਰੋਧ ਦੇ ਬਾਵਜੂਦ ਲੋਕਪਾਲ ਬਿੱਲ ਲੋਕ ਸਭਾ 'ਚ ਪੇਸ਼

## ਅੰਨਾ ਹਮਾਇਤੀਆਂ ਨੇ ਬਿੱਲ ਦੀਆਂ ਕਾਪੀਆਂ ਸਾੜੀਆਂ

**ਨਵੀਂ ਦਿੱਲੀ:** ਸਰਕਾਰ ਨੇ ਗਾਂਧੀਵਾਦੀ ਆਗੂ ਅੰਨਾ ਹਜ਼ਾਰੇ ਤੇ ਸਾਥੀਆਂ ਦੇ ਵਿਰੋਧ ਦੇ ਬਾਵਜੂਦ ਕੇਂਦਰੀ ਮੰਤਰੀ ਮੰਡਲ ਵੱਲੋਂ ਤਿਆਰ ਲੋਕਪਾਲ ਬਿੱਲ ਲੋਕ ਸਭਾ ਵਿਚ ਪੇਸ਼ ਕਰ ਦਿੱਤਾ ਗਿਆ। ਭਾਜਪਾ ਨੇ ਪ੍ਰਧਾਨ ਮੰਤਰੀ ਨੂੰ ਲੋਕਪਾਲ ਬਿੱਲ ਦੇ ਘੇਰੇ ਵਿਚ ਨਾ ਲਿਆਉਣ ਦੇ ਮੁੱਦੇ ਨੂੰ ਲੈ ਕੇ ਇਸ ਬਿੱਲ ਦੀ ਪ੍ਰਸਤਾਵਨਾ ਦਾ ਵਿਰੋਧ ਕੀਤਾ ਪਰ ਹਾਕਮ ਧਿਰ ਨੇ ਭਾਜਪਾ ਦੇ ਇਤਰਾਜ਼ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਕਿ ਇਹ ਬਿੱਲ 'ਤੇ ਵਿਚਾਰ ਦੌਰਾਨ ਸਦਨ ਫ਼ੈਸਲਾ ਲੈ ਸਕਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ 'ਚ ਰੱਖਿਆ ਜਾਵੇ ਜਾਂ ਨਹੀਂ। ਉਧਰ ਅੰਨਾ ਹਜ਼ਾਰੇ ਨੇ ਐਲਾਨ ਕੀਤਾ ਕਿ ਉਹ ਪਹਿਲਾਂ ਐਲਾਨੇ ਪ੍ਰੋਗਰਾਮ ਅਨੁਸਾਰ 16 ਅਗਸਤ ਤੋਂ ਪ੍ਰਭਾਵਸ਼ਾਲੀ ਜਨ ਲੋਕਪਾਲ ਬਿੱਲ ਲਿਆਉਣ ਲਈ ਅੰਦੋਲਨ ਸ਼ੁਰੂ ਕਰ ਦੇਣਗੇ। ਸਿਵਲ ਸੁਸਾਇਟੀ ਦੇ ਸੱਦੇ 'ਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਸਰਕਾਰੀ ਲੋਕਪਾਲ ਬਿੱਲ ਦੀਆਂ ਕਾਪੀਆਂ ਸਾੜੀਆਂ ਗਈਆਂ।

ਸਪੀਕਰ ਮੀਰਾ ਕੁਮਾਰ ਵੱਲੋਂ ਸਰਕਾਰ ਨੂੰ ਲੋਕਪਾਲ ਬਿੱਲ ਪੇਸ਼ ਕਰਨ ਲਈ ਕਹਿਣ 'ਤੇ ਪ੍ਰਸੋਨਲ ਤੇ ਸਿਖਲਾਈ ਵਿਭਾਗ ਦੇ ਮੰਤਰੀ ਨਰਾਇਣ ਸਾਮੀ ਜਦੋਂ ਬਿੱਲ ਪੇਸ਼ ਕਰਨ ਲੱਗੇ ਤਾਂ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਪ੍ਰਧਾਨ ਮੰਤਰੀ ਨੂੰ ਲੋਕਪਾਲ ਬਿੱਲ ਵਿੱਚੋਂ ਬਾਹਰ ਰੱਖਣ 'ਤੇ ਇਤਰਾਜ਼ ਕਰਦਿਆਂ ਕਿਹਾ ਕਿ ਕੌਮੀ ਜਮਹੂਰੀ ਗਠਜੋੜ ਦੀ ਸਰਕਾਰ ਵੇਲੇ ਬਿੱਲ ਤਿਆਰ ਕੀਤਾ ਗਿਆ ਸੀ ਤਾਂ ਉਸ ਵੇਲੇ ਸੰਸਦ ਦੀ ਸਥਾਈ ਕਮੇਟੀ ਦੇ ਚੇਅਰਮੈਨ ਮੌਜੂਦਾ ਵਿੱਤ ਮੰਤਰੀ ਪ੍ਰਣਬ ਮੁਖਰਜੀ ਸਨ ਤੇ ਉਸ ਕਮੇਟੀ ਨੇ ਪ੍ਰਧਾਨ ਮੰਤਰੀ ਨੂੰ ਲੋਕਪਾਲ ਬਿੱਲ ਦੇ ਘੇਰੇ ਵਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਲੋਕਪਾਲ ਤੋਂ ਬਾਹਰ ਰੱਖਣਾ ਗਲਤ ਹੈ ਕਿਉਂਕਿ ਫੌਜਦਾਰੀ ਕਾਨੂੰਨ ਦੇਸ਼ ਦੇ ਸਾਰੇ ਨਾਗਰਿਕਾਂ 'ਤੇ ਇਕ ਸਮਾਨ ਲਾਗੂ ਹੁੰਦਾ ਹੈ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਵਿਰੋਧੀ ਧਿਰ ਦੀ ਆਗੂ ਦਾ ਇਤਰਾਜ਼ ਰੱਦ ਕਰਦਿਆਂ ਕਿਹਾ ਕਿ ਸੰਸਦ ਸਰਵਉੱਚ ਹੈ ਤੇ ਇਹ ਕੋਈ ਵੀ ਫ਼ੈਸਲਾ ਲੈਣ ਦੇ ਸਮਰੱਥ ਹੈ। ਇਸ ਤੋਂ ਬਾਅਦ ਨਰਾਇਣ ਸਾਮੀ ਨੇ ਬਿੱਲ ਪੇਸ਼ ਕਰ ਦਿੱਤਾ। ਪ੍ਰਧਾਨ ਮੰਤਰੀ ਤੇ ਨਿਆਂ ਪਾਲਿਕਾ ਨੂੰ ਬਿੱਲ ਤੋਂ ਬਾਹਰ ਰੱਖਿਆ ਗਿਆ ਹੈ। ਲੋਕਪਾਲ ਜਿਸ ਦੇ ਨੌਂ ਮੈਂਬਰ ਹੋਣਗੇ, ਭ੍ਰਿਸ਼ਟਾਚਾਰ ਨਾਲ ਸਬੰਧਤ ਸ਼ਿਕਾਇਤਾਂ ਦਾ ਨਿਬੇੜਾ ਕਰੇਗਾ। ਲੋਕਪਾਲ ਦੇ ਚੇਅਰਮੈਨ ਤੇ ਮੈਂਬਰਾਂ ਦੀ ਮਿਆਦ ਪੰਜ ਸਾਲ ਦੀ ਹੋਵੇਗੀ। ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਨਜਿੱਠਣ ਲਈ ਲੋਕਪਾਲ ਦੇ ਦੋ ਵਿੰਗ ਹੋਣਗੇ। ਇਕ ਵਿੰਗ ਜਾਂਚ ਕਰੇਗਾ ਤੇ ਦੂਜੇ ਰਾਹੀ ਕੇਸ ਚਲਾਏ ਜਾਣਗੇ। ਲੋਕਪਾਲ ਨੂੰ ਕਿਸੇ ਖ਼ਿਲਾਫ਼ ਜਾਂਚ ਸ਼ੁਰੂ ਕਰਨ ਲਈ ਕਿਸੇ ਕੋਲੋਂ ਆਗਿਆ ਲੈਣ ਦੀ ਲੋੜ ਨਹੀਂ ਹੋਵੇਗੀ। ਲੋਕਪਾਲ ਕੋਲ ਗਲਤ ਤੇ ਗੈਰ-ਕਾਨੂੰਨੀ ਢੰਗ ਤਰੀਕਿਆਂ ਰਾਹੀ ਇਕੱਠੀ ਜਾਇਦਾਦ ਬਾਰੇ ਵੀ ਫੈਸਲਾ ਕਰਨ ਦਾ ਹੱਕ ਹੋਵੇਗਾ।

ਸਿਵਲ ਸੁਸਾਇਟੀ ਦੇ ਆਗੂਆਂ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਲੋਕਪਾਲ ਦੀਆਂ ਕਾਪੀਆਂ ਸਾੜੀਆਂ ਗਈਆਂ। ਸਿਵਲ ਸੁਸਾਇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰੀ ਲੋਕਪਾਲ ਬਹੁਤ ਹੀ ਕਮਜ਼ੋਰ ਹੈ। ਇਸ ਵਿਚ ਸੁਸਾਇਟੀ ਨੇ ਜਿਹੜੇ ਅਹਿਮ ਸੁਝਾਅ ਦਿੱਤੇ ਸਨ, ਉਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਸ ਬਿੱਲ ਨੂੰ ਪਾਸ ਕਰਨ ਨਾਲ ਦੇਸ਼ ਵਿਚੋਂ ਭ੍ਰਿਸ਼ਟਾਚਾਰ ਨੂੰ ਦੂਰ ਨਹੀਂ ਕੀਤਾ ਜਾ ਸਕੇਗਾ। ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਨੇ ਕਿਹਾ ਕਿ ਸਰਕਾਰ ਨੇ ਲੋਕਪਾਲ ਬਿੱਲ ਦੇ ਮੁੱਦੇ 'ਤੇ ਉਨ੍ਹਾਂ ਤੇ ਦੇਸ਼ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਉਹ ਪਹਿਲਾਂ ਐਲਾਨੇ ਪ੍ਰੋਗਰਾਮ ਅਨੁਸਾਰ 16 ਅਗਸਤ ਤੋਂ ਪ੍ਰਭਾਵਸ਼ਾਲੀ ਜਨ ਲੋਕਪਾਲ ਬਿੱਲ ਲਿਆਉਣ ਲਈ ਅੰਦੋਲਨ ਸ਼ੁਰੂ ਕਰ ਦੇਣਗੇ।

# ਜੋਸ਼ੀ ਨੇ ਮੁੜ 2-ਜੀ ਸਪੈਕਟ੍ਰਮ ਦਾ ਮੁੱਦਾ ਉਭਾਰਿਆ


**ਨਵੀਂ ਦਿੱਲੀ:** ਸੰਸਦ ਦੀ ਲੋਕ ਲੇਖਾ ਕਮੇਟੀ (ਪੀ.ਏ.ਸੀ.) ਦੇ ਚੇਅਰਮੈਨ ਡਾ. ਮੁਰਲੀ ਮਨੋਹਰ ਜੋਸ਼ੀ ਵੱਲੋਂ 2-ਜੀ ਸਪੈਕਟ੍ਰਮ ਬਾਰੇ ਪੈਨਲ ਦੀ ਵਿਵਾਦਗ੍ਰਸਤ ਰਿਪੋਰਟ ਨੂੰ ਕੁਝ ਸੋਧਾਂ ਨਾਲ ਮੁੜ ਵੰਡ ਕੇ ਨਵਾਂ ਵਿਵਾਦ ਛੇੜ ਲਿਆ ਹੈ। ਕਾਂਗਰਸ ਨੇ ਇਸ ਦਾ ਜ਼ੋਰਦਾਰ ਵਿਰੋਧ ਕਰਦਿਆਂ ਜੋਸ਼ੀ ਦਾ ਅਸਤੀਫਾ ਮੰਗਿਆ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਸ੍ਰੀ ਜੋਸ਼ੀ ਆਪਣੇ ਫਰਜ਼ ਨਿਭਾਉਣ ਦੀ ਥਾਂ ਸਿਆਸਤ ਕਰ ਰਹੇ ਹਨ ਜਦਕਿ ਭਾਜਪਾ ਇਸ ਸਾਰੇ ਮਾਮਲੇ 'ਤੇ ਵੋਟਾਂ ਦੀ ਰਾਜਨੀਤੀ ਕਰ ਰਹੀ ਹੈ। ਉਧਰ ਭਾਜਪਾ ਨੇ ਕਿਹਾ ਹੈ ਕਿ ਉਸ ਦੇ ਆਗੂ ਨੇ ਕੁਝ ਸੋਧਾਂ ਨਾਲ ਰਿਪੋਰਟ ਮੁੜ ਪੇਸ਼ ਕਰਕੇ ਕੋਈ ਗਲਤੀ ਨਹੀਂ ਕੀਤੀ।

ਪੀ.ਏ.ਸੀ. ਮੈਂਬਰ ਤੇ ਕਾਂਗਰਸ ਦੇ ਆਗੂ ਸੰਜੇ ਨਿਰੂਪਮ ਨੇ ਕਿਹਾ ਹੈ ਕਿ ਸ੍ਰੀ ਜੋਸ਼ੀ ਸਿਆਸਤ ਕਰ ਰਹੇ ਹਨ ਤੇ ਇਹ ਰਿਪੋਰਟ ਰੱਦੀ ਦੀ ਟੋਕਰੀ ਵਿਚ ਸੁੱਟਣਯੋਗ ਹੈ। ਉਨ੍ਹਾਂ ਕਿਹਾ, "ਪੀ.ਏ.ਸੀ. ਦੀ ਪਿਛਲੀ ਮੀਟਿੰਗ ਵਿਚ ਸ੍ਰੀ ਜੋਸ਼ੀ ਨੇ ਕਿਹਾ ਸੀ ਕਿ ਉਹ 2-ਜੀ ਰਿਪੋਰਟ ਬਾਰੇ ਮਾਹਰਾਂ ਦੀ ਰਾਇ ਲੈਣਗੇ ਪਰ ਚੇਅਰਮੈਨ ਨੇ ਮਾਹਰਾਂ ਦੇ ਵਿਚਾਰਾਂ ਤੋਂ ਜਾਣੂ ਕਰਾਏ ਬਗੈਰ ਹੀ ਰਿਪੋਰਟ ਦੀਆਂ ਕਾਪੀਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਕਿਹਾ ਉਹ ਇਸ ਰਿਪੋਰਟ ਨੂੰ ਨਹੀਂ ਮੰਨਦੇ। ਕਾਂਗਰਸੀ ਨੇ ਮੰਗ ਕੀਤੀ ਕਿ ਭਾਜਪਾ ਆਪਣੇ ਇਸ ਆਗੂ ਦੀ ਥਾਂ ਕਿਸੇ ਹੋਰ ਨੂੰ ਪੀ.ਏ.ਸੀ. ਲਈ ਨਾਮਜ਼ਦ ਕਰੇ। ਕਾਂਗਰਸ ਦੇ ਬੁਲਾਰੇ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ"ਸਾਫ ਨਜ਼ਰ ਆ ਰਿਹਾ ਹੈ ਕਿ ਭਾਜਪਾ ਤੇ ਸ੍ਰੀ ਜੋਸ਼ੀ ਕਮੇਟੀ ਨੂੰ ਸਿਆਸੀ ਅਖਾੜਾ ਬਣਾ ਕੇ ਇਸ ਨੂੰ ਆਪਣੇ ਮੰਤਵ ਲਈ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਇਕ ਵਾਰ ਰੱਦ ਕੀਤੀ ਜਾ ਚੁੱਕੀ ਰਿਪੋਰਟ ਨੂੰ ਮੁੜ ਪੇਸ਼ ਕਰਕੇ ਕੀ ਸਾਬਤ ਕਰਨਾ ਚਾਹੁੰਦੇ ਹਨ?

ਇਸ ਦੌਰਾਨ ਚੇਅਰਮੈਨ ਦੇ ਕਦਮ ਨੂੰ ਸਹੀ ਕਰਾਰ ਦਿੰਦਿਆਂ ਭਾਜਪਾ ਆਗੂ ਐਸ. ਐਸ. ਆਹਲੂਵਾਲੀਆ ਨੇ ਕਿਹਾ ਕਿ ਰਿਪੋਰਟ ਲੋਕ ਸਭਾ ਸਪੀਕਰ ਮੀਰਾ ਕੁਮਾਰ ਕੋਲ ਭੇਜੀ ਗਈ ਸੀ ਪਰ ਉਨ੍ਹਾਂ ਨੇ ਇਸ ਨੂੰ ਮਨਜ਼ੂਰ ਨਹੀਂ ਕੀਤਾ। ਇਸ ਲਈ ਇਹ ਕੁਦਰਤੀ ਹੈ ਕਿ ਜੇਕਰ ਕਮੇਟੀ ਰਿਪੋਰਟ ਨੂੰ ਮਨਜ਼ੂਰ ਨਹੀਂ ਕਰਦੀ ਤਾਂ ਇਹ ਉਸ ਦੀ ਮਨਜ਼ੂਰੀ ਲਈ ਮੁੜ ਮੈਂਬਰਾਂ ਵਿਚ ਵੰਡੀ ਜਾਵੇ। ਇਸ ਲਈ ਇਹ ਪ੍ਰਕਿਰਿਆ ਬਿਲਕੁਲ ਗਲਤ ਨਹੀਂ ਹੈ। ਸ੍ਰੀ ਜੋਸ਼ੀ ਨੇ ਇਹ ਰਿਪੋਰਟ ਬੀਤੇ ਦਿਨ ਮੈਂਬਰਾਂ ਵਿਚ ਮੁੜ ਵੰਡੀ ਸੀ ਤੇ ਰਿਪੋਰਟ ਨਾਲ ਇਕ ਪੱਤਰ ਲਾਇਆ ਗਿਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਇਹ ਰਿਪੋਰਟ ਭੇਜੀ ਜਾ ਰਹੀ ਹੈ ਤੇ ਇਸ ਬਾਰੇ ਮਾਹਰਾਂ ਦੀ ਰਾਇ ਲੈ ਲਈ ਹੈ।

# ਹੋਸਨੀ ਮੁਬਾਰਕ ਪਿੰਜਰੇ 'ਚ ਪਾ ਕੇ ਅਦਾਲਤ 'ਚ ਪੇਸ਼

**ਕਾਹਿਰਾ:** ਕਾਹਿਰਾ ਵਿਖੇ ਅੰਦੋਲਨਕਾਰੀਆਂ ਨੂੰ ਮੌਤ ਦੇ ਘਾਟ ਉਤਾਰਨ 'ਚ ਹੋਸਨੀ ਮੁਬਾਰਕ ਦੀ ਭੂਮਿਕਾ ਬਾਰੇ ਮੁਕੱਦਮੇ ਦੀ ਸੁਣਵਾਈ ਕਰ ਰਹੀ ਅਦਾਲਤ 'ਚ ਕਈ ਵਰ੍ਹੇ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਹੋਸਨੀ ਮੁਬਾਰਕ ਤੇ ਉਸ ਦੇ ਦੋ ਪੁੱਤਰਾਂ ਨੂੰ ਪਿੰਜਰੇ 'ਚ ਪਾ ਕੇ ਲਿਆਂਦਾ ਗਿਆ। ਜਿਉਂ ਹੀ ਹੋਸਨੀ ਅਦਾਲਤ 'ਚ ਦਾਖ਼ਲ ਹੋਇਆ ਤਾਂ ਜੱਜ ਅਹਿਮਦ ਰੇਫਾਤ ਨੇ ਸਾਰੇ ਹਾਜ਼ਰੀਨ ਨੂੰ ਚੁੱਪ ਰਹਿਣ ਲਈ ਕਿਹਾ। ਮਿਸਰ ਦੇ ਲੋਕ ਹੋਸਨੀ ਦੀਆਂ ਵਿੱਤੀ ਨੀਤੀਆਂ ਤੋਂ ਤੰਗ ਆ ਕੇ ਪ੍ਰਦਰਸ਼ਨ ਕਰ ਰਹੇ ਹਨ।



ਸਰਕਾਰੀ ਸੂਤਰਾਂ ਅਨੁਸਾਰ ਹੁਣ ਤੱਕ ਅੰਦੋਲਨ 'ਚ ਤਕਰੀਬਨ 846 ਲੋਕਾਂ ਦੀ ਮੌਤ ਹੋ ਚੁਕੀ ਹੈ ਤੇ 1400 ਲੋਕ ਅਜਿਹੇ ਹਨ ਜੋ ਰਬੜ ਦੀਆਂ ਗੋਲੀਆਂ ਵੱਜਣ ਕਾਰਨ ਆਪਣੀਆਂ ਅੱਖਾਂ ਗੁਆ ਚੁੱਕੇ ਹਨ। ਮੁਬਾਰਕ ਨੂੰ ਅਪਰੈਲ 'ਚ ਸ਼ਰਮ-ਅਲ-ਸ਼ੇਖ ਹਸਪਤਾਲ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਥੇ ਉਹ ਦਿਲ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਸੀ। ਸਾਬਕਾ ਰਾਸ਼ਟਰਪਤੀ ਹੋਸਨੀ ਮੁਬਾਰਕ ਨੇ ਪਿੰਜਰੇ 'ਚ ਪਏ ਬੈਡ 'ਤੇ ਲੇਟਿਆਂ ਹੀ ਆਪਣਾ ਬਿਆਨ ਦਿੰਦਿਆਂ ਕਿਹਾ ਕਿ ਉਹ ਬੇਕਸੂਰ ਹੈ ਤੇ ਉਹ ਕਿਸੇ ਵੀ ਭ੍ਰਿਸ਼ਟਾਚਾਰ ਜਾਂ ਅੰਦੋਲਨਕਾਰੀਆਂ ਦੀ ਮੌਤ ਲਈ ਜ਼ਿੰਮੇਵਾਰ ਨਹੀਂ ਹੈ। ਹੋਸਨੀ ਦੇ ਦੋਵਾਂ ਪੁੱਤਰਾਂ ਨੇ ਵੀ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰ ਦਿੱਤਾ। ਅਜੋਕੇ ਸਮੇਂ 'ਚ ਇਸ ਤਰ੍ਹਾਂ ਅਦਾਲਤ 'ਚ ਆਉਣ ਵਾਲਾ ਹੋਸਨੀ ਖਾੜੀ ਦੇਸ਼ਾਂ ਦਾ ਪਹਿਲਾ ਸ਼ਾਸਕ ਬਣ ਗਿਆ ਹੈ। ਉਸ ਨਾਲ ਹੋਈ ਇਸ ਤਰ੍ਹਾਂ ਦੀ ਸੁਣਵਾਈ ਨੇ ਖਾੜੀ ਦੇ ਮੁਸਲਿਮ ਰਾਸ਼ਟਰਾਂ 'ਚ ਕਈ ਕਈ ਸਾਲਾਂ ਤੋਂ ਰਾਜ ਕਰ ਰਹੇ ਸੁਲਤਾਨਾਂ ਤੇ ਰਾਸ਼ਟਰਪਤੀਆਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ।

ਮੁਬਾਰਕ 'ਤੇ ਮੁਕੱਦਮਾ ਸ਼ੁਰੂ ਹੋਣ ਦੌਰਾਨ ਅਦਾਲਤ ਦੇ ਬਾਹਰ ਉਨ੍ਹਾਂ ਦੇ ਹਮਾਇਤੀਆਂ ਤੇ ਵਿਰੋਧੀਆਂ ਵਿਚਾਲੇ ਹਿੰਸਕ ਟਕਰਾਅ ਵੀ ਹੋਇਆ। 83 ਸਾਲਾ ਸਾਬਕਾ ਰਾਸ਼ਟਰਪਤੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ 'ਤੇ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਅਦਾਲਤ ਦੇ ਬਾਹਰ ਮੁਬਾਰਕ ਦੇ ਹਮਾਇਤੀ ਦੇ ਹੱਥਾਂ ਵਿਚ ਉਨ੍ਹਾਂ ਦੀਆਂ ਵੱਡੀਆਂ-ਵੱਡੀਆਂ ਤਸਵੀਰਾਂ ਸਨ ਜਿਨ੍ਹਾਂ 'ਤੇ ਲਿਖਿਆ ਸੀ, 'ਜੇ ਉਨ੍ਹਾਂ ਮੁਬਾਰਕ ਨੂੰ ਦੋਸ਼ੀ ਕਰਾਰ ਦਿੱਤਾ ਤਾਂ ਜੇਲ੍ਹ ਫੂਕ ਦਿਆਂਗੇ।'

ਮੁਬਾਰਕ ਪਹਿਲੇ ਅਜਿਹੇ ਅਰਬ ਹੁਕਮਰਾਨ ਹਨ ਜਿਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਕੇ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ। ਕਟਹਿਰੇ ਵਿਚ ਮੁਬਾਰਕ, ਉਨ੍ਹਾਂ ਦੇ ਦੋਵੇਂ ਪੁੱਤਰ ਆਲਾ ਤੇ ਗਮਾਲ ਤੋਂ ਇਲਾਵਾ ਗ੍ਰਹਿ ਮੰਤਰੀ ਹਬੀਬ ਅਲ ਆਦਿਲ ਨੂੰ ਵੀ ਖੜ੍ਹਾ ਕੀਤਾ ਗਿਆ। ਦੇਸ਼ 'ਤੇ ਤਿੰਨ ਦਹਾਕਿਆਂ ਤਕ ਰਾਜ ਕਰਨ ਵਾਲੇ ਮੁਬਾਰਕ ਸ਼ਰਮ ਅਲ ਸ਼ੇਖ ਵਿਚਲੇ ਹਸਪਤਾਲ ਵਿਚ ਅਪਰੈਲ ਤੋਂ ਦਾਖ਼ਲ ਹਨ ਤੇ ਉੱਥੇ ਉਨ੍ਹਾਂ ਦੇ ਦਿਲ ਦਾ ਇਲਾਜ ਹੋ ਰਿਹਾ ਹੈ।

# ਅਫ਼ਗਾਨੀ ਦੇ ਕਤਲ ਕੇਸ 'ਚ ਅਮਰੀਕੀ ਫੌਜੀ ਨੂੰ ਕੈਦ

**ਵਾਸ਼ਿੰਗਟਨ:** ਅਮਰੀਕੀ ਫੌਜੀ ਯੂਨਿਟ ਦੇ ਇਕ ਮੈਂਬਰ ਨੂੰ ਮਈ, 2010 ਦਾ ਇਕ ਨਿਹੱਥੇ ਅਫ਼ਗਾਨ ਨਾਗਰਿਕ ਨੂੰ ਹਿਰਾਸਤ ਦੌਰਾਨ ਕਤਲ ਕਰ ਦੇਣ ਦੇ ਦੋਸ਼ 'ਚ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਐਡਮ ਵਿਨਫੀਲਡ ਨਾਂ ਦੇ ਇਸ ਫੌਜੀ 'ਤੇ ਅਫਗਾਨ ਨਾਗਰਿਕ ਦੇ ਕਤਲ ਦੇ ਨਾਲ-ਨਾਲ ਕੰਧਾਰ ਜ਼ਿਲ੍ਹੇ 'ਚ ਤਿੰਨ ਹੋਰ ਵਿਅਕਤੀਆਂ ਨੂੰ ਮਾਰਨ ਦੀ ਘਟਨਾ 'ਚ ਸ਼ਾਮਲ ਹੋਣ ਦਾ ਵੀ ਦੋਸ਼ ਹੈ। ਤਿੰਨ ਸਾਲ ਦੀ ਸਜ਼ਾ ਤੋਂ ਇਲਾਵਾ ਐਡਮ ਨੂੰ ਨੌਕਰੀ ਤੋਂ ਵੀ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਮਾਮਲੇ 'ਚ ਇਕ ਹੋਰ ਜਵਾਨ ਜੇਰੇਮੀ ਮਾਰਲੋਕ ਨੂੰ 24 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਦੇ ਨਾਲ 7 ਹੋਰ ਯੂਨਿਟ ਮੈਂਬਰਾਂ 'ਤੇ ਵੀ ਮਾਮਲੇ ਨੂੰ ਖੁਰਦ-ਬੁਰਦ ਕਰਨ ਦਾ ਦੋਸ਼ ਹੈ।

# ਰਾਜੀਵ ਗਾਂਧੀ ਟਰੱਸਟ ਨੂੰ ਜ਼ਮੀਨ ਦੇ ਕੇ ਹੁੱਡਾ ਸਰਕਾਰ ਕਸੂਤੀ ਫਸੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਸਰਕਾਰ ਰਾਜੀਵ ਗਾਂਧੀ ਚੈਰੀਟੇਬਲ ਟਰੱਸਟ ਨੂੰ ਜ਼ਮੀਨ ਦੇਣ ਦੇ ਮਾਮਲੇ 'ਚ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਹੈ। ਇਨੈਲੋ ਤੇ ਭਾਜਪਾ ਵੱਲੋਂ ਮੁੱਖ ਮੰਤਰੀ ਹੁੱਡਾ 'ਤੇ ਗਾਂਧੀ ਪਰਿਵਾਰ ਨੂੰ ਰਿਆਇਤੀ ਭਾਅ 'ਤੇ ਜ਼ਮੀਨ ਦਿਵਾਉਣ ਦੇ ਦੋਸ਼ ਲਾਏ ਜਾ ਰਹੇ ਹਨ ਪਰ ਸਰਕਾਰ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ। ਰਾਜੀਵ ਗਾਂਧੀ ਚੈਰੀਟੇਬਲ ਟਰੱਸਟ ਲਈ 5.01 ਏਕੜ ਜ਼ਮੀਨ ਹਾਸਲ ਕਰਨ ਕਰਕੇ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਇਸ ਟਰੱਸਟ ਦੇ ਮੈਂਬਰ ਹੋਣ ਕਰਕੇ ਇੰਡੀਅਨ ਨੈਸ਼ਨਲ ਲੋਕ ਦਲ ਤੇ ਭਾਰਤੀ ਜਨਤਾ ਪਾਰਟੀ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ।



ਟਰੱਸਟ ਦੀ ਵੈੱਬਸਾਈਟ ਮੁਤਾਬਕ ਸ੍ਰੀਮਤੀ ਸੋਨੀਆ ਗਾਂਧੀ ਵੱਲੋਂ 2002 ਵਿਚ ਕਾਇਮ ਕੀਤੇ ਇਸ ਟਰੱਸਟ ਨੇ ਅਮੇਠੀ (ਉੱਤਰ ਪ੍ਰਦੇਸ਼) ਤੇ ਕੁਝ ਹੋਰ ਥਾਵਾਂ 'ਤੇ ਲੋਕ ਭਲਾਈ ਦੇ ਉਹ ਕਾਰਜ ਕਰਨ ਦਾ ਮੰਤਵ ਰੱਖਿਆ ਹੋਇਆ ਜੋ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਦੇ ਮਨ 'ਚ ਵਸੇ ਹੋਏ ਸਨ। ਟਰੱਸਟ ਨੇ ਹਰਿਆਣਾ ਵਿਚ ਆਪਣੀਆਂ ਸਰਗਰਮੀਆਂ ਵਧਾਉਣ ਲਈ ਗ੍ਰਾਮ ਪੰਚਾਇਤ ਉਲਾਹਵਾਸ ਦੇ ਸਰਪੰਚ ਨੂੰ 9 ਮਈ 2008 ਨੂੰ ਇਕ ਪੱਤਰ ਲਿਖ ਕੇ ਇਕ ਅਤਿ-ਆਧੁਨਿਕ ਅੱਖਾਂ ਦਾ ਹਸਪਤਾਲ ਖੋਲ੍ਹਣ ਦੀ ਮਨਸ਼ਾ ਜ਼ਾਹਰ ਕੀਤੀ ਸੀ। ਇਸ ਹਸਪਤਾਲ ਦੀ ਸਾਲਾਨਾ 3 ਲੱਖ ਮਰੀਜ਼ਾਂ ਦੀ ਜਾਂਚ ਕਰਨ ਤੇ 30,000 ਸਰਜਰੀਆਂ ਕਰਨ ਦੀ ਸਮਰੱਥਾ ਹੋਵੇਗੀ ਤੇ ਗਰੀਬਾਂ ਲਈ ਰਿਆਇਤੀ ਦਰਾਂ 'ਤੇ ਇਲਾਜ ਹੋਵੇਗਾ।

ਉਲਾਹਵਾਸ ਦੀ ਪੰਚਾਇਤ ਨੇ 27 ਮਈ 2008 ਨੂੰ ਟਰੱਸਟ ਨੂੰ ਬਾਜ਼ਾਰੀ ਭਾਅ 'ਤੇ ਜ਼ਮੀਨ ਦੇਣ ਲਈ ਮਤਾ ਪਾਸ ਕੀਤਾ ਪਰ ਡਿਪਟੀ ਕਮਿਸ਼ਨਰ ਗੁੜਗਾਓਂ ਨੇ ਮਤੇ ਨੂੰ ਪ੍ਰਵਾਨਗੀ ਨਾ ਦਿੱਤੀ ਕਿਉਂਕਿ ਸ਼ਾਮਲਾਟ ਜ਼ਮੀਨ ਇਵੇਂ ਤੋਹਫੇ 'ਚ ਜਾਂ ਵੇਚੀ ਨਹੀਂ ਜਾ ਸਕਦੀ। ਇਸ ਤੋਂ ਬਾਅਦ ਗਰਾਮ ਪੰਚਾਇਤ ਨੇ ਟਰੱਸਟ ਨੂੰ 33 ਸਾਲਾਂ ਲਈ ਜ਼ਮੀਨ ਪਟੇ 'ਤੇ ਦੇਣ ਦਾ ਮਤਾ ਪਾਸ ਕੀਤਾ ਜਿਸ ਨੂੰ ਡਿਪਟੀ ਕਮਿਸ਼ਨਰ ਨੇ ਪ੍ਰਵਾਨਗੀ ਦੇ ਦਿੱਤੀ। ਮਾਲ ਰਿਕਾਰਡ ਵਿਚ ਇਹ ਜ਼ਮੀਨ 'ਬੰਜਰ ਕਾਇਮ' ਐਲਾਨੀ ਗਈ ਹੈ ਤੇ ਇਸ ਦਾ ਕੁਲੈਕਟਰ ਰੇਟ ਉਦੋਂ 60 ਲੱਖ ਰੁਪਏ ਪ੍ਰਤੀ ਏਕੜ ਭਾਵ ਸਾਲਾਨਾ 3 ਲੱਖ ਰੁਪਏ ਪ੍ਰਤੀ ਏਕੜ ਮਿਥਿਆ ਗਿਆ। 21 ਅਗਸਤ 2009 ਨੂੰ ਹਰਿਆਣਾ ਕੈਬਨਿਟ ਨੇ ਪਟਾ ਰਾਸ਼ੀ 3 ਲੱਖ ਰੁਪਏ ਤੋਂ ਘਟਾ ਕੇ 1000 ਰੁਪਏ ਫੀ ਏਕੜ ਤੇ 5 ਫੀਸਦੀ ਬੈੱਡ ਰਾਜ ਸਰਕਾਰ ਲਈ ਰਿਆਇਤੀ ਦਰਾਂ 'ਤੇ ਰਾਖਵੇਂ ਕਰਨ ਦੀ ਵਿਵਸਥਾ ਕਰ ਦਿੱਤੀ। ਇਸ ਦੌਰਾਨ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਜਿੱਤ ਦਰਜ ਕਰਕੇ ਕਾਂਗਰਸ ਮੁੜ ਸੱਤਾ 'ਚ ਆ ਗਈ। ਟਰੱਸਟ ਦੇ ਮੈਂਬਰ ਰਾਹੁਲ ਗਾਂਧੀ ਨੇ ਰਿਆਇਤੀ ਭਾਅ 'ਤੇ ਜ਼ਮੀਨ ਲੈਣ ਤੋਂ ਮਨ੍ਹਾਂ ਕਰ ਦਿੱਤਾ ਤੇ ਪੰਚਾਇਤ ਨੂੰ ਮੌਜੂਦਾ ਰੇਟ ਮੁਤਾਬਕ ਪਟਾ ਰਾਸ਼ੀ ਲੈਣ ਦੀ ਬੇਨਤੀ ਕੀਤੀ।

ਪੰਚਾਇਤ ਵੱਲੋਂ ਪਾਏ ਮਤੇ ਨੂੰ ਡਿਪਟੀ ਕਮਿਸ਼ਨਰ ਤੋਂ ਪ੍ਰਵਾਨਗੀ ਮਿਲਣ 'ਤੇ ਹਰਿਆਣਾ ਕੈਬਨਿਟ ਨੇ ਪੰਚਾਇਤ ਨੂੰ ਸਾਲਾਨਾ 15 ਲੱਖ ਰੁਪਏ ਤੇ ਹਰ ਪੰਜ ਸਾਲਾਂ ਬਾਅਦ ਪੰਜ ਫੀਸਦੀ ਬੜੋਤਰੀ ਕਰਨ ਦਾ ਫੈਸਲਾ ਕੀਤਾ। ਇਸ ਦੌਰਾਨ ਐਕੁਆਇਰ ਕੀਤੀ ਜ਼ਮੀਨ ਦੇ ਵੱਖ-ਵੱਖ ਮਾਲਕਾਂ ਤੋਂ ਇਤਰਾਜ਼ ਮੰਗਣ 'ਤੇ ਸਰਕਾਰ ਨੇ 31 ਮਈ 2010 ਨੂੰ 1417 ਏਕੜਾਂ 'ਚੋਂ ਸਿਰਫ 858 ਏਕੜ ਐਕੁਆਇਰ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ।

## ਜਰਖੇਜ ਤੇ ਬਹੁ-ਫ਼ਸਲੀ ਜ਼ਮੀਨ ਨਹੀਂ ਹੋਵੇਗੀ ਐਕਵਾਇਰ

**ਨਵੀਂ ਦਿੱਲੀ:** ਪ੍ਰਾਈਵੇਟ ਕੰਪਨੀਆਂ ਨੂੰ ਲਾਹਾ ਦੇਣ ਲਈ ਸਰਕਾਰਾਂ ਵੱਲੋਂ ਧੜਾਧੜ ਜਬਰੀ ਜ਼ਮੀਨ ਐਕਵਾਇਰ ਕਰਨ 'ਤੇ ਰੋਕ ਲਾਉਣ ਲਈ ਕੇਂਦਰ ਸਰਕਾਰ ਸਖ਼ਤ ਕਦਮ ਚੁੱਕਣ ਜਾ ਰਹੀ ਹੈ। ਇਸ ਲਈ ਬਣਾਏ ਭੌਂ ਪ੍ਰਾਪਤੀ ਬਿੱਲ ਬਾਰੇ ਸੂਬਾਈ ਸਰਕਾਰਾਂ ਤੇ ਸਿਆਸੀ ਪਾਰਟੀਆਂ ਕੋਲੋਂ ਸੁਝਾਅ ਮੰਗੇ ਗਏ ਹਨ ਤੇ ਦੋ-ਤਿੰਨ ਹਫਤਿਆਂ ਬਾਅਦ ਬਿੱਲ ਸੰਸਦ ਵਿਚ ਪੇਸ਼ ਕਰ ਦਿੱਤਾ ਜਾਵੇਗਾ। ਇਸ ਬਿੱਲ ਅਨੁਸਾਰ ਉਪਜਾਊ ਤੇ ਬਹੁ-ਫ਼ਸਲੀ ਜ਼ਮੀਨ ਐਕਵਾਇਰ ਨਹੀਂ ਕੀਤੀ ਜਾਵੇਗੀ।

ਕੇਂਦਰੀ ਪੇਂਡੂ ਵਿਕਾਸ ਮੰਤਰੀ ਜੈ ਰਾਮ ਰਮੇਸ਼ ਨੇ ਲੋਕ ਸਭਾ ਵਿਚ ਭੌਂ ਪ੍ਰਾਪਤੀ ਬਾਰੇ ਦੱਸਿਆ ਕਿ ਦੇਸ਼ ਵਿਚ ਭੌਂ ਪ੍ਰਾਪਤੀ ਕਾਨੂੰਨ 1894 ਵਿਚ ਬਣਿਆ ਸੀ ਤੇ ਉਸ ਤੋਂ ਬਿਨਾ ਭੌਂ ਪ੍ਰਾਪਤੀ ਲਈ 18 ਹੋਰ ਕਾਨੂੰਨ ਹਨ। ਨਵੇਂ ਕਾਨੂੰਨ ਬਣਾਉਣ ਵੇਲੇ ਇਨ੍ਹਾਂ ਕਾਨੂੰਨਾਂ ਦਾ ਕੀ ਕੀਤਾ ਜਾਵੇਗਾ, ਇਸ ਮਸਲੇ ਦਾ ਹੱਲ ਵੀ ਸੰਸਦ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭੌਂ ਪ੍ਰਾਪਤੀ ਬਿੱਲ ਵਿਚ ਬੰਦੋਬਸਤ ਕੀਤਾ ਗਿਆ ਹੈ ਕਿ ਜ਼ਰਖੇਜ਼, ਸਿੰਜਾਈ ਵਾਲੀ ਤੇ ਬਹੁ-ਫਸਲੀ ਜ਼ਮੀਨ ਐਕਵਾਇਰ ਨਹੀਂ ਕੀਤੀ ਜਾਵੇਗੀ ਪਰ ਇਸ ਦੇ ਵਿਰੋਧ ਵਿਚ ਪੰਜਾਬ, ਹਰਿਆਣਾ ਤੇ ਪੱਛਮੀ ਬੰਗਾਲ ਤੋਂ ਇਤਰਾਜ਼ ਆਏ ਹਨ ਕਿ ਇਨ੍ਹਾਂ ਸੂਬਿਆਂ ਵਿਚ ਤਕਰੀਬਨ ਸਾਰੀ ਜ਼ਮੀਨ ਜ਼ਰਖੇਜ਼ ਤੇ ਬਹੁ-ਫਸਲੀ ਹੈ ਤੇ ਇਸ ਹਾਲਤ ਵਿਚ ਇਨ੍ਹਾਂ ਸੂਬਿਆਂ ਦਾ ਵਿਕਾਸ ਰੁਕ ਜਾਵੇਗਾ।

ਕੇਂਦਰੀ ਮੰਤਰੀ ਨੇ ਦੱਸਿਆ ਕਿ ਭੌਂ ਪ੍ਰਾਪਤੀ ਬਿੱਲ ਵਿਚ ਜਨਤਕ ਹਿੱਤ ਦੀ ਵੀ ਵਿਆਖਿਆ ਕੀਤੀ ਗਈ ਹੈ ਤੇ ਇਸ ਮੰਤਵ ਲਈ ਐਕਵਾਇਰ ਕੀਤੀ ਜ਼ਮੀਨ 'ਚ ਜੇਕਰ ਪੰਜ ਸਾਲ ਪ੍ਰਾਜੈਕਟ ਨਹੀਂ ਲਾਏ ਜਾਂਦੇ ਤਾਂ ਇਹ ਜ਼ਮੀਨ ਕਿਸਾਨਾਂ ਜਾਂ ਸਬੰਧਤ ਧਿਰ ਨੂੰ ਵਾਪਸ ਦੇਣ ਦਾ ਪ੍ਰਬੰਧ ਵੀ ਹੈ। ਇਸ ਵਿਚ ਰੇਲਵੇ, ਹਸਪਤਾਲ, ਸਰਕਾਰੀ ਵਿਦਿਅਕ ਸੰਸਥਾਵਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਬਿੱਲ ਵਿਚ ਇਸ ਗੱਲ ਦਾ ਪ੍ਰਬੰਧ ਕੀਤਾ ਗਿਆ ਹੈ ਕਿ ਜੇਕਰ ਐਕਵਾਇਰ ਕੀਤੀ ਗਈ ਜ਼ਮੀਨ ਦੀ ਕੀਮਤ ਵਧਦੀ ਹੈ ਤਾਂ ਇਸ ਦਾ ਲਾਭ ਕਿਸਾਨਾਂ ਨੂੰ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਹੋਰ ਧਿਰਾਂ ਦਾ ਉਜਾੜਾ ਹੋਣ 'ਤੇ ਉਨ੍ਹਾਂ ਨੂੰ ਮੁਆਵਜ਼ਾ ਦੇਣ ਤੇ ਰੁਜ਼ਗਾਰ ਦੇਣ ਦਾ ਵੀ ਪ੍ਰਬੰਧ ਹੋਵੇਗਾ। ਸਰਕਾਰ ਕਿਸੇ ਵੀ ਹਾਲਤ ਵਿਚ ਪ੍ਰਾਈਵੇਟ ਕੰਪਨੀਆਂ ਲਈ ਭੌਂ ਪ੍ਰਾਪਤੀ ਨਹੀਂ ਕਰੇਗੀ।

# ਅਕਾਲ ਉਸਤਤਿ-ਇੱਕ ਅਧਿਐਨ

**ਡਾ. ਗੁਰਨਾਮ ਕੌਰ**

ਜਾਪੁ ਸਾਹਿਬ ਅਕਾਲ ਪੁਰਖ ਦੇ ਨਾਮ ਦਾ ਜਾਪੁ ਹੈ, ਸਿਮਰਨ ਹੈ। ਅਕਾਲ ਉਸਤਤਿ ਪਰਮਾਤਮਾ ਦੀ ਸਿਫ਼ਤਿ-ਸਲਾਹ ਹੈ, ਉਸ ਕਰਤਾ ਪੁਰਖ ਦੀ ਉਸਤਤੀ ਹੈ। ਪਰਮਾਤਮਾ ਦੇ ਨਾਮ ਦਾ ਜਾਪੁ ਕਰਨ ਅਤੇ ਉਸ ਦੀ ਸਿਫਤਿ-ਸਲਾਹ ਕਰਨ ਦਾ ਇੱਕੋ ਜਿਹਾ ਗੁਣ ਹੈ ਜਿਸ ਨਾਲ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ। ਉਸ ਦੇ ਅੰਦਰੋਂ ਹਰ ਤਰ੍ਹਾਂ ਦੀ ਵਿਸ਼ੇ-ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਮੁਨੀ ਪ੍ਰੇਮ ਨਾਲ ਪਰਮਾਤਮਾ ਦਾ ਜਸ ਕਰਦੇ ਹਨ, ਉਨ੍ਹਾਂ ਦੇ ਤਨ ਅਤੇ ਮਨ ਦੋਵੇਂ ਸੁੱਚੇ ਹਨ (ਮਨ ਦੀ ਸੁੱਚਮਤਾ ਤੋਂ ਬਗੈਰ ਤਨ ਦੀ ਸੁੱਚਮਤਾ ਕਿਸੇ ਕੰਮ ਨਹੀਂ) ਅਤੇ ਚਿੱਤ ਵਿਚ ਸੱਚ ਹੈ:



ਡਾ. ਗੁਰਨਾਮ ਕੌਰ

ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ॥
ਤਨਿ ਮਨਿ ਸੂਚੇ ਸਾਚੁ ਸੁ ਚੀਤਿ॥
ਨਾਨਕ ਹਰਿ ਭਜੁ ਨੀਤਾ ਨੀਤਿ॥
(ਪੰਨਾ 221)

ਇਸ ਤਰ੍ਹਾਂ ਗੁਰਮਤਿ ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਅਤੇ ਉਸ ਦੀ ਉਸਤਤਿ ਇੱਕ ਦੂਸਰੇ ਨਾਲ ਅੰਤਰ ਸਬੰਧਤ ਹਨ। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਉਸ ਦੇ ਨਾਮ ਦੀ ਵਡਿਆਈ ਕਰਨੀ ਉਸ ਦਾ ਨਾਮ ਸਿਮਰਨ ਹੈ। ਅਸੀਂ ਦੇਖਿਆ ਹੈ ਕਿ ਉਤਲੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਉਸਤਤਿ ਨੂੰ ਤਨ ਅਤੇ ਮਨ ਦੀ ਪਵਿੱਤਰਤਾ ਅਤੇ ਚਿੱਤ ਅੰਦਰ ਸੱਚ ਨਾਲ ਜੋੜਿਆ ਹੈ, ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਵੀ ਨਿਰੰਕਾਰ ਦੀ ਉਸਤਤਿ ਨੂੰ ਸੱਚੇ ਅਤੇ ਸੁੱਚੇ ਵਿਹਾਰ ਨਾਲ ਜੋੜਿਆ ਹੈ, ਸੱਚੀ-ਸੁੱਚੀ ਜੀਵਨ-ਸ਼ੈਲੀ ਨਾਲ ਜੋੜਿਆ ਹੈ:

ਉਸਤਤਿ ਮਨ ਮਹਿ ਕਰਿ ਨਿਰੰਕਾਰ॥
ਕਰਿ ਮਨ ਮੇਰੇ ਸਤਿ ਬਿਉਹਾਰ॥
(ਪੰਨਾ 281)

'ਜਾਪੁ' ਬਾਣੀ ਦੇ ਸਿਰਲੇਖ ਤੋਂ ਪਹਿਲਾਂ 'ੴ ਸਤਿਗੁਰ ਪ੍ਰਸਾਦਿ॥' ਮੂਲ ਮੰਤਰ ਦਾ ਛੋਟਾ ਰੂਪ ਲਿਖਣ ਤੋਂ ਬਾਅਦ ਲਿਖਿਆ ਹੈ 'ਵਾਹਿਗੁਰੂ ਜੀ ਕੀ ਫਤਿਹ! ਸ੍ਰੀ ਅਕਾਲ ਪੁਰਖੁ ਜੀ ਤੇਰੀ ਸਰਣਿ॥' 'ਅਕਾਲ ਉਸਤਤਿ' ਵਿਚ ਮੂਲ ਮੰਤਰ ਦਾ ਸੰਖੇਪ ਸਰੂਪ ਲਿਖਣ ਤੋਂ ਬਾਅਦ 'ਸ੍ਰੀ ਭਗਉਤੀ ਜੀ ਸਹਾਇ॥ ਸ੍ਰੀ ਅਕਾਲ ਜੀ ਕੀ ਉਸਤਤਿ॥' ਲਿਖਿਆ ਹੈ। ਇਸ ਤੋਂ ਬਾਅਦ ਬਰੀਕ ਅੱਖਰਾਂ ਵਿਚ ਲਿਖਿਆ ਹੈ, 'ਉਤਾਰਾ ਖਾਸੇ ਦਸਤਖ਼ਤ ਕਾ। ਪਾਤਿਸ਼ਾਹੀ 10' ਅਤੇ ਨੀਚੇ ਭਾਈ ਰਣਧੀਰ ਸਿੰਘ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਾ ਇੰਸਪੈਕਟਰ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਅਧਿਕਾਰੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਓਰੀਐਂਟਲ ਸਕਾਲਰ) ਨੇ ਟਿੱਪਣੀ ਦਿੱਤੀ ਹੈ, "ਜਿਸ ਸੱਚੇ ਤੋਂ ਇਸ ਗ੍ਰੰਥ ਦਾ ਲਿਖਾਰੀ ਇਹ ਬਾਣੀ ਨਕਲ ਕਰ ਰਹਿਆ ਹੈ, ਉਸ ਵਿਚ ਪਹਿਲੀਆਂ ਚਾਰੇ ਪੰਕਤੀਆਂ ਰਚਨਹਾਰ-ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਕਰ ਕਮਲਾਂ ਨਾਲ ਲਿਖੀਆਂ ਸਨ। ਅਗਾਊਂ ਗ੍ਰੰਥ ਲਿਖਣਹਾਰੇ ਪ੍ਰੇਮੀ ਦੇ ਹੱਥਾਂ ਦੀ ਲਿਖਤ ਸੀ।" ਭਾਈ ਰਣਧੀਰ ਸਿੰਘ ਨੇ ਗ੍ਰੰਥ ਲਿਖਣ ਵਾਲੇ ਪ੍ਰੇਮੀ ਦਾ ਨਾਮ ਨਹੀਂ ਲਿਖਿਆ। ਇਹ ਚਾਰੇ ਪੰਕਤੀਆਂ ਹਨ:

ਅਕਾਲ ਪੁਰਖ ਕੀ ਰੱਛਾ ਹਮ ਨੈ।
ਸਰਬ ਲੋਹ ਕੀ ਰੱਛਿਆ ਹਮ ਨੈ।
ਸਰਬ ਕਾਲ ਜੀ ਕੀ ਰੱਛਿਆ ਹਮ ਨੈ।
ਸਰਬ ਲੋਹ ਜੀ ਕੀ ਸਦਾ ਰੱਛਿਆ ਹਮ ਨੈ। (1)
'ਆਗੇ ਲਿਖਾਰੀ ਕੇ ਦਸਤਖ਼ਤ'

'ਦਸਮ ਗ੍ਰੰਥ ਸ਼ਬਦਾਰਥ' ਕਿਉਂਕਿ ਪੰਜਾਬੀ ਯੂਨੀਵਰਸਿਟੀ ਦੇ ਓਰੀਐਂਟਲ ਫੈਲੋ ਹੁੰਦਿਆਂ ਭਾਈ ਰਣਧੀਰ ਸਿੰਘ ਨੇ ਤਿਆਰ ਕੀਤਾ ਸੀ ਜਿਸ ਨੂੰ ਫਿਰ ਵਿਦਵਾਨਾਂ ਦੀ ਕਮੇਟੀ ਬਣਾ ਕੇ ਉਸ ਵਿਚ ਵਿਚਾਰਿਆ ਗਿਆ, ਇਸ ਲਈ ਇਹ ਯੂਨੀਵਰਸਿਟੀ ਵੱਲੋਂ ਛਾਪਿਆ ਗਿਆ ਹੈ। ਇਸ ਦੀ ਭੂਮਿਕਾ ਵਿਚ ਤਤਕਾਲੀਨ ਮੁਖੀ ਸਤਿਕਾਰਯੋਗ ਡਾ. ਤਾਰਨ ਸਿੰਘ ਨੇ ਲਿਖਿਆ ਹੈ, "ਭਾਈ ਸਾਹਿਬ ਨੇ ਮੂਲ ਪਾਠ ਦਾ ਪਦ-ਛੇਦ ਕੀਤਾ, ਵਿਸਰਾਮ ਚਿੰਨ੍ਹ ਲਾਏ, ਮੂਲ ਨੂੰ ਛਪਾਈ ਲਈ ਆਧੁਨਿਕ ਕਾਵਿ-ਤਰਤੀਬ ਦੇ ਰੂਪ ਵਿਚ ਲਿਆਂਦਾ, ਕਈ ਪੁਰਾਤਨ ਹੱਥ-ਲਿਖਤੀ ਦਸਮ ਗ੍ਰੰਥ ਦੇ ਖਰੜੇ ਵਾਚ ਕੇ ਪਾਠ ਸੋਧੇ ਤੇ ਯੋਗ ਥਾਂਈ ਲੋੜੀਂਦੀਆਂ ਟਿੱਪਣੀਆਂ ਦਰਜ ਕੀਤੀਆਂ।" ਇਸ ਟਿਪਣੀ ਤੋਂ ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਗ੍ਰੰਥ ਵਿਚ ਵੀ ਅਤੇ ਰਚਨਾਵਾਂ ਵਿਚ ਵੀ ਮਿਲਾਵਟ ਦੀ ਗੁੰਜਾਇਸ਼ ਦੀ ਸੰਭਾਵਨਾ ਬਹੁਤ ਹੱਦ ਤੱਕ ਕਾਇਮ ਹੈ ਕਿਉਂਕਿ ਦਸਮ ਪਾਤਿਸ਼ਾਹ ਦੇ ਜੋਤੀ-ਜੋਤਿ ਸਮਾਉਣ ਤੋਂ ਬਹੁਤ ਲੰਬੇ ਵਕਫੇ ਤੋਂ ਬਾਅਦ ਵੱਖ ਵੱਖ ਰਚਨਾਵਾਂ ਨੂੰ ਵੱਖੋ-ਵੱਖਰੇ ਵਿਅਕਤੀਆਂ ਵੱਲੋਂ ਖਰੜਿਆਂ ਦੇ ਰੂਪ ਵਿਚ ਇਕੱਠਾ ਕੀਤਾ ਗਿਆ ਜਿਸ ਕਰਕੇ ਸੋਧ ਦੀ ਗੁੰਜਾਇਸ਼ ਹਾਲੇ ਵੀ ਕਾਇਮ ਹੈ ਅਤੇ ਸਾਰੀਆਂ ਰਚਨਾਵਾਂ ਨੂੰ ਸਮੁੱਚ ਵਿਚ ਕਿੰਤੂ-ਮੁਕਤਿ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਗੁਰੂ ਪਾਤਿਸ਼ਾਹ ਦੇ ਨਾਮ ਨਾਲ ਲਾਇਆ ਜਾ ਸਕਦਾ ਹੈ। ਲਿਖਤਾਂ ਦਾ ਗੁਰਮਤਿ ਸਿਧਾਂਤਾਂ ਅਨੁਸਾਰ ਮੁਲਾਂਕਣ ਕਰਨ ਦੀ ਸਾਡੇ ਕੋਲ ਇੱਕੋ-ਇੱਕ ਕਸਵੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਨੂੰ ਗੁਰਗੱਦੀ ਦੇ ਕੇ ਸਰਬ ਸਮਿਆਂ ਵਾਸਤੇ ਸ਼ਬਦ ਗੁਰੂ ਦਾ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਦਿੱਤਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ:

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ॥1॥ਰਹਾਉ॥
(ਪੰਨਾ 1226)

'ਅਕਾਲ ਉਸਤਤਿ' ਦਾ ਅਰੰਭ ਉਸ ਪਰਮਾਤਮਾ ਨੂੰ ਨਮਸਕਾਰ ਤੋਂ ਕੀਤਾ ਹੈ ਜੋ ਸਭ ਤੋਂ ਆਦਿ ਹੈ ਅਤੇ ਜਿਸ ਦਾ ਮੁੱਢਲਾ ਸਰੂਪ ਇੱਕ ਓਅੰਕਾਰ ਹੈ। ਉਸ ਨੇ ਜਲ, ਥਲ ਅਤੇ ਮੰਡਲਾਂ ਭਾਵ ਸਾਰੇ ਬ੍ਰਹਿਮੰਡ ਦਾ ਪਾਸਾਰ ਕੀਤਾ ਹੈ। ਉਹ ਪ੍ਰਥਮ ਪੁਰਸ਼ ਹੈ, ਉਹ ਪਰਮ ਪੁਰਸ਼ ਸਾਰੀ ਰਚਨਾ ਦੇ ਅਰੰਭ ਵਿਚ ਹੈ ਜੋ ਪਹੁੰਚ ਤੋਂ ਪਰੇ ਅਤੇ ਨਾਸ ਰਹਿਤ ਹੈ। ਚਾਰੇ ਪਾਸੇ, ਹਰ ਦਿਸ਼ਾ ਅਤੇ ਸਥਾਨ ਵਿਚ ਉਸ ਦੀ ਜੋਤਿ ਦਾ ਪ੍ਰਕਾਸ਼ ਹੈ। ਉਸ ਦੀ ਜੋਤਿ ਹਾਥੀ ਅਤੇ ਕੀੜੀ ਦੋਹਾਂ ਵਿਚ ਹੀ ਬਰਾਬਰ ਵਿਆਪਕ ਹੈ। ਇਸ ਦਾ ਅਰਥ ਇਹੀ ਨਿਕਲਦਾ ਹੈ ਕਿ ਉਹ ਪਰਮਾਤਮਾ ਹਰ ਛੋਟੀ ਅਤੇ ਵੱਡੀ ਰਚਨਾ ਵਿਚ ਵਿਆਪਕ ਹੈ, ਸਭ ਉਸੇ ਦੀ ਜੋਤਿ ਤੋਂ ਪ੍ਰਕਾਸ਼ਮਾਨ ਹਨ। ਉਸ ਲਈ ਰਾਜਾ ਅਤੇ ਰੰਕ ਇੱਕ ਸਮਾਨ ਹਨ। ਉਹ ਅਦੁੱਤੀ ਹਸਤੀ ਹੈ ਜਿਸ ਨੂੰ ਲਖਿਆ ਨਹੀਂ ਜਾ ਸਕਦਾ। ਉਹ ਸਹੀ ਅਰਥਾਂ ਵਿਚ ਜਾਣੀਜਾਣ ਹੈ, ਅਸਲੀ ਗਿਆਨੀ ਹੈ ਜੋ ਹਰ ਇੱਕ ਦੇ ਅੰਦਰ ਦੀਆਂ ਜਾਣਨ ਵਾਲਾ ਹੈ, ਅੰਤਰਜਾਮੀ ਹੈ:

ਪ੍ਰਣਵੋ ਆਦਿ ਏਕੰਕਾਰਾ॥
ਜਲ ਥਲ ਮਹੀਅਲ ਕੀਓ ਪਸਾਰਾ॥
ਆਦਿ ਪੁਰਖੁ ਅਬਗਤਿ ਅਬਿਨਾਸੀ॥
ਲੋਕ ਚਤ੍ਰ ਦਸਿ ਜੋਤਿ ਪ੍ਰਕਾਸੀ॥1॥
ਹਸਤ ਕੀਟ ਕੇ ਬੀਚ ਸਮਾਨਾ॥
ਰਾਵ ਰੰਕ ਜਿਹ ਇਕਸਰ ਜਾਨਾ॥
ਅਦਵੈ ਅਲਖ ਪੁਰਖ ਅਬਿਗਾਮੀ॥
ਸਭ ਘਟ ਘਟ ਕੇ ਅੰਤਰਜਾਮੀ॥2॥

ਮਾਰੂ ਸੋਲਹੇ ਵਿਚ ਗੁਰੂ ਨਾਨਕ ਬੇਨਤੀ ਕਰਦੇ ਹਨ ਕਿ ਹੇ ਸਭ ਤੋਂ ਪਹਿਲਾਂ ਦੀ ਹਸਤੀ, ਬੇਅੰਤ ਪਰਮਾਤਮਾ! ਹੇ ਸਭ ਦੇ ਬੇਲਾਗ ਵਾਹਿਗੁਰੂ! ਤੇਰੇ ਨਾਲ ਜੁੜਨ ਦੀ ਜੁਗਤੀ ਵਿਚਾਰਦਾ ਹਾਂ ਅਤੇ ਤੁਧ ਸੱਚੇ ਅੰਦਰ ਧਿਆਨ ਜੋੜਦਾ ਹਾਂ। ਗੁਰੂ ਨਾਨਕ ਅਨੁਸਾਰ ਪਰਮਾਤਮਾ ਨੇ ਇਹ ਸਾਰਾ ਸੰਸਾਰ ਪੈਦਾ ਕੀਤਾ ਅਤੇ ਜਿਸ ਨੇ ਇਸ ਨੂੰ ਪੈਦਾ ਕੀਤਾ ਹੈ ਉਸ ਨੇ ਹੀ ਧੰਦੇ ਵਿਚ ਲਾਇਆ ਹੈ। ਉਸ ਨੇ, ਜੋ ਆਪ ਇਸ ਸੰਸਾਰ ਤੋਂ ਨਿਰਾਲਾ ਅਤੇ ਨਿਆਰਾ ਹੈ, ਤੱਤਾਂ ਦੇ ਮੇਲ ਤੋਂ ਮਨੁੱਖ ਦਾ ਸਰੀਰ ਰਚਿਆ ਅਤੇ ਉਸ ਵਿਚ ਆਪਣੇ ਰਹਿਣ ਦੀ ਥਾਂ ਬਣਾਈ, ਜਿਸ ਵਿਚ ਸਾਰੇ ਸੰਸਾਰ ਨੂੰ ਪ੍ਰਕਾਸ਼ ਦੇਣ ਵਾਲਾ ਪਰਮਾਤਮਾ ਸ਼ੋਭਾ ਪਾਉਂਦਾ ਹੈ। ਮਨੁੱਖ ਦੇ ਅੰਦਰ ਅਕਾਲ ਪੁਰਖ ਨੇ ਜੋ ਚੰਗੇ ਗੁਣ ਰੱਖੇ ਹਨ ਉਹ ਪਰਮਾਤਮਾ ਆਪ ਹੀ ਅੰਦਰ ਵੱਸਦਾ ਹੋਇਆ ਆਪਣੀ ਜੋਤਿ ਰਾਹੀਂ ਦਿਖਾਉਂਦਾ ਹੈ:

ਆਦਿ ਜੁਗਾਦੀ ਅਪਰ ਅਪਾਰੇ॥
ਆਦਿ ਨਿਰੰਜਨ ਖਸਮ ਹਮਾਰੇ॥
ਸਾਚੇ ਜੋਗ ਜੁਗਤਿ ਵੀਚਾਰੀ
ਸਾਚੇ ਤਾੜੀ ਲਾਈ ਹੇ॥1॥ (ਪੰਨਾ 1023)
ਆਪਿ ਉਪਾਇਆ ਜਗਤੁ ਸਬਾਇਆ॥
ਸਚੈ ਊਪਰਿ ਅਵਰ ਨ ਦੀਸੈ
ਸਾਚੇ ਕੀਮਤਿ ਪਾਈ ਹੇ॥8॥
(ਪੰਨਾ 1023)

ਅਕਾਲ ਉਸਤਤਿ ਵਿਚ ਅੱਗੇ ਜ਼ਿਕਰ ਹੈ ਕਿ ਉਹ ਪਰਮਾਤਮਾ ਅਲਖ ਹੈ, ਉਸ ਨੂੰ ਲਖਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਸ ਦਾ ਨਾਸ਼ ਹੁੰਦਾ ਹੈ, ਉਹ ਅਬਿਨਾਸ਼ੀ ਹੈ। ਉਹ ਭੇਖ ਤੋਂ ਰਹਿਤ, ਮੋਹ ਮਮਤਾ ਦੇ ਰੰਗਾਂ ਤੋਂ ਰਹਿਤ ਹੈ। ਉਸ ਦਾ ਕੋਈ ਰੂਪ ਜਾਂ ਰੇਖ ਨਹੀਂ ਹੈ। ਉਹ ਵਰਣ (ਰੰਗ ਤੇ ਆਧਾਰਤ ਵੰਡ) ਅਤੇ ਰੂਪ ਤੋਂ ਨਿਆਰਾ ਹੈ, ਰੰਗ ਅਤੇ ਰੂਪ ਵਿਚ ਨਹੀਂ ਆਉਂਦਾ। ਉਹ ਆਦਿ ਪੁਰਖ ਹੈ, ਸਾਰੀ ਰਚਨਾ ਤੋਂ ਪਹਿਲਾਂ ਹੈ ਅਤੇ ਮੰਦੇ ਕੰਮਾਂ ਤੋਂ ਰਹਿਤ ਹੈ। ਉਸ ਦਾ ਕੋਈ ਰੰਗ ਜਾਂ ਵਰਣ, ਜਾਤਿ ਜਾਂ ਗੋਤਿ ਨਹੀਂ ਹੈ। ਉਸ ਦਾ ਕੋਈ ਸ਼ਤਰੂ ਜਾਂ ਮਿੱਤਰ, ਮਾਤਾ ਜਾਂ ਪਿਤਾ ਨਹੀਂ ਹੈ। ਉਹ ਸਭ ਤੋਂ ਦੂਰ ਭਾਵ ਅਪਰੰਪਰ ਵੀ ਹੈ ਅਤੇ ਸਭ ਦੇ ਨੇੜੇ ਭਾਵ ਹਰ ਇੱਕ ਵਿਚ ਜੋਤਿ ਰੂਪ ਹੋ ਕੇ ਸਮਾਇਆ ਹੋਇਆ ਵੀ ਹੈ। ਉਹ

## ਗੁਰਮਤਿ ਚਿੰਤਨ

ਜਲ, ਥਲ, ਗਗਨ ਮੰਡਲ ਵਿਚ ਹਰ ਥਾਂ ਵਿਆਪਕ ਹੈ:

ਬਰਨ ਚਿਹਨ ਜਿਹ ਜਾਤਿ ਨ ਪਾਤਾ॥
ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥
ਸਭ ਤੇ ਦੂਰਿ ਸਭਨ ਤੇ ਨੇਰਾ॥
ਜਲਿ ਥਲਿ ਮਹੀਅਲਿ ਜਾਹਿ ਬਸੇਰਾ॥4

ਰਾਗ ਰਾਮਕਲੀ ਵਿਚ ਰਚੀ 'ਓਅੰਕਾਰ' ਬਾਣੀ ਵਿਚ ਗੁਰੂ ਨਾਨਕ ਪੰਡਤ ਨੂੰ ਸੰਬੋਧਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਉਹ ਪਰਮਾਤਮਾ ਜੋ ਜਨਮ ਮਰਨ ਵਿਚ ਨਹੀਂ ਆਉਂਦਾ ਅਤੇ ਜੋ ਸਦਾ ਹੀ ਇਸ ਬਹੁ-ਰੰਗੀ ਸੰਸਾਰ ਨੂੰ ਪੈਦਾ ਕਰਕੇ ਆਪ ਨਿਰਵੈਰ ਰਹਿੰਦਾ ਹੈ, ਉਸ ਦਾ ਨਾਮ ਆਪਣੇ ਮਨ ਦੀ ਪੱਟੀ 'ਤੇ ਲਿਖ। ਉਸ ਦੇ ਅੰਦਰ ਸੰਸਾਰ ਦਾ ਕੋਈ ਧੰਦਾ ਭਟਕਣਾ ਪੈਦਾ ਨਹੀਂ ਕਰਦਾ। ਉਹ ਪਰਮਾਤਮਾ ਆਪ ਹੀ ਸ੍ਰਿਸ਼ਟੀ ਪੈਦਾ ਕਰਕੇ , ਆਪ ਹੀ ਸਾਰੇ ਜੀਵਾਂ ਦੀ ਸਿਰਜਣਾ ਕਰਦਾ ਹੈ। ਜੋ ਕੁੱਝ ਵੀ ਇਸ ਸੰਸਾਰ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ, ਉਹ ਸਾਰਾ ਕੁੱਝ ਉਹ ਪਰਮਾਤਮਾ ਆਪ ਹੀ ਹੈ ਭਾਵ ਇਹ ਸੰਸਾਰ ਉਸ ਪਰਮਾਤਮਾ ਦਾ ਸਰੂਪ ਹੀ ਹੈ:

ਜੁਗਿ ਜੁਗਿ ਥਾਪਿ ਸਦਾ ਨਿਰਵੈਰੁ॥
ਜਨਮਿ ਮਰਣਿ ਨਹੀ ਧੰਧਾ ਧੈਰੁ॥
ਜੋ ਦੀਸੈ ਸੋ ਆਪੇ ਆਪਿ॥
ਆਪਿ ਉਪਾਇ ਆਪੇ ਘਟਿ ਥਾਪਿ॥...
(ਪੰਨਾ 931)

ਅਕਾਲ ਉਸਤਤਿ ਵਿਚ ਦੱਸਿਆ ਹੈ ਕਿ ਉਸ ਦਾ ਰੂਪ ਬਿਨਾ ਕਿਸੇ ਹੱਦ ਜਾਂ ਘੇਰੇ ਦੇ ਹੈ, ਹੱਦ-ਬੰਦੀਆਂ ਤੋਂ ਆਜ਼ਾਦ ਹੈ। ਉਹ ਅਨਾਹਦ ਬਾਣੀ ਹੈ ਅਰਥਾਤ ਉਹ ਬਿਨਾਂ ਕਿਸੇ ਠੋਕਰ ਤੋਂ ਉਪਜੀ ਧੁਨੀ ਹੈ, ਸ਼ਬਦ ਹੈ, ਬਾਣੀ ਹੈ। ਉਹ ਪ੍ਰਥਮ ਕਾਲ ਦਾ ਤੇਜ ਸਰੂਪ ਹੈ। ਕਈ ਵਿਦਵਾਨਾਂ ਨੇ ਇਸ ਦਾ ਅਰਥ ਕੀਤਾ ਹੈ ਕਿ ਭਵਾਨੀ ਅਰਥਾਤ ਦੇਵੀ ਦੁਰਗਾ ਨੇ ਉਸ ਦੇ ਚਰਨਾਂ ਦੀ ਸ਼ਰਨ ਲਈ ਹੈ ਅਤੇ ਉਥੇ ਵੱਸ ਰਹੀ ਹੈ। ਇਹ ਸਾਰੀ ਕੁਦਰਤ ਉਸੇ ਦੀ ਬਣਾਈ ਹੋਈ ਹੈ। ਬ੍ਰਹਮਾ ਅਤੇ ਵਿਸ਼ਨੂੰ ਆਦਿ ਦੇਵਤੇ ਵੀ ਉਸ ਦਾ ਭੇਦ ਨਹੀਂ ਪਾ ਸਕੇ, ਉਸ ਦਾ ਸਿਰਾ ਨਹੀਂ ਲੱਭ ਸਕੇ। ਚਾਰ ਮੂੰਹਾਂ ਵਾਲੇ ਬ੍ਰਹਮਾ ਨੇ ਉਸ ਦੀ ਵਿਆਖਿਆ 'ਨੇਤਿ ਨੇਤਿ' ਕਹਿ ਕੇ ਅਰਥਾਤ ਇਹ ਵੀ ਨਹੀਂ, ਇਹ ਵੀ ਨਹੀਂ ਕਹਿ ਕੇ ਕੀਤੀ ਹੈ। ਉਸ ਨੇ ਅਣਗਿਣਤ ਇੰਦਰ ਵਰਗੇ ਦੇਵਤੇ ਅਤੇ ਉਪ-ਦੇਵਤੇ ਪੈਦਾ ਕੀਤੇ। ਬ੍ਰਹਮਾ ਅਤੇ ਸ਼ਿਵਜੀ ਵਰਗੇ ਅਨੇਕ ਪੈਦਾ ਕਰਕੇ ਖਤਮ ਕਰ ਦਿੱਤੇ। ਉਸ ਨੇ ਚੌਦਾਂ ਲੋਕਾਂ ਵਿਚ ਇਸ ਸੰਸਾਰ ਦੀ ਰਚਨਾ ਦਾ ਖੇਲ੍ਹ ਰਚਾਇਆ ਅਤੇ ਫਿਰ ਆਪ ਹੀ ਇਸ ਨੂੰ ਸਮੇਟ ਕੇ ਆਪਣੇ ਵਿਚ ਮਿਲਾ ਲੈਂਦਾ ਹੈ:

ਅਨਹਦ ਰੂਪ ਅਨਾਹਦ ਬਾਨੀ। ਚਰਨ ਸ਼ਰਨ ਜਿਹ ਬਸਤ ਭਵਾਨੀ
ਬ੍ਰਹਮਾ ਬਿਸਨੁ ਅੰਤੁ ਨਹੀਂ ਪਾਇਓ॥
ਨੇਤਿ ਨੇਤਿ ਮੁਖਚਾਰਿ ਬਤਾਇਓ॥5॥

ਇਥੇ ਇੱਕ ਗੱਲ ਧਿਆਨ ਦੇਣ ਵਾਲੀ ਹੈ ਕਿ ਹਿੰਦੂ ਧਰਮ ਗ੍ਰੰਥਾਂ ਜਾਂ ਮਿਥਿਹਾਸ ਵਿਚ ਬ੍ਰਹਮਾ ਨੂੰ ਪੈਦਾ ਕਰਨ ਵਾਲਾ ਅਤੇ ਸ਼ਿਵਜੀ ਨੂੰ ਸੰਘਾਰ-ਕਰਤਾ ਮੰਨਿਆ ਹੈ ਅਤੇ ਸਿੱਖ ਧਰਮ ਚਿੰਤਨ ਵਿਚ ਇਨ੍ਹਾਂ ਦੇਵਤਿਆਂ ਨੂੰ ਸੁਤੰਤਰ ਰਚਣਸ਼ਕਤੀ ਜਾਂ ਵਿਨਾਸ਼ ਕਰਨ ਵਾਲੀ ਸ਼ਕਤੀ ਨਾ ਮੰਨਦੇ ਹੋਏ ਕਰਤਾਰ ਵੱਲੋਂ ਹੋਰ ਰਚਨਾ ਦੀ ਤਰ੍ਹਾਂ ਹੀ ਸਿਰਜੇ ਹੋਏ ਮੰਨਿਆ ਹੈ ਜਿਨ੍ਹਾਂ ਦੀ ਪਰਮਾਤਮਾ ਤੋਂ ਅੱਡਰੀ ਕੋਈ ਸ਼ਕਤੀ ਨਹੀਂ ਹੈ। ਪਰਮਾਤਮਾ ਨੇ ਉਨ੍ਹਾਂ ਨੂੰ ਆਪਣੀ ਹੋਰ ਰਚਨਾ ਦੀ ਤਰ੍ਹਾਂ ਹੀ ਖਤਮ ਕਰਕੇ ਆਪਣੇ ਵਿਚ ਮਿਲਾ ਲਿਆ। ਪਰਮਾਤਮਾ ਦੀ ਸਿਰਜਣ ਸ਼ਕਤੀ ਦੇ ਸੰਦਰਭ ਵਿਚ ਹਿੰਦੂ ਮਿਥਿਹਾਸ ਵਿਚੋਂ ਹਵਾਲੇ ਦੇਣ ਦਾ ਅਰਥ ਉਨ੍ਹਾਂ ਦੇ ਸੁਤੰਤਰ ਕਰਤਾਰੀ ਸ਼ਕਤੀਆਂ ਹੋਣ ਨੂੰ ਨਕਾਰਨਾ ਹੈ ਜਿਸ ਨਾਲ ਸਿੱਖ ਧਰਮ ਚਿੰਤਨ ਦੀ ਹਿੰਦੂ ਧਰਮ-ਚਿੰਤਨ ਨਾਲੋਂ ਵੱਖਰਤਾ ਅਤੇ ਨਿਵੇਕਲਾਪਣ ਸਥਾਪਤ ਹੁੰਦਾ ਹੈ। ਇੰਦਰ ਰਿਗ ਵੇਦ ਦਾ ਪ੍ਰਮੁੱਖ ਦੇਵਤਾ ਹੈ ਜਿਸ ਦਾ ਜ਼ਿਕਰ ਕਰਦਿਆਂ ਦਸਮ ਗੁਰੂ ਨੇ ਇਥੇ ਕਿਹਾ ਹੈ ਕਿ ਇੰਦਰ ਵਰਗੇ ਅਣਗਿਣਤ ਦੇਵਤੇ ਕਰਤਾਰ ਨੇ ਸਿਰਜੇ ਅਤੇ ਮਿਟਾ ਦਿੱਤੇ। ਇਸ ਤੋਂ ਸਥਾਪਤ ਹੋ ਜਾਂਦਾ ਹੈ ਕਿ ਗੁਰਮਤਿ ਵਿਚਾਰਧਾਰਾ ਰਿਗ ਵੇਦ ਦੀ ਨਿਰੰਤਰਤਾ ਵਿਚ ਨਹੀਂ ਹੈ। ਅੱਗੇ ਫੁਰਮਾਇਆ ਹੈ ਕਿ ਦਾਨਵ ਅਤੇ ਦੇਵਤੇ, ਸ਼ੇਸ਼ਨਾਗ ਵਰਗੇ ਵੀ ਬੇਅੰਤ ਪੈਦਾ ਕੀਤੇ। ਗੰਧਰਵ (ਇੰਦਰ ਦੀ ਸਭਾ ਦੇ ਗਵੱਈਏ), ਜੱਛ (ਇੰਦਰ ਦੇ ਦਰਬਾਰੀ ਸਾਜ ਵਜੱਈਏ) ਪੈਦਾ ਕੀਤੇ ਜਿਨ੍ਹਾਂ ਦਾ ਆਚਰਣ ਸ਼ੁਭ ਮੰਨਿਆ ਜਾਂਦਾ ਹੈ। ਉਹ ਕਰਤਾਰ ਬੀਤ ਚੁੱਕੇ, ਵਰਤਮਾਨ ਅਤੇ ਆਉਣ ਵਾਲੇ ਸਮਿਆਂ (ਭੂਤ, ਵਰਤਮਾਨ ਅਤੇ ਭਵਿੱਖ) ਦੀ ਕਹਾਣੀ, ਹਰ ਇੱਕ ਸਰੀਰ ਦੇ ਅੰਦਰਲੀ ਗੱਲ ਜਾਣਦਾ ਹੈ:

ਕੋਟਿ ਇੰਦ੍ਰ ਉਪਇੰਦ੍ਰ ਬਨਾਏ॥
ਬ੍ਰਹਮਾ ਰੁੱਦ੍ਰ ਉਪਾਇ ਖਪਾਏ॥
ਲੋਕ ਚਤ੍ਰ ਦਸ ਖੇਲ ਰਚਾਇਓ॥
ਬਹੁਰਿ ਆਪ ਹੀ ਬੀਚ ਮਿਲਾਇਓ॥6
ਦਾਨਵ ਦੇਵ ਫਨਿੰਦ ਅਪਾਰਾ॥
ਗੰਧ੍ਰਬ ਜੱਛ ਰਚੇ ਸੁਭਚਾਰਾ॥
ਭੂਤ ਭਵਿੱਖ ਭਵਾਨ ਕਹਾਨੀ॥
ਘਟ ਘਟ ਕੇ ਪਟ ਪਟ ਕੀ ਜਾਨੀ॥7॥

ਗੁਰੂ ਨਾਨਕ 'ਸਿਧ ਗੋਸਟਿ' ਦੀਆਂ ਆਖਰੀ ਪੰਕਤੀਆਂ ਵਿਚ ਨਚੋੜ ਕੱਢਦੇ ਹੋਏ ਅਕਾਲ ਪੁਰਖ ਨੂੰ ਹੀ ਸੰਬੋਧਿਤ ਹੁੰਦੇ ਹਨ ਕਿ ਤੂੰ ਕਿਹੋ ਜਿਹਾ ਹੈਂ ਅਤੇ ਕਿੰਨਾ ਵੱਡਾ ਹੈਂ, ਇਹ ਗੱਲ ਤੂੰ ਆਪ ਹੀ ਜਾਣਦਾ ਹੈਂ। ਹੋਰ ਕੋਈ ਇਸ ਬਾਰੇ ਕੁੱਝ ਨਹੀਂ ਦਸ ਸਕਦਾ। ਤੂੰ ਆਪ ਹੀ ਗੁਪਤ ਹੈਂ ਅਤੇ ਆਪ ਹੀ ਪ੍ਰਗਟ ਹੈਂ ਅਰਥਾਤ ਸੂਖਮ ਅਤੇ ਸਥੂਲ ਦੋਵੇਂ ਰੂਪ ਤੇਰੇ ਹਨ ਅਤੇ ਤੂੰ ਆਪ ਹੀ ਸਾਰੇ ਰੰਗ ਮਾਣ ਰਿਹਾ ਹੈਂ। ਸਾਧਨਾ ਕਰਨ ਵਾਲੇ ਅਤੇ ਸਾਧਨਾ ਵਿਚ ਪੁੱਗੇ ਹੋਏ ਜੋਗੀ, ਗੁਰੂ ਅਤੇ ਉਨ੍ਹਾਂ ਦੇ ਕਈ ਚੇਲੇ ਤੇਰੇ ਹੁਕਮ ਵਿਚ ਤੈਨੂੰ ਖੋਜਦੇ ਫਿਰਦੇ ਹਨ ਅਤੇ ਤੇਰੇ ਕੋਲੋਂ ਤੇਰੇ ਨਾਮ ਦੀ ਦਾਤ ਮੰਗਦੇ ਹਨ। ਅਬਿਨਾਸ਼ੀ ਪਰਮਾਤਮਾ ਨੇ ਸੰਸਾਰ ਦੀ ਇਹ ਖੇਡ ਰਚੀ ਹੈ, ਇਹ ਸਮਝ ਗੁਰਮੁਖ ਮਨੁੱਖ ਨੂੰ ਪੈਂਦੀ ਹੈ। ਸਾਰੇ ਜੁਗਾਂ ਵਿਚ ਉਹ ਆਪ ਹੀ ਮੌਜੂਦ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ। ਮਾਰੂ ਸੋਲਹੇ ਵਿਚ ਗੁਰੂ ਅਮਰਦਾਸ ਫੁਰਮਾਉਂਦੇ ਹਨ ਕਿ ਉਹ ਕਰਤਾਰ ਆਪਣੇ ਆਪ ਨੂੰ ਪੈਦਾ ਕਰਕੇ ਆਪ ਹੀ ਪ੍ਰਗਟ ਹੋਇਆ ਅਰਥਾਤ ਸਰਗੁਣ ਸਰੂਪ ਵਿਚ ਆਇਆ ਅਤੇ ਸਭ ਵਿਚ ਵਿਆਪਕ ਹੈ, ਜਗਤ ਦਾ ਆਸਰਾ ਬਣ ਕੇ ਸਭ ਦੀ ਸੰਭਾਲ ਕਰਦਾ ਹੈ। ਕਰਤਾਰ ਨੇ ਆਪ ਹੀ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਪੈਦਾ ਕੀਤੇ ਅਤੇ ਆਪ ਹੀ ਸਭ ਨੂੰ ਧੰਦੇ ਲਾਉਂਦਾ ਹੈ। ਜਿਹੜਾ ਉਸ ਨੂੰ ਚੰਗਾ ਲਗਦਾ ਹੈ ਉਸ ਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ। ਇਸ ਸਭ ਦੀ ਸੋਝੀ ਗੁਰਮੁਖ ਨੂੰ ਹੁੰਦੀ ਹੈ। ਅਕਾਲ ਉਸਤਤਿ ਵਿਚ ਅੱਗੇ ਦੱਸਿਆ ਹੈ ਕਿ ਜਿਸ ਦਾ ਪਿਤਾ, ਮਾਤਾ, ਜਾਤਿ ਅਤੇ ਗੋਤ ਨਹੀਂ ਹੈ ਅਰਥਾਤ ਜੋ ਆਪਣੇ ਆਪ ਤੋਂ ਹੈ, ਉਹ ਸਦਾ ਇੱਕ ਰੰਗ ਹੈ ਜੋ ਕਿਸੇ ਵਿਚ ਰੰਗਿਆ ਹੋਇਆ ਨਹੀਂ (ਨਿਰਲੇਪ ਹੈ)। ਉਸ ਦੀ ਜੋਤਿ ਹਰ ਇੱਕ ਵਿਚ ਸਮਾਈ ਹੋਈ ਹੈ ਅਤੇ ਉਹ ਹਰ ਥਾਂ ਵਿਆਪਕ ਹੈ। ਉਹ ਸਮੇਂ ਅਤੇ ਮੌਤ ਦੇ ਬੰਧਨਾਂ ਤੋਂ ਉਤੇ, ਅਕਾਲ ਸਰੂਪ ਹੈ ਜਿਸ ਨੂੰ ਲਖਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਸ ਨੂੰ ਬਿਆਨ ਕੀਤਾ ਜਾ ਸਕਦਾ ਹੈ। ਉਸ ਨੂੰ ਜਾਣਿਆ ਨਹੀਂ ਜਾ ਸਕਦਾ ਅਤੇ ਦੇਵਤੇ ਉਸ ਨੂੰ ਭਰਮ ਤੋਂ ਰਹਿਤ ਮੰਨਦੇ ਹਨ। ਉਹ ਸਾਰਿਆਂ ਦਾ ਕਰਤਾ ਅਤੇ ਹਰਤਾ ਹੈ। ਸਭ ਦੇ ਦੁੱਖ, ਦਰਦ ਅਤੇ ਰੋਗ ਦੂਰ ਕਰਨ ਵਾਲਾ ਹੈ। ਜਿਸ ਕਿਸੇ ਨੇ ਵੀ ਉਸ ਨੂੰ ਇੱਕ ਮਨ ਹੋ ਕੇ ਚਿੱਤ ਦੀ ਇਕਾਗਰਤਾ ਨਾਲ ਇੱਕ ਛਿਣ ਲਈ ਵੀ ਧਿਆਇਆ ਹੈ, ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਗਿਆ ਹੈ:

ਸਭ ਕੋ ਕਾਲ ਸਭਨ ਕੋ ਹਰਤਾ॥
ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸਿ ਕੇ ਬੀਚ ਨ ਆਇਓ॥10॥

## ਸਿਆਣਿਆਂ ਦਾ ਕਿਹਾ

(1) 1984 ਵਿਚ ਫਿਰਕਾਪ੍ਰਸਤ ਕਾਂਗਰਸੀਆਂ ਅਤੇ ਭਾਜਪਾ ਦੇ ਹੱਥੋਂ ਸਿੱਖ ਕਤਲ ਕੀਤੇ ਗਏ ਪਰ ਹੈਰਾਨੀ, ਇਨ੍ਹਾਂ ਦੇ ਹਮਾਇਤੀ ਸਿੱਖਾਂ ਨੂੰ ਹਾਲੇ ਤੱਕ ਹੋਸ਼ ਨਹੀਂ ਆਈ।

(2) ਮੌਸਮਾਂ ਵਾਂਗ ਕੁਦਰਤ ਵੀ ਕਰਵਟਾਂ ਬਦਲਦੀ ਹੈ।

(3) ਅੰਗਰੇਜ਼ਾਂ ਨੇ ਕੁਰਬਾਨੀਆਂ ਕਰਨ ਵਾਲਿਆਂ ਨੂੰ ਪਾਸੇ ਰੱਖ ਕੇ, ਆਪਣੇ ਯਾਰਾਂ ਸਰਮਾਏਦਾਰਾਂ ਨੂੰ ਸਮਝੌਤੇ ਨਾਲ ਰਾਜ ਸੌਂਪ ਦਿੱਤਾ।

(4) ਸਿਆਸਤ ਵਿਚ ਆਪਣੇ ਹਿੱਤ ਵੇਖੇ ਜਾਂਦੇ ਹਨ। ਦੋਸਤੀਆਂ, ਕੁਰਬਾਨੀਆਂ ਤੇ ਅਹਿਸਾਨ ਪਾਣੀ ਦੇ ਬੂਰ ਵਾਂਗ ਪਾਸੇ ਵਗਾਹ ਦਿੱਤੇ ਜਾਂਦੇ ਹਨ।

(5) ਮਾਸਟਰ ਤਾਰਾ ਸਿੰਘ ਆਪਣੇ (ਪ੍ਰਭਾਤ) ਅਖ਼ਬਾਰ ਵਿਚ 1953 ਤੱਕ ਆਪਣੇ ਆਪ ਨੂੰ ਸਪਸ਼ਟ ਹਿੰਦੂ ਲਿਖਦਾ ਰਿਹਾ ਹੈ।

(6) ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੀ ਕਬਰ ਪੁੱਟੀ ਅਤੇ ਬਲਦੇਵ ਸਿੰਘ ਨੇ ਕਹੀ ਨਾਲ ਮਿੱਟੀ ਪੂਰ ਦਿੱਤੀ।

(7) ਆਪਣੇ ਲਹੂ ਨਾਲ ਭਾਰਤ ਦੀ ਜਿੱਤੀ ਆਜ਼ਾਦੀ ਵਿਚ ਸਿੱਖ ਕਿਵੇਂ ਮਾਣ ਮਹਿਸੂਸ ਕਰ ਸਕਦੇ ਹਨ?

(8) ਸਿਆਸਤ ਨੂੰ ਦਿਆ ਤੇ ਤਰਸ ਦੀ ਨਹੀਂ, ਸਗੋਂ ਬੇਰਹਿਮੀ ਤੇ ਅਹਿਸਾਨ ਫਰਾਮੋਸ਼ੀ ਦੀ ਗੁੜ੍ਹਤੀ ਮਿਲੀ ਹੁੰਦੀ ਹੈ।

(9) ਸਿਆਸਤ ਵਰਗੀ ਬੇਰਹਿਮ ਜਾਤ ਕੋਈ ਨਹੀਂ।

(10) ਸਿਆਸਤ ਹੱਥ ਮਿਲਾ ਕੇ, ਵਾਅਦਾ ਕਰਕੇ, ਦੋਸਤੀ ਪਾ ਕੇ ਹੀ ਮਾਰਦੀ ਹੈ।

(11) ਪੰਜਾਬ ਮਜਬੂਰੀ ਮੂੰਹ ਡਾਂਗ 'ਤੇ ਡੇਰਾ ਕਰੇਗਾ।

(12) ਇਜ਼ਤ ਨਾਲ ਜਿਊਣਾ ਸਿੱਖ ਦੀ ਪਹਿਲੀ ਲੋੜ ਹੈ।

(13) ਪੰਜਾਬ ਦੇ ਬੂੰਦ ਬੂੰਦ ਪਾਣੀ ਨਾਲ ਸਿੱਖਾਂ ਦਾ ਬੂੰਦ ਬੂੰਦ ਲਹੂ ਵੀ ਖਿੱਚਿਆ ਜਾ ਰਿਹਾ ਹੈ।

(14) ਜਿਹੜੀ ਕੌਮ ਆਉਣ ਵਾਲੀ ਤਬਾਹੀ ਨੂੰ ਅਨੁਭਵ ਕਰਕੇ ਬਚਾਅ ਦਾ ਬੰਦੋਬਸਤ ਨਹੀਂ ਕਰਦੀ, ਯਕੀਨਨ ਇਤਿਹਾਸ ਤੋਂ ਮਿਟ ਜਾਵੇਗੀ।

(15) ਕਿਸੇ ਨੇ ਵੱਢਖਾਣੇ ਭੂੰਡ ਨੂੰ ਪੁੱਛਿਆ, ਤੁਹਾਡੇ ਵਿਚੋਂ ਸਰਦਾਰ ਕਿਹੜਾ ਹੈ? ਭੂੰਡ ਨੇ ਜਵਾਬ ਦਿੱਤਾ, ਕਿਸੇ ਇੱਕ ਦੀ ਪਿੱਠ ਨੂੰ ਹੱਥ ਲਾ ਕੇ ਵੇਖ ਲੈ।

(16) ਜਿਹੜੇ ਭਾਰਤੀ ਲੋਕਾਂ ਦੀ ਨੀਅਤ ਵਿਚ ਗੱਦਾਰੀ ਹੈ, ਬੇਈਮਾਨੀ ਹੈ, ਉਨ੍ਹਾਂ ਅੱਗੇ ਪੰਜਾਬ ਦੇ ਦਰਦ ਭਰੇ ਫੱਟ ਨੰਗੇ ਕਰਨ ਦਾ ਕੀ ਫਾਇਦਾ? ਲੂਣ ਦੀ ਬੁੱਕ ਹੀ ਪਾਉਣਗੇ।

(17) ਦੇਸ਼ ਵਿਦੇਸ਼ ਵਿਚ ਅਸੀਂ ਗੁਰਦੁਆਰੇ ਐਨੇ ਉਸਾਰ ਲਏ ਕਿ ਸਕੂਲ ਉਨ੍ਹਾਂ ਦੇ ਮੁਕਾਬਲੇ ਵਿਚਾਰੇ ਹੋ ਕੇ ਰਹਿ ਗਏ।

(18) ਗੁਰੂ ਜਦੋਂ ਦਿਆਲ ਹੋਣ 'ਤੇ ਆਉਂਦਾ ਹੈ ਤਾਂ ਸਾਰੇ ਖਾਲੀ ਭਾਂਡੇ ਭਰ ਦਿੰਦਾ ਹੈ।

(19) ਮਿੱਠਾ ਪਾਖੰਡ ਕਰੇ ਬਿਨਾ ਖੈਰ ਨਹੀਂ ਪੈਂਦੀ।

(20) ਪੁਰਾਣੇ ਡਾਕੂ ਰਾਹੀਆਂ ਤੋਂ ਕੁੱਟ ਕੇ ਮਾਲ ਖੋਂਹਦੇ ਸੀ। ਅੱਜ ਕਲ ਡਾਕੂ (ਸਾਧ) ਸ਼ਰਧਾ ਨਾਲ ਲੈਂਦੇ ਨੇ, ਡਕੈਤੀ ਵਿਚ ਕੋਈ ਫਰਕ ਨਹੀਂ।

(21) ਮਾਇਆ ਬੁਰੀ ਬਲਾ! ਜਿਸ ਕੋਲ ਹੈ ਨਹੀਂ ਉਸਦਾ ਮੌਤ ਦੇ ਦਰ ਤੱਕ ਬੁਰਾ ਹਾਲ ਕਰਦੀ ਹੈ। ਜਿਸ ਦੇ ਕੋਲ ਆ ਜਾਵੇ ਉਸ ਨੂੰ ਇਨਸਾਨ ਨਹੀਂ ਰਹਿਣ ਦਿੰਦੀ।

(22) ਆਪਣੇ ਵਤਨ ਖੁਸ਼ਹਾਲ ਵਸਦਾ ਕੋਈ ਬੰਦਾ ਪ੍ਰਦੇਸੀਂ ਧੱਕੇ ਖਾਣ ਲਈ ਨਹੀਂ ਨਿਕਲਦਾ।

(23) ਸਿੱਖਾਂ ਨੂੰ ਗੁਰੂਆਂ ਨੇ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਸਿਖਾਇਆ ਹੈ। ਕਿਰਤ ਕਾਹਦੀ ਕਰਦੇ ਨੇ? ਖੇਤੀ ਦੀ। ਖੇਤੀ ਕਾਹਦੇ ਨਾਲ ਹੁੰਦੀ ਹੈ? ਪਾਣੀ ਨਾਲ। ਇਨ੍ਹਾਂ ਦਾ ਪਾਣੀ ਖੋਹ ਕੇ ਦੂਜੇ ਰਾਜਾਂ ਨੂੰ ਦੇ ਦਿਉ, ਆਪੇ ਹੌਲੀ ਹੌਲੀ ਰੁਲ ਜਾਣਗੇ, ਮਰ ਜਾਣਗੇ। ਇਹ ਹਿੰਦੂਵਾਦੀ ਨੀਤੀ ਹੈ।

(24) ਪੰਜਾਬ ਵਿਚ, ਸਿੱਖਾਂ ਦੇ ਨਿਕਾਸ ਅਤੇ ਬਿਹਾਰੀਆਂ ਦੇ ਵਿਕਾਸ ਨੇ, ਇਤਿਹਾਸ ਨੂੰ ਨਵੀਂ ਸਥਿਤੀ ਦੇ ਦਿੱਤੀ ਹੈ।

(25) ਸਿੱਖ ਪੰਜਾਬ ਵਿਚੋਂ ਕੰਮ ਛੱਡ ਕੇ, ਲੱਖਾਂ ਦੇ ਕੇ ਪ੍ਰਦੇਸਾਂ ਨੂੰ ਭੱਜ ਰਹੇ ਨੇ, ਪੰਜਾਬ ਤਾਂ ਫਿਰ ਉਨ੍ਹਾਂ ਦਾ ਹੀ ਹੋਵੇਗਾ ਜਿਹੜੇ ਇਸ ਵਿਚ ਵਸਣਗੇ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

ISBN # 978-0-9781624-9-8

# ਮੈਕਸੀਕੋ ਦੇ ਟਰੱਕਾਂ ਲਈ ਅਮਰੀਕਨ ਹਾਈਵੇ ਖੋਲ੍ਹਣਾ ਕਿਸ ਦੇ ਹਿਤ 'ਚ?

**ਹਰਜਿੰਦਰ ਦੁਸਾਂਝ**


ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚਾਲੇ ਹੋਏ ਇਕਰਾਰਨਾਮੇ 'ਨਾਰਥ ਅਮਰੀਕਾ ਫਰੀ ਟਰੇਡ ਐਗਰੀਮੈਂਟ' (ਨਾਫ਼ਟਾ) ਤਹਿਤ ਹੁਣ ਮੈਕਸੀਕੋ ਦੇ ਟਰੱਕਾਂ ਲਈ ਅਮਰੀਕਾ ਦੇ ਹਾਈਵੇ ਖੋਲ੍ਹਣ ਦਾ ਮੁੱਦਾ ਪੂਰਾ ਭਖਿਆ ਪਿਆ ਹੈ। ਵਾਸ਼ਿੰਗਟਨ ਦੇ ਸਿਆਸੀ ਦੰਗਲ ਵਿਚ ਇਸ ਦੇ ਹੱਕ ਅਤੇ ਵਿਰੋਧ ਵਿਚ, ਦੋਵੇਂ ਧਿਰਾਂ ਆਪੋ-ਆਪਣੀ ਗੱਲ ਮੰਨਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਅਮਰੀਕਾ ਦੇ ਟਰਾਂਸਪੋਰਟ ਕਾਮਿਆਂ ਦੀ ਸਭ ਤੋਂ ਵੱਡੀ ਯੂਨੀਅਨ 'ਟੀਮਸਟਰਜ਼ ਐਂਡ ਨੈਸ਼ਨਲ ਐਸੋਸੀਏਸ਼ਨ ਆਫ਼ ਇੰਡੀਪੈਂਡੈਂਟ ਟਰੱਕਰਜ਼' ਸਮੇਤ ਦੋਵਾਂ ਰਾਜਸੀ ਪਾਰਟੀਆਂ ਦੇ ਕਈ ਕਾਨੂੰਨਘਾੜੇ ਇਸ ਦਾ ਸਖ਼ਤ ਵਿਰੋਧ ਕਰ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮੈਕਸੀਕੋ ਦੇ ਟਰੱਕ ਅਮਰੀਕਾ ਦੀਆਂ ਸੜਕਾਂ 'ਤੇ ਘੁੰਮਣ ਲੱਗੇ ਤਾਂ ਟਰੱਕਾਂ ਦਾ ਧੰਦਾ ਕਰਦੇ ਲੋਕਾਂ ਦੀਆਂ ਨੌਕਰੀਆਂ ਨੂੰ ਵੱਡੀ ਸੱਟ ਵੱਜੇਗੀ। ਇਸ ਤੋਂ ਬਿਨਾਂ ਸੜਕਾਂ ਦੀ ਸੁਰੱਖਿਆ ਵੀ ਘਟੇਗੀ ਅਤੇ ਜੁਰਮ ਵੀ ਵਧੇਗਾ ਜਿਸ ਨਾਲ ਅਮਰੀਕਾ ਦੇ ਖ਼ਜ਼ਾਨੇ 'ਤੇ ਹੋਰ ਬੋਝ ਵਧੇਗਾ।

ਟੀਮਸਟਰਜ਼ ਯੂਨੀਅਨ ਦੇ ਜਨਰਲ ਪ੍ਰੈਜ਼ੀਡੈਂਟ ਜਿੰਮ ਹੌਫਲਾ ਦਾ ਕਹਿਣਾ ਹੈ ਕਿ ਟਰਾਂਸਪੋਰਟ ਡਿਪਾਰਟਮੈਂਟ ਦਾ ਇਹ ਫੈਸਲਾ ਅਮਰੀਕਨਾਂ ਲਈ ਬੜਾ ਗਲਤ, ਖ਼ਤਰਨਾਕ ਤੇ ਬੇਇਨਸਾਫ਼ੀ ਵਾਲਾ ਹੈ। ਇਸ ਨਾਲ ਟਰੱਕ ਸਨਅਤ ਦੀਆਂ ਨੌਕਰੀਆਂ ਨੂੰ ਹੀ ਨਹੀਂ, ਸਗੋਂ ਵੇਅਰਹਾਊਸ ਨੌਕਰੀਆਂ ਨੂੰ ਵੀ ਮਾਰ ਵੱਜੇਗੀ। ਉਸ ਦਾ ਕਹਿਣਾ ਕਿ ਸ਼ਾਇਦ ਇਹ ਵੈਸੇ ਵੀ ਗੈਰਕਾਨੂੰਨੀ ਹੈ ਕਿਉਂਕਿ 'ਨਾਰਥ ਅਮਰੀਕਾ ਫਰੀ ਟਰੇਡ ਐਗਰੀਮੈਂਟ' (ਨਾਫ਼ਟਾ) ਤਹਿਤ ਮੈਕਸੀਕੋ ਦੇ ਟਰੱਕਾਂ ਦੇ ਬਾਰਡਰ ਪਾਰ ਕਰਨ ਲਈ 'ਟਰੱਕਿੰਗ ਪਾਇਲਟ ਪ੍ਰੋਗਰਾਮ' ਚਾਲੂ ਕੀਤਾ ਗਿਆ ਸੀ ਜਿਹੜਾ ਸਾਲ 2009 ਵਿਚ ਕਾਂਗਰਸ ਨੇ ਠੱਪ ਕਰ ਦਿੱਤਾ ਸੀ।

ਓਰੇਗਾਨ ਸਟੇਟ ਦੇ ਸੈਨੇਟਰ ਪੀਟਰ ਡੀ ਫੈਜ਼ੀਓ (ਡੈਮੋਕਰੈਟ) ਅਤੇ ਕੈਲੀਫੋਰਨੀਆ ਦੇ ਕਾਂਗਰਸਮੈਨ ਡੰਕਨ ਹੰਟਰ (ਰਿਪਬਲਿਕਨ) ਮੈਕਸੀਕੋ ਟਰੱਕਿੰਗ ਸਨਅਤ ਨੂੰ ਬਾਰਡਰ 'ਤੇ ਹੀ ਰੋਕਣ ਦੀ ਮੁਹਿੰਮ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੈਕਸੀਕੋ ਦੇ ਟਰੱਕ ਉਦਯੋਗ ਦਾ ਮਿਆਰ ਅਮਰੀਕਾ ਦੇ ਮੁਕਾਬਲੇ ਬਹੁਤ ਹਲਕੇ ਪੱਧਰ ਦਾ ਹੈ। ਦੂਜਾ, ਮੈਕਸੀਕੋ ਦੇ ਟਰੱਕਾਂ ਨੂੰ ਅਮਰੀਕਾ ਸੱਦਣਾ ਡਰੱਗ ਸਮਗਲਰਾਂ ਨੂੰ ਅਮਰੀਕਨ ਸੜਕਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਇਸ ਗੱਲ ਨਾਲ ਤਸੱਲੀ ਨਹੀਂ ਕਿ ਮੈਕਸੀਕੋ ਦੇ ਡਰਾਇਵਰਾਂ ਅਤੇ ਟਰੱਕਾਂ ਨੂੰ ਅਮਰੀਕਨ ਅਧਿਕਾਰੀ ਚੈਕ ਕਰਨਗੇ, ਤੇ ਉਹ ਹੀ ਬਾਕੀ ਨਿਗਰਾਨੀ ਕਰਨਗੇ। ਕਾਂਗਰਸਮੈਨ ਹੰਟਰ ਦਾ ਕਹਿਣਾ ਕਿ ਜਿਹੜੇ ਲੋਕ 50 ਡਾਲਰ (ਮੈਕਸੀਕਨ) ਜਾਂ ਸੋਨੇ ਦੀ ਨਕਲੀ ਘੜੀ ਬਦਲੇ 'ਸਪੀਡਿੰਗ ਟਿਕਟ' ਖੁਰਦ-ਬੁਰਦ ਕਰਵਾ ਲੈਂਦੇ ਹਨ, ਉਨ੍ਹਾਂ ਤੋਂ ਇੱਥੇ ਕਿੰਨੀ ਕੁ ਸੁਰੱਖਿਆ ਦੀ ਆਸ ਰੱਖੀ ਜਾ ਸਕਦੀ ਹੈ? 'ਟਰੱਕਿੰਗ ਪਾਇਲਟ ਪ੍ਰੋਗਰਾਮ' ਤਹਿਤ ਕਈ ਮੈਕਸੀਕਨਾਂ ਨੇ ਅਮਰੀਕਾ ਵਿਚ ਅਜਿਹਾ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ ਜਿਸ ਦੇਸ਼ ਤੋਂ ਤੁਸੀਂ ਡਰੱਗ ਰੋਕਣ ਲਈ ਸਰਹੱਦ 'ਤੇ ਪੋਸਟਰ ਲਾ ਰਹੇ ਹੋ, ਉਥੋਂ ਹੀ ਉਸ ਦੇਸ਼ ਤੋਂ ਤੁਸੀਂ ਟਰੱਕ ਦਾਖ਼ਲ ਕਰਨ ਲਈ ਕਹਿ ਰਹੇ ਹੋ! ਉਨ੍ਹਾਂ ਦਾ ਕਹਿਣਾ ਹੈ ਕਿ ਟਰਾਂਸਪੋਰਟ ਵਿਭਾਗ ਦੇ ਕੁਝ ਉਚ ਅਧਿਕਾਰੀਆਂ ਦਾ ਦਿਮਾਗ ਹਿੱਲ ਗਿਆ ਲੱਗਦਾ ਹੈ।

ਅਮਰੀਕਾ ਦੇ ਟਰਾਂਸਪੋਰਟ ਵਿਭਾਗ ਦੇ ਕੁਝ ਉਚ ਅਧਿਕਾਰੀ, 'ਦੀ ਨੇਸ਼ਨ'ਜ਼ ਲਾਰਜੈਸਟ ਟਰੱਕਿੰਗ ਇੰਡਸਟਰੀ ਟਰੇਡ ਐਸੋਸੀਏਸ਼ਨ', ਅਤੇ 'ਬਿਜਨੈਸ ਐਕਸਪੋਰਟ ਟੂ ਮੈਕਸੀਕੋ ਅਤੇ ਯੂ.ਐਸ. ਚੈਂਬਰ ਆਫ਼ ਕਾਮਰਸ' ਇਸ ਦੇ ਹੱਕ ਵਿਚ ਵਕਾਲਤ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਅਮਰੀਕਨ ਕੰਪਨੀਆਂ ਦੋ ਬਿਲੀਅਨ ਤੋਂ ਜ਼ਿਆਦਾ ਦੀ ਬੱਚਤ ਕਰਕੇ ਹਜ਼ਾਰਾਂ ਨਵੀਆਂ ਨੌਕਰੀਆਂ ਪੈਦਾ ਕਰਨਗੀਆਂ। ਯੂ.ਐਸ. ਚੈਂਬਰ ਆਫ਼ ਕਾਮਰਸ ਦੇ ਪ੍ਰਧਾਨ ਥਾਮਸ ਡੋਨ ਹੂ ਦਾ ਕਹਿਣਾ ਹੈ ਕਿ ਜੇ ਉਹ ਅਮਰੀਕਨ ਵਸਤਾਂ ਬਾਹਰ ਵਧੇਰੇ ਭੇਜਦੇ ਹਨ ਤਾਂ ਦੇਸ਼ ਵਿਚ ਵਧੇਰੇ ਰੋਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ। ਅਮਰੀਕਨ ਕੰਪਨੀਆਂ ਦਾ ਮੈਕਸੀਕਨਾਂ ਨਾਲ ਵਪਾਰ ਵਧ ਰਿਹਾ ਹੈ।

ਚੈਂਬਰ ਦੇ ਸੀਨੀਅਰ ਡਾਇਰੈਕਟਰ ਪੈਟਰਿਕ ਕਿਲ ਬਰਾਇਡ ਦਾ ਕਹਿਣਾ ਹੈ ਕਿ ਅੱਜ ਅਮਰੀਕਾ ਦੀਆਂ ਬਾਈ ਸਟੇਟਾਂ ਮੈਕਸੀਕੋ ਨਾਲ ਨੰਬਰ ਇਕ ਜਾਂ ਦੋ ਦਾ ਵਪਾਰ ਕਰ ਰਹੀਆਂ ਹਨ ਜਿਹੜਾ ਟਰੱਕਾਂ ਦੇ ਆਰ-ਪਾਰ ਜਾਣ ਕਰਕੇ ਸੁੰਗੜ ਰਿਹਾ ਹੈ। ਟਰੱਕਿੰਗ ਕੰਪਨੀਆਂ ਦੀਆਂ ਕਈ ਜਥੇਬੰਦੀਆਂ ਕਹਿ ਰਹੀਆਂ ਹਨ ਕਿ ਇਸ ਨਾਲ ਬਹੁਤਾ ਫਰਕ ਨਹੀਂ ਪੈਣਾ। ਅਮਰੀਕਨ ਟਰੱਕਿੰਗ ਐਸੋਸੀਏਸ਼ਨ, ਜਿਸ ਦੇ ਕਰੀਬ ਚਾਲੀ ਹਜ਼ਾਰ ਮੈਂਬਰਾਂ ਤੋਂ ਬਿਨਾਂ ਟਰੱਕ ਉਦਯੋਗ ਦੇ ਕਈ ਹੋਰ ਗਰੁਪ ਵੀ ਮੈਂਬਰ ਹਨ, ਦੇ ਵਾਈਸ ਪ੍ਰੈਜ਼ੀਡੈਂਟ ਮਾਰਟਿਨ ਰੌਜਸ ਦਾ ਕਹਿਣਾ ਹੈ ਕਿ ਨੇੜੇ ਭਵਿੱਖ ਵਿਚ ਇਸ ਦਾ ਕੋਈ ਵੱਡਾ ਅਸਰ ਨਹੀਂ ਪੈਣਾ। ਸੀ.ਆਰ. ਇੰਗਲੈਂਡ ਕੰਪਨੀ, ਜਿਹੜੀ ਪਹਿਲਾਂ ਹੀ ਮੈਕਸੀਕੋ ਅਤੇ ਚੀਨ ਵਿਚ ਪੈਰ ਪਸਾਰ ਚੁੱਕੀ ਹੈ, ਦੇ ਪ੍ਰੈਜ਼ੀਡੈਂਟ ਡੇਵ



ਐਂਕਰਜ਼ ਦਾ ਕਹਿਣਾ ਕਿ ਇਹ ਕੋਈ ਮੁੱਦਾ ਨਹੀਂ ਕਿ ਮੈਕਸੀਕਨ ਆ ਰਹੇ ਹਨ। ਜੇ ਮੈਕਸੀਕੋ ਦੇ ਟਰੱਕ ਅਮਰੀਕਾ ਵਿਚ ਚੱਲਣਗੇ ਤਾਂ ਅਮਰੀਕਨ ਕਾਨੂੰਨ ਅਤੇ ਮਿਆਰ ਮੁਤਾਬਿਕ ਹੀ ਚੱਲਣਗੇ।

ਦੂਜੇ ਪਾਸੇ, ਛੋਟੀਆਂ ਟਰੱਕ ਕੰਪਨੀਆਂ ਅਤੇ ਨਿਜੀ ਓਪਰੇਟਰ ਇਸ ਨੂੰ ਬਾਜ ਅਤੇ ਕੂੰਜ ਦੀ ਲੜਾਈ ਦੱਸ ਰਹੇ ਹਨ। ਇਸ ਸਬੰਧੀ ਆਰਲਿੰਗਟਨ, ਓਹਾਇਓ ਦੇ ਇਕ ਨਿਜੀ ਟਰੱਕ ਓਪਰੇਟਰ ਦਾ ਕਹਿਣਾ ਹੈ ਕਿ ਮੈਕਸੀਕਨਾਂ ਨੇ ਤੈਅਸ਼ੁਦਾ ਸ਼ਰਤਾਂ/ਨਿਯਮ ਤੋੜ ਕੇ ਭਾਰ ਚੁੱਕਣ ਲੱਗ ਪੈਣਾ ਹੈ ਜੋ ਪਹਿਲਾਂ ਹੀ ਇਸ ਉਦਯੋਗ ਵਿਚ ਹੋ ਰਿਹਾ ਹੈ। ਸਰਕਾਰੀ ਹਲਕਿਆਂ ਵਿਚ ਮੈਕਸੀਕਨ ਟਰੱਕਾਂ ਦੇ ਅਮਰੀਕਾ ਵਿਚ ਆਉਣ ਤੋਂ ਵੀ ਜ਼ਿਆਦਾ ਵੱਡਾ ਮਸਲਾ ਬਣਿਆ ਹੋਇਆ ਹੈ ਮੈਕਸੀਕਨ ਟਰੱਕਾਂ ਵਿਚ ਲੱਗਣ ਵਾਲਾ ਡਾਟਾ ਰਿਕਾਰਡਰ ਜੋ ਹਵਾਈ ਜਹਾਜ਼ਾਂ ਦੇ ਬਲੈਕ ਬਾਕਸ ਵਰਗਾ ਹੋਵੇਗਾ ਅਤੇ ਬਾਰਡਰ ਪਾਰ ਕਰਨ ਤੋਂ ਭਾਰ ਚੁੱਕਣ-ਲਾਹੁਣ ਦੇ ਥਾਂ ਤੋਂ ਲੈ ਕੇ ਕੰਮ ਦੇ ਘੰਟਿਆਂ ਤੇ ਰੂਟ ਆਦਿ ਦੀ ਰਿਕਾਰਡਿੰਗ ਕਰੇਗਾ। ਇਹ ਰਿਕਾਰਡਰ ਅਮਰੀਕਾ ਦੇ ਟਰਾਂਸਪੋਰਟ ਵਿਭਾਗ ਵੱਲੋਂ ਖਰੀਦੇ ਜਾਣਗੇ। ਵਿਭਾਗ ਅਤੇ ਇਸ ਦੇ ਸਕੱਤਰ ਰੇ ਲਾਹੂੱਡ ਦੀ ਇਸ ਗੱਲੋਂ ਕਾਫ਼ੀ ਆਲੋਚਨਾ ਹੋ ਰਹੀ ਹੈ ਕਿ ਅਮਰੀਕਨ ਟਰੱਕਰਾਂ ਵੱਲੋਂ ਖਰੀਦੇ ਤੇਲ ਤੋਂ ਇਕੱਤਰ ਹੋਏ ਟੈਕਸ ਦੇ ਪੈਸੇ ਮੰਦਹਾਲੀ ਦੇ ਦੌਰ ਵਿਚ ਇਸ ਕੰਮ ਲਈ ਖਰਚੇ ਜਾਣਗੇ ਜੋ ਜਾਇਜ਼ ਨਹੀਂ। ਇਕ ਰਿਕਾਰਡਰ ਦੀ ਕੀਮਤ 2500 ਡਾਲਰ ਹੈ, ਤੇ ਇਸ ਦੀ ਸਰਵਿਸ ਦਾ ਵੱਖਰਾ ਖਰਚਾ ਹੈ। ਇਸ ਕੰਮ ਲਈ ਆਉਂਦੇ ਤਿੰਨ ਸਾਲਾਂ ਲਈ ਵਿਭਾਗ 2.4 ਮਿਲੀਅਨ ਡਾਲਰ ਰਾਖਵੇਂ ਕਰਨ ਬਾਰੇ ਗੱਲ ਕਰ ਰਿਹਾ ਹੈ। ਦੂਜੇ ਪਾਸੇ, ਕੁਝ ਕਾਨੂੰਨੀ ਮਾਹਿਰ ਅਤੇ ਕਾਨੂੰਨ ਘਾੜੇ ਕਹਿ ਰਹੇ ਹਨ ਕਿ ਇਹ ਗੈਰਕਾਨੂੰਨੀ ਹੈ। ਜੇਕਰ ਅਮਰੀਕਨ ਟਰੱਕਾਂ ਲਈ ਇਹ ਲਾਜ਼ਮੀ ਨਹੀਂ ਤਾਂ ਮੈਕਸੀਕਨ ਟਰੱਕਾਂ ਲਈ ਕਿਵੇਂ ਲਾਜ਼ਮੀ ਬਣਾਇਆ ਜਾ ਸਕਦਾ ਹੈ?

ਯਾਦ ਰਹੇ ਕਿ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਨੇ ਖੁੱਲ੍ਹੇ ਵਪਾਰ ਦੀ ਸੰਧੀ 'ਨਾਫ਼ਟਾ' 1990 ਵਿਚ ਕੀਤੀ ਸੀ। 20 ਨਵੰਬਰ 1993 ਨੂੰ ਸੈਨੇਟ ਨੇ ਕਾਨੂੰਨ ਬਣਾ ਕੇ ਇਕ ਜਨਵਰੀ 1994 ਤੋਂ ਲਾਗੂ ਕੀਤਾ ਸੀ। ਇਸ ਸੰਧੀ ਤਹਿਤ, ਆਉਣ ਵਾਲੇ 15 ਸਾਲਾਂ ਵਿਚ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਸੜਕੀ ਵਪਾਰ ਆਵਾਜਾਈ ਯਕੀਨੀ ਬਣਾਈ ਜਾਣੀ ਸੀ ਪਰ ਕਈ ਕਾਨੂੰਨੀ, ਸੁਰੱਖਿਆ, ਰਾਜਨੀਤਕ, ਸਮਾਜਕ ਤੇ ਆਰਥਿਕ ਕਾਰਨਾਂ ਕਰਕੇ ਇਹ ਪੂਰੀ ਤਰ੍ਹਾਂ ਕਦੇ ਵੀ ਲਾਗੂ ਨਹੀਂ ਹੋਇਆ। ਅਮਰੀਕਾ ਦੇ ਟਰੱਕ ਮੈਕਸੀਕੋ ਜਾਂਦੇ ਰਹੇ, ਕੈਨੇਡਾ ਦੇ ਟਰੱਕਾਂ 'ਤੇ ਕੋਈ ਪਾਬੰਦੀ ਆਇਦ ਹੀ ਨਹੀਂ ਹੋਈ ਜਦ ਕਿ ਮੈਕਸੀਕੋ ਦੇ ਟਰੱਕ ਅਮਰੀਕਾ ਦੇ ਬਾਰਡਰ ਤੋਂ ਅੰਦਰ 25 ਮੀਲ ਦੇ ਘੇਰੇ ਵਿਚ ਬਣੇ ਕਮਰਸ਼ੀਅਲ ਜ਼ੋਨ ਤੱਕ ਹੀ ਆ ਸਕਦੇ ਸਨ ਪਰ ਰਾਸ਼ਟਰਪਤੀ ਬੁਸ਼ ਨੇ ਇਸ ਵਿਚ ਸੋਧ ਕਰਕੇ ਨਵਾਂ ਟਰੱਕਿੰਗ ਪਾਇਲਟ ਕਾਨੂੰਨ ਬਣਾਇਆ ਜਿਸ ਨਾਲ ਮੈਕਸੀਕਨ ਟਰੱਕਾਂ ਦੇ ਅਮਰੀਕਾ ਆਉਣ ਲਈ ਗਿਣਤੀ ਅਤੇ ਥਾਂਵਾਂ ਦਾ ਵਾਧਾ ਕੀਤਾ ਗਿਆ। ਰਾਸ਼ਟਰਪਤੀ ਬਰਾਕ ਓਬਾਮਾ ਨੇ ਵ੍ਹਾਈਟ ਹਾਊਸ ਦੀਆਂ ਕੁੰਜੀਆਂ ਹਾਸਲ ਕਰਦਿਆਂ ਹੀ ਇਹ ਪ੍ਰੋਗਰਾਮ ਠੱਪ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਸ੍ਰੀ ਓਬਾਮਾ ਨੇ ਆਪਣੀ ਚੋਣ ਮੁਹਿੰਮ ਦੌਰਾਨ ਵਰਕਰ ਯੂਨੀਅਨਾਂ ਨਾਲ ਅਹਿਦ ਕੀਤਾ ਸੀ ਕਿ ਉਹ ਰਾਸ਼ਟਰਪਤੀ ਬਣਨ ਪਿੱਛੋਂ ਮੈਕਸੀਕਨ ਟਰੱਕਾਂ ਦੇ ਅਮਰੀਕਾ ਵਿਚ ਵੜਨ 'ਤੇ ਪੂਰੀ ਪਾਬੰਦੀ ਲਾ ਦੇਵੇਗਾ ਪਰ ਜਦੋਂ ਇਹ ਪਾਬੰਦੀ ਲਾਈ ਗਈ ਸੀ, ਉਦੋਂ ਦੇਸ਼ ਦੀ 'ਸੁਰੱਖਿਆ ਦੇ ਮੱਦੇਨਜ਼ਰ' ਕਈ ਪੱਖਾਂ ਤੋਂ ਮੈਕਸੀਕਨ ਟਰੱਕਰਾਂ ਨੂੰ ਸੁਰੱਖਿਅਤ ਨਹੀਂ ਸਮਝਿਆ ਗਿਆ ਸੀ। ਅਮਰੀਕਾ ਨੇ ਜਿਉਂ ਹੀ ਮੈਕਸੀਕਨ ਟਰੱਕਾਂ ਉਤੇ ਪਾਬੰਦੀ ਲਾਈ, ਮੈਕਸੀਕੋ ਨੇ ਅਮਰੀਕਾ ਤੋਂ 100 ਦੇ ਕਰੀਬ ਚੀਜ਼ਾਂ ਮੰਗਵਾਉਣ 'ਤੇ ਪਾਬੰਦੀ ਲਾ ਦਿੱਤੀ ਜਿਨ੍ਹਾਂ ਵਿਚ ਸੂਰ ਦਾ ਮੀਟ, ਕ੍ਰਿਸਮਸ ਟਰੀ, ਫਰੋਜ਼ਨ ਫਰੈਂਚ ਫਰਾਈਜ਼, ਫਰੂਟ, ਗਿਰੀਆਂ, ਟਮਾਟਰਾਂ ਦਾ ਕੈਚਅਪ ਅਤੇ ਕੁੱਤਿਆਂ-ਬਿੱਲਿਆਂ ਦਾ ਖਾਣਾ ਆਦਿ ਸ਼ਾਮਲ ਸੀ।

ਯਾਦ ਰਹੇ ਕਿ ਇਹ ਉਹ ਚੀਜ਼ਾਂ ਹਨ ਜਿਨ੍ਹਾਂ ਤੋਂ ਅਮਰੀਕਾ ਚੰਗਾ ਚੋਖਾ ਮੁਨਾਫ਼ਾ ਕਮਾਉਂਦਾ ਹੈ। ਯੂ.ਐਸ. ਕਾਮਰਸ ਚੈਂਬਰ ਦਾ ਕਹਿਣਾ ਹੈ ਕਿ ਇਸ ਨਾਲ ਅਮਰੀਕਾ ਵਿਚ 2600 ਦੇ ਕਰੀਬ ਨੌਕਰੀਆਂ ਬੰਦ ਹੋਈਆਂ ਅਤੇ ਦੋ ਬਿਲੀਅਨ ਦਾ ਪੱਕਾ ਘਾਟਾ ਪਿਆ ਹੈ। ਹੁਣ ਵੱਡੀਆਂ ਕੰਪਨੀਆਂ ਇਸ ਤੋਂ ਕਾਫ਼ੀ ਖ਼ੁਸ਼ ਹਨ। ਉਹ ਕਹਿ ਰਹੀਆਂ ਹਨ ਕਿ ਇਸ ਨਾਲ ਅਮਰੀਕਨ ਕੰਪਨੀਆਂ ਆਪਣਾ ਵਪਾਰ ਵਧਾ ਸਕਣਗੀਆਂ। ਮੈਕਸੀਕੋ ਦੇ ਵਿੱਤ ਮੰਤਰੀ ਬਰੂਨੋ ਫ਼ੈਰੀ ਦਾ ਕਹਿਣਾ ਹੈ ਕਿ ਮੈਕਸੀਕੋ ਦੇ ਟਰੱਕਾਂ ਲਈ ਅਮਰੀਕਾ ਦਾ ਲਾਂਘਾ ਮਿਲਣਾ ਉਨ੍ਹਾਂ ਦੇ ਕੌਮਾਂਤਰੀ ਮੰਡੀ ਵਿਚ ਹੋਰ ਮੁਕਾਬਲਾ ਕਰਨ ਲਈ ਰਾਹ ਪੱਧਰਾ ਕਰੇਗਾ। ਮੈਕਸੀਕੋ-ਅਮਰੀਕਾ ਵਿਚਾਲੇ ਚਾਰ ਸੌ ਬਿਲੀਅਨ ਡਾਲਰ ਦੇ ਵਾਪਰ ਦਾ 70% ਹਿੱਸਾ ਸੜਕੀ ਰਸਤੇ ਹੀ ਸਿਰੇ ਚੜ੍ਹਦਾ ਹੈ। ਉਸ ਦਾ ਕਹਿਣਾ ਹੈ ਕਿ ਇਸ ਨਾਲ ਅਮਰੀਕਾ ਸਾਮਾਨ ਭੇਜਦੀਆਂ ਮੈਕਸੀਕਨ ਕੰਪਨੀਆਂ ਦੇ ਢੋਆ-ਢੁਆਈ ਖ਼ਰਚੇ ਵਿਚ 15% ਬਚਤ ਹੋਵੇਗੀ। ਉਸ ਮੁਤਾਬਕ ਜਿਹੜੇ ਲੋਕ ਅਮਰੀਕਾ ਵਿਚ ਨੌਕਰੀਆਂ ਖੁੱਸਣ ਦੀਆਂ ਗੱਲਾਂ ਕਰਦੇ ਹਨ, ਉਹ ਸਹੀ ਨਹੀਂ ਹੈ ਸਗੋਂ ਇਸ ਨਾਲ ਨੌਕਰੀਆਂ ਵਧਣਗੀਆਂ।

ਅਮਰੀਕਾ ਦੇ ਨਿੱਜੀ ਅਪਰੇਟਰਾਂ ਦੀ ਸਭ ਤੋਂ ਵੱਡੀ ਜਥੇਬੰਦੀ 'ਓਨਰ-ਅਪਰੇਟਰਜ਼ ਇੰਡੀਪੈਂਡੈਂਟ ਡਰਾਈਵਰਜ਼ ਐਸੋਸੀਏਸ਼ਨ' ਦੀ ਤਰਜਮਾਨ ਨੋਰਿਤਾ ਟੇਲਰ ਦਾ ਕਹਿਣਾ ਹੈ ਕਿ ਅਮਰੀਕਨ ਕੰਪਨੀਆਂ ਨੇ ਹੁਣ ਮੈਕਸੀਕਨ ਭਰਤੀ ਕਰਨੇ ਸ਼ੁਰੂ ਕਰ ਦੇਣੇ ਹਨ ਕਿਉਂਕਿ ਉਹ ਬਹੁਤ ਥੋੜ੍ਹੇ ਵੇਤਨ 'ਤੇ ਕੰਮ ਕਰਨ ਲਈ ਤਿਆਰ ਹੋਣਗੇ। ਇਸ ਦੇ ਜੁਆਬ ਵਿਚ ਟਰਾਂਸਪੋਰਟ ਵਿਭਾਗ ਦੇ ਸਕੱਤਰ ਦਾ ਕਹਿਣਾ ਹੈ ਕਿ ਕੈਨੇਡਾ ਅਤੇ ਮੈਕਸੀਕੋ ਵਿਚ ਹੋਏ 'ਫਰੀ ਟਰੇਡ ਐਗਰੀਮੈਂਟ' ਮੁਤਾਬਿਕ ਮੈਕਸੀਕਨ ਟਰੱਕ ਅਮਰੀਕਾ ਵਿਚ ਸ਼ਹਿਰ ਤੋਂ ਸ਼ਹਿਰ ਮਾਲ ਨਹੀਂ ਢੋਅ ਸਕਦੇ। ਉਹ ਅਮਰੀਕਨ ਕੰਪਨੀਆਂ ਉਤੇ ਮੈਕਸੀਕਨ ਟਰੱਕ ਤੇ ਡਰਾਇਵਰ ਭਰਤੀ ਕਰਨ ਉਤੇ ਪਾਬੰਦੀ ਲਾ ਸਕਦੇ ਹਨ। ਦੂਜੇ ਪਾਸੇ, ਕੌਨ-ਵੇਅ ਟਰੱਕਿੰਗ ਕੰਪਨੀ ਜਿਸ ਦੇ 3700 ਦੇ ਕਰੀਬ ਮੁਲਾਜ਼ਮ ਹਨ ਤੇ ਤਿੰਨ ਹਜ਼ਾਰ ਡਰਾਇਵਰ ਹਨ, ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਹਮੇਸ਼ਾ ਡਰਾਇਵਰਾਂ ਦੀ ਥੁੜ ਰਹਿੰਦੀ ਹੈ। ਕੰਪਨੀ ਪ੍ਰਧਾਨ ਹਰਬ ਸ਼ੈਮਿਡ ਦਾ ਕਹਿਣਾ ਕਿ ਉਨ੍ਹਾਂ ਨੇ ਤਾਂ ਮੈਕਸੀਕਨ ਡਰਾਇਵਰ ਭਰਤੀ ਕਰਨ ਲਈ ਸਕਰੀਨਿੰਗ ਵੀ ਸ਼ੁਰੂ ਕਰ ਦਿੱਤੀ ਹੈ। ਉਸ ਮੁਤਾਬਕ ਜੇ ਮੈਕਸੀਕਨ ਕੰਪਨੀਆਂ ਦੇਸ਼ ਅੰਦਰ ਸ਼ਹਿਰ ਤੋਂ ਸ਼ਹਿਰ ਢੋਆ-ਢੁਆਈ ਨਹੀਂ ਕਰ ਸਕਦੀਆਂ ਤਾਂ ਇਹ ਸਮਝੌਤੇ ਦੇ ਵਿਰੁਧ ਹੈ।

ਇਹ ਤਾਂ ਸਮਾਂ ਹੀ ਦੱਸੇਗਾ ਕਿ ਊਠ ਕਿਸ ਕਰਵਟ ਬੈਠਦਾ ਹੈ। ਹਾਲ ਦੀ ਘੜੀ ਤਾਂ ਕੁਝ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਮੈਕਸੀਕਨ ਟਰੱਕ ਉਦਯੋਗ ਅਮਰੀਕਾ ਦੇ ਹਾਣ ਦਾ ਨਹੀਂ ਤਾਂ ਅਸੀਂ ਆਪਣੀ ਮਿਆਰੀ ਅਤੇ ਭਰੋਸੇਮੰਦ ਸੇਵਾ ਨਾਲ ਉਨ੍ਹਾਂ ਦਾ ਮੁਕਾਬਲਾ ਕਰ ਸਕਦੇ ਹਾਂ। ਮੈਕਸੀਕੋ ਵਿਚੋਂ ਸਾਮਾਨ ਭੇਜਣ ਵਾਲੀਆਂ ਕਈ ਕੰਪਨੀਆਂ ਵੀ ਮੈਕਸੀਕਨ ਟਰੱਕ ਉਦਯੋਗ 'ਤੇ ਭਰੋਸਾ ਨਹੀਂ ਕਰਦੀਆਂ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਨ ਕੰਪਨੀਆਂ ਦੀ ਸਰਵਿਸ ਤੱਸਲੀਬਖ਼ਸ਼ ਅਤੇ ਭਰੋਸੇਮੰਦ ਹੈ। ਟਰੱਕ ਧੰਦੇ ਨਾਲ ਜੁੜੇ ਕੁਝ ਛੋਟੇ, ਦਰਮਿਆਨੇ ਅਤੇ ਨਿੱਜੀ ਅਪਰੇਟਰਾਂ ਦਾ ਕਹਿਣਾ ਕਿ ਨਾਫਟਾ ਸੰਧੀ ਆਮ ਲੋਕਾਂ ਲਈ ਨਹੀਂ, ਸਗੋਂ ਇਹ ਵੱਡੇ ਵਪਾਰਕ ਅਦਾਰਿਆਂ, ਉਤਪਾਦਕਾਂ ਤੇ ਉਦਯੋਗਾਂ ਦੇ ਹਿੱਤ ਪੂਰਨ ਲਈ ਹੀ ਕੀਤੀ ਗਈ ਸੀ। ਉਨ੍ਹਾਂ ਦਾ ਖ਼ਦਸ਼ਾ ਹੈ ਕਿ ਇਸ ਨਾਲ ਆਉਣ ਵਾਲੇ ਸਮੇਂ ਵਿਚ ਸ਼ਿਪਿੰਗ ਅਤੇ ਟਰੱਕਿੰਗ ਧੰਦੇ ਦੀਆਂ ਨੌਕਰੀਆਂ 'ਤੇ ਮਾੜਾ ਅਸਰ ਪਵੇਗਾ। ਦੇਸ਼ ਦੀ ਸੁਰੱਖਿਆ ਦੇ ਤਾਣੇ-ਬਾਣੇ ਨਾਲ ਜੁੜੇ ਵੱਖੋ-ਵੱਖਰੇ ਅਦਾਰਿਆਂ ਨਾਲ ਜੁੜੇ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਨਾ ਕੇਵਲ ਉਨ੍ਹਾਂ 'ਤੇ ਵਾਧੂ ਬੋਝ ਪਵੇਗਾ ਸਗੋਂ ਦੇਸ਼ ਵਿਚ ਜੁਰਮ ਵਧਣ ਦਾ ਖ਼ਦਸ਼ਾ ਵੀ ਹੈ।

# ਹੈਲਥ ਕੇਅਰ ਸਕੀਮ 'ਚ 58.5 ਮਿਲੀਅਨ ਡਾਲਰ ਦਾ ਘਪਲਾ

## *ਦੋਸ਼ੀਆਂ ਵਿਚ 4 ਡਾਕਟਰ ਵੀ ਸ਼ਾਮਲ*

**ਡਿਟਰਾਇਟ (ਬਿਊਰੋ):** ਇਕ ਫੈਡਰਲ ਗ੍ਰੈਂਡ ਜਿਊਰੀ ਵਲੋਂ ਮਿਸ਼ੀਗਨ ਸਟੇਟ ਵਿਚ ਹੈਲਥ ਕੇਅਰ ਸਕੀਮ 'ਚ 58.5 ਮਿਲੀਅਨ ਡਾਲਰ ਦੀ ਹੇਰਾਫੇਰੀ ਦੇ ਮਾਮਲੇ ਵਿਚ ਭਾਰਤੀ ਮੂਲ ਦੇ 49 ਸਾਲਾ ਫਰਮਾਸਿਸਟ ਬਾਬੂਭਾਈ (ਬੌਬ) ਪਟੇਲ ਸਣੇ 26 ਜਣਿਆਂ ਖਿਲਾਫ ਦੋਸ਼ ਲਾਏ ਗਏ ਹਨ। ਇਨ੍ਹਾਂ ਵਿਚ 4 ਡਾਕਟਰ, 12 ਫਰਮਾਸਿਸਟ, ਇਕ ਅਕਾਊਂਟੈਂਟ ਸਮੇਤ ਇਸ ਪੇਸ਼ੇ ਨਾਲ ਜੁੜੇ ਕਈ ਹੋਰ ਬਿਜਨਸਮੈਨ ਸ਼ਾਮਲ ਹਨ। ਇਨ੍ਹਾਂ ਨੂੰ ਜਾਂਚ ਏਜੰਸੀਆਂ ਵਲੋਂ ਇਨ੍ਹਾਂ ਦੋਸ਼ਾਂ ਤਹਿਤ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ।

ਫੈਡਰਲ ਅਟਾਰਨੀ ਬਾਰਬਰਾ ਐਲ. ਮੈਕੁਆਡ ਨੇ ਇਸ ਹੇਰਾਫੇਰੀ ਬਾਰੇ ਖੁਲਾਸਾ ਕਰਦਿਆਂ ਦੱਸਿਆ ਕਿ ਇਨ੍ਹਾਂ ਕਥਿਤ ਦੋਸ਼ੀਆਂ ਵਲੋਂ ਗਲਤ ਪ੍ਰਿਸਕ੍ਰਿਪਸ਼ਨਾਂ ਉਤੇ ਦਵਾਈਆਂ ਦੇ ਨਕਲੀ ਬਿਲ ਬਣਾਏ ਗਏ ਅਤੇ ਮੈਡੀਕੇਅਰ ਤੇ ਮੈਡੀਕੇਡ ਨਾਲ ਫਰਾਡ ਕੀਤਾ ਗਿਆ। ਇਸ ਹੇਰਾਫੇਰੀ ਬਾਰੇ ਸੂਹ ਮਿਲਣ ਤੋਂ ਬਾਅਦ ਫੈਡਰਲ ਅਤੇ ਸਟੇਟ ਜਾਂਚਕਰਤਾਵਾਂ ਨੇ ਕਈ ਮਹੀਨੇ ਇਸ ਬਾਰੇ ਪੂਰੀ ਸੂਹ ਕੱਢਣ 'ਤੇ ਲਾਏ ਕਿ ਇਹ ਸਾਰੀ ਹੇਰਾ-ਫੇਰੀ ਕਿਸ ਨੇ ਕੀਤੀ ਹੈ।

ਇਸ ਕੇਸ ਵਿਚ ਮੁੱਖ ਦੋਸ਼ੀ ਕੈਂਟਨ ਦੇ 49 ਸਾਲਾ ਫਰਮਾਸਿਸਟ ਬਾਬੂਭਾਈ (ਬੌਬ) ਪਟੇਲ ਨੂੰ ਠਹਿਰਾਇਆ ਗਿਆ ਹੈ ਜਿਸ ਉਤੇ ਦੋਸ਼ ਹੈ ਕਿ ਉਸ ਨੇ ਆਪਣੀ 'ਪਟੇਲ ਫਾਰਮੇਸੀ' ਅਤੇ ਇਸ ਦੀਆਂ 26 ਫਾਰਮੇਸੀ ਬਰਾਂਚਾਂ ਰਾਹੀਂ ਇਹ ਕਾਰਾ ਕੀਤਾ ਹੈ। ਦੋਸ਼ਾਂ ਮੁਤਾਬਕ ਡਾਕਟਰਾਂ ਦੀ ਮਿਲੀਭੁਗਤ ਨਾਲ ਮਰੀਜਾਂ ਨੂੰ ਬਿਨਾ ਲੋੜ ਤੋਂ ਕਈ ਕੰਟਰੋਲ ਯੁਕਤ ਦਵਾਈਆਂ ਦੀ ਪ੍ਰਿਸਕ੍ਰਿਪਸ਼ਨ ਦਿੱਤੀ ਗਈ ਜੋ ਵਿਸ਼ੇਸ਼ ਕਰਕੇ ਪਟੇਲ ਫਾਰਮੇਸੀ ਤੋਂ ਹੀ ਖਰੀਦੀਆਂ ਜਾਂਦੀਆਂ ਅਤੇ ਇੰਜ 'ਮੈਡੀਕੇਅਰ', 'ਮੈਡੀਕੇਡ' ਅਤੇ ਕਈ ਪ੍ਰਾਈਵੇਟ ਇੰਸ਼ੋਰੈਂਸਾਂ ਨਾਲ ਇਕ ਤਰ੍ਹਾਂ ਦੀ ਠੱਗੀ ਲਾਈ ਗਈ। ਇਸ ਖਾਤਰ ਜਾਅਲੀ ਮਰੀਜ ਵੀ ਭਰਤੀ ਕੀਤੇ ਜਾਂਦੇ ਜਿਨ੍ਹਾਂ ਨੂੰ ਰਿਸ਼ਵਤ ਵਜੋਂ ਉਹ ਦਵਾਈਆਂ ਦਿੱਤੀਆਂ ਜਾਂਦੀਆਂ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਨਹੀਂ ਸੀ ਤੇ ਮਨਾਹੀ ਵੀ ਸੀ। ਇਸ ਸੰਬਧੀ ਰੋਗੀਆਂ ਨੂੰ ਵਿਸ਼ੇਸ਼ ਕਰਕੇ 'ਪਟੇਲ ਫਾਰਮੇਸੀ' ਭੇਜਿਆ ਜਾਂਦਾ। ਰਿਸ਼ਵਤ ਦੇ ਇਵਜ਼ ਵਿਚ ਡਾਕਟਰ ਉਨ੍ਹਾਂ ਲੋਕਾਂ ਲਈ ਵੀ ਨੁਸਖੇ ਲਿਖ ਦਿੰਦੇ ਸਨ ਜਿਨ੍ਹਾਂ ਨੂੰ ਇਸ ਦੀ ਲੋੜ ਵੀ ਨਹੀਂ ਸੀ ਹੁੰਦੀ। ਇਨ੍ਹਾਂ ਨੂੰ ਵੀ ਕਿਸੇ 'ਪਟੇਲ ਫਾਰਮੇਸੀ' ਭੇਜਿਆ ਜਾਂਦਾ ਸੀ ਜਿਸ ਵਲੋਂ ਮੈਡੀਕੇਅਰ, ਮੈਡੀਕੇਡ ਅਤੇ ਹੋਰ ਇੰਸ਼ੋਰੈਂਸਾਂ ਨੂੰ ਬਿਲ ਭੇਜੇ ਜਾਂਦੇ। ਇਉਂ ਬਿਨਾ ਕੋਈ ਮੈਡੀਕਲ ਮਦਦ ਲਿਆਂ ਬਿੱਲ ਬਣਾਏ ਜਾਂਦੇ ਸਨ ਅਤੇ ਸਕੀਮ ਦੀ ਰਕਮ ਹੜੱਪੀ ਜਾਂਦੀ ਸੀ। ਜਿਹੜੀਆਂ ਕੰਟਰੋਲਡ ਦਵਾਈਆਂ ਲਿਖਵਾਈਆਂ ਜਾਂਦੀਆਂ ਸਨ, ਉਨ੍ਹਾਂ ਵਿਚ ਆਕਸੀਕਾਨਟਿਨ, ਵਾਈਕੋਡਿਨ, ਜ਼ਾਨਾ ਅਤੇ ਕੋਡੀਨ ਵਾਲੀ ਖੰਘ ਦੀ ਦਵਾਈ ਸ਼ਾਮਲ ਹੈ। ਪਟੇਲ ਅਤੇ ਸਾਥੀ ਫਿਰ ਇਹ ਦਵਾਈਆਂ ਬਿਨਾ ਨੁਸਖੇ ਤੋਂ ਅਗਾਂਹ ਕਈਆਂ ਨੂੰ ਦਿੰਦੇ ਸਨ।

ਲਾਏ ਗਏ ਦੋਸ਼ਾਂ ਅਨੁਸਾਰ 'ਪਟੇਲ ਫਾਰਮੇਸੀ' ਨੇ ਮੈਡੀਕੇਅਰ ਨੂੰ ਸੰਨ 2006 ਤੋਂ ਲੈ ਕੇ 37.7 ਮਿਲੀਅਨ ਡਾਲਰ ਦੇ ਬਿੱਲ ਬਣਾ ਕੇ ਚੂਨਾ ਲਾਇਆ। ਇਸ ਤੋਂ ਇਲਾਵਾ 20.8 ਮਿਲੀਅਨ ਡਾਲਰ ਦਾ ਚੂਨਾ ਮੈਡੀਕੇਡ ਨੂੰ ਵੀ ਲਾਇਆ ਗਿਆ। ਦੋਸ਼ ਪੱਤਰ ਅਨੁਸਾਰ ਪਟੇਲ ਫਾਰਮੇਸੀ ਨੇ ਜਨਵਰੀ 2009 ਤੋਂ ਲੈ ਕੇ ਆਕਸੀਕਾਨਟਿਨ ਦੀਆਂ ਢਾਈ ਲੱਖ ਖੁਰਾਕਾਂ ਦੇ ਬਿਲ ਬਣਾਏ ਜਦੋਂਕਿ ਜ਼ਨੈਕਸ ਦੀਆਂ ਪੰਦਰਾਂ ਲੱਖ ਖੁਰਾਕਾਂ ਦੇ ਬਿਲ ਬਣਾਏ ਗਏ।

ਜਿਨ੍ਹਾਂ ਵਿਅਕਤੀਆਂ ਉਤੇ ਦੋਸ਼ ਲਾਏ ਗਏ ਹਨ, ਉਨ੍ਹਾਂ ਵਿਚ ਡਾ. ਪੌਲ ਪੀਟਰ, ਡਾ. ਮਾਰਕ ਗ੍ਰੀਨਬੇਨ, ਡਾ. ਮੁਸਤਾਕ ਵੈਦ ਤੇ ਮਨੋ-ਚਿਕਿਤਸਕ ਸਨਿਆਨੀ ਐਡਵਰਡਸ, ਫਰਮਾਸਿਸਟ ਦਿਨੇਸ਼ ਕੁਮਾਰ ਪਟੇਲ, ਅਨੀਸ਼ ਭਾਵਸਰ, ਅਸ਼ਵਨੀ ਸ਼ਰਮਾ, ਪਿਨਾਕਿਨ ਪਟੇਲ, ਕਾਰਤਿਕ ਸ਼ਾਹ, ਵੀਰਲ ਠਾਕਰ, ਹਿਰੇਨ ਪਟੇਲ, ਮਿਤੇਸ਼ ਕੁਮਾਰ, ਲੋਕੇਹ ਤਾਇਲ, ਨਰੇਂਦਰ ਚੇਰਾਕੂ (ਸਾਰੇ ਫਰਮਾਸਿਸਟ), ਅਕਾਊਂਟੈਂਟ ਚੇਤਨ ਗੁਜਰਾਤੀ, ਬਿਜਨੈਸ ਐਸੋਸੀਏਟ ਅਰਪਿਤ ਕੁਮਾਰ ਪਟੇਲ, ਸੁਮਨ ਰੇਅ ਰਾਵਲ, ਹਰਪ੍ਰੀਤ ਸਚਦੇਵ, ਰਾਮੇਸ਼ ਪਟੇਲ, ਰਾਣਾ ਨਈਮ, ਐਮੀ ਟਰਾਨ, ਪੇਸ਼ੈਂਟ ਰਿਕਰੂਟਰ ਲਾਵਾਰ ਕਾਰਟਰ ਅਤੇ ਹੋਰ ਸ਼ਾਮਲ ਹਨ।

ਡਿਟਰਾਇਟ ਫੀਲਡ ਡਿਵੀਜ਼ਨ ਦੇ ਡਰੱਗ ਐਨਫੋਰਸਮੈਂਟ ਐਡਮਿਨਿਸਟਰੇਸ਼ਨ (ਡੀ.ਈ.ਏ.) ਦੇ ਸਪੈਸ਼ਲ ਏਜੰਟ ਇੰਚਾਰਜ ਰਾਬਰਟ ਐਲ. ਕਾਰਸੋ ਨੇ ਕਿਹਾ ਕਿ ਇਨ੍ਹਾਂ ਗ੍ਰਿਫਤਾਰੀਆਂ ਅਤੇ ਸਾਹਮਣੇ ਲਿਆਂਦੇ ਕੇਸ ਤੋਂ ਪਤਾ ਲੱਗਿਆ ਹੈ ਕਿ ਮਿਸ਼ੀਗਨ ਸਟੇਟ ਵਿਚ ਇੰਨੀ ਵੱਡੀ ਹੇਰਾਫੇਰੀ ਕਦੀ ਨਹੀਂ ਹੋਈ। ਜਿਨ੍ਹਾਂ ਲੋਕਾਂ ਨੇ ਇਹ ਹੇਰਾਫੇਰੀ ਕੀਤੀ ਹੈ, ਉਨ੍ਹਾਂ ਦੇ ਮੈਡੀਕਲ ਪੇਸ਼ੇ ਨਾਲ ਜੁੜੇ ਹੋਣ ਕਰਕੇ ਇਹ ਮਾਮਲਾ ਹੋਰ ਵੀ ਗੰਭੀਰ ਹੈ। ਇਨ੍ਹਾਂ ਲੋਕਾਂ ਨੇ ਆਪਣੇ ਰੁਤਬੇ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ, ਲੋਕਾਂ ਦਾ ਭਰੋਸਾ ਤੋੜਿਆ ਹੈ ਅਤੇ ਨਾਲ ਹੀ ਪੇਨ ਕਿਲਰ ਤੇ ਹੋਰ ਦਵਾਈਆਂ ਗੈਰ-ਕਾਨੂੰਨੀ ਢੰਗ ਨਾਲ ਵੰਡ ਕੇ ਅਣਗਿਣਤ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ ਹੈ। ਹੁਣ ਇਸ ਕੇਸ ਦੇ ਹਰ ਪੱਖ ਬਾਰੇ ਡੂੰਘੀ ਜਾਂਚ ਕੀਤੀ ਜਾਵੇਗੀ।

ਐਫ.ਬੀ.ਆਈ. ਦੇ ਸਪੈਸ਼ਲ ਏਜੰਟ ਇੰਚਾਰਜ ਐਂਡਰਿਊ ਜੀ. ਐਰੇਨਾ ਮੁਤਾਬਕ ਬੇਈਮਾਨ 'ਹੈਲਥ ਕੇਅਰ ਪ੍ਰੋਵਾਈਡਰ' ਅਜਿਹੇ ਘਪਲੇ ਕਰਕੇ ਟੈਕਸ ਦੇਣ ਵਾਲਿਆਂ ਦੀ ਤੌਹੀਨ ਕਰ ਰਹੇ ਹਨ। ਐਫ.ਬੀ.ਆਈ. ਕੇਸ ਦੀ ਹਰ ਤਹਿ ਫਰੋਲੇਗੀ। ਇਸ ਕੇਸ ਦੀ ਜਾਂਚ ਡਰੱਗ ਐਨਫੋਰਸਮੈਂਟ ਐਡਮਿਨਿਸਟਰੇਸ਼ਨ, ਐਫ.ਬੀ.ਆਈ. ਅਤੇ ਸਿਹਤ ਤੇ ਮਾਨਵੀ ਸੇਵਾਵਾਂ ਵਿਭਾਗ ਨੇ ਕੀਤੀ ਹੈ। ਅਜੇ ਇਹ ਸਿਰਫ ਦੋਸ਼ ਹਨ ਅਤੇ ਇਨ੍ਹਾਂ ਬਾਰੇ ਮੁਕੱਦਮਾ ਅਜੇ ਅਦਾਲਤ ਵਿਚ ਜਾਵੇਗਾ। ਦੋਸ਼ ਸਾਬਤ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ।

# ਸਿੱਖ ਮਤਿ ਅਤੇ ਇੱਕੀਵੀਂ ਸਦੀ-ਸਿੱਖ ਮਤਿ ਦਾ ਭਵਿੱਖ

***ਡਾ. ਜਸਬੀਰ ਸਿੰਘ ਆਹਲੂਵਾਲੀਆ ਪੀ.ਜੀ.ਆਈ., ਚੰਡੀਗੜ੍ਹ ਵਿਚ ਜ਼ਿੰਦਗੀ ਦੀ ਲੜਾਈ ਲੜ ਰਹੇ ਹਨ। ਡਾ. ਆਹਲੂਵਾਲੀਆ ਲਗਾਤਾਰ ਵਿਵਾਦਾਂ ਵਿਚ ਘਿਰੀ ਰਹਿਣ ਵਾਲੀ ਸ਼ਖਸੀਅਤ ਰਹੇ ਹਨ। ਉਂਜ ਸ਼ਾਇਦ ਇਸ ਬਾਰੇ ਦੋ ਰਾਵਾਂ ਨਹੀਂ ਕਿ ਉਹ ਪੰਜਾਬ ਦੇ ਉਨ੍ਹਾਂ ਦੋ-ਚਾਰ ਸਿੱਖ ਚਿੰਤਕਾਂ ਵਿਚੋਂ ਹਨ ਜਿਨ੍ਹਾਂ ਦੀ ਬਹੁਤ ਸਾਰੇ ਮਾਮਲਿਆਂ ਵਿਚ ਪਹੁੰਚ ਮੌਲਿਕ ਹੈ। ਸਿੱਖ ਫਲਸਫੇ ਬਾਰੇ ਉਨ੍ਹਾਂ ਨਿੱਠ ਕੇ ਲਿਖਿਆ ਹੈ। ਉਨ੍ਹਾਂ ਦੀਆਂ ਲਿਖਤਾਂ ਨਾਲ ਤੁਸੀਂ ਸਹਿਮਤ ਹੋਵੋ ਜਾਂ ਨਾ, ਪਰ ਇਨ੍ਹਾਂ ਵਿਚ ਕੁਝ ਨਵਾਂ ਸੋਚਣ-ਸਮਝਣ ਦੀ ਲਲਕ ਜ਼ਰੂਰ ਹੈ। ਉਹ 60ਵਿਆਂ ਵਿਚ ਸਾਹਿਤ ਦੇ ਖੇਤਰ ਵਿਚ ਚੱਲੀ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿਚੋਂ ਸਨ। ਕਵਿਤਾ ਦੇ ਖੇਤਰ ਵਿਚ ਉਨ੍ਹਾਂ ਦਾ ਆਪਣਾ ਮੁਕਾਮ ਹੈ। ਉਨ੍ਹਾਂ ਉਤੇ ਹਮਲੇ ਨਾਲ ਪੰਜਾਬੀ ਜਗਤ ਨੂੰ ਜੋ ਘਾਟਾ ਪਿਆ ਹੈ, ਉਹ ਸ਼ਾਇਦ ਲੰਮਾ ਸਮਾਂ ਪੂਰਾ ਨਾ ਕੀਤਾ ਜਾ ਸਕੇ। ਹਥਲਾ ਲੇਖ ਉਨ੍ਹਾਂ ਖਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਮੌਕੇ ਲਿਖਿਆ ਸੀ। -ਸੰਪਾਦਕ***

ਗੁਰੂ ਨਾਨਕ ਸਾਹਿਬ ਦੇ ਮਹਾਂਵਾਕ 'ਵਖਤੁ ਵੀਚਾਰੇ ਸੁ ਬੰਦਾ ਹੋਇ॥' ਨੂੰ ਦ੍ਰਿਸ਼ਟੀਗੋਚਰ ਕਰਕੇ ਹੀ ਅਸੀਂ ਸਿੱਖ ਮਤਿ ਅਥਵਾ ਸਿੱਖ ਭਾਈਚਾਰੇ ਦੇ ਭਵਿੱਖ ਬਾਰੇ ਵਿਚਾਰ ਕਰ ਸਕਦੇ ਹਾਂ। ਸਿੱਖ ਮਤਿ ਦੇ 21ਵੀਂ ਸਦੀ ਵਿਚ ਆਪਣੇ ਭਵਿੱਖ ਉਪਰ ਹੀ, ਇਹ ਮਹਾਨ ਧਰਮ ਦਾ ਆਉਂਦੀ ਸਦੀ ਵਿਚ ਰੋਲ ਨਿਰਭਰ ਹੈ।


ਡਾ. ਜਸਬੀਰ ਸਿੰਘ ਆਹੂਵਾਲੀਆ

ਬਾਬਾ ਫਰੀਦ ਦੇ ਸ਼ਬਦਾਂ ਵਿਚ 'ਆਪਨੜੇ ਗਿਰੀਵਾਨ ਮਹਿ ਸਿਰ ਨੀਵਾ ਕਰਿ ਦੇਖੁ॥' ਸੋਚਣਾ ਹੋਵੇਗਾ ਕਿ ਗੁਰੂ ਕਾਲ ਤੋਂ ਬਾਅਦ, ਜਦੋਂ ਸਰੀਰਕ ਰੂਪ ਵਿਚ ਗੁਰੂ ਦੀ ਅਗਵਾਈ ਪ੍ਰਾਪਤ ਨਾ ਰਹੀ, ਤਾਂ ਸਿੱਖ ਲਹਿਰ ਵਿਚ ਕੀ ਉਤਾਰ-ਚੜ੍ਹਾਅ ਆਏ ਹਨ। ਇਸ ਦੇ ਵਿਕਾਸ ਮਾਰਗ ਨੂੰ ਵਾਚਣਾ ਹੋਵੇਗਾ। ਸਿੱਖ ਸਿਧਾਂਤ ਦੀਆਂ ਵੱਖ-ਵੱਖ ਵਿਆਖਿਆ-ਪ੍ਰਣਾਲੀਆਂ ਦੀ ਪੁਨਰ-ਵਿਆਖਿਆ ਕਰਨੀ ਹੋਵੇਗੀ ਤਾਂ ਕਿ ਸਿੱਖ ਸਿਧਾਂਤ ਨੂੰ ਗੁਰੂ-ਸ਼ਬਦ ਦੀ ਰੌਸ਼ਨੀ ਵਿਚ, ਆਧੁਨਿਕ ਪ੍ਰਸੰਗ ਵਿਚ, ਆਧੁਨਿਕ ਪਰਿਭਾਸ਼ਾ ਵਿਚ, ਵਿਸ਼ਵ ਪੱਧਰ 'ਤੇ ਇਸ ਦੀ ਆਪਣੀ ਮੌਲਿਕ ਵਿਲੱਖਣਤਾ ਵਿਚ ਉਜਾਗਰ ਕੀਤਾ ਜਾ ਸਕੇ। ਸਿੱਖ ਮਤਿ ਦੇ ਲਗਾਤਾਰ ਵਿਕਸਿਤ ਹੁੰਦੇ ਆ ਰਹੇ ਸੰਸਥਾਤਮਕ ਉਪਰ ਉਸਾਰ (superstructure) ਦੇ ਮੱਦੇਨਜ਼ਰ ਸੋਚਣਾ ਹੋਵੇਗਾ ਕਿ ਆਪਣੇ ਵਿਰਸੇ 'ਚੋਂ ਪ੍ਰਾਪਤ ਸੰਸਥਾਵਾਂ 'ਤੇ ਖਾਸ ਕਰ ਗੁਰਦੁਆਰਾ ਸੁਧਾਰ ਲਹਿਰ ਤੋਂ ਬਾਅਦ ਵਿਚ ਹੋਂਦ ਵਿਚ ਆਈਆਂ ਸੰਸਥਾਵਾਂ ਆਧੁਨਿਕ ਰਾਜਤੰਤਰ ਦੀਆਂ ਸੈਕੂਲਰ ਸੰਸਥਾਵਾਂ ਨਾਲ ਕਿਵੇਂ ਇਕਸੁਰ ਕੀਤੀਆਂ ਜਾ ਸਕਦੀਆਂ ਹਨ। ਸਭ ਪੱਧਰਾਂ 'ਤੇ ਸਿੱਖ ਪਰੰਪਰਾਵਾਂ ਨੂੰ ਧਿਆਨ-ਗੋਚਰ ਕਰਨਾ ਹੋਵੇਗਾ ਤਾਂ ਕਿ ਅਸੀਂ ਆਪਣੇ ਵਿਰਸੇ 'ਚੋਂ ਕੇਵਲ ਪ੍ਰੇਰਨਾ ਹੀ ਨਾ ਲੈਂਦੇ ਰਹੀਏ ਸਗੋਂ ਸਬਕ ਵੀ ਸਿੱਖੀਏ। ਮਰਯਾਦਾ, ਰੂੜ੍ਹੀਵਾਦਿਕਤਾ ਨਾ ਬਣ ਜਾਵੇ, ਇਸ ਪਾਸੇ ਸਾਵਧਾਨ ਰਹਿਣਾ ਹੋਵੇਗਾ। 'ਬਾਣੀ' ਦੇ ਰਹੱਸ ਦੇ ਅਨੁਭਵ ਤੋਂ ਸੱਖਣੇ 'ਬਾਣੇ' ਨੂੰ ਤੱਜਣਾ ਹੋਵੇਗਾ। ਸਿੱਖ ਸਮਾਜ ਵਿਚ ਬ੍ਰਾਹਮਣੀ (?) ਪ੍ਰਭਾਵ-ਜਾਤਪਾਤ, ਫੋਕਟ ਰਸਮਾਂ-ਰਿਵਾਜਾਂ, ਰਹੁ-ਰੀਤਾਂ ਦੀ ਗੁਲਾਮੀ ਤੋਂ ਮੁਕਤ ਹੋਣਾ ਹੋਵੇਗਾ। ਗੁਰੂ-ਕਾਲ ਤੋਂ ਬਾਅਦ, ਅਤੇ ਖਾਸ ਤੌਰ 'ਤੇ ਅਠ੍ਹਾਰਵੀਂ ਸਦੀ ਤੋਂ ਸ਼ਬਦ (ਚਿੰਨ) ਅਤੇ ਸੰਘਰਸ਼ ਦੇ ਟੁੱਟੇ ਚਲੇ ਆ ਰਹੇ ਰਿਸ਼ਤੇ ਨੂੰ ਬਹਾਲ ਕਰਨਾ ਹੋਵੇਗਾ। ਇਹ ਟੁੱਟਿਆ ਰਿਸ਼ਤਾ ਵੀ ਮੂਲ ਕਾਰਨ ਹੈ ਜਿਸ ਕਰਕੇ ਸੰਨ 1984 ਤੋਂ ਬਾਅਦ ਉਠੀ ਖਾੜਕੂ ਲਹਿਰ ਸ੍ਵੈ-ਘਾਤਕ ਹਸ਼ਰ ਤੱਕ ਪਹੁੰਚੀ। ਸੰਕਟ ਤੇ ਸੰਤਾਪ ਦੀ ਜੋ ਹਾਲਤ ਅਸਾਂ ਸਾਰਿਆਂ ਨੇ ਭੋਗੀ, ਉਸ ਨੂੰ ਮੈਂ ਆਪਣੀ ਕਵਿਤਾ ਵਿਚ ਇਉਂ ਦਰਸਾਇਆ ਸੀ:

ਜਦ ਦਸਤਕ ਦਲ 'ਤੇ ਆਉਂਦੀ ਹੈ,
ਇਕ ਸਹਿਮ ਜਿਹਾ ਛਾ ਜਾਂਦਾ ਹੈ।
ਕਲ੍ਹ ਗ਼ੈਰਾਂ 'ਤੇ ਸ਼ੱਕ ਕਰਦੇ ਸੀ,
ਅੱਜ ਆਪਣਿਆਂ ਤੋਂ ਡਰਦੇ ਹਾਂ।
ਕੱਲ੍ਹ ਖੁਦ ਤੋਂ ਵੀ ਘਬਰਾਵਾਂਗੇ,
ਦਰ ਭੀੜ ਵੀ ਕਿੱਥੇ ਜਾਵਾਂਗੇ।
ਇਹ ਕੇਹਾ ਭਾਣਾ ਵਰਤ ਗਿਆ।

ਸਿੱਖ ਧਰਮ ਨਵੀਂ ਸਭਿਅਤਾ ਦਾ ਸੁਨੇਹਾ ਲੈ ਕੇ ਸੰਸਾਰ ਵਿਚ ਪ੍ਰਗਟ ਹੋਇਆ ਸੀ। ਇਸ ਨਵੀਂ ਮਾਨਵਵਾਦੀ ਸੱਭਿਅਤਾ ਦਾ ਕੀਮਤ-ਮੀਮਾਂਸ ਮਨੁੱਖੀ ਆਤਮ ਦੀ ਤੇ ਮਨੁੱਖੀ ਸਪਿਰਟ ਦੀ ਪ੍ਰਾਥਮਿਕਤਾ ਹੈ ਜੋ ਮਨੁੱਖੀ ਸਪਿਰਟ ਦੈਵੀ ਸਪਿਰਟ ਦਾ ਪ੍ਰਤਿਬਿੰਬ ਹੈ। ਨਵੀਂ ਸੱਭਿਅਤਾ ਦੀਆਂ ਮੂਲ ਕੀਮਤਾਂ-ਕਦਰਾਂ, ਮਨੁੱਖੀ ਆਜ਼ਾਦੀ, ਮਨੁੱਖੀ ਸ੍ਵੈ-ਮਾਨ, ਮਨੁੱਖੀ ਹੱਕ ਤੇ ਅਧਿਕਾਰ ਦਾ ਇਹੋ ਅਧਿਕਾਰ ਹੈ। ਇਨ੍ਹਾਂ ਮੂਲ ਕੀਮਤਾਂ-ਕਦਰਾਂ ਦੀ ਪੂਰਤੀ ਲਈ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਦਾ ਇਲਾਹੀ ਮੈਨੀਫੈਸਟੋ ਸੰਸਾਰ ਅੱਗੇ ਰੱਖਿਆ ਸੀ (ਜਿਸ ਦਾ ਅਰਥ ਧਰਤੀ ਦੇ ਕਿਸੇ ਖਾਸ ਹਿੱਸੇ ਵਿਚ ਇਕ ਫਿਰਕੇ ਜਾਂ ਸੰਪ੍ਰਜਾਤੀ ਦੀ ਹੋਰਨਾਂ ਉਪਰ ਸਿੱਕਦਾਰੀ ਰਾਜ ਨਹੀਂ)। ਅਜਿਹੇ ਸੰਸਾਰ-ਵਿਆਪੀ ਤੰਤਰ ਦੀ ਸਥਾਪਨਾ ਲਈ ਸੰਘਰਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਸੁਭ ਕਰਮਨ' ਦਾ ਨਾਂ ਦਿੱਤਾ ਹੈ। 21ਵੀਂ ਸਦੀ ਦੇ ਦੁਆਰ 'ਤੇ ਪਹੁੰਚਦਿਆਂ ਸੋਚਣਾ ਹੋਵੇਗਾ ਕਿ ਅਸੀਂ ਕਿਸ ਹੱਦ ਤੱਕ ਇਸ ਮਿਸ਼ਨ ਦੀ ਪੂਰਤੀ ਵੱਲ ਅੱਗੇ ਵਧੇ ਹਾਂ, ਜਾਂ ਪਿੱਛੇ ਮੁੜੇ ਹਾਂ। ਸੋਚਣਾ ਹੋਵੇਗਾ ਕਿ ਕਿਉਂ ਅੱਜ ਅਸੀਂ 'ਬਲ ਛੁਟਕਿਓ ਬੰਧਨ ਪਰੇ' ਦੀ ਹਾਲਤ ਵਿਚ ਹਾਂ, ਤੇ ਨਵੇਂ ਸਿਰ ਤੋਂ ਕਿਸੇ 'ਬਲ ਹੋਆ ਬੰਧਨ ਛੁਟੇ' ਦੀ ਅਵਸਥਾ ਵਿਚ ਪਹੁੰਚ ਸਕਦੇ ਹਾਂ। 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਵੀ ਸਿੱਖ ਭਾਈਚਾਰੇ ਨੂੰ ਚਾਰੇ ਪਾਸੇ ਫੈਲੇ ਸੰਕਟ ਦਾ ਅਹਿਸਾਸ ਹੋਇਆ ਸੀ। ਇਸ ਅਹਿਸਾਸ 'ਚੋਂ ਸਿੰਘ ਸਭਾ ਜਾਗ੍ਰਤੀ ਪੈਦਾ ਹੋਈ। ਇਸ ਜਾਗ੍ਰਤੀ 'ਚੋਂ ਚੀਫ ਖਾਲਸਾ ਦੀਵਾਨ, ਗੁਰਦੁਆਰਾ ਸੁਧਾਰ ਲਹਿਰ, ਸਿੱਖ ਵਿੱਦਿਅਕ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਪੈਦਾ ਹੋਏ। ਅੱਜ ਇਕ ਹੋਰ, ਨਵੀਂ ਜਾਗ੍ਰਤੀ ਦੀ ਲੋੜ ਹੈ ਜੋ ਕੁਝ ਪਹਿਲੂਆਂ ਵਿਚ ਸਿੰਘ ਸਭਾਈ ਜਾਗ੍ਰਤੀ ਤੋਂ ਵੱਖਰੀ ਹੋਵੇਗੀ। ਇਸ ਨਵੀਂ ਜਾਗ੍ਰਤੀ ਲਈ ਕੁਝ ਕੁ ਬੁਨਿਆਦੀ ਸੁਆਲ ਉਠਾਉਣੇ ਜ਼ਰੂਰੀ ਹਨ।

ਗੁਰੂ ਕਾਲ ਤੋਂ ਬਾਅਦ ਪਹਿਲੀ ਵਾਰ ਵਰਤਮਾਨ ਸਮੇਂ ਸਿੱਖ ਮਤਿ ਆਪਣੀ ਸ੍ਵੈ-ਪਛਾਣ ਬਾਰੇ ਸਾਵਧਾਨ ਹੋ ਰਿਹਾ ਹੈ। ਸਿਧਾਂਤਕ ਸ੍ਵੈ-ਪਛਾਣ (doctrinal sovereignty) ਅੱਜ ਪੰਜ-ਕਕਾਰੀ ਵਿਅਕਤੀਗਤ ਸ੍ਵੈ-ਪਛਾਣ ਦੇ ਨਾਲ ਨਾਲ ਸਮਾਜਕ, ਸਭਿਆਚਾਰਕ, ਰਾਜਨੀਤਕ ਪੱਧਰਾਂ 'ਤੇ ਸਮੂਹਗਤ (ਕਾਰਪੋਰੇਟ) ਸ੍ਵੈ-ਪਛਾਣ ਦਾ ਭਾਵ ਹੈ। ਇਕ ਸੰਪ੍ਰਜਾਤੀ ਸ੍ਵੈ-ਪਛਾਣ (ethno-religious, ethno-social and ethno-political identity) ਅਜਿਹੀ ਸਮੂਹਗਤ ਸੰਪ੍ਰਜਾਤੀ ਸ੍ਵੈ-ਪਛਾਣ ਹਾਂ-ਮੁਖੀ ਅਤੇ ਨਾਂਹ-ਮੁਖੀ, ਦੋਵੇਂ ਰੂਪ ਧਾਰ ਸਕਦੀ ਹੈ। ਅਸਲ ਵਿਚ ਇਹ ਦੋਵੇਂ ਰੂਪਾਂ ਵਿਚ ਪ੍ਰਗਟ ਹੋ ਰਹੀ ਹੈ। ਇਸ ਲਈ ਇਸ ਦੇ ਹਾਂ-ਮੁਖੀ ਸਰੂਪ ਨੂੰ ਨਾਂਹ-ਮੁਖੀ ਸਰੂਪ ਤੋਂ ਵੱਖਰਾ ਕਰਨ ਦੀ ਲੋੜ ਹੈ। ਭਾਰਤ ਵਿਚ ਏਕਾਤਮਕ ਅਤੇ ਅਨੇਕਾਤਮਕ (ਬਹੁਵਾਦੀ) ਸ਼ਕਤੀਆਂ ਅਤੇ ਪ੍ਰਵਿਰਤੀਆਂ ਦੇ ਆਪਸੀ ਦਵੰਦ ਨੇ ਬਹੁ-ਗਿਣਤੀ ਅਤੇ ਘਟ-ਗਿਣਤੀ ਧਾਰਮਿਕ ਮੂਲਵਾਦ ਪੈਦਾ ਕੀਤਾ ਹੈ। ਇਹ ਦੋਹਾਂ ਕਿਸਮ ਦੇ ਮੂਲਵਾਦ ਭਾਵੇਂ ਇਕ-ਦੂਜੇ ਦੇ ਵਿਰੋਧੀ ਜਾਪਦੇ ਹਨ ਪਰ ਅੰਤ ਨੂੰ ਘੱਟ-ਗਿਣਤੀ ਮੂਲਵਾਦ, ਬਹੁ-ਗਿਣਤੀ ਮੂਲਵਾਦ ਲਈ ਸਹਾਈ ਸਿੱਧ ਹੁੰਦਾ ਹੈ, ਤੇ ਆਪਣੇ-ਆਪ ਲਈ ਸ੍ਵੈ-ਘਾਤਕ। ਇਸ ਲਈ ਘੱਟ-ਗਿਣਤੀ ਕੌਮਾਂ ਤੇ ਕੌਮੀਅਤਾਂ ਨੂੰ ਮੂਲਵਾਦੀ ਪ੍ਰਵਿਰਤੀਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਸਿੱਖ ਧਾਰਮਿਕ ਮੂਲਵਾਦ ਨੇ ਉਭਰ ਰਹੀ ਸਮੂਹਗਤ ਸਿੱਖ ਸ੍ਵੈ-ਪਛਾਣ ਨੂੰ ਮੂਲਵਾਦੀ ਮੂੰਹ-ਮੁਹਾਂਦਰਾ ਦੇ ਕੇ ਭੂਤਵਾਦੀ (revivalist) ਬਣਾ ਕੇ ਨਾਂਹ-ਮੁਖੀ ਸਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਸਿੱਖ ਸਮੂਹਗਤ ਸ੍ਵੈ-ਪਛਾਣ (sikh self-identity) ਵਿਕਾਸ-ਮਈ (self-evolving) ਹੈ, ਸੁੰਗੜਾਮਈ (self-limiting) ਨਹੀਂ। ਜੇਕਰ ਸਿੱਖ ਸ੍ਵੈ-ਪਛਾਣ ਬਾਹਰੀ ਜਾਂ ਆਂਤ੍ਰਿਕ ਮੂਲਵਾਦੀ ਪ੍ਰਵਿਰਤੀਆਂ ਕਾਰਨ ਸੁੰਗੜਾਮਈ ਹੋ ਗਈ ਅਤੇ ਵਿਲੱਖਣਤਾ ਦੇ ਨਾਂ 'ਤੇ ਅਲੱਗ-ਥਲੱਗ ਹੋਣ ਦੀ ਮਨੋਬਿਰਤੀ ਦਾ ਸ਼ਿਕਾਰ ਹੋ ਗਈ ਤਾਂ ਸਿੱਖ ਸਮਾਜ ਦੇ ਭਵਿੱਖ 'ਤੇ ਹੀ ਸਵਾਲੀਆ ਨਿਸ਼ਾਨ ਖੜ੍ਹਾ ਹੋ ਜਾਵੇਗਾ।

ਸਿੱਖ ਸ੍ਵੈ-ਪਛਾਣ ਦੇ ਵਿਕਾਸਮਈ, ਵਿਸਥਾਰਮਈ ਸੁਭਾਅ ਨੂੰ ਸਮਝਣ ਅਤੇ ਇਸ ਸਰੂਪ ਨੂੰ ਬਰਕਰਾਰ ਰੱਖਣ ਲਈ ਸਿੱਖ ਮਤਿ ਦੇ ਦੋ ਅੰਤਰ-ਸਬੰਧਤ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਰੱਖਣਾ ਜ਼ਰੂਰੀ ਹੈ। ਸਿੱਖ ਮਤਿ ਸੰਸਥਾਤਮਕ ਮਜ਼੍ਹਬ ਹੈ। (ਇਥੇ ਮੈਂ ਸੁਚੇਤ ਤੌਰ 'ਤੇ ਧਰਮ ਦੀ ਥਾਂ ਮਜ਼੍ਹਬ ਦਾ ਸ਼ਬਦ ਵਰਤਿਆ ਹੈ।) ਇਸ ਕਾਰਨ ਇਸ ਦੇ ਦੋਵੇਂ ਪਹਿਲੂ ਹਨ: ਸੰਸਾਰ-ਵਿਆਪੀ ਅਤੇ ਇਤਿਹਾਸਕ। ਸੰਸਾਰ-ਵਿਆਪੀ ਪਹਿਲੂ ਇਸ ਦੇ ਨਵੀਂ ਸਭਿਅਤਾ ਲਿਆਉਣ ਦੇ ਸ਼ਬਦ ਰੂਪੀ ਮਾਨਵਵਾਦੀ ਸੁਨੇਹੇ (ਸਿਧਾਂਤ) ਵੱਲ ਸੰਕੇਤ ਕਰਦਾ ਹੈ, ਤੇ ਇਤਿਹਾਸਕ ਪਹਿਲੂ ਇਤਿਹਾਸ ਦੀ ਦਿਸ਼ਾ ਵਿਚ ਇਸ ਸੁਨੇਹੇ ਨੂੰ ਰੂਪਮਾਨ ਕਰਨ ਲਈ ਸਿੱਖ ਮਜ਼੍ਹਬ ਦੇ ਸੰਸਥਾਤਮਕ ਵਿਕਾਸ ਵੱਲ ਸੰਕੇਤ ਕਰਦਾ ਹੈ। ਗੁਰੂ ਕਾਲ ਵਿਚ ਦੋਵੇਂ ਪਹਿਲੂਆਂ ਦੇ ਵਿਕਾਸ ਵਿਚ ਸੰਤੁਲਨ ਰਿਹਾ। ਸੰਗਤ-ਇਕਾਈਆਂ, ਮੰਜੀਆਂ, ਪੀੜ੍ਹੀਆਂ, ਮਸੰਦ-ਸਿਸਟਮ, ਸ੍ਰੀ ਅਕਾਲ ਤਖ਼ਤ, ਖਾਲਸਾਈ ਸਰੂਪ, ਆਦਿ ਸਿੱਖ ਮਜ਼੍ਹਬ ਦੇ ਸੰਸਥਾਤਮਕ ਵਿਕਾਸ ਦੇ ਸੂਚਕ ਹਨ। ਇਸ ਸੰਸਥਾਤਮਕ ਵਿਕਾਸ-ਪ੍ਰਕਿਰਿਆ ਵਿਚ ਸਿੱਖ ਧਾਰਮਿਕ ਪੰਥ ਤੋਂ ਚੱਲ ਕੇ ਰਾਜਨੀਤਕ ਕਮਿਊਨਿਟੀ ਵੀ ਬਣ ਗਏ ਜਿਸ ਦੀ ਇਤਿਹਾਸ ਤੇ ਭੂਗੋਲ ਨਾਲ ਸਬੰਧਤ ਪ੍ਰਸਥਿਤੀਗਤ ਕਾਰਕਾਂ (historically variable lactora) ਕਾਰਨ ਵਿਸ਼ਿਸ਼ਟ ਸੰਪ੍ਰਜਾਤੀ ਸ੍ਵੈ-ਪਛਾਣ ਵੀ ਉਭਰ ਕੇ ਸਾਹਮਣੇ ਆਈ ਹੈ। ਇਸ ਰੂਪ ਵਿਚ ਉਭਰੀ ਸਿੱਖ ਸ਼ਕਤੀ ਜਿਸ ਨੂੰ ਦਸਮ ਗ੍ਰੰਥ ਵਿਚ 'ਪ੍ਰਮਾਤਮ ਕੀ ਮੌਜ' ਵਿਚ 'ਅਕਾਲ ਪੁਰਖ ਕੀ ਫੌਜ' ਕਿਹਾ ਹੈ, ਆਪਣੇ-ਆਪ ਵਿਚ ਆਪਣੇ-ਆਪ ਲਈ ਮੰਜ਼ਲ ਨਹੀਂ; ਇਹ ਤਾਂ ਇਕ ਸਾਧਨ ਹੈ ਇਕ ਸੁਫਨੇ ਨੂੰ ਸਾਕਾਰ ਕਰਨ ਦਾ ਜੋ ਗੁਰੂ ਨਾਨਕ ਦੇਵ ਜੀ ਨੇ ਵੇਖਿਆ; ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਹਲੇਮੀ ਰਾਜ ਕਿਹਾ, ਤੇ ਜਿਸ ਖਾਤਰ ਗੁਰੂ ਗੋਬਿੰਦ ਸਿੰਘ ਜੀ ਨੇ "ਜੂਝ ਮਰੋ" ਲਈ ਪ੍ਰੇਰਨਾ ਦਿੱਤੀ।

ਗੁਰੂ ਕਾਲ ਤੋਂ ਬਾਅਦ ਸਿੱਖ ਮਜ਼੍ਹਬ ਦੇ ਸੰਸਾਰ-ਵਿਆਪੀ ਅਤੇ ਇਤਿਹਾਸਮੁਖੀ ਪਹਿਲੂਆਂ ਵਿਚਕਾਰ ਸੰਤੁਲਨ ਕਾਇਮ ਨਾ ਰਹਿ ਸਕਿਆ, ਖਾਸ ਕਰ ਅਠ੍ਹਾਰਵੀਂ ਸਦੀ ਦੇ ਸੰਘਰਸ਼ ਕਾਲ ਦੌਰਾਨ। ਇਸ ਸਮੇਂ ਸਿੱਖ ਚਿੰਤਨ ਉਦਾਸੀਆਂ, ਨਿਰਮਲਿਆਂ ਆਦਿ ਦੇ ਡੇਰਿਆਂ ਤੱਕ ਮਹਿਦੂਦ ਹੋ ਗਿਆ ਜਿੱਥੇ ਇਸ ਉਪਰ ਵੇਦਾਂਤਕ ਰੰਗ ਚੜ੍ਹਨਾ ਸ਼ੁਰੂ ਹੋ ਗਿਆ। ਸਿੱਖ ਸੰਗਰਾਮ ਦੀ ਰਣਭੂਮੀ ਸੀਮਤ ਅਰਥਾਂ ਵਿਚ ਮੈਦਾਨੇ ਜੰਗ ਬਣ ਗਈ। ਸ਼ਬਦ (ਚਿੰਤਨ) ਅਤੇ ਸੰਘਰਸ਼ ਦਾ ਸੰਜੋਗ ਟੁੱਟ ਗਿਆ। ਚਿੰਤਨ ਦਾ ਵੇਦਾਂਤੀਕਰਨ ਹੋ ਗਿਆ ਅਤੇ ਸੰਘਰਸ਼, ਰਾਜ ਸ਼ਕਤੀ ਤੱਕ ਪਹੁੰਚ ਕੇ ਸਾਮੰਤਵਾਦੀਤੰਤਰ ਵਿਚ ਢਲ ਗਿਆ। ਸਿੱਖ ਸਮਾਜ ਬ੍ਰਾਹਮਣੀ ਪ੍ਰਭਾਵ ਹੇਠਾਂ ਆ ਗਿਆ। ਸ਼ਬਦ (ਚਿੰਤਨ) ਅਤੇ ਸੰਘਰਸ਼ ਦਾ ਅਜਿਹਾ ਸੰਜੋਗ ਟੁੱਟਿਆ ਕਿ ਅੱਜ ਤੱਕ ਜੁੜ ਨਹੀਂ ਸਕਿਆ। ਵਰਤਮਾਨ ਸਿੱਖ ਸੰਕਟ ਦਾ ਇਹ ਵੀ ਇਕ ਮੁੱਖ ਕਾਰਨ ਹੈ। ਸਿੱਖ ਵਿਦਵਤਾ ਵਰਤਮਾਨ ਦੇ ਸਰੋਕਾਰਾਂ ਅਤੇ ਭਵਿੱਖ ਦੇ ਤਕਾਜ਼ਿਆਂ ਤੋਂ ਦੂਰ ਹੁੰਦੀ ਜਾ ਰਹੀ ਹੈ, ਤੇ ਸਿੱਖ ਰਾਜਨੀਤਕ ਕਾਰਜ ਵਿਚਾਰਹੀਣ ਤੇ ਇਸ ਕਰਕੇ ਦਿਸ਼ਾਹੀਣ ਹਾਲਤ ਵਿਚ ਗ੍ਰਸਤ ਹੈ। ਸਿੱਖ ਲਹਿਰ ਦੀ ਵਰਤਮਾਨ ਚਾਲ ਚਲਿਤਰ-ਵੱਸ ਹੋ ਗਈ ਹੈ, ਵਿਚਾਰ-ਵੱਸ ਨਹੀਂ ਰਹੀ। ਨਵੀਂ ਜਾਗ੍ਰਤੀ ਲਈ ਸ਼ਬਦ (ਚਿੰਤਨ) ਅਤੇ ਸੰਗਰਾਮ ਅਰਥਾਤ ਵਿਚਾਰਧਾਰਾ ਤੇ ਸੰਘਰਸ਼ਧਾਰਾ ਦਾ ਸੰਜੋਗ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ। ਅਜਿਹਾ ਕਰਨਾ ਸਿੱਖ ਮਜ਼੍ਹਬ ਦੇ ਸੰਸਾਰ-ਵਿਆਪੀ ਅਤੇ ਇਤਿਹਾਸਮੁਖੀ ਪਹਿਲੂਆਂ ਦੇ ਸੰਤੁਲਨ ਵੱਲ ਮਹੱਤਵਪੂਰਨ ਕਦਮ ਹੋਵੇਗਾ।



ਸਿੱਖ ਸ੍ਵੈ-ਪਛਾਣ ਦਾ ਦਾਰਸ਼ਨਿਕ ਆਧਾਰ ਸੰਸਾਰ-ਵਿਆਪੀ ਹੈ। ਇਤਿਹਾਸਮੁਖਤਾ ਤੋਂ ਬਿਨਾਂ ਅਜਿਹੀ ਪਛਾਣ ਅਮੂਰਤ ਸੰਕਲਪ (abstract universal) ਹੀ ਰਹਿ ਜਾਂਦੀ ਹੈ। ਇਤਿਹਾਸ ਤੇ ਭੂਗੋਲ ਤੋਂ ਉਪਲਬਧ ਪ੍ਰਸਥਿਤੀਗਤ ਕਾਰਕ ਹੀ ਇਸ ਅਮੂਰਤ ਕਲਪ-ਰੂਪੀ ਪਛਾਣ ਨੂੰ ਸਮੂਰਤ, ਠੋਸ ਸਰੂਪ ਪ੍ਰਦਾਨ ਕਰਦੇ ਹਨ, ਤੇ ਇਸ ਤਰ੍ਹਾਂ ਹੀ ਇਹ ਪਛਾਣ ਨਾਮ-ਰੂਪ (concrete universal) ਦਾ ਰੂਪ ਗ੍ਰਹਿਣ ਕਰਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਇਤਿਹਾਸ ਤੇ ਭੂਗੋਲ ਨਾਲ ਜੁੜੇ ਪ੍ਰਸਥਿਤੀਗਤ ਕਾਰਕ ਸ੍ਵੈ-ਪਛਾਣ ਦੇ ਠੋਸ ਨਾਮ ਰੂਪ ਲਈ ਜ਼ਰੂਰੀ ਹਨ ਪਰ ਜੇ ਇਹ ਕਾਰਕ ਸੰਸਾਰ-ਵਿਆਪੀ ਪਹਿਲੂ 'ਤੇ ਹਾਵੀ ਹੋ ਜਾਂਦਾ ਹੈ (ਯਾਨਿ ਸਰੀਰ ਦਾ ਫੈਲਾਅ ਹੁੰਦਾ ਜਾਵੇ ਤੇ ਅੰਦਰਲੇ ਆਤਮ ਦਾ ਸੁੰਗੜਾਅ) ਤਾਂ ਇਹ ਸ੍ਵੈ-ਪਛਾਣ ਵਿਕਾਸਮਈ, ਵਿਸਥਾਰਮਈ ਨਹੀਂ ਰਹਿੰਦੀ, ਸੁੰਗੜਾਮਈ ਹੋ ਨਿਬੜਦੀ ਹੈ। ਸਿੰਘ ਸਭਾ ਲਹਿਰ ਨਾਲ ਜੋ ਨਵ-ਜਾਗ੍ਰਤੀ ਉਭਰੀ, ਜੋ ਨਵੀਂ ਵਿਚਾਰਧਾਰਾ ਪੈਦਾ ਹੋਈ; ਉਹ ਵਧੇਰੇ ਇਤਿਹਾਸਮੁਖੀ ਪਹਿਲੂ ਵੱਲ ਉਲਾਰ ਸੀ। ਇਹ ਉਸ ਸਮੇਂ ਦੀ ਜ਼ਰੂਰਤ ਸੀ ਪਰ ਇਸ ਨਾਲ ਹੌਲੀ-ਹੌਲੀ ਸਿੱਖ ਪਛਾਣ ਇਕ ਲਿੱਪੀ ਨਾਲ, ਇਕ ਭਾਸ਼ਾ ਨਾਲ, ਇਕ ਸਭਿਆਚਾਰ ਨਾਲ, ਇਕ ਸੰਪ੍ਰਜਾਤੀ (ethnicity) ਨਾਲ, ਤੇ ਅੰਤ ਨੂੰ ਇਕ ਇਲਾਕੇ ਨਾਲ ਜੁੜ ਗਈ। ਸਿੱਖ ਮਤਿ ਦੇ ਸੰਸਾਰ-ਵਿਆਪੀ ਪਹਿਲੂ ਇਤਿਹਾਸਮੁਖੀ ਪਹਿਲੂ ਨਾਲ ਸੰਤੁਲਿਤ ਕਰਕੇ ਸਿੱਖ ਸ੍ਵੈ-ਪਛਾਣ ਨੂੰ ਮੁੜ ਤੋਂ ਵਿਕਾਸਮਈ ਬਣਾਉਣ ਦੀ ਲੋੜ ਹੈ। ਇਸ ਪ੍ਰਸੰਗ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਪੰਜਾਬ ਅਥਵਾ ਭਾਰਤ ਵਿਚ ਵਸਦੇ ਸਿੱਖਾਂ ਦੇ ਵਕਤੀ ਰਾਜਨੀਤਿਕ-ਆਰਥਿਕ-ਸਮਾਜਕ ਸਰੋਕਾਰਾਂ (existenial concerns) ਅਤੇ ਸਿੱਖ ਮਤਿ ਦੇ ਸੰਸਾਰ-ਵਿਆਪੀ ਸਰੋਕਾਰਾਂ (universal concerns) ਵਿਚਕਾਰ ਫਰਕ ਜ਼ਰੂਰੀ ਹੈ।

ਉਪਰ ਅਸਾਂ ਲੋੜੀਂਦੀ ਨਵੀਂ ਜਾਗ੍ਰਤੀ ਤੇ ਸੰਕਲਪਾਤਕ ਪੱਧਰ 'ਤੇ ਕੁਝ ਨੁਕਤਿਆਂ ਦਾ ਜ਼ਿਕਰ ਕੀਤਾ ਹੈ। ਵਿਹਾਰਕ ਪੱਧਰ 'ਤੇ ਵੀ ਕੁਝ ਬਹੁਤ ਅਹਿਮ ਨੁਕਤੇ ਵਿਚਾਰ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਨਵੀਂ ਵਿਚਾਰਧਾਰਾ ਦੇ ਅੰਤਰਗਤ ਸਿੱਖ ਮਤਿ ਦੇ ਸੰਸਾਰ-ਵਿਆਪੀ ਤੇ ਇਤਿਹਾਸਮੁਖੀ ਪਹਿਲੂਆਂ ਦੇ ਨਵ-ਸੰਤੁਲਨ ਨਾਲ ਗਹਿਰਾ ਸਬੰਧ ਹੈ।

ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਇਕ-ਦੂਜੇ ਨੂੰ ਵਰਤਣ ਅਤੇ ਇਕ-ਦੂਜੇ ਤੇ ਨਿਰਭਰ ਰਹਿਣ ਦਾ ਸਬੰਧ ਹੁਣ ਸਿੱਖਾਂ ਲਈ ਅਤੇ ਇਨ੍ਹਾਂ ਸੰਸਥਾਵਾਂ ਲਈ ਵੀ ਲਾਭਕਾਰੀ ਨਹੀਂ ਰਿਹਾ। ਹੁਣ ਇਹ ਸਮਾਪਤ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਆਪਣਾ ਆਪਣਾ ਕਿਰਦਾਰ ਹੈ, ਕਾਰਜ-ਖੇਤਰ ਹੈ, ਕਾਰਜਵਿਧੀ ਹੈ ਜਿਸ ਤਹਿਤ ਹੀ ਇਹ ਸੰਸਥਾਵਾਂ ਆਪਣਾ-ਆਪਣਾ ਸਹੀ ਰੋਲ ਨਿਭਾ ਸਕਦੀਆਂ ਹਨ। ਸਭ ਤੋਂ ਪਹਿਲਾ ਪ੍ਰਸ਼ਨ ਸ੍ਰੀ ਅਕਾਲ ਤਖ਼ਤ ਦੀ ਸਰਵਉਚਤਾ ਬਹਾਲ ਕਰਨ ਅਤੇ ਬਰਕਰਾਰ ਰੱਖਣ ਦਾ ਹੈ। ਇਸ ਸਰਵੋਤਮ ਸੰਸਥਾ ਦਾ ਅਹਿਮ ਰੋਲ ਹੈ। ਗੁਰੂ ਹਰਗੋਬਿੰਦ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਵੱਖ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਦਾ ਸਪੱਸ਼ਟ ਭਾਵ ਹੈ ਕਿ ਛੇਵੇਂ ਪਾਤਸ਼ਾਹ ਨੇ ਰੂਹਾਨੀ ਕੇਂਦਰ ਤੋਂ ਵੱਖ ਸ੍ਰੀ ਅਕਾਲ ਤਖ਼ਤ ਦੇ ਰੂਪ ਵਿਚ ਲੌਕਿਕ (temporal) ਕੇਂਦਰ ਸਥਾਪਤ ਕੀਤਾ ਸੀ। ਇਸ ਤਰ੍ਹਾਂ ਆਪ ਨੇ ਮੀਰੀ ਤੇ ਪੀਰੀ ਨੂੰ ਮੱਧ-ਕਾਲੀਨ ਪਹੁੰਚ ਅਨੁਸਾਰ ਇਕਮਿਕ ਨਹੀਂ ਕੀਤਾ ਸਗੋਂ ਭਵਿੱਖਮੁਖੀ ਦ੍ਰਿਸ਼ਟੀ ਤੋਂ ਰੂਹਾਨੀ-ਧਾਰਮਿਕ ਕੇਂਦਰ 'ਤੇ ਲੌਕਿਕ ਕੇਂਦਰ ਨੂੰ ਅੰਤਰ-ਸਬੰਧਤ ਕਰਦੇ ਹੋਏ ਵੀ ਨਦੀ ਦੇ ਦੋ ਕਿਨਾਰਿਆਂ ਵਾਂਗ ਵੱਖ-ਵੱਖ ਕੀਤਾ ਸੀ। ਸਿੱਖ ਮਤਿ ਵਿਚ ਮੀਰੀ-ਪੀਰੀ ਦੀ ਏਕਤਾ ਦਾ ਅਰਥ ਇਕਮਿਕਤਾ ਨਹੀਂ, ਇਹ differentiated unity ਹੈ, coalescent unity ਨਹੀਂ। ਸੋ, ਸ੍ਰੀ ਅਕਾਲ ਤਖ਼ਤ ਦਾ ਕਿਰਦਾਰ ਲੌਕਿਕ ਸੰਸਥਾ ਵਾਲਾ ਹੈ। ਸ਼ਾਇਦ ਇਹ ਗੱਲ ਸ੍ਵੈ-ਵਿਰੋਧੀ ਲੱਗੇ ਕਿ ਇਕ ਮਜ਼੍ਹਬ ਲੌਕਿਕ ਕਿਵੇਂ ਹੋ ਸਕਦਾ ਹੈ, ਉਸ ਦਾ ਕਿਰਦਾਰ ਤਾਂ ਧਾਰਮਿਕ ਹੀ ਹੋ ਸਕਦਾ ਹੈ ਪਰ ਇਸ ਵਿਚ ਕੋਈ ਸ੍ਵੈ-ਵਿਰੋਧੀ ਨਹੀਂ। ਸੰਸਥਾਤਮਕ ਮਜ਼੍ਹਬ ਦੀਆਂ ਸੰਸਥਾਵਾਂ ਧਾਰਮਿਕ ਵੀ ਹੋ ਸਕਦੀਆਂ ਹਨ ਤੇ ਲੌਕਿਕ ਵੀ, ਜਿਵੇਂ (ਮਿਸਲ ਵਜੋਂ) ਕਿਸੇ ਧਾਰਮਿਕ ਮਤਿ ਵੱਲੋਂ ਚਲਾਈਆਂ ਗਈਆਂ ਵਿੱਦਿਅਕ ਸੰਸਥਾਵਾਂ। ਜਿਸ ਤਰ੍ਹਾਂ ਪਾਰਲੀਮੈਂਟ ਵੱਲੋਂ ਲੌਕਿਕ ਸੰਸਥਾ ਹੁੰਦੇ ਹੋਏ ਵੀ ਧਾਰਮਿਕ ਮੁੱਦਿਆਂ ਬਾਰੇ ਕਾਨੂੰਨ ਬਣਾਇਆ ਜਾ ਸਕਦਾ ਹੈ ਤੇ ਧਾਰਮਿਕ ਮਤਿ ਦੀ ਆਪਣੇ ਸੰਸਥਾਤਮਕ ਵਿਕਾਸ ਵਿਚ ਧਾਰਮਿਕ ਸੰਸਥਾਵਾਂ ਦੇ ਨਾਲ-ਨਾਲ ਲੌਕਿਕ ਸੰਸਥਾਵਾਂ ਵੀ ਬਣਾਉਂਦੇ ਆਏ ਹਨ।

ਇੱਥੇ ਸ੍ਰੀ ਅਕਾਲ ਤਖ਼ਤ ਦੇ ਨੌਇਅਤ ਦਾ ਮਸਲਾ ਇਸ ਲਈ ਉਠਾਇਆ ਗਿਆ ਹੈ ਕਿਉਂਕਿ ਇਸ ਦਾ ਸਿੱਖ ਰਾਜਨੀਤੀ ਨਾਲ ਗਹਿਰਾ ਸਬੰਧ ਹੈ। ਸੁਪਰੀਮ ਕੋਰਟ ਦਾ ਇਕ ਫੈਸਲਾ ਇਸ ਪ੍ਰਸੰਗ ਵਿਚ ਬਹੁਤ ਅਹਿਮ ਅਤੇ ਅੱਖਾਂ ਖੋਲ੍ਹਣ ਵਾਲਾ ਹੈ। ਰੈਪਰਿਜ਼ੈਂਟੇਸ਼ਨ ਆਫ਼ ਦੀ ਪੀਪਲ ਐਕਟ 1951, ਦੇ ਸੈਕਸ਼ਨ 123 (3) ਅਧੀਨ ਧਰਮ ਦੇ ਨਾਂ 'ਤੇ ਵੋਟਰਾਂ ਨੂੰ ਅਪੀਲ ਕਰਨੀ ਭ੍ਰਿਸ਼ਟ ਚੋਣ ਵਿਹਾਰ ਹੈ, ਤੇ ਇਸ ਬਿਨਾ ਸਫ਼ਲ ਹੋਏ ਉਮੀਦਵਾਰ ਦੀ ਚੋਣ ਇਸ ਐਕਟ ਦੇ ਸੈਕਸ਼ਨ 100(1) (ਬੀ) ਅਧੀਨ ਰੱਦ ਹੋ ਸਕਦੀ ਹੈ। ਉਪਰੋਕਤ ਕੇਸ ਦੇ ਤੱਥ ਇਹ ਹਨ ਕਿ ਦੋ ਮੁੱਖ ਅਕਾਲੀ ਨੇਤਾਵਾਂ ਵੱਲੋਂ ਪਹੁੰਚ ਕਰਨ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਪਹਿਲੀ ਮਾਰਚ

*(ਬਾਕੀ ਅਗਲੇ ਸਫ਼ੇ 'ਤੇ)*

1980 ਨੂੰ ਹੁਕਮਨਾਮਾ ਜਾਰੀ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਐਗਜ਼ੈਕਟਿਵ ਕਮੇਟੀ ਭੰਗ ਕਰ ਦਿੱਤੀ ਅਤੇ ਚੋਣਾਂ ਲਈ ਪੰਥਕ ਉਮੀਦਵਾਰ ਚੁਣਨ ਵਾਸਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਸੱਤ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ। ਇਸ ਵਿਚ ਉਹ ਦੋ ਅਕਾਲੀ ਨੇਤਾ ਵੀ ਸ਼ਾਮਲ ਸਨ ਜਿਨ੍ਹਾਂ ਅਕਾਲ ਤਖ਼ਤ ਤੱਕ ਪਹੁੰਚ ਕੀਤੀ ਸੀ। ਕੁਝ ਹੀ ਦਿਨਾਂ ਬਾਅਦ ਇਨ੍ਹਾਂ ਦੋਹਾਂ 'ਚੋਂ ਇਕ ਨੇਤਾ ਨੇ ਇਸ ਸੱਤ ਮੈਂਬਰਾਂ ਕਮੇਟੀ ਦੀ ਸਥਾਪਨਾ ਵਿਰੁਧ ਬਗਾਵਤ ਵੀ ਕਰ ਦਿੱਤੀ ਸੀ।

ਖ਼ੈਰ, ਚੋਣਾਂ ਹੋਈਆਂ। ਸ. ਹਰਚਰਨ ਸਿੰਘ ਫੱਤਣਵਾਲਾ ਪੰਥਕ ਉਮੀਦਵਾਰ ਵਜੋਂ ਅਸੈਂਬਲੀ ਚੋਣ ਜਿੱਤ ਗਏ। ਹਾਈ ਕੋਰਟ ਤੋਂ ਹੁੰਦਾ ਹੋਇਆ ਮਾਮਲਾ ਸੁਪਰੀਮ ਕੋਰਟ ਪਹੁੰਚਿਆ। ਸੁਪਰੀਮ ਕੋਰਟ ਨੇ ਇਸ ਸੁਆਲ ਬਾਰੇ ਵਿਦਵਾਨ ਸੱਦੇ ਕਿ ਕੀ ਅਕਾਲ ਤਖ਼ਤ ਦੀ ਅਥਾਰਟੀ ਧਾਰਮਿਕ ਹੈ? ਲੌਕਿਕ ਹੈ? ਜਾਂ ਧਾਰਮਿਕ ਲੌਕਿਕ ਦੋਵੇਂ ਹੈ? ਪੇਸ਼ ਹੋਏ ਸੂਝਵਾਨਾਂ ਨੇ ਵੱਖ-ਵੱਖ ਵਿਚਾਰ ਦਿੱਤੇ ਪਰ ਸੁਪਰੀਮ ਕੋਰਟ ਨੇ ਫੈਸਲਾ ਕੀਤਾ ਕਿ ਅਕਾਲ ਤਖ਼ਤ ਦੀ ਅਥਾਰਟੀ ਧਾਰਮਿਕ ਲੌਕਿਕ ਹੈ ਕਿਉਂਕਿ ਇਹ ਧਾਰਮਿਕ ਅਥਾਰਟੀ ਵੀ ਹੈ। ਇਸ ਕਰਕੇ ਜਥੇਦਾਰ ਲਈ ਸ੍ਰੀ ਅਕਾਲ ਤਖ਼ਤ ਵੱਲੋਂ ਫੱਤਣਵਾਲਾ ਨੂੰ ਪੰਥਕ ਉਮੀਦਵਾਰ ਵਜੋਂ ਵੋਟ ਪਾਉਣ ਲਈ ਕਹਿਣਾ ਭ੍ਰਿਸ਼ਟ ਚੋਣ ਵਿਹਾਰ ਹੈ। ਸੋ, ਫੱਤਣਵਾਲਾ ਦੀ ਚੋਣ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ। ਉਪਰੋਕਤ ਫੈਸਲੇ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਮਨੋਰਥ ਇਹ ਹੈ ਕਿ ਸਿੱਖ ਜਗਤ ਨੂੰ ਅਕਾਲ ਤਖ਼ਤ ਦੀ ਨੌਈਅਤ ਬਾਰੇ ਖੁਦ ਵਿਚਾਰ ਕਰਨਾ ਚਾਹੀਦਾ ਹੈ। ਸਾਡੇ ਵਿਚਾਰ ਅਨੁਸਾਰ ਸ੍ਰੀ ਅਕਾਲ ਤਖ਼ਤ ਸਿੱਖ ਮਤਿ ਦੀ ਪਾਵਨ ਸਰਵੋਤਮ ਲੌਕਿਕ ਸੰਸਥਾ ਹੈ ਜਿਸ ਦਾ ਕਾਰਜ ਖੇਤਰ ਸਿੱਖ ਜਗਤ ਦੇ, ਖਾਸ ਕਰ ਕੇ ਮਾਨਵਤਾ ਦੇ ਆਮ ਤੌਰ 'ਤੇ ਲੌਕਿਕ (ਸਮਾਜਕ, ਆਰਥਿਕ, ਰਾਜਨੀਤਕ) ਸਰੋਕਾਰਾਂ ਤੱਕ ਵਿਸਤ੍ਰਿਤ ਹੈ। ਇਨ੍ਹਾਂ ਸਰੋਕਾਰਾਂ ਬਾਰੇ ਵਿਚਾਰਧਾਰਕ ਅਗਵਾਈ ਦੇਣਾ ਸ੍ਰੀ ਅਕਾਲ ਤਖ਼ਤ ਦੇ ਕਾਰਜ ਖੇਤਰ ਵਿਚ ਸ਼ਾਮਲ ਹੈ ਪਰ ਸਿੱਖ ਜਗਤ ਦੇ ਲੌਕਿਕ ਸਰੋਕਾਰਾਂ ਬਾਰੇ ਵਿਚਾਰਧਾਰਕ ਅਗਵਾਈ ਦੇਣ ਦਾ ਅਰਥ ਇਹ ਨਹੀਂ ਹੈ ਕਿ ਇਹ ਤਖ਼ਤ ਸਰਗਰਮ ਅਕਾਲੀ ਸਿਆਸਤ ਵਿਚ ਉਲਝੇ, ਤੇ ਤਖ਼ਤ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਭੰਗ ਕਰਨ, ਚੋਣ ਬੋਰਡ ਕਾਇਮ ਕਰਨ ਜਾਂ ਅਕਾਲੀ ਧੜਿਆਂ ਵਿਚ ਏਕਤਾ ਕਰਾਉਣ ਦੀ ਜ਼ਿੰਮੇਵਾਰੀ ਕਬੂਲੇ। ਸ੍ਰੀ ਅਕਾਲ ਤਖਤ ਦਾ ਅਜਿਹਾ ਕਾਰਜ ਖੇਤਰ ਨਹੀਂ ਕਿਉਂਕਿ ਇਹ ਅਕਾਲ ਤਖ਼ਤ ਹੈ, 'ਅਕਾਲੀ ਤਖ਼ਤ' ਨਹੀਂ।

ਅਗਲਾ ਪ੍ਰਸ਼ਨ ਅਕਾਲ ਤਖ਼ਤ ਦੀ ਕਾਰਜ ਵਿਧੀ ਬਾਰੇ ਹੈ। ਸ਼ਬਦ (ਚਿੰਤਨ) ਦੀ ਰੌਸ਼ਨੀ ਵਿਚ ਵਿਚਾਰਧਾਰਕ ਅਗਵਾਈ ਦਿੰਦਿਆਂ ਤਖ਼ਤ ਜਥੇਦਾਰ ਦਾ ਰੋਲ ਕੋਈ ਇਕ ਵਿਚਾਰ ਠੋਸਣ ਵਾਲਾ ਨਹੀਂ ਹੋ ਸਕਦਾ। ਸ੍ਰੀ ਅਕਾਲ ਤਖ਼ਤ ਦਾ ਰੋਲ catalysis ਵਾਂਗ ਹੋਣਾ ਚਾਹੀਦਾ ਹੈ, catalyst ਦੀ ਮੌਜੂਦਗੀ ਵਿਚ ਹੋਰ ਤੱਤ ਰਸਾਇਣਕ ਪ੍ਰਕਿਰਿਆ ਵਿਚ ਜੁੜਦੇ ਹਨ, ਪਰ ਜੋ ਆਪ ਇਸ ਰਸਾਇਣਿਕ ਪ੍ਰਕਿਰਿਆ ਦਾ ਅੰਗ ਨਹੀਂ ਬਣਦਾ। ਸੋ, ਤਖ਼ਤ ਨੂੰ ਵੀ ਏਸੇ ਤਰ੍ਹਾਂ ਵਿਚਾਰਧਾਰਕ ਸੇਧ ਦੇਣ ਲਈ ਵਿਦਵਾਨਾਂ 'ਤੇ ਮਾਹਰਾਂ ਨੂੰ ਇਕੱਠਾ ਕਰਨ ਦਾ ਉਦਮੀ ਰੋਲ ਨਿਭਾਉਣਾ ਚਾਹੀਦਾ ਹੈ। ਜੇ ਤਖ਼ਤ ਜਥੇਦਾਰ ਬੁੱਧੀਮਾਨ ਹੈ ਤਾਂ ਉਹ ਵੀ ਵਿਦਵਾਨਾਂ ਸੰਗ ਬਹਿ ਕੇ ਵਿਚਾਰ-ਵਟਾਂਦਰੇ ਵਿਚ ਭਾਗ ਲੈ ਸਕਦਾ ਹੈ ਪਰ ਤਖ਼ਤ ਜਥੇਦਾਰ ਦਾ ਜਾਂ ਹੋਰ ਗੁਰਦੁਆਰਾ ਗ੍ਰੰਥੀਆਂ ਦਾ ਪੁਜਾਰੀ ਜਾਂ ਪ੍ਰੋਹਿਤ ਸ਼੍ਰੇਣੀ ਵਾਲਾ ਕੋਈ ਬ੍ਰਾਹਮਣੀ ਰੋਲ ਗੁਰਮਤਿ ਵਿਚ ਪ੍ਰਵਾਨ ਨਹੀਂ। ਵਰਤਮਾਨ ਦੌਰ ਦੇ ਤਖ਼ਤ ਜਥੇਦਾਰ ਦੀ ਜਥੇਦਾਰ ਅਕਾਲੀ ਫੂਲਾ ਸਿੰਘ ਨਾਲ ਤੁਲਨਾ ਕਰਨੀ ਇਸ ਮਹਾਨ ਸ਼ਖ਼ਸੀਅਤ ਦਾ ਨਿਰਾਦਰ ਕਰਨ ਵਾਲੀ ਗੱਲ ਹੈ। ਅੱਜ ਦੇ ਤਖ਼ਤ "ਜਥੇਦਾਰ" ਸਰਕਾਰ ਵੱਲੋਂ ਬਣਾਏ ਗਏ ਗੁਰਦੁਆਰਾ ਐਕਟ 1925 ਅਧੀਨ ਸਰਕਾਰੀ ਛਤਰ-ਛਾਇਆ ਹੇਠ ਕਰਵਾਈ ਜਾਂਦੀ ਚੋਣ ਰਾਹੀਂ ਸਥਾਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਨਖ਼ਾਹਦਾਰ ਮੁਲਾਜ਼ਮ ਹਨ ਜੋ ਸ਼੍ਰੋਮਣੀ ਕਮੇਟੀ 'ਤੇ ਇਸ ਦੇ ਪ੍ਰਧਾਨ ਦੇ ਅਧੀਨ ਹਨ। ਤਖ਼ਤ ਜਥੇਦਾਰ ਦੀ ਨਿਯੁਕਤੀ, ਤੇ ਜਦੋਂ ਜੀ ਚਾਹਿਆ ਬਰਤਰਫ਼ੀ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਪਾਸ ਹਨ। ਸ਼੍ਰੋਮਣੀ ਕਮੇਟੀ ਵਿਚ ਉਹ ਮੈਂਬਰ ਤਾਂ ਹੈ ਪਰ ਵੋਟ ਦੇਣ ਦਾ ਹੱਕਦਾਰ ਨਹੀਂ। 1925 ਦੇ ਗੁਰਦੁਆਰਾ ਐਕਟ ਵਿਚ ਜਥੇਦਾਰ ਦੀ ਪਰਿਭਾਸ਼ਾ ਵੀ ਨਹੀਂ ਵਰਤੀ ਗਈ, ਵਰਤੀ ਗਈ ਪਰਿਭਾਸ਼ਾ "ਹੈਡ ਮਨਿਸਟਰ" ਦੀ ਹੈ।

ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਅਕਾਲ ਤਖ਼ਤ ਦਾ ਜਥੇਦਾਰ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਉਤਰ-ਅਧਿਕਾਰੀ ਨਹੀਂ। ਇਸੇ ਤਰਕ ਅਨੁਸਾਰ ਤਖ਼ਤ ਹੁਕਮਨਾਮਿਆਂ ਰਾਹੀਂ ਤਨਖ਼ਾਹ ਲਾਉਣ ਜਾਂ ਸਿੱਖੀ ਤੋਂ ਖ਼ਾਰਜ ਕਰਨ ਦੀਆਂ ਪ੍ਰਥਾਵਾਂ ਵੀ ਪੁਨਰ-ਵਿਚਾਰ ਦੀ ਮੰਗ ਕਰਦੀਆਂ ਹਨ। ਤਨਖ਼ਾਹ ਲਾਉਣ ਦੀ ਪ੍ਰਥਾ ਵਿਚ ਖਾਸ ਵੇਲੇ ਦੇ ਹਾਲਾਤ ਅਧੀਨ ਅਪਨਾਈ ਗਈ ਵਿਧੀ ਸੀ। ਕਿਉਂਕਿ ਇਸ ਦਾ ਗੁਰਬਾਣੀ ਵਿਚ, ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਵਿਚ ਕੋਈ ਆਧਾਰ ਨਹੀਂ, ਇਸ ਲਈ ਇਸ ਪ੍ਰਥਾ ਨੂੰ ਸਦੀਵੀ ਨਹੀਂ ਮੰਨਿਆ ਜਾ ਸਕਦਾ। ਜਦੋਂ ਸ੍ਰੀ ਅਕਾਲ ਤਖ਼ਤ 'ਤੇ ਆ ਕੇ ਕੋਈ ਸਿੱਖ ਆਪਣੀ ਭੁੱਲ ਸਵੀਕਾਰ ਕਰਦਾ ਹੈ ਤਾਂ ਉਹ ਦੰਡ-ਰੂਪੀ ਤਨਖ਼ਾਹ ਦਾ ਭਾਗੀ ਨਹੀਂ ਬਣਦਾ, ਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣਦਾ ਹੈ। ਕਿਸੇ ਸਿੱਖ ਨੂੰ ਸਿੱਖੀ 'ਚੋਂ ਖ਼ਾਰਜ ਕਰਨ ਦੀ ਪ੍ਰਥਾ ਦੀ ਵੀ ਗੁਰਬਾਣੀ ਵਿਚ ਜਾਂ ਗੁਰੂ ਸਾਹਿਬ ਦੇ ਹੁਕਮਨਾਮਿਆਂ ਨਾਲ ਕੋਈ ਤਰਕ ਸਿੱਧੀ ਨਹੀਂ ਹੈ। ਸਿੱਖ ਦਾ ਸਿੱਧਾ ਸਬੰਧ ਗੁਰੂ ਨਾਲ ਹੈ, ਅਕਾਲ ਪੁਰਖ ਨਾਲ ਹੈ, ਬਗ਼ੈਰ ਕਿਸੇ ਦੀ ਵਿਚੋਲਗੀ ਦੇ। "ਵਾਹਿਗੁਰੂ ਜੀ ਕਾ ਖ਼ਾਲਸਾ" ਦਾ ਏਹੀ ਅੰਤ੍ਰੀਵ ਭਾਵ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੱਖਾਂ ਨੂੰ ਸਿੱਖੀ ਤੋਂ ਖਾਰਜ ਨਹੀਂ ਸੀ ਕੀਤਾ ਜੋ ਆਪ ਜੀ ਨੂੰ ਬੇਦਾਵਾ ਦੇ ਗਏ ਸਨ, ਤੇ ਬਾਅਦ ਵਿਚ ਗੁਰੂ ਦੀ ਸ਼ਰਣ ਆਉਣ 'ਤੇ ਚਾਲੀ ਮੁਕਤੇ ਬਣੇ।

ਕਹਿਣ ਦਾ ਭਾਵ ਇਹ ਹੈ ਕਿ ਸ੍ਰੀ ਅਕਾਲ ਤਖ਼ਤ ਸਿੱਖ ਜਗਤ ਦੀ ਇਖ਼ਲਾਕੀ ਸ਼ਕਤੀ ਦਾ ਏਨਾ ਸਰਵ-ਉਚ ਪ੍ਰਤੀਕ ਬਣੇ ਕਿ ਇੱਥੋਂ ਉਠੀ ਆਵਾਜ਼ ਸਿੱਖ ਹਿਰਦਿਆਂ ਨੂੰ ਖ਼ੁਦ-ਬ-ਖ਼ੁਦ ਟੁੰਬੇ। ਸਮੂਹ ਸਿੱਖਾਂ ਦਾ ਇਸ ਆਵਾਜ਼ ਅੱਗੇ ਆਪ ਮੁਹਾਰੇ ਸਤਿਕਾਰ ਨਾਲ ਸਿਰ ਝੁਕੇ, ਨਾ ਕਿ ਤਨਖ਼ਾਹ ਲੱਗਣ ਜਾਂ ਸਿੱਖੀ 'ਚੋਂ ਖ਼ਾਰਜ ਕਰਨ ਦੇ ਭੈਅ ਕਾਰਨ। ਇਹ ਕਿਵੇਂ ਹੋ ਸਕਦਾ ਹੈ? ਇਹ ਦੂਰ-ਦਰਸ਼ੀ ਜਾਗ੍ਰਤੀ ਨਾਲ ਹੀ ਹੋ ਸਕਦਾ ਹੈ ਪਰ ਕੁਝ ਕੁ ਮੁਢਲੇ ਕਦਮ ਜ਼ਰੂਰੀ ਹਨ। 1925 ਦੇ ਗੁਰਦੁਆਰਾ ਐਕਟ ਵਿਚ ਤਰਮੀਮ ਕਰਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਪਦਵੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਉਚੇਰਾ ਅਤੇ ਪਕੇਰਾ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਰਾਸ਼ਟਰਪਤੀ ਦੀ ਪਦਵੀ ਪ੍ਰਧਾਨ ਮੰਤਰੀ ਤੋਂ ਉਚੇਰੀ ਅਤੇ ਪਕੇਰੀ ਹੈ। ਤਖ਼ਤ ਜਥੇਦਾਰ ਸ਼੍ਰੋਮਣੀ ਕਮੇਟੀ ਦਾ ਤਨਖ਼ਾਹਦਾਰ ਮੁਲਾਜ਼ਮ ਨਹੀਂ ਰਹਿਣਾ ਚਾਹੀਦਾ। ਤਖ਼ਤ ਜਥੇਦਾਰ ਵਜੋਂ ਕਿਸੀ ਐਸੀ ਉਚੀ-ਸੁੱਚੀ ਸ਼ਖ਼ਸੀਅਤ ਪਾਸ ਪਹੁੰਚ ਕਰਨੀ ਚਾਹੀਦੀ ਹੈ ਜਿਸ ਵਿਚ ਸੱਚੀ ਗੱਲ ਕਹਿਣ ਦੀ ਹਿੰਮਤ ਹੋਵੇ, ਉਦੋਂ ਸੱਚੀ ਗੱਲ ਕਹਿਣ ਦੀ ਹਿੰਮਤ ਜਦੋਂ ਸੱਚੀ ਗੱਲ ਕਹਿਣ ਦਾ ਵੇਲਾ ਹੋਵੇ, ਜਦੋਂ ਸੱਚੀ ਗੱਲ ਕਹਿਣ ਅਤੇ ਚੁੱਪ ਰਹਿਣ ਵਿਚਕਾਰ ਜ਼ਿੰਦਗੀ-ਮੌਤ ਦੀ ਲਕੀਰ ਹੋਵੇ। ਲਕੀਰ ਜੋ ਧੁੱਪ-ਛਾਂ ਵਿਚਕਾਰ ਹੁੰਦੀ ਹੈ।

ਸਚ ਕੀ ਬਾਣੀ ਨਾਨਕ ਆਖੈ<br>
ਸਚੁ ਸੁਣਾਇਸੀ ਸਚ ਕੀ ਬੇਲਾ<br>
(ਗੁਰੂ ਨਾਨਕ)

ਇਸ ਤੋਂ ਅਗਲਾ ਪ੍ਰਸ਼ਨ ਸਿਆਸੀ ਸੰਗਠਨ ਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 19 ਭਾਰਤੀ ਨਾਗਰਿਕਾਂ ਨੂੰ ਹਰ ਪ੍ਰਕਾਰ ਦੇ ਆਪਣੇ-ਆਪਣੇ ਸੰਗਠਨ ਬਣਾਉਣ ਦਾ ਬੁਨਿਆਦੀ ਹੱਕ ਦਿੰਦੀ ਹੈ, ਜੇਕਰ ਅਜਿਹੇ ਸੰਗਠਨ ਭਾਰਤ ਦੀ ਪ੍ਰਭੂਸੱਤਾ ਤੇ ਇਕਾਗਰਤਾ ਨੂੰ ਭੰਗ ਕਰਨ ਦੀ ਨੀਤੀ ਨਾ ਰੱਖਦੇ ਹੋਣ। ਜਿਵੇਂ ਉਪਰ ਲਿਖਿਆ ਹੈ, ਗੁਰੂ ਕਾਲ ਤੋਂ ਬਾਅਦ ਪਹਿਲੀ ਵਾਰ ਸਿੱਖ ਕਮਿਊਨਿਟੀ ਆਪਣੀ ਬਹੁ-ਪੱਖੀ ਸ੍ਵੈ-ਪਛਾਣ ਬਾਰੇ ਸ੍ਵੈ-ਸੁਚੇਤ ਹੋ ਰਹੀ ਹੈ। ਸਿੱਖ ਕਮਿਊਨਿਟੀ ਨੂੰ ਇਸ ਸ੍ਵੈ-ਚੇਤਨਾ ਨੂੰ ਪ੍ਰਗਟ ਕਰਨ ਅਤੇ ਇਸ ਦੇ ਅੰਤਰਗਤ ਆਪਣੀਆਂ ਮੰਗਾਂ ਉਮੰਗਾਂ ਨੂੰ ਉਜਾਗਰ ਕਰਨ ਲਈ ਆਪਣਾ ਇਕ ਜਾਂ ਇਕ ਤੋਂ ਵੱਧ ਸਿਆਸੀ ਸੰਗਠਨ ਬਣਾਉਣ ਦਾ ਜਨਮ-ਸਿੱਧ ਤੇ ਸੰਵਿਧਾਨਕ ਹੱਕ ਪ੍ਰਾਪਤ ਹੈ ਪਰ ਤਕਾਜ਼ਾ ਇਹ ਹੈ ਕਿ ਅਜਿਹਾ ਸੰਗਠਨ ਸਿੱਖਾਂ ਅੰਦਰ ਰਾਜਸੀ ਜਾਗ੍ਰਤੀ ਨੂੰ ਆਪਣਾ ਆਧਾਰ ਬਣਾਵੇ। ਧਾਰਮਿਕ ਮੁੱਦਿਆਂ ਦਾ ਓਟ ਆਸਰਾ ਲੈ ਕੇ ਤੇ ਧਾਰਮਿਕ ਜਜ਼ਬਾਤ ਉਤੇਜਿਤ ਕਰਕੇ ਵੋਟ ਲੈਣ ਲਈ ਲਾਹਾ ਖੱਟਣ ਦੀ ਨੀਤੀ ਠੀਕ ਨਹੀਂ। ਇਸ ਤਰ੍ਹਾਂ ਕਰਨ ਨਾਲ ਧਾਰਮਿਕ ਮੁੱਦਿਆਂ ਬਾਰੇ ਵੀ ਸਿੱਖਾਂ ਅੰਦਰ ਉਪਰਾਮਤਾ ਆ ਜਾਵੇਗੀ, ਤੇ ਉਹ "ਭਾਣਾ" ਮੰਨ ਕੇ ਬੈਠ ਜਾਣਗੇ। ਹਾਂ, ਜੇਕਰ ਕੋਈ ਅਜਿਹਾ ਅਹਿਮ ਧਾਰਮਿਕ ਮੁੱਦਾ ਉਠਦਾ ਹੈ ਜਿਸ ਦਾ ਅਸਰ ਸਿੱਖ ਮਤਿ ਜਾਂ ਸਿੱਖ ਕਮਿਊਨਿਟੀ ਦੀ ਹੋਣੀ 'ਤੇ ਪੈਂਦਾ ਹੋਵੇ ਤਾਂ ਉਸ ਬਾਰੇ ਵਿਅਕਤੀਗਤ ਤੇ ਸੰਗਠਨਾਤਮਕ ਤੌਰ 'ਤੇ ਪਾਰਟੀ ਮੁਖੀ ਮੁਫ਼ਾਦ ਤੋਂ ਉਪਰ ਉਠ ਕੇ ਜੂਝਣਾ ਪਰਮ ਕਰਤੱਵ ਬਣਦਾ ਹੈ।

ਪਿਛਲੇ ਤਕਰੀਬਨ 75 ਸਾਲਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਭਾਵੇਂ ਗੁਰਦੁਆਰਿਆਂ ਦੇ ਇੰਤਜ਼ਾਮ ਬਾਰੇ ਬਣੀ ਸੀ, ਸਿੱਖ ਪੈਰੋਕਾਰਾਂ ਵਿਚ ਅਹਿਮ ਰੋਲ ਅਦਾ ਕਰਦੀ ਆ ਰਹੀ ਹੈ ਪਰ ਹੁਣ ਸਮਾਂ ਆ ਗਿਆ ਹੈ ਕਿ ਇਸ ਦੀ ਕਾਰਗੁਜ਼ਾਰੀ 'ਤੇ ਵਿਚਾਰ ਕੀਤਾ ਜਾਵੇ ਤਾਂ ਕਿ ਸਿੱਖ ਕੌਮ ਦੇ ਭਵਿੱਖ ਵਿਚ ਇਸ ਦੇ ਰੋਲ ਨੂੰ ਸਪੱਸ਼ਟ ਅਤੇ ਸਾਰਥਕ ਕੀਤਾ ਜਾ ਸਕੇ। ਪਹਿਲੀ ਲੋੜ ਤਾਂ ਇਸ ਗੱਲ ਦੀ ਹੈ ਕਿ ਜਿਵੇਂ ਉਪਰ ਲਿਖਿਆ ਹੈ, ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪਿਛਲੇ 75 ਸਾਲਾਂ ਤੋਂ ਚਲਿਆ ਆ ਰਿਹਾ ਇੱਕ-ਦੂਸਰੇ 'ਤੇ ਨਿਰਭਰ ਹੋਣ ਦਾ ਸਬੰਧ ਖ਼ਤਮ ਕੀਤਾ ਜਾਵੇ। ਇਨ੍ਹਾਂ ਦੀ ਅੰਤਰ-ਸਬੰਧਤਾਂ ਨੂੰ ਨਵੇਂ ਸਿਰਿਓਂ ਉਲੀਕਣਾ ਹੋਵੇਗਾ। ਮੀਰੀ-ਪੀਰੀ ਦੀ ਅੰਤਰ-ਸਬੰਧਤਾ ਦਾ ਅਰਥ ਧਾਰਮਿਕ ਤੇ ਰਾਜਨੀਤਕ ਸੰਸਥਾਵਾਂ ਦਾ ਇਕ-ਦੂਸਰੇ ਨੂੰ ਵਰਤਣਾ ਤੇ ਇਕ-ਦੂਸਰੇ 'ਤੇ ਨਿਰਭਰ ਰਹਿਣਾ ਬਿਲਕੁਲ ਨਹੀਂ। ਇਸ ਪ੍ਰਸੰਗ ਵਿਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਕਿਸੇ ਵੀ ਸਿਆਸੀ ਸੰਗਠਨ ਦੀ ਸਰਗਰਮ ਸਿਆਸਤ ਵਿਚ ਭਾਈਵਾਲ ਨਹੀਂ ਹੋਣਾ ਚਾਹੀਦਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰ ਸਾਲ ਹੋਣ ਦੀ ਬਜਾਏ ਤਿੰਨ ਸਾਲ ਪਿੱਛੋਂ ਹੋਣੀ ਚਾਹੀਦੀ ਹੈ, ਤੇ ਕੋਈ ਵੀ ਵਿਅਕਤੀ ਲਗਾਤਾਰ ਦੋ ਵਾਰ ਤੋਂ ਵੱਧ ਪ੍ਰਧਾਨ ਨਹੀਂ ਰਹਿਣਾ ਚਾਹੀਦਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਮਾਂ-ਬੱਧ ਕਰਵਾਈਆਂ ਜਾਣ। ਚੋਣਾਂ ਲਈ ਸੁਤੰਤਰ ਗੁਰਦੁਆਰਾ ਚੋਣ ਕਮਿਸ਼ਨ ਸਥਾਪਤ ਹੋਵੇ। ਗੁਰਦੁਆਰਾ ਸਟਾਫ਼ ਦੀ ਸੁੱਚਜੀ ਚੋਣ ਲਈ ਗੁਰਦੁਆਰਾ ਸਰਵਿਸ ਕਮਿਸ਼ਨ ਕਾਇਮ ਕੀਤਾ ਜਾਵੇ। 1925 ਦੇ ਗੁਰਦੁਆਰਾ ਐਕਟ ਵਿਚ ਉਪਰੋਕਤ ਸੁਝਾਵਾਂ ਲਈ ਤਰਮੀਮਾਂ ਕਰਕੇ ਕਾਨੂੰਨੀ ਵਿਵਸਥਾ ਕੀਤੀ ਜਾਵੇ। ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵੀ ਵਿਚਾਰ ਦੀ ਮੰਗ ਕਰਦਾ ਹੈ।

ਸ਼੍ਰੋਮਣੀ ਕਮੇਟੀ ਦਾ ਮੁੱਖ ਕਰਤੱਵ ਗੁਰਦੁਆਰਾ ਪ੍ਰਬੰਧ ਅਤੇ ਇਸ ਵਿਚ ਲਗਾਤਾਰ ਸੁਧਾਰ ਲਿਆਉਂਦੇ ਰਹਿਣਾ ਹੈ। ਧਰਮ ਪ੍ਰਚਾਰ ਲਈ ਆਧੁਨਿਕ ਢੰਗ ਅਪਨਾਏ ਜਾਣੇ ਚਾਹੀਦੇ ਹਨ, ਇਲੈਕਟ੍ਰਾਨਿਕ ਮੀਡੀਆ ਦੀ ਪੂਰੀ-ਪੂਰੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਨਵੇਂ-ਨਵੇਂ ਅਦਾਰੇ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਗੁਰਦੁਆਰਿਆਂ ਵਿਚ ਅਪਨਾਈ ਜਾਂਦੀ ਮਰਯਾਦਾ ਵਿਚ ਭਵਿੱਖ-ਮੁਖੀ ਸੁਧਾਰ ਕੀਤੇ ਜਾਣੇ ਚਾਹੀਦੇ ਹਨ।

ਕੁਝ ਸਾਲਾਂ ਤੋਂ ਇਕ ਹੋਰ ਰੁਝਾਨ ਪ੍ਰਬਲ ਹੋ ਰਿਹਾ ਹੈ, ਸੰਤਾਂ ਦੇ ਉਭਾਰ ਦਾ। ਫਿਲਹਾਲ ਬਹੁਤੇ ਸੰਤ ਗੁਰਬਾਣੀ ਪ੍ਰਚਾਰ ਵੱਲ ਹੀ ਰੁਚਿਤ ਹਨ ਤੇ ਇਨ੍ਹਾਂ ਸੰਤ ਸਮਾਗਮਾਂ ਵਿਚ ਸ਼ਰਧਾਲੂ ਵੀ ਵੱਡੀ ਗਿਣਤੀ ਵਿਚ ਜਾਂਦੇ ਹਨ ਪਰ ਕਾਰ ਸੇਵਾ ਦੇ ਨਾਂ 'ਤੇ ਕੁਝ ਗਲਤ ਗੱਲਾਂ ਵੀ ਹੋ ਰਹੀਆਂ ਹਨ। ਘੱਟੋ-ਘੱਟ ਸ਼੍ਰੋਮਣੀ ਕਮੇਟੀ ਨੂੰ ਆਪਣੇ ਅਧਿਕਾਰ ਖੇਤਰ ਵਿਚ ਆਉਂਦੇ ਗੁਰਦੁਅਰਿਆਂ ਦੀ ਕਾਰ ਸੇਵਾ ਲਈ ਠੇਕੇ ਨਹੀਂ ਦੇਣੇ ਚਾਹੀਦੇ। ਕੋਈ ਅਜਿਹੀ ਵਿਉਂਤ ਸੋਚਣੀ ਚਾਹੀਦੀ ਹੈ ਕਿ ਸੰਤਾਂ ਵੱਲੋਂ ਉਗਰਾਹੇ ਜਾਂਦੇ ਕਾਰ ਸੇਵਾ ਫੰਡ 'ਤੇ ਸਿੱਖ ਜਗਤ ਨਿਗਰਾਨੀ ਰੱਖ ਸਕੇ। ਨਹੀਂ ਤਾਂ ਕਾਰ ਸੇਵਾ ਵੱਲ ਵੀ ਸਿੱਖਾਂ ਦੀ ਉਪਰਾਮਤਾ ਹੋ ਜਾਵੇਗੀ। ਇਹ ਵੀ ਸੋਚਣਾ ਹੋਵੇਗਾ ਕਿ ਕਿਸ ਤਰ੍ਹਾਂ ਇਹ ਸੰਤ ਸਮੂਹ ਸਿੱਖੀ ਦਾ ਮੁੱਖ ਧਾਰਾ 'ਤੇ ਅੰਤਰਗਤ ਜਾਂ ਸਹਿਯੋਗੀ ਰੂਪ ਵਿਚ ਵਿਚਰਨ, ਪ੍ਰਤਿਧਾਰਾ ਦਾ ਰੂਪ ਨਾ ਇਖ਼ਤਿਆਰ ਕਰ ਸਕਣ। ਇਸ ਨਾਲ ਸਿੱਖ ਲਹਿਰ ਵਿਚ ਖਿੰਡਾਰ ਵਾਪਰ ਸਕਦਾ ਹੈ। ਸਿੱਖੀ ਦੀਆਂ ਉਪ-ਧਾਰਾਵਾਂ ਬਾਰੇ ਵੀ ਜਿਨ੍ਹਾਂ ਨੂੰ ਪ੍ਰੋ. ਮੋਹਨ ਸਿੰਘ ਨੇ ਆਪਣੀ ਕਵਿਤਾ 'ਸਿੱਖੀ' ਵਿਚ ਸਿੱਖੀ ਦੀ ਇੱਕੋ ਜੜ੍ਹ ਤੋਂ ਪੈਦਾ ਹੋਈਆਂ ਸ਼ਾਖ਼ਾਵਾਂ ਕਿਹਾ ਹੈ, ਪੁਨਰ-ਵਿਚਾਰ ਹੋਣਾ ਚਾਹੀਦਾ ਹੈ:

ਕੀ ਹੋਇਆ ਜੇ?<br>
ਅੱਜ ਲਗਰਾਂ ਏਸ ਦੀਆਂ,<br>
ਆਪੋ ਵਿਚ ਪਾਟ ਗਈਆਂ,<br>
ਆਪੋ ਵਿਚ ਤਿੜਕ ਪਈਆਂ,<br>
ਕੋਈ ਪੂਰਬ ਚਲੀ ਗਈ,<br>
ਕੋਈ ਪੱਛਮ ਚਲੀ ਗਈ,<br>
ਕੋਈ ਪਿੰਡੀ ਮਲ ਬੈਠੀ,<br>
ਕੋਈ ਭੈਣੀ ਜਾ ਬੈਠੀ,<br>
ਪਰ ਮੁੱਢ ਤਾਂ ਇਕੋ ਏ,<br>
ਪਰ ਖ਼ੂਨ ਤੇ ਸਾਂਝਾ ਏ।

ਜੋ ਉਪ-ਧਾਰਾਵਾਂ ਮੂਲ ਸਿੱਖ ਸਿਧਾਂਤ ਦੇ ਪ੍ਰਤਿਕੂਲ ਨਹੀਂ, ਉਨ੍ਹਾਂ ਨੂੰ ਸਿੱਖੀ ਦੀ ਮੁੱਖ ਧਾਰਾ ਦੇ ਕਿਵੇਂ ਹਮ-ਕਦਮ ਬਣਾਇਆ ਜਾ ਸਕਦਾ ਹੈ, ਇਸ ਬਾਰੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਗੋਬਿੰਦ ਸਿੰਘ ਦੇ ਪਾਉਂਟਾ ਸਾਹਿਬ ਵਿਖੇ ਕਿਆਮ ਦੌਰਾਨ ਜਦੋਂ ਦੇਹਰਾਦੂਨ ਤੋਂ ਬਾਬਾ ਰਾਮ ਰਾਏ ਦਸਮੇਸ਼ ਜੀ ਨੂੰ ਪਾਉਂਟਾ ਸਾਹਿਬ ਦੇ ਨੇੜੇ ਜਮੁਨਾ ਕਿਨਾਰੇ ਮਿਲਣ ਆਏ ਤਾਂ ਸਦ-ਬਖ਼ਸ਼ਿੰਦ ਗੁਰੂ ਜੀ ਬਾਬਾ ਜੀ ਨੂੰ ਖਿੜੇ ਮੱਥੇ ਮਿਲੇ ਸਨ।

ਸਰਬ-ਭਾਰਤੀ ਪੱਧਰ 'ਤੇ ਗੁਰਦੁਆਰਾ ਪ੍ਰਬੰਧ ਵੀ ਵਿਚਾਰ ਦੀ ਮੰਗ ਕਰਦਾ ਹੈ। ਸਰਬ ਭਾਰਤੀ ਪੱਧਰ 'ਤੇ ਸਿੱਖ ਪ੍ਰਤਿਨਿਧਾਂ ਦੇ ਆਦਾਨ-ਪ੍ਰਦਾਨ ਨਾਲ ਗੁਰਦੁਆਰਾ ਪ੍ਰਬੰਧ ਸੁਚੱਜਾ ਹੋ ਸਕੇਗਾ। ਸੌੜੀਆਂ, ਸੰਕੀਰਨ ਰੁਚੀਆਂ ਜੋ ਮੂਲਵਾਦੀ ਪ੍ਰਵਿਰਤੀਆਂ ਲਈ ਭੂਮੀ ਤਿਆਰ ਕਰਦੀਆਂ ਹਨ, ਦੂਰਦਰਸ਼ੀ ਉਦਾਰਚਿੱਤ (ਲਿਬਰਲ) ਰੁਚੀਆਂ ਨੂੰ ਥਾਂ ਦੇਣਗੀਆਂ।

ਪਾਰਟੀ ਮੁਖੀ ਸਿਆਸੀ ਮੁਫ਼ਾਦਾਂ ਲਈ ਗੁਰਦੁਆਰਾ ਪ੍ਰਬੰਧ (ਪੰਜਾਬ ਵਿਚ ਖਾਸ ਤੌਰ) ਕੰਟਰੋਲ ਕਰਨ ਲਈ ਹੁਣ ਵਾਲਾ "ਨਾਸਨ-ਭਾਜਨ" ਅਤੇ ਜੋੜ-ਤੋੜ ਸਮਾਪਤ ਹੋ ਸਕੇਗਾ, ਤੇ ਗੁਰਦੁਆਰਾ ਪ੍ਰਬੰਧ ਪਾਰਟੀ ਮੁਖੀ ਰਾਜਨੀਤੀ ਦੇ ਤਕਾਜ਼ਿਆਂ ਤੋਂ ਮੁਕਤ ਹੋ ਕੇ ਸੁਤੰਤਰ ਰੂਪ ਵਿਚ ਵਿਚਰ ਸਕੇਗਾ, ਤੇ ਇਸ ਤਰ੍ਹਾਂ ਨਵਾਂ ਸੁਧਾਰਿਆ ਸੋਧਿਆ ਗੁਰਦੁਆਰਾ ਪ੍ਰਬੰਧ, ਨਵੀਂ ਸਿੱਖ ਜਾਗ੍ਰਤੀ ਲਿਆਉਣ ਵਿਚ ਆਪਣਾ ਯੋਗਦਾਨ ਪਾ ਸਕੇਗਾ। ਜੇਕਰ ਉਨੀਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਆਈ ਸਿੱਖ ਜਾਗ੍ਰਤੀ ਨੇ ਮਹੰਤਾਂ ਤੋਂ ਮੁਕਤ ਨਵਾਂ ਪੰਜਾਬ ਗੁਰਦੁਆਰਾ ਪ੍ਰਬੰਧ ਹੋਂਦ ਵਿਚ ਲਿਆਂਦਾ ਤਾਂ ਅੱਜ ਲੋੜ ਇਸ ਗੱਲ ਦੀ ਹੈ ਕਿ ਸੋਧਿਆ ਸੁਧਰਿਆ ਗੁਰਦੁਆਰਾ ਪ੍ਰਬੰਧ (ਸਰਬ-ਭਾਰਤੀ ਪੱਧਰ 'ਤੇ ਜੇਕਰ ਨਾ ਹੋ ਸਕੇ ਤਾਂ ਘੱਟੋ-ਘੱਟ ਪੰਜਾਬ ਪੱਧਰ 'ਤੇ) ਨਵੀਂ ਸਿੱਖ ਜਾਗ੍ਰਤੀ ਲਿਆਉਣ ਵਿਚ ਸਹਾਈ ਹੋਵੇ, ਜਾਂ ਘੱਟੋ-ਘੱਟ ਬਾਧਕ ਨਾ ਹੋਵੇ।

ਇਹ ਸਨ ਕੁਝ ਕੁ ਵਿਚਾਰਧਾਰਕ ਤੇ ਵਿਹਾਰਕ ਸਮੱਸਿਆਵਾਂ ਜਿਨ੍ਹਾਂ ਦਾ ਇੱਕੀਵੀਂ ਸਦੀ ਦੇ ਦੁਆਰ 'ਤੇ ਪਹੁੰਚਦਿਆਂ, ਨਵੀਂ ਸਿੱਖ ਜਾਗ੍ਰਤੀ ਨਾਲ ਸਿੱਧਾ ਸਬੰਧ ਹੈ। ਨਵੀਂ ਸਿੱਖੀ ਜਾਗ੍ਰਤੀ ਹੀ ਖਾਲਸਾ ਪੰਥ ਦੀ 1999 ਵਿਚ 300ਵੀਂ ਵਰ੍ਹੇਗੰਢ ਮਨਾਉਣ ਨੂੰ ਸਾਰਥਿਕ ਬਣਾ ਸਕਦੀ ਹੈ ਅਤੇ ਇੱਕੀਵੀ ਸਦੀ ਵਿਚ ਸਿੱਖ ਮਤਿ ਦੇ ਗੌਰਵਮਈ ਭਵਿੱਖ ਨੂੰ ਪ੍ਰਚੰਡ ਕਰ ਸਕਦੀ ਹੈ, ਤੇ ਸਿੱਖ ਭਾਈਚਾਰੇ ਦੀ ਹਲਤ ਵਿਚ ਜੈ-ਜੈਕਾਰ ਅਤੇ ਪਲਤ ਵਿਚ ਪ੍ਰਵਾਨਗੀ ਨੂੰ ਯਕੀਨੀ ਬਣਾ ਸਕਦੀ ਹੈ:

ਜੈ ਜੈਕਾਰ ਸਗਲ ਭੂ ਮੰਡਲ<br>
ਮੁੱਖ ਊਜਲ ਦਰਬਾਰ॥

***(ਗੁਰੂ ਅਰਜਨ)***

***ਸ੍ਰੀ ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਇਕ-ਦੂਜੇ ਨੂੰ ਵਰਤਣ ਅਤੇ ਇਕ-ਦੂਜੇ ਤੇ ਨਿਰਭਰ ਰਹਿਣ ਦਾ ਸਬੰਧ ਹੁਣ ਸਿੱਖਾਂ ਲਈ ਅਤੇ ਇਨ੍ਹਾਂ ਸੰਸਥਾਵਾਂ ਲਈ ਵੀ ਲਾਭਕਾਰੀ ਨਹੀਂ ਰਿਹਾ। ਹੁਣ ਇਹ ਸਮਾਪਤ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਆਪਣਾ ਆਪਣਾ ਕਿਰਦਾਰ ਹੈ, ਖਾਰਜ-ਖੇਤਰ ਹੈ, ਕਾਰਜਵਿਧੀ ਹੈ ਜਿਸ ਤਹਿਤ ਹੀ ਇਹ ਸੰਸਥਾਵਾਂ ਆਪਣਾ-ਆਪਣਾ ਸਹੀ ਰੋਲ ਨਿਭਾਅ ਸਕਦੀਆਂ ਹਨ। ਸਭ ਤੋਂ ਪਹਿਲਾ ਪ੍ਰਸ਼ਨ ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਬਹਾਲ ਕਰਨ ਅਤੇ ਬਰਕਰਾਰ ਰੱਖਣ ਦਾ ਹੈ। ਇਸ ਸਰਵੋਤਮ ਸੰਸਥਾ ਦਾ ਅਹਿਮ ਰੋਲ ਹੈ।***

## ਕਾਵਿ ਮੰਚ

### .ਗ਼ਜ਼ਲ

ਕਹਿਣ ਨੂੰ ਕਹਿੰਦੀ ਹਾਂ ਕੁਝ<br>
ਪਰ ਕੁਝ ਕਹਿਆ ਜਾਂਦਾ ਨਹੀਂ।<br>
ਕਹਿਣ ਨੂੰ ਕੁਝ ਵੀ ਨਹੀਂ<br>
ਕਹਿਣੋਂ ਰਹਿਆ ਜਾਂਦਾ ਨਹੀਂ।<br>
ਤੇਰੇ ਹੁੰਦਿਆਂ ਮੈਂ ਜ਼ਮਾਨੇ ਨਾਲ<br>
ਸੀ ਟੱਕਰ ਲਈ,<br>
'ਕੱਲਿਆਂ ਦੁਨੀਆਂ ਸ਼ਰੀਕਣ ਸੰਗ<br>
ਖਹਿਆ ਜਾਂਦਾ ਨਹੀਂ।<br>
ਤੇਰੀ ਫੁਲਵਾੜੀ ਖਿੜੀ ਹੈ<br>
ਮਹਿਕ ਹੈ, ਸਬਜ਼ਾ ਵੀ ਹੈ,<br>
ਮਾਲੀਆ! ਐਪਰ ਤੇਰਾ<br>
ਘਾਟਾ ਜਹਿਆ ਜਾਂਦਾ ਨਹੀਂ।<br>
ਜ਼ਖ਼ਮ 'ਤੇ ਦੁਨੀਆਂ<br>
ਹਮੇਸ਼ਾ ਲੂਣ ਹੀ ਹੈ ਛਿੜਕਦੀ,<br>
ਕਦੇ ਵੀ ਬੇਕਿਰਕ ਤੋਂ ਰੱਖਿਆ<br>
ਫਹਿਆ ਜਾਂਦਾ ਨਹੀਂ।<br>
ਤੂੰ ਹੈ ਜਿਸ ਨਗਰੀ 'ਚ ਰਹਿੰਦਾ<br>
ਲੋਕ ਕਹਿੰਦੇ ਓਸ ਨੂੰ,<br>
ਕੋਈ ਪਗਡੰਡੀ ਸੜਕ<br>
ਕੋਈ ਪਹਿਆ ਜਾਂਦਾ ਨਹੀਂ।<br>
ਡੁੱਬ ਜਾਣਾ ਹੀ ਮੁਨਾਸਿਬ<br>
ਇਸ ਘੜੀ ਹੈ ਜਾਪਦਾ,<br>
ਗ਼ਮ ਦੇ ਸਾਗਰ ਵਿਚ ਡੂੰਘੇਰਾ<br>
ਹੁਣ ਲਹਿਆ ਜਾਂਦਾ ਨਹੀਂ।<br>
ਦਰਦ ਸੰਗ ਸ਼ਾਇਰੀ ਦਾ<br>
ਰਿਸ਼ਤਾ ਵੀ ਅਜੇ ਕਮਜ਼ੋਰ ਹੈ,<br>
ਗ਼ਜ਼ਲ ਪੂਰੀ ਕਹਿ ਗਈ ਹਾਂ<br>
ਗ਼ਮ ਕਹਿਆ ਜਾਂਦਾ ਨਹੀਂ।

***-ਤੇਜਿੰਦਰ ਕੌਰ***<br>
***ਫੋਨ: 916-583-1623***

---

### ਮਾਂ ਦੀ ਸੇਵਾ

ਰੱਬ ਨੂੰ ਜੇ ਹੈ ਪਾਉਣਾ ਲੋਕੋ,<br>
ਸੇਵਾ ਕਰ ਲਉ ਮਾਂ ਦੀ।<br>
ਖਾਲੀ ਹੱਥ ਤੁਰ ਜਾਣਾ ਸਭ ਨੇ,<br>
ਕੋਈ ਚੀਜ਼ ਨਾ ਕਿਸੇ ਦੇ ਨਾਂ ਦੀ।<br>
ਮਾਂ ਦੀ ਸੇਵਾ ਰੱਬ ਦੀ ਸੇਵਾ,<br>
ਸਾਰੀ ਦੁਨੀਆਂ ਕਹਿੰਦੀ।<br>
ਮਾਂ ਬਿਨਾਂ, ਜਗ ਘੁੱਪ ਹਨੇਰਾ,<br>
ਚੈਨ ਨਾ ਦਿਲ ਨੂੰ ਪੈਂਦੀ।

ਕੁਝ ਤਾਂ ਬੰਦਿਆ ਕਰਮ ਕਮਾ ਲੈ,<br>
ਥੋੜ ਤੈਨੂੰ ਕਿਹੜੀ ਰਹਿੰਦੀ।<br>
ਰੱਬ ਨੂੰ ਜੇ ਹੈ ਪਾਉਣਾ ਲੋਕੋ,<br>
ਸੇਵਾ ਕਰ ਲਉ ਮਾਂ ਦੀ।


ਜਿੰਨਾ ਗੁੜ ਪਾਉ ਮਿੱਠਾ ਹੋਵੇ,<br>
ਸੇਵਾ ਹੈ ਇਕ ਮੇਵਾ।<br>
"ਸੇਖੋਂ ਦਾਖਿਆਂ" ਵਾਲੇ ਨੇ,<br>
ਖਾਲੀ ਹੱਥ ਇਕ ਦਿਨ ਉਡ ਹੈ ਜਾਣਾ,<br>
ਕਿਉਂ ਕਰੇਂ ਮੇਰਾ-ਤੇਰਾ,<br>
ਪਾਲ ਪੋਸ ਕੇ ਵੱਡਾ ਕੀਤਾ,<br>
ਸਦਾ ਅਸੀਸਾਂ ਦਿੰਦੀ,<br>
ਰੱਬ ਨੂੰ ਜੇ ਹੈ ਪਾਉਣਾ ਲੋਕੋ,<br>
ਸੇਵਾ ਕਰ ਲਉ ਮਾਂ ਦੀ।<br>
ਸੁੱਕੇ ਪਾ ਕੇ ਗਿੱਲ੍ਹੇ ਪੈਂਦੀ,<br>
ਬਿਨਾਂ ਮਾਂ ਦੇ ਹੋਰ ਨਾ ਕੋਈ,<br>
ਲਿਖਿਆ ਕਰਮਾਂ ਵਿਚ ਹੋ ਜਾਣਾ,<br>
ਡਾਢੇ ਅੱਗੇ ਜੋਰ ਨਾ ਕੋਈ।<br>
ਮਾਂ ਬਿਨਾਂ ਜਗ ਸੁੰਨਾ ਸੁੰਨਾ,<br>
ਜਿਵੇਂ ਬੰਜਰ ਧਰਤੀ ਕਿਸੇ ਥਾਂ ਦੀ।<br>
ਰੱਬ ਨੂੰ ਜੇ ਹੈ ਪਾਉਣਾ ਲੋਕੋ,<br>
ਸੇਵਾ ਕਰ ਲਉ ਮਾਂ ਦੀ।

ਮਾਂਵਾਂ ਠੰਡੀਆਂ ਛਾਂਵਾਂ ਸਿੰਘੋ,<br>
ਚਾਅ ਨੇ ਸਾਰੀਆਂ ਉਮਰਾਂ ਦੇ,<br>
ਜੁਗ ਜੁਗ ਜੀਵੋ, ਜਵਾਨੀਆਂ ਮਾਣੋ।<br>
"ਸੇਖੋਂ ਦਾਖਿਆਂ ਵਾਲੇ"<br>
ਮੇਲੇ ਇਹ ਤਕਦੀਰਾਂ ਦੇ।<br>
ਤੱਤੀ ਵਾਹ ਨਾ ਲੱਗੇ,<br>
ਮਾਂ ਬਣਦੀ ਬਦਲੀ ਛਾਂ ਦੀ।<br>
ਰੱਬ ਨੂੰ ਜੇ ਹੈ ਪਾਉਣਾ ਲੋਕੋ,<br>
ਸੇਵਾ ਕਰ ਲਉ ਮਾਂ ਦੀ।

***-ਪਰਮਜੀਤ ਸਿੰਘ ਸੇਖੋਂ***<br>
***ਫੋਨ:510-774-5909***

# ਬੁਲੰਦ ਆਵਾਜ਼ ਅਮਰਜੀਤ ਗੁਰਦਾਸਪੁਰੀ

***ਅਮਰਜੀਤ ਗੁਰਦਾਸਪੁਰੀ ਨੇ ਆਪਣੇ ਯਤਨਾਂ ਨਾਲ ਕਈ ਲੋਕ ਗੀਤ ਲੱਭੇ ਅਤੇ ਉਨ੍ਹਾਂ ਲਈ ਧੁਨਾਂ ਵੀ ਤਿਆਰ ਕੀਤੀਆਂ। ਇਹ ਗੀਤ ਅਤੇ ਧੁਨਾਂ ਬਾਅਦ ਵਿਚ ਇੰਨੀਆਂ ਪ੍ਰਚਲਿਤ ਹੋਈਆਂ ਕਿ ਹਰ ਗਾਇਕ ਇਨ੍ਹਾਂ ਗੀਤਾਂ ਅਤੇ ਧੁਨਾਂ ਨੂੰ ਵਰਤਣ ਲੱਗਾ। 'ਗਲੀ ਗਲੀ ਵਣਜਾਰਾ ਫਿਰਦਾ' ਲੋਕ ਗੀਤ ਉਸ ਨੇ ਹੀ ਸਭ ਤੋਂ ਪਹਿਲਾਂ ਪਾਰਟੀ ਦੀ ਸੂਬਾ ਕਾਨਫਰੰਸ ਮੌਕੇ ਗਾਇਆ ਸੀ। ਇਹ ਗੀਤ ਉਸ ਨੇ ਨਿੱਕੇ ਹੁੰਦਿਆਂ ਭੰਡਾਰ ਕੱਤਦੀਆਂ ਕੁੜੀਆਂ ਕੋਲੋਂ ਸੁਣਿਆ ਸੀ। ਉਸ ਕੋਲੋਂ ਸੁਣ ਕੇ ਇਹ ਗੀਤ ਪੰਜਾਬ ਦੇ ਹਰ ਗਾਇਕ ਨੇ ਗਾਇਆ। ਅੱਜਕੱਲ੍ਹ ਵੀ ਲੰਮੀ ਹੇਕ ਵਿਚ ਗਾਏ ਜਾਂਦੇ 'ਮਿਰਜ਼ੇ ਦੇ ਬੋਲ' ਉਸ ਦੀ ਖੋਜ ਹਨ ਜਿਸ ਵਿਚ ਮਿਰਜ਼ੇ ਨੂੰ ਉਸ ਦੀ ਭਾਬੀ ਮੱਤ ਦਿੰਦੀ ਹੈ: ਚੜ੍ਹਦੇ ਮਿਰਜ਼ੇ ਖਾਨ ਨੂੰ, ਵੱਡੀ ਭਾਬੀ ਲੈਂਦੀ ਥੰਮ੍ਹ।***





■ ***ਵਰਿਆਮ ਸਿੰਘ ਸੰਧੂ***


ਅਮਰਜੀਤ ਗੁਰਦਾਸਪੁਰੀ ਦੀ ਕਦੀ ਸਟੇਜ ਗਾਇਕ ਵਜੋਂ ਪੰਜਾਬ ਭਰ ਵਿਚ ਤੂਤੀ ਬੋਲਦੀ ਸੀ। ਉਹਦਾ ਗਾਉਣ ਸੁਣਨਾ, ਸ਼ਬਦ, ਸੁਰ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਆਪਣੀ ਰੂਪ ਨੂੰ ਸਰਸ਼ਾਰ ਕਰਨ ਵਾਲੇ ਅਮਲ ਵਿਚੋਂ ਗੁਜ਼ਰਨਾ ਸੀ। ਉਹ ਸੁਰੀਲੇ ਤੇ ਪ੍ਰਤੀਬੱਧ ਗਾਇਕ ਵਜੋਂ ਉਭਰਿਆ ਅਤੇ ਥੋੜ੍ਹੇ ਅਰਸੇ ਵਿਚ ਹੀ ਪੰਜਾਬ ਦੀਆਂ ਸਟੇਜਾਂ 'ਤੇ ਛਾ ਗਿਆ। ਕਮਿਊਨਿਸਟ ਪਾਰਟੀ ਦੇ ਚੜ੍ਹਦੀ ਕਲਾ ਦੇ ਦਿਨ ਉਸ ਦੀ ਗਾਇਕੀ ਦੇ ਵੀ ਸਿਖਰਲੇ ਦਿਨ ਸਨ। ਕਮਿਊਨਿਸਟਾਂ ਵੱਲੋਂ ਪਿੰਡ ਪਿੰਡ ਕਾਨਫਰੰਸਾਂ ਹੁੰਦੀਆਂ, ਡਰਾਮੇ ਹੁੰਦੇ। ਲੋਕਾਂ ਦੀਆਂ ਭੀੜਾਂ ਇਕੱਠੀਆਂ ਹੁੰਦੀਆਂ। ਇਨ੍ਹਾਂ ਭੀੜਾਂ ਨੂੰ ਇਕੱਠੇ ਕਰਨ ਲਈ ਇਹ ਪ੍ਰਚਾਰ ਕਰਨਾ ਕਿ ਕਾਨਫਰੰਸ ਵਿਚ ਜੋਗਿੰਦਰ ਬਾਹਰਲਾ ਦਾ ਡਰਾਮਾ ਸੁਕਐਡ ਡਰਾਮਾ ਖੇਡੇਗਾ ਅਤੇ ਅਮਰਜੀਤ ਗੁਰਦਾਸਪੁਰੀ ਆਪਣੇ ਗੀਤ ਸੁਣਾਉਣਗੇ, ਦਰਸ਼ਕਾਂ ਅਤੇ ਸਰੋਤਿਆਂ ਲਈ ਕੋਈ ਘੱਟ ਲਾਲਚ ਨਹੀਂ ਸੀ ਹੁੰਦਾ। ਇਨ੍ਹਾਂ ਦੇ 'ਪੈਰਾਂ ਪਿੱਛੇ' ਲੀਡਰ ਵੀ ਵਿਚ-ਵਿਚਾਲੇ ਜਿਹੇ ਸਮੇਂ ਦੀ ਵਿਰਲ ਲੱਭ ਕੇ ਆਪਣੀਆਂ ਗੱਲਾਂ ਕਰ ਜਾਂਦੇ। ਇਨ੍ਹਾਂ ਦਿਨਾਂ ਵਿਚ ਅਮਰਜੀਤ ਦੀ ਆਵਾਜ਼ ਦਾ ਜਾਦੂ ਪੰਜਾਬੀਆਂ ਦੇ ਮਨਾਂ 'ਤੇ ਛਾਇਆ ਹੋਇਆ ਸੀ।

ਅੱਜ ਤੋਂ ਕੋਈ ਤਿੰਨ ਦਹਾਕੇ ਪਹਿਲਾਂ ਅਸੀਂ ਆਪਸ ਵਿਚ ਲੰਮੀ ਗੱਲਬਾਤ ਕੀਤੀ। ਉਸ ਸਮੇਂ ਉਸ ਨੇ ਜਿੱਥੇ ਮੇਰੇ ਨਾਲ ਆਪਣਾ ਜੀਵਨ ਪਿਛੋਕੜ ਸਾਂਝਾ ਕੀਤਾ, ਉਥੇ ਉਸ ਨੇ ਆਪਣੇ ਗਾਉਣ, ਆਪਣੀ ਪ੍ਰਤੀਬੱਧਤਾ ਬਾਰੇ ਜੋ ਗੱਲਾਂ ਕੀਤੀਆਂ, ਉਨ੍ਹਾਂ ਦੀ ਸਾਰਥਿਕਤਾ ਅੱਜ ਹੋਰ ਵੀ ਅਰਥਵਾਨ ਹੋ ਗਈ ਹੈ। ਉਹਦੀਆਂ ਗੱਲਾਂ ਦਾ ਨਿਚੋੜ ਅੱਜ ਦੇ ਲੀਹੋਂ-ਲੱਥੇ ਗਾਇਕਾਂ ਅਤੇ ਗੀਤਕਾਰਾਂ ਲਈ ਜ਼ਰੂਰ ਲਾਹੇਵੰਦ ਹੋ ਸਕਦਾ ਹੈ।

ਅਮਰਜੀਤ ਛੋਟਾ ਜਿਹਾ ਹੀ ਸੀ ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ। ਮਾਂ ਇਕੱਲੀ ਅਤੇ ਉਦਾਸ ਰਹਿੰਦੀ ਸੀ। ਇਸ ਉਦਾਸੀ ਨੂੰ ਦੂਰ ਕਰਨ ਲਈ ਆਪਣਾ ਮਾਨਸਿਕ ਰੁਝੇਵਾਂ ਬਣਾਈ ਰੱਖਣ ਲਈ ਉਸ ਦੀ ਮਾਂ ਆਂਢ-ਗਵਾਂਢ ਦੀਆਂ ਮੁਟਿਆਰਾਂ ਕੁੜੀਆਂ ਨੂੰ ਆਪਣੇ ਘਰ ਚਰਖਾ ਕੱਤਣ ਲਈ ਬੁਲਾ ਲੈਂਦੀ। ਕੁੜੀਆਂ ਖੁੱਲ੍ਹੇ ਸੁਫੇ ਵਿਚ ਚਰਖੇ ਕੱਤਦੀਆਂ। ਉਹ ਛਣਕਦੀਆਂ ਚੂੜੀਆਂ ਨਾਲ ਲੋਕ ਗੀਤਾਂ ਦੀਆਂ ਰਾਂਗਲੀਆਂ ਹੇਕਾਂ ਲਾਉਂਦੀਆਂ। ਇਨ੍ਹਾਂ ਗੀਤਾਂ ਵਿਚ ਉਨ੍ਹਾਂ ਦੀਆਂ ਲੁਕੀਆਂ ਤਾਂਘਾਂ ਹੁੰਦੀਆਂ, ਵਿਛੋੜੇ ਦਾ ਅੱਥਰੂਆਂ ਨਾਲ ਭਿੱਜਾ-ਭਿੱਜਾ ਦਰਦ ਹੁੰਦਾ, ਮਿਲਾਪ ਦੀ ਚਹਿਕਦੀ ਖੁਸ਼ੀ ਹੁੰਦੀ। ਅਮਰਜੀਤ ਪਿਛਲੀ ਕੋਠੜੀ ਜਾਂ ਘਰ ਵਿਚ ਬੈਠਕ ਵਿਚ ਪਿਆ ਇਨ੍ਹਾਂ ਗੀਤਾਂ ਦੀ ਛਹਿਬਰ ਵਿਚ ਭਿੱਜਦਾ ਰਹਿੰਦਾ। ਕੁੜੀਆਂ ਦੇ ਹੋਠਾਂ 'ਚੋਂ ਕਿਰਦੀਆਂ, ਛਣਕਦੀਆਂ ਧੁਨਾਂ ਨਾਲ ਉਂਗਲੀਆਂ ਦੀ ਤਾਲ ਦਿੰਦਾ ਅਤੇ ਗੀਤਾਂ ਦੇ ਬੋਲ ਮੂੰਹ ਵਿਚ ਗੁਣ-ਗੁਣਾਉਂਦਾ ਰਹਿੰਦਾ। ਇੰਜ ਅਚੇਤ ਹੀ ਪੰਜਾਬ ਦੇ ਲੋਕ ਗੀਤ, ਉਨ੍ਹਾਂ ਦੇ ਦਿਲ ਨੂੰ ਛੂਹਣ ਵਾਲੀਆਂ ਧੁਨਾਂ ਉਸ ਦੇ ਮਨ ਮਸਤਕ ਦਾ ਹਿੱਸਾ ਬਣ ਗਏ। ਸੁਰ ਅਤੇ ਸ਼ਬਦ ਉਹ ਦੇ ਗਲੇ ਵਿਚੋਂ ਬਾਹਰ ਆਉਣ ਲਈ ਉਮਲਣ-ਉਛਲਣ ਲੱਗੇ।

ਇਕ ਦਿਨ ਉਸ ਨੇ ਵੇਖਿਆ, ਪਿੰਡ ਦੇ ਰੁੱਖਾਂ ਦੀ ਸੰਘਣੀ ਛਾਵੇਂ ਦਰਸ਼ਾ ਭਲਵਾਨ ਅਤੇ ਉਸ ਦੇ ਸਾਥੀ ਘੜਾ ਵਜਾ ਰਹੇ ਸਨ, ਤੇ ਨਾਲ ਗੀਤ ਗਾ ਰਹੇ ਸਨ। ਰੁੱਖਾਂ ਦੀ ਛਾਵੇਂ ਦੁਪਹਿਰਾ ਕੱਟਣ ਲਈ ਬੈਠੇ ਪਿੰਡ ਦੇ ਲੋਕ ਉਨ੍ਹਾਂ ਦੇ ਗਾਉਣ ਦਾ ਆਨੰਦ ਮਾਣ ਰਹੇ ਸਨ, 'ਵਾਹ ਵਾਹ' ਕਰ ਰਹੇ ਸਨ, 'ਸ਼ਾਬਾਸ਼' ਦੇ ਰਹੇ ਸਨ। ਦਰਸ਼ੇ ਭਲਵਾਨ ਹੁਰਾਂ ਦੀ ਪ੍ਰਸੰਸਾ ਨੇ ਅਮਰਜੀਤ ਦੇ ਮਨ ਵਿਚ ਵੀ ਅਜਿਹੀ ਪ੍ਰਸੰਸਾ ਖੱਟਣ ਦੀ ਰੀਝ ਪੈਦਾ ਕਰ ਦਿੱਤੀ। ਮਾਲ ਡੰਗਰ ਪਿੱਛੇ ਫਿਰਦਿਆਂ ਉਹ ਲੰਮੀਆਂ ਹੇਕਾਂ ਲਾ ਕੇ ਗਾਉਣ ਦਾ ਅਭਿਆਸ ਕਰਨ ਲੱਗਾ। ਦਰਸ਼ੇ ਭਲਵਾਨ ਹੁਰਾਂ 'ਤੇ ਉਸ ਨੂੰ ਰਸ਼ਕ ਆਉਂਦਾ। ਇਕ ਦਿਨ ਉਸ ਨੇ ਉਨ੍ਹਾਂ ਨਾਲ ਮਿਲ ਕੇ ਗਾਇਆ ਤਾਂ ਉਹਦੀ ਸੁਰੀਲੀ, ਵੱਖਰੀ ਅਤੇ ਵਿਸ਼ੇਸ਼ ਆਵਾਜ਼ ਨੇ ਸਰੋਤਿਆਂ ਦਾ ਧਿਆਨ ਇਕ ਦਮ ਆਪਣੇ ਵੱਲ ਖਿੱਚ ਲਿਆ। ਉਸ ਨੂੰ ਇਕੱਲੇ ਨੂੰ ਕੁਝ ਗਾ ਕੇ ਸੁਣਾਉਣ ਲਈ ਕਿਹਾ ਗਿਆ ਤਾਂ ਉਸ ਨੇ ਵਾਰਿਸ ਸ਼ਾਹ ਦੀ ਹੀਰ ਦਾ ਬੰਦ ਏਨੀ ਮੁ-ਤਰੰਨਮ ਆਵਾਜ਼ ਵਿਚ ਸੁਣਾਇਆ ਕਿ ਸਰੋਤੇ ਕੀਲੇ ਗਏ। ਹੁਣ ਉਹ ਪਿੰਡ ਦੇ ਬੋਹੜਾਂ ਦੀ ਛਾਵੇਂ ਗਾਉਣ ਵਾਲਿਆਂ ਦਾ ਨਾਇਕ ਬਣ ਗਿਆ ਸੀ। ਉਸ ਨੂੰ ਗਾਉਣ ਦੀ ਪੱਕੀ ਚੇਟਕ ਲੱਗ ਗਈ। ਉਹ ਆਪਣੇ ਪਿੰਡ ਦੇ ਚਰਾਗ ਮੁਸਲਮਾਨ ਕੋਲੋਂ ਹੀਰ ਦਾ ਕਿੱਸਾ ਮੰਗ ਲਿਆਇਆ। ਬੋਹੜਾਂ ਥੱਲੇ ਉਸ ਦੀ ਸੁਰੀਲੀ ਆਵਾਜ਼ ਰੋਜ਼ ਗੂੰਜਣ ਲੱਗੀ ਅਤੇ ਇਸ ਦੀ ਖੁਸ਼ਬੋਈ ਆਸ-ਪਾਸ ਦੇ ਪਿੰਡਾਂ ਵਿਚ ਵੀ ਫੈਲਣ ਲੱਗੀ।

***ਕਮਿਊਨਿਸਟ ਪਾਰਟੀ ਦੇ ਚੜ੍ਹਦੀ ਕਲਾ ਦੇ ਦਿਨ ਉਸ ਦੀ ਗਾਇਕੀ ਦੇ ਵੀ ਸਿਖਰਲੇ ਦਿਨ ਸਨ। ਕਮਿਊਨਿਸਟਾਂ ਵੱਲੋਂ ਪਿੰਡ ਪਿੰਡ ਕਾਨਫਰੰਸਾਂ ਹੁੰਦੀਆਂ, ਡਰਾਮੇ ਹੁੰਦੇ। ਲੋਕਾਂ ਦੀਆਂ ਭੀੜਾਂ ਇਕੱਠੀਆਂ ਹੁੰਦੀਆਂ। ਇਨ੍ਹਾਂ ਭੀੜਾਂ ਨੂੰ ਇਕੱਠੇ ਕਰਨ ਲਈ ਇਹ ਪ੍ਰਚਾਰ ਕਰਨਾ ਕਿ ਕਾਨਫਰੰਸ ਵਿਚ ਜੋਗਿੰਦਰ ਬਾਹਰਲਾ ਦਾ ਡਰਾਮਾ ਸੁਕਐਡ ਡਰਾਮਾ ਖੇਡੇਗਾ ਅਤੇ ਅਮਰਜੀਤ ਗੁਰਦਾਸਪੁਰੀ ਆਪਣੇ ਗੀਤ ਸੁਣਾਉਣਗੇ, ਦਰਸ਼ਕਾਂ ਅਤੇ ਸਰੋਤਿਆਂ ਲਈ ਕੋਈ ਘੱਟ ਲਾਲਚ ਨਹੀਂ ਸੀ ਹੁੰਦਾ। ਇਨ੍ਹਾਂ ਦੇ 'ਪੈਰਾਂ ਪਿੱਛੇ' ਲੀਡਰ ਵੀ ਵਿਚ-ਵਿਚਾਲੇ ਜਿਹੇ ਸਮੇਂ ਦੀ ਵਿਰਲ ਲੱਭ ਕੇ ਆਪਣੀਆਂ ਗੱਲਾਂ ਕਰ ਜਾਂਦੇ। ਇਨ੍ਹਾਂ ਦਿਨਾਂ ਵਿਚ ਅਮਰਜੀਤ ਦੀ ਆਵਾਜ਼ ਦਾ ਜਾਦੂ ਪੰਜਾਬੀਆਂ ਦੇ ਮਨਾਂ 'ਤੇ ਛਾਇਆ ਹੋਇਆ ਸੀ।***



***ਜੋਗਿੰਦਰ ਬਾਹਰਲਾ***

ਉਹ ਜਦੋਂ ਪਿੰਡ ਹੁੰਦੇ ਕਮਿਊਨਿਸਟਾਂ ਦੇ ਡਰਾਮੇ ਅਤੇ ਕਾਨਫਰੰਸਾਂ ਵੇਖਦਾ, ਇਨ੍ਹਾਂ ਵਿਚ ਕਲਾਕਾਰਾਂ ਨੂੰ ਗਾਉਂਦਿਆਂ ਸੁਣਦਾ ਤਾਂ ਉਸ ਦਾ ਦਿਲ ਕਰਦਾ ਕਿ ਉਹ ਵੀ ਸਟੇਜ 'ਤੇ ਚੜ੍ਹ ਕੇ ਗਾਵੇ, ਉਸ ਵੱਲ ਵੀ ਹਜ਼ਾਰਾਂ ਅੱਖਾਂ ਪ੍ਰਸੰਸਾ ਵਿਚ ਝਾਕਣ। ਉਸ ਦੀ ਵੀ 'ਬੱਲੇ ਬੱਲੇ' ਹੋਵੇ।

ਡੇਰਾ ਬਾਬਾ ਨਾਨਕ ਵਿਚ ਹਰ ਸਾਲ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ 'ਚੋਲੇ ਦਾ ਮੇਲਾ' ਲੱਗਦਾ ਹੈ। ਉਹਦੇ ਯਾਰ ਬੇਲੀ ਉਸ ਨੂੰ ਹੱਲਾਸ਼ੇਰੀ ਦੇਣ ਲੱਗੇ ਕਿ ਉਹ ਵੀ ਸਟੇਜ 'ਤੇ ਆਪਣਾ ਕੋਈ ਗੀਤ ਸੁਣਾਏ। ਸਟੇਜ ਸਕੱਤਰ ਸੀ ਜਸਵੰਤ ਸਿੰਘ ਰਾਹੀ। ਰਾਹੀ ਪ੍ਰਸਿੱਧ ਕਮਿਊਨਿਸਟ ਕਾਰਕੁਨ ਹੋਣ ਦੇ ਨਾਲ-ਨਾਲ ਪ੍ਰਸਿੱਧ ਕਵੀ ਅਤੇ ਲੇਖਕ ਵੀ ਸੀ। ਜਦੋਂ ਉਸ ਕੋਲੋਂ ਅਮਰਜੀਤ ਵਾਸਤੇ ਸਟੇਜ 'ਤੇ ਗਾਉਣ ਲਈ ਸਮਾਂ ਮੰਗਿਆ ਤਾਂ ਉਸ ਨੇ ਨਾਂਹ ਕਰ ਦਿੱਤੀ।

ਉਸ ਨੂੰ ਡਰ ਸੀ ਕਿ ਭਖਿਆ ਮੇਲਾ ਕਿਸੇ ਅਣਜਾਣ ਗਾਇਕ ਦੇ ਸਟੇਜ 'ਤੇ ਆਉਣ ਕਰਕੇ ਉਜੜ ਨਾ ਜਾਵੇ। ਉਸ ਨੇ ਕਿਹੜਾ ਅਮਰਜੀਤ ਨੂੰ ਕਿਤੇ ਗਾਉਂਦਿਆਂ ਸੁਣਿਆ ਸੀ! ਅਮਰਜੀਤ ਦੇ ਸਾਥੀਆਂ ਨੇ ਬੇਨਤੀ ਕੀਤੀ, "ਸਿਰਫ ਇਕ ਗੀਤ ਹੀ। ਤੁਸੀਂ ਦੇਖਿਓ ਤਾਂ ਸਹੀ!" ਰਾਹੀ ਮੰਨ ਗਿਆ। ਅਮਰਜੀਤ ਸਟੇਜ 'ਤੇ ਜਾ ਖਲੋਤਾ। ਸਿੱਧਾ ਸਤੋਰ। ਦੋਵੇਂ ਹੱਥ ਸਤਿਕਾਰ ਦੀ ਮਾਤਰਾ ਵਿਚ ਜੁੜੇ ਹੋਏ। ਉਨ੍ਹੀਂ ਦਿਨੀਂ ਇਕ ਗੀਤ ਬੜਾ ਪ੍ਰਚਲਿਤ ਸੀ:

> ਜਿਹੜਾ ਅੱਜ ਲਿਆ ਕੇ ਦੇਵੇ
> ਕੱਚ ਦੀਆਂ ਚੂੜੀਆਂ
> ਉਹਦੇ ਨਾਲ ਹੋਣਗੀਆਂ ਤਾਂ ਗੱਲਾਂ ਗੂੜ੍ਹੀਆਂ

ਅਮਰਜੀਤ ਨੇ ਇਸ ਧੁਨ 'ਤੇ ਗੀਤ ਗਾਇਆ: 'ਅੱਗੇ ਨਾਲੋਂ ਵਧ ਗਈਆਂ ਹੋਰ ਮਜਬੂਰੀਆਂ'

ਉਸ ਦੀ ਆਵਾਜ਼ ਵਿਚਲੀ ਸੁਰ, ਮਿਠਾਸ ਅਤੇ ਬੁਲੰਦੀ ਨੇ ਲੋਕਾਂ ਦਾ ਮਨ ਮੋਹ ਲਿਆ। ਕਮਿਊਨਿਸਟ ਆਗੂਆਂ ਅਤੇ ਕਲਾਕਾਰਾਂ ਨੇ ਵੀ ਆਪਣੇ ਚੰਗੇ ਅਤੇ ਹੋਣਹਾਰ ਸਾਥੀ ਨੂੰ 'ਜੀ ਆਇਆਂ' ਕਿਹਾ। ਉਸ ਨੇ ਕਮਿਊਨਿਸਟ ਸਟੇਜਾਂ 'ਤੇ ਗਾਉਣਾ ਸ਼ੁਰੂ ਕਰ ਦਿੱਤਾ। ਉਹਦੇ ਗਾਉਣ ਦੀ ਪ੍ਰਸਿੱਧੀ ਪੰਜਾਬ ਵਿਚ ਦੂਰ-ਦੂਰ ਫੈਲਣ ਲੱਗੀ। ਗਾਉਣ ਦੇ ਸ਼ੌਕ ਅਤੇ ਹਰ ਵੇਲੇ ਕਮਿਊਨਿਸਟਾਂ ਦੇ ਨੇੜੇ ਰਹਿਣ ਕਰਕੇ ਉਸ ਦੀ ਸੋਚ ਵੀ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਲੱਗੀ। ਇਨ੍ਹੀਂ ਦਿਨੀਂ ਸੰਸਾਰ ਜੰਗ ਦੇ ਸਿਰ ਉਪਰ ਮੰਡਲਾਉਂਦੇ ਖ਼ਤਰੇ ਨੂੰ ਮੁੱਖ ਰੱਖ ਕੇ ਮੁਲਕ ਭਰ ਵਿਚ ਅਮਨ ਲਹਿਰ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਸੀ। ਇਸ ਲਹਿਰ ਨੂੰ ਪੰਜਾਬ ਵਿਚ ਹੋਰ ਹੁਲਾਰਾ ਦੇਣ ਲਈ ਬਟਾਲੇ 'ਬਾਬੇ ਦੇ ਵਿਆਹ' ਉਤੇ ਹੋਈ ਕਾਨਫਰੰਸ ਵਿਚ ਤੇਰਾ ਸਿੰਘ ਚੰਨ ਅਤੇ ਜੋਗਿੰਦਰ ਬਾਹਰਲਾ ਨੇ ਆਪਸ ਵਿਚ ਮਿਲ ਕੇ ਸਾਂਝਾ ਸਕੁਐਡ ਬਣਾਇਆ। ਅਮਰਜੀਤ ਇਸ ਸਕੁਐਡ ਵਿਚ ਸ਼ਾਮਲ ਹੋ ਕੇ ਪਿੰਡ ਪਿੰਡ ਆਪਣੀ ਨਾਟਕੀ ਪ੍ਰਤਿਭਾ ਅਤੇ ਗਾਇਨ ਕਲਾ ਦੇ ਜੌਹਰ ਦਿਖਾਉਣ ਲੱਗਾ। ਉਸ ਦੀ ਸੁਰੀਲੀ ਆਵਾਜ਼ ਹਵਾ ਵਿਚ ਤਾਰੀਆਂ ਲਾਉਂਦੀ ਸਰੋਤਿਆਂ ਦੇ ਕੰਨਾਂ ਵਿਚ ਸ਼ਹਿਦ ਘੋਲਦੀ ਤੁਰੀ ਜਾਂਦੀ। ਲੋਕ ਉਸ ਦੀ ਵਾਰੀ ਦੀ ਉਡੀਕ ਕਰਦੇ। ਉਹਦੇ ਗਾਏ ਗੀਤ ਡੰਗਰ ਚਾਰਦੇ ਵਾਗੀ ਵੀ ਡੰਗਰਾਂ ਨੂੰ ਮੋੜੇ ਲਾਉਂਦਿਆਂ ਗਾਉਂਦੇ। ਅੱਜ ਵੀ ਮੇਰੇ ਚੇਤਿਆਂ ਵਿਚ ਉਹ ਦੇ ਗੀਤਾਂ ਦੇ ਬੋਲ ਟੁਣਕ ਰਹੇ ਹਨ:



> ਚਿੱਟੀ ਚਿੱਟੀ ਪਗੜੀ ਘੋਟ ਘੋਟ ਬੰਨ੍ਹਦਾ ਏਂ
> ਉਤੇ ਵੇ ਗੁਲਾਬੀ ਫੁੱਲ ਟੰਗਿਆ ਕਰ...
> ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ...
> ਤੂੰ ਹਲ ਵਾਹਵੇਂ ਮੈਂ ਕੇਰਾਂ,
> ਵੇਖ ਕੇ ਸਿਆੜ ਹੱਸਦੇ।
> ਵੇ ਚੰਨਾਂ ਲੈ ਦੇ ਜੁੱਤੀ ਖੱਲ ਦੀ
> ਕਿ ਨੰਗੇ ਮੇਰੇ ਪੈਰ ਘਸਦੇ।


ਅਮਰਜੀਤ ਗੁਰਦਾਸਪੁਰੀ ਨੂੰ ਛੇਤੀ ਹੀ ਇਹ ਅਹਿਸਾਸ ਹੋ ਗਿਆ ਕਿ ਕਮਿਊਨਿਸਟ ਲੀਡਰਾਂ ਦਾ ਕਲਾਕਾਰਾਂ ਪ੍ਰਤੀ ਰਵੱਈਆ ਉਨ੍ਹਾਂ ਨੂੰ ਮਰਾਸੀਆਂ ਤੁੱਲ ਸਮਝਣ ਵਾਲਾ ਹੀ ਸੀ। ਲੀਡਰਾਂ ਲਈ ਕਲਾਕਾਰ ਉਨ੍ਹਾਂ ਦੇ ਭਾਸ਼ਣ ਸੁਣਨ ਲਈ ਲੋਕਾਂ ਨੂੰ ਇਕੱਠਾ ਕਰਨਾ ਦਾ ਮਾਧਿਅਮ ਮਾਤਰ ਹੀ ਸਨ। ਇਸ ਤੋਂ ਵੱਧ ਕੁਝ ਨਹੀਂ। ਉਹ ਪਹਿਲਾਂ ਕਲਾਕਾਰਾਂ ਨੂੰ ਸਟੇਜ 'ਤੇ ਭੇਜ ਛੱਡਦੇ। ਆਪ ਉਦੋਂ ਜਾਂਦੇ ਜਦੋਂ ਇਕੱਠ ਭਰ ਜਾਂਦਾ ਅਤੇ ਉਦੋਂ ਹੀ ਸਟੇਜ ਬਾਕਾਇਦਾ ਸ਼ੁਰੂ ਹੋਈ ਸਮਝੀ ਜਾਂਦੀ। ਅਮਰਜੀਤ ਨੇ ਸਾਥੀਆਂ ਨਾਲ ਸਲਾਹ ਕਰਕੇ ਪਾਰਟੀ ਲੀਡਰਾਂ ਤੱਕ ਆਪਣਾ ਰੋਸ ਪਹੁੰਚਾਇਆ ਅਤੇ ਮੰਗ ਕੀਤੀ ਕਿ ਜਦੋਂ ਕਲਾਕਾਰ ਸਟੇਜ 'ਤੇ ਪਹੁੰਚਣ, ਲੀਡਰਾਂ ਨੂੰ ਵੀ ਉਦੋਂ ਹੀ ਸਟੇਜ 'ਤੇ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਪੇਸ਼ਕੀਆਂ 'ਬਾਕਾਇਦਾ ਸਟੇਜ' ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਇਸ ਮੰਗ ਪਿੱਛੇ 'ਕਲਾਕਾਰ ਦਾ ਸਵੈਮਾਣ' ਬੋਲਦਾ ਸੀ। ਉਨ੍ਹਾਂ ਦੀ ਇਹ ਮੰਗ ਮੰਨੀ ਵੀ ਗਈ।

ਪਹਿਲਾਂ ਉਹ ਪਾਰਟੀ ਸਟੇਜਾਂ 'ਤੇ ਹੀ ਗਾਉਂਦਾ ਸੀ, ਪਰ ਜਦੋਂ ਪਾਰਟੀ ਦੋ-ਫਾੜ ਹੋ ਗਈ ਤਾਂ ਉਹ ਉਦਾਸੀਨ ਹੋ ਗਿਆ। ਉਸ ਨੇ ਖੁੱਲ੍ਹੀਆਂ ਸਟੇਜਾਂ 'ਤੇ ਵੀ ਗਾਉਣਾ ਸ਼ੁਰੂ ਕਰ ਦਿੱਤਾ ਪਰ ਉਸ ਨੇ ਆਪਣੇ ਮਿਆਰ ਨੂੰ ਢਾਹ ਨਾ ਲੱਗਣ ਦਿੱਤੀ। ਖੁੱਲ੍ਹੀ ਸਟੇਜ 'ਤੇ ਆ ਕੇ ਵੀ ਉਸ ਨੇ ਆਪਣਾ ਮੁੱਖ ਉਦੇਸ਼ 'ਪੈਸਾ ਨਹੀਂ ਕਲਾ' ਹੀ ਬਣਾਈ ਰੱਖਿਆ। ਉਸ ਨੇ ਸਾਰੀ ਉਮਰ ਅਸ਼ਲੀਲ ਗੀਤ ਨਹੀਂ ਗਾਏ। ਉਹ ਸਦਾ ਪੰਜਾਬੀ ਦੇ ਚੋਟੀ ਦੇ ਸੁਥਰੇ ਗੀਤਕਾਰਾਂ ਦੇ ਗੀਤ ਹੀ ਗਾਉਂਦਾ ਰਿਹਾ। ਨੰਦ ਲਾਲ ਨੂਰਪੁਰੀ, ਕਰਤਾਰ ਸਿੰਘ ਬਲੱਗਣ, ਸ਼ਿਵ ਕੁਮਾਰ ਅਤੇ ਬਰਕਤ ਰਾਮ ਯੁਮਨ ਉਸ ਦੇ ਪਸੰਦੀਦਾ ਗੀਤਕਾਰ ਸਨ। ਉਸ ਦੇ ਚਹੇਤੇ

***(ਬਾਕੀ ਅਗਲੇ ਸਫੇ 'ਤੇ)***

## ਕਾਗ ਸਮੇਂ ਦਾ ਬੋਲਿਆ

***ਸ਼ਾਇਰ ਤੇਰਾ ਸਿੰਘ ਦਾ ਗੀਤ 'ਕਾਗ ਸਮੇਂ ਦਾ ਬੋਲਿਆ' ਅਮਰਜੀਤ ਗਾਉਂਦਾ ਸੀ ਤਾਂ ਪੂਰਾ ਰੰਗ ਬੰਨ੍ਹ ਦਿੰਦਾ ਸੀ।***



ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ
ਮਾਖਿਉਂ ਵਰਗੀ ਮਸਤੀ ਜਿਸ ਕਣ ਕਣ ਵਿਚ ਘੋਲੀ

ਸ਼ੁੱਧ ਕੁੰਦਨ ਦੇ ਵਿਚ ਨੀ ਇਹਦੀ ਚੁੰਝ ਮੜ੍ਹਾਵੋ
ਮੋਰ ਤੇ ਤਿੱਤਰ ਇਹਦਿਆਂ ਖੰਭਾਂ 'ਤੇ ਪਾਵੋ
ਬੰਨ੍ਹੋ ਨੀ ਇਹਦੇ ਪਹੁੰਚਿਆਂ ਵਿਚ ਕੋਈ ਰੱਤੀ ਮੌਲੀ...

ਪਾਵੋ ਨੀ ਇਹਦਿਆਂ ਨੈਣਾਂ ਵਿਚ ਕੋਈ ਸੁਰਮ ਸਲਾਈਆਂ
ਧਰਤੀ ਉਤੇ ਏਸ ਨੇ ਮਿਹਰਾਂ ਵਰਸਾਈਆਂ
ਜਿਵੇਂ ਫੁਲੇਰਾ ਉਲਟ ਦਏ ਫੁੱਲਾਂ ਦੀ ਝੋਲੀ...

ਦੇਸ ਦੇਸ ਵਿਚ ਦਿੱਤਾ ਨੀ ਇਸ ਅਮਨ ਸੁਨੇਹਾ
ਮੂੰਹ ਲੋਕਾਂ ਦਾ ਲਿਸ਼ਕਿਆ ਸੁਣ ਸੋਨੇ ਜੇਹਾ
ਪਿੱਤਲ ਵਰਗੀ ਹੋ ਗਈ ਲਹੂ ਪੀਣੀ ਟੋਲੀ...

ਕੱਢ ਲਿਆਵੋ ਅੰਦਰੋਂ ਨੀ ਮੱਖਣਾਂ ਦੇ ਪੇੜੇ
ਕੁੱਟ ਕੁੱਟ ਪਾਵੋ ਚੂਰੀਆਂ ਨੀ ਇਹ ਪੰਧ ਨਿਬੇੜੇ
ਝਬਦੇ ਲਿਆਵੇ ਧਰਤ 'ਤੇ ਸ਼ਗਨਾਂ ਦੀ ਡੋਲੀ...

ਪਾ ਲਏ ਅੰਦਰੋਂ ਕੱਢ ਕੇ ਵਿਧਵਾ ਨੇ ਗਹਿਣੇ
ਖੁਸ਼ ਹੈ ਹੁਣ ਨਹੀਂ ਕਦੇ ਵੀ ਤਨ ਉਤੋਂ ਲਹਿਣੇ
ਵਰੀ ਸੂਹੀ ਦੀ ਪੋਟਲੀ ਉਸ ਵਿਹੜੇ ਵਿਚ ਖੋਲ੍ਹੀ...

ਫੜ ਲਈ ਬੁੱਢੇ ਪਿਓ ਨੇ ਹੱਥ ਫੇਰ ਡੰਗੋਰੀ
ਹੁਣ ਨਹੀਂ ਹੋਣੀ ਕਦੇ ਵੀ ਇਹ ਪੋਰੀ ਪੋਰੀ
ਪਿੱਪਲਾਂ ਥੱਲੇ ਨੱਚ ਪਈ ਗਿੱਧੇ ਦੀ ਬੋਲੀ...

ਪਲਕਾਂ ਨਾਲ ਜਹਾਨ ਦੀ ਇਸ ਕਾਲਖ ਚੁੱਗੀ
ਇਸ ਦੀ ਨਜ਼ਰੋਂ ਰਹੀ ਨਾ ਇਕ ਵਿਥ ਵੀ ਲੁੱਗੀ
ਟੁਰ ਟੁਰ ਪੱਬਾਂ ਭਾਰ ਏਸ ਹਰ ਨੁੱਕਰ ਫੋਲੀ...

ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ

# ਕਾਰਲ ਚੈਸਮੈਨ ਅਤੇ ਚਾਹਤ ਜ਼ਿੰਦਗੀ ਦੀ

**ਜ਼ਿੰਦਗੀ ਬੇਹੱਦ ਹੁਸੀਨ ਵਰਤਾਰਾ ਹੈ। ਫੁੱਲ, ਘਾਹ, ਪੱਤਿਆਂ, ਬਾਗਾਂ ਅਤੇ ਬਹਾਰਾਂ ਦੇ ਨਜ਼ਾਰੇ ਕਿਤਨੇ ਕੁ ਮੁੱਲਵਾਨ ਹੋ ਸਕਦੇ ਹਨ, ਇਸ ਗੱਲ ਦਾ ਸ਼ਾਇਦ ਸਭ ਤੋਂ ਵੱਧ ਕੇ ਕਿਸੇ ਵੀ ਇਨਸਾਨ ਨੂੰ ਉਸ ਸਮੇਂ ਹੀ ਅਹਿਸਾਸ ਹੁੰਦਾ ਹੈ ਜਦੋਂ ਉਹ ਕਿਸੇ ਭਾਵੀ ਦੇ ਚੱਕਰ ਵਿਚ ਫਸ ਕੇ ਇਸ ਸਾਰੇ ਕੁਝ ਤੋਂ ਮਹਿਰੂਮ ਹੋ ਜਾਂਦਾ ਹੈ ਜਾਂ ਕਰ ਦਿੱਤਾ ਜਾਂਦਾ ਹੈ।**

**ਕਾਰਲ ਚੈਸਮੈਨ ਅਜਿਹਾ ਹੀ ਬਦਕਿਸਮਤ ਇਨਸਾਨ ਸੀ ਜਿਸ ਨੂੰ ਕਿਸੇ ਐਸੇ ਹੀ ਚੱਕਰ 'ਚ ਫਸ ਜਾਣ ਕਰਕੇ ਜੀਵਨ ਦੇ ਅਨੇਕਾਂ ਰੰਗਾਂ ਤੋਂ ਮਹਿਰੂਮ ਹੋਣਾ ਪਿਆ। ਪ੍ਰੰਤੂ ਜ਼ਿੰਦਗੀ ਪ੍ਰਤੀ ਉਸ ਦੀ ਚਾਹਤ ਦੀ ਸ਼ਿੱਦਤ ਇਤਨੀ ਜ਼ੋਰਦਾਰ ਸੀ ਕਿ ਉਸ ਨੇ ਅਜਿਹੀ ਮਹਿਰੂਮੀ ਨੂੰ ਵੀ ਆਪਣੇ ਹੱਕ ਵਿਚ ਵਰਤ ਕੇ ਦਿਖਾ ਦਿੱਤਾ। ਚੈਸਮੈਨ ਦੀ ਕਥਾ ਪੜ੍ਹਦਿਆਂ/ਸੁਣਦਿਆਂ ਅਹਿਸਾਸ ਹੋ ਜਾਂਦਾ ਹੈ ਕਿ ਸ਼ੀਰੀ ਰੂਪੀ ਜ਼ਿੰਦਗੀ ਦੇ ਸੁਹੱਪਣ ਦਾ ਨਜ਼ਾਰਾ ਕਰਨ ਦੀ ਆਪਣੀ ਇੱਛਾ ਦੀ ਪੂਰਤੀ ਖਾਤਰ ਕਿੰਜ ਫਰਿਹਾਦ ਵਰਗਾ ਕੋਈ ਜਣਾ ਕੋਹਕਾਫ ਦੇ ਪਰਬਤਾਂ ਨੂੰ ਚੀਰ ਕੇ ਨਹਿਰ ਕੱਢ ਲਿਆਉਣ ਦੇ ਸਮਰੱਥ ਹੋ ਸਕਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਹੈ ਕਾਰਲ ਚੈਸਮੈਨ ਬਾਰੇ ਸੰਖੇਪ ਜਿਹੀ ਜਾਣਕਾਰੀ। -ਸੰਪਾਦਕ**

ਲਗਾਤਾਰ ਬਾਰਾਂ ਵਰ੍ਹੇ ਉਹ ਮੌਤ ਨਾਲ ਲੜਦਾ ਰਿਹਾ ਪਰ ਦੋ ਮਈ ਨੂੰ ਕੈਲੀਫੋਰਨੀਆ (ਅਮਰੀਕਾ) ਦੀ ਸੇਨ ਕੁਇਨਟਿਨ ਜੇਲ੍ਹ ਅੰਦਰ ਜ਼ਹਿਰੀਲੀ ਗੈਸ ਨਾਲ ਉਸ ਨੂੰ ਮੌਤ ਦੀ ਡੂੰਘੀ ਨੀਂਦ ਸੁਲਾ ਦਿੱਤਾ ਗਿਆ। ਮਈ ਮਹੀਨੇ ਦੀ ਦੋ ਤਾਰੀਖ ਤੇ ਸੰਨ 1960, ਇਹੋ ਮਹੀਨਾ ਉਸ ਦੀ ਪੈਦਾਇਸ਼ ਦਾ ਵੀ ਸੀ। 1948 ਵਿਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਖਿਲਾਫ ਉਹ ਉਚੇਰੀਆਂ ਅਦਾਲਤਾਂ ਵਿਚ ਲਗਾਤਾਰ ਅਪੀਲਾਂ ਕਰਦਾ ਰਿਹਾ ਤੇ ਉਸ ਦੀ ਮੌਤ ਦੀ ਸਜ਼ਾ ਟਲਦੀ ਰਹੀ। ਆਖਰੀ ਵਾਰ ਵੀ ਜਦੋਂ ਉਸ ਨੂੰ ਮੌਤ ਦੀ ਨੀਂਦ ਸੁਲਾਉਣ ਦੀਆਂ ਤਿਆਰੀਆਂ ਹੋ ਰਹੀਆਂ ਸਨ, ਇਕ ਜੱਜ ਨੇ ਉਸ ਦੇ ਵਕੀਲ ਦੀ ਦਲੀਲ ਮੰਨ ਲਈ ਅਤੇ ਵਿਸਤਾਰ ਨਾਲ ਦਲੀਲ ਸੁਣਨ ਲਈ ਅੱਧੇ ਘੰਟੇ ਵਾਸਤੇ ਮੌਤ ਨੂੰ ਮੁਲਤਵੀ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ, ਲੇਕਿਨ ਜੱਜ ਦੀ ਸੈਕਟਰੀ ਤੋਂ ਹਫੜਾ-ਦਫੜੀ ਵਿਚ ਗਲਤ ਮਲਤ ਨੰਬਰ ਮਿਲ ਗਿਆ ਤੇ ਜੇਲ੍ਹ ਅਧਿਕਾਰੀਆਂ ਨੂੰ ਜਿਸ ਵੇਲੇ ਫੋਨਾਂ ਰਾਹੀਂ ਅਦਾਲਤ ਦਾ ਹੁਕਮ ਮਿਲਿਆ, ਉਦੋਂ ਚੈਸਮੈਨ 'ਗ੍ਰੀਨਰੂਮ' ਵਿਚ ਬੜੀ ਤੇਜ਼ੀ ਨਾਲ ਆਪਣੇ ਅੰਜਾਮ ਵੱਲ ਅੱਪੜ ਰਿਹਾ ਸੀ ਤੇ ਹੁਣ ਉਸ ਨੂੰ ਮੋੜ ਲਿਆਉਣਾ ਕਿਸੇ ਵੀ ਅਦਾਲਤ ਦੇ ਵਸ ਨਹੀਂ ਸੀ।


'ਗ੍ਰੀਨਰੂਮ' ਬੜਾ ਸਾਦਾ ਤੇ ਸਜਿਆ ਹੋਇਆ ਕਮਰਾ।

ਗ੍ਰੀਨਰੂਮ-ਮੌਤ ਦਾ ਘਰ।

ਤਲਵਾਰ ਜੇ ਸੋਨੇ ਦੀ ਵੀ ਹੋਵੇ, ਤਾਂ ਕੀ ਉਸ ਦਾ ਜ਼ਖਮ ਆਰਾਮਦੇਹ ਹੋ ਸਕਦਾ ਹੈ? ਪਰ ਸੇਨ ਕੁਇਨਟਿਨ ਜੇਲ੍ਹ ਦੇ ਅਧਿਕਾਰੀਆਂ ਨੇ, ਮੌਤ ਦੇ ਘਰ ਨੂੰ ਵਾਕਈ ਗ੍ਰੀਨਰੂਮ ਬਣਾ ਛੱਡਿਆ ਸੀ। ਐਨ ਖਿੜਿਆ ਹੋਇਆ ਹਰਾ ਰੰਗ, ਜਿਵੇਂ ਦਰਖਤ-ਉਗਾਊ ਦਿਹਾੜਾ ਮਨਾਇਆ ਜਾ ਰਿਹਾ ਹੋਵੇ। ਗੈਸ ਚੈਂਬਰ ਦਾ ਰੰਗ ਅੰਦਰੋਂ ਮੋਤੀਆ-ਮੌਤ ਦੀ ਕੁਰਸੀ ਬੜੀ ਨਰਮ ਅਤੇ ਮਾਹੌਲ ਅਜਿਹਾ ਨਸ਼ੀਲਾ ਕਿ ਅੰਦਰ ਵੜਦਿਆਂ ਹੀ ਨੀਂਦਰ ਆਉਣ ਲੱਗੇ। ਕੁਰਸੀ ਦੇ ਹੇਠਾਂ ਇਕ ਸਾਫ ਬਰਤਨ ਵਿਚ ਤੇਜ਼ਾਬ ਪਿਆ ਹੈ। ਤੇਜ਼ਾਬ ਉਪਰ ਸਾਇਨਾਈਡ ਜ਼ਹਿਰ ਦੀਆਂ ਟਿੱਕੀਆਂ ਇਕ ਥੈਲੀ ਵਿਚ ਲਟਕ ਰਹੀਆਂ ਹਨ। ਮਸ਼ੀਨ ਦੇ ਘੁੰਮਦਿਆਂ ਹੀ ਥੈਲੀ ਦੀ ਗੰਢ ਖੁੱਲ੍ਹ ਜਾਵੇਗੀ। ਟਿੱਕੀਆਂ ਤੇਜ਼ਾਬ ਵਿਚ ਘੁਲਣ ਲੱਗਣਗੀਆਂ-ਆੜੂ ਦੇ ਫਲਾਂ ਦੀ ਖੁਸ਼ਬੋ ਵਰਗੀ ਇਕ ਅਣਡਿੱਠੀ ਖੁਸ਼ਬੋ ਭਰਿਆ ਧੂੰਆਂ ਜਿਹਾ ਉਡੇਗਾ...ਤੇ...।

ਮਨੁੱਖੀ ਇਤਿਹਾਸ ਅੰਦਰ ਅੱਜ ਤੱਕ ਕਿਸੇ ਖਾਸ ਕਿਸਮ ਦੇ ਮੁਜਰਮ ਨੂੰ ਐਨੀ ਸ਼ੁਹਰਤ ਨਹੀਂ ਮਿਲੀ ਜਿੰਨੀ 39 ਵਰ੍ਹਿਆਂ ਦੇ ਇਸ ਅਮਰੀਕਨ ਮੁਜਰਮ ਕਾਰਲ ਚੈਸਮੈਨ ਦੇ ਹਿੱਸੇ ਆਈ। ਸੰਸਾਰ ਦੇ ਲੱਖਾਂ ਲੋਕਾਂ ਨੇ ਉਹਦੇ ਨਾਲ ਹਮਦਰਦੀ ਦਾ ਐਡਾ ਵੱਡਾ ਵਿਖਾਵਾ ਕੀਤਾ, ਜਿਸ ਦੀ ਮਿਸਾਲ ਨਹੀਂ ਮਿਲਦੀ। ਇਸੇ ਗੱਲੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸ ਦੀ ਮੌਤ ਦਾ ਦਿਹਾੜਾ ਨਿਸ਼ਚਿਤ ਹੋਣ ਤੋਂ ਕੁਝ ਚਿਰ ਪਹਿਲਾਂ ਆਮ ਸ਼ਹਿਰੀਆਂ ਵਲੋਂ ਉਸ ਦੇ ਬਚਾਅ ਵਾਸਤੇ ਜਿਹੜੀਆਂ ਦੋ ਅਪੀਲਾਂ ਦਾਇਰ ਕੀਤੀਆਂ ਗਈਆਂ, ਉਨ੍ਹਾਂ ਉਪਰ ਪੈਂਤੀ ਹਜ਼ਾਰ ਨਾਰਵੇ ਦੇ ਅਤੇ ਸੱਠ ਹਜ਼ਾਰ ਸਵਿਟਜ਼ਰਲੈਂਡ ਦੇ ਵਸਨੀਕਾਂ ਦੇ ਦਸਤਖਤ ਮੌਜੂਦ ਸਨ।

ਚੈਸਮੈਨ, 20 ਮਈ ਸੰਨ 1921 ਨੂੰ ਮਿਸ਼ੀਗਨ ਵਿਚ ਪੈਦਾ ਹੋਇਆ ਪਰ ਉਸ ਦਾ ਬਚਪਨ ਲਾਸ ਏਂਜਲਸ 'ਚ ਬੀਤਿਆ। 1948 ਵਿਚ ਜਦ ਉਸ ਨੂੰ ਮੌਤ ਦੀ ਸਜ਼ਾ ਹੋਈ। ਉਦੋਂ ਉਸ ਦੀ ਉਮਰ ਛੱਬੀ ਸਾਲ ਸੀ। ਪੰਦਰਾਂ ਤੋਂ ਲੈ ਕੇ ਛੱਬੀ ਸਾਲ ਦੀ ਉਮਰ ਦੌਰਾਨ ਆਦੀ ਮੁਜਰਿਮ ਦੇ ਤੌਰ 'ਤੇ ਉਸ ਨੇ ਬੜੀ ਹੀ ਘਿਨਾਉਣੀ ਜ਼ਿੰਦਗੀ ਗੁਜ਼ਾਰੀ। ਖਾਸ ਕਰ ਔਰਤਾਂ ਉਤੇ ਉਸ ਦੇ ਜ਼ੁਲਮਾਂ ਦੀ ਕਹਾਣੀ ਸੁਣ ਕੇ ਲੂੰ-ਲੂੰ ਕੰਬ ਜਾਂਦਾ ਹੈ। ਜਿਹੜੀਆਂ ਵੀ ਲੜਕੀਆਂ ਉਸ ਦੇ ਰਾਕਸ਼ੀ ਦੁਰਾਚਾਰ ਦਾ ਸ਼ਿਕਾਰ ਹੋਈਆਂ ਉਨ੍ਹਾਂ 'ਚੋਂ ਬਹੁਤੀਆਂ ਦੀਆਂ ਜ਼ਿੰਦਗੀਆਂ ਤਬਾਹ ਹੋ ਗਈਆਂ। ਪ੍ਰੰਤੂ ਐਨੇ ਕਾਲਖ ਭਰੇ ਭੂਤ-ਕਾਲ ਦੇ ਬਾਵਜੂਦ ਉਸ ਨੇ ਜੇਲ੍ਹ ਅੰਦਰ ਪਿਛਲੇ ਬਾਰਾਂ ਵਰ੍ਹਿਆਂ ਦੇ ਅਰਸੇ ਵਿਚ ਮੌਤ ਵਿਰੁਧ ਜਿਸ ਸੰਘਰਸ਼ ਦਾ ਪ੍ਰਦਰਸ਼ਨ ਕੀਤਾ ਅਤੇ ਉਸ ਦੀ ਫਿਤਰਤ ਵਿਚ ਜਿਹੜਾ ਮਾਨਸਿਕ ਪਰਿਵਰਤਨ ਹੋਇਆ ਉਹਦੇ ਕਾਰਨ ਉਸ ਨੇ ਸਾਰੀ ਦੁਨੀਆਂ ਦੇ ਮਾਨਵਤਾ ਪ੍ਰੇਮੀ ਲੋਕਾਂ ਦੀ ਹਮਦਰਦੀ ਜਿੱਤ ਲਈ।



ਕਾਰਲ ਚੈਸਮੈਨ

ਬਾਰਾਂ ਵਰ੍ਹਿਆਂ ਦਾ ਏਕਾਂਤ ਕਾਰਾਵਾਸ? ਜ਼ਰਾ ਕਲਪਨਾ ਤਾਂ ਕਰੋ ਅਪਰਾਧੀ ਚੈਸਮੈਨ ਦੀ ਜ਼ਿੰਦਗੀ ਵਿਚ ਅਟੁੱਟ ਆਸਥਾ ਦੀ, ਉਹਦੇ ਅਜਿੱਤ ਸਾਹਸ ਦੀ ਅਤੇ ਮੌਤ ਨਾਲ ਸੰਘਰਸ਼ ਕਰਨ ਦੀ ਉਸ ਦੀ ਵਿਸ਼ਾਲ ਪ੍ਰਤਿਭਾ ਦੀ। ਏਕਾਂਤ ਕੈਦ ਦੇ ਬਾਰਾਂ ਸਾਲ ਜੇਲ੍ਹ ਦੀ ਜਿਸ 2455 ਨੰਬਰ ਦੀ ਕਾਲ ਕੋਠੜੀ ਵਿਚ ਉਹ ਮੌਤ ਦੇ ਭਿਆਨਕ ਚੈਲੰਜ ਨੂੰ ਵੰਗਾਰਦਾ ਰਿਹਾ ਕਿੰਨਾ ਅਜੀਬ ਹੈ ਉਸ ਮਾਹੌਲ ਦਾ ਤਸੱਵਰ ਵੀ। ਕੌਣ ਜਾਣਦਾ ਸੀ ਕਿ ਅਪਰਾਧੀ ਚੈਸਮੈਨ ਨੂੰ ਕਸ਼ਟ ਭਰੇ ਏਕਾਂਤਵਾਸ ਦੇ ਰਾਤ-ਦਿਨ ਕੀ ਤੋਂ ਕੀ ਬਣਾ ਦੇਣਗੇ। ਜੇਲ੍ਹ ਦੀ ਕਾਲ ਕੋਠੜੀ, ਜਿੱਥੇ ਹਰ ਲਮਹੇ ਮੌਤ ਦਾ ਭਿਆਨਕ ਤਸੱਵਰ ਦਿਲ ਅਤੇ ਦਿਮਾਗ 'ਤੇ ਛਾਇਆ ਰਹਿੰਦਾ ਹੈ, ਉਸ ਤੰਗ ਹਨੇਰੀ ਕਾਲ ਕੋਠੜੀ ਵਿਚ ਉਸ ਨੇ ਜ਼ਿੰਦਗੀ ਦੇ ਚਿਰਾਗ ਦੀ ਪਵਿੱਤਰ ਤੇ ਨੂਰਾਨੀ ਲੋਅ ਨੂੰ ਹੀ ਮਹਿਸੂਸ ਕੀਤਾ। ਜੇਲ੍ਹ ਦੀ ਕਾਲ ਕੋਠੜੀ ਅੰਦਰ ਬੈਠ ਕੇ ਉਸ ਪ੍ਰਾਇਮਰੀ ਪਾਸ ਸ਼ਖਸ ਨੇ ਕਾਨੂੰਨ ਦੀਆਂ ਦਸ ਹਜ਼ਾਰ ਕਿਤਾਬਾਂ ਦਾ ਅਧਿਐਨ ਕੀਤਾ।

ਜੇਲ੍ਹ ਜੀਵਨ ਦੇ ਇਨ੍ਹਾਂ ਬਾਰਾਂ ਸਾਲਾਂ ਦਾ ਸਭ ਤੋਂ ਵੱਡਮੁੱਲਾ ਤੋਹਫਾ ਹਨ ਚੈਸਮੈਨ ਦੇ ਚਾਰ

## ਚੱਲ ਸੋ ਚੱਲ

ਨਾਵਲ ਜਿਨ੍ਹਾਂ ਦੇ ਪ੍ਰਕਾਸ਼ਨ ਨੇ ਨਾ ਸਿਰਫ ਉਸ ਨੂੰ ਮਹਾਨ ਸਾਹਿਤਕਾਰ ਪ੍ਰਮਾਣਿਤ ਕਰ ਦਿੱਤਾ ਸਗੋਂ ਉਸ ਲਈ ਲੱਖਾਂ ਲੋਕਾਂ ਦੀਆਂ ਹਮਦਰਦੀਆਂ ਵੀ ਜਿੱਤ ਲਈਆਂ 1954 ਵਿਚ ਜਦ ਉਹਦਾ ਪਹਿਲਾ ਨਾਵਲ 'ਸੈਲ 2455 ਡੈਥ ਰੋਅ' ਪ੍ਰਕਾਸ਼ਤ ਹੋਇਆ ਤਾਂ ਸਾਹਿਤ ਜਗਤ ਵਿਚ ਤਰਥੱਲੀ ਮਚ ਗਈ। ਮੌਤ ਨਾਲ ਸੰਘਰਸ਼ ਕਰ ਰਹੇ ਅਪਰਾਧੀ ਅਤੇ ਡਾਕੂ ਕਹੇ ਜਾਣ ਵਾਲੇ ਵਿਅਕਤੀ ਦੀ ਕਲਪਨਾ ਦੀ ਇਹ ਉਡਾਣ, ਇਹ ਪ੍ਰਭਾਵਸ਼ਾਲੀ ਪ੍ਰਵਾਹਮਈ ਭਾਸ਼ਾ ਅਤੇ ਐਡੀ ਸੁਚੱਜੀ ਲਿਖਣ ਸ਼ੈਲੀ! ਚੈਸਮੈਨ ਦੀ ਮੌਤ ਦੇ ਦਿਹਾੜੇ ਤੀਕਰ ਨਾਵਲ ਦੀਆਂ ਪੰਦਰਾਂ ਲੱਖ ਕਾਪੀਆਂ ਵਿਕ ਚੁੱਕੀਆਂ ਸਨ।

ਉਸ ਦੇ ਦੋ ਹੋਰ ਨਾਵਲ 'ਟ੍ਰਾਇਲ' ਅਤੇ 'ਫੇਸ ਆਫ ਜਸਟਿਸ' ਵੀ ਜੇਲ੍ਹ ਜੀਵਨ 'ਚ ਹੀ ਛਪ ਚੁੱਕੇ ਸਨ ਤੇ ਚੌਥਾ ਅਤੇ ਆਖਰੀ ਨਾਵਲ ਦੋ ਮਈ ਨੂੰ ਠੀਕ ਉਸ ਵੇਲੇ ਬਾਜ਼ਾਰ ਵਿਚ ਲਿਆਂਦਾ ਗਿਆ ਜਦੋਂ ਉਹ 'ਗੈਸ ਚੈਂਬਰ' ਵਿਚ ਜ਼ਿੰਦਗੀ ਦੇ ਆਖਰੀ ਸਾਹਾਂ 'ਤੇ ਸੀ। ਮਰਨ ਤੋਂ ਪਹਿਲਾਂ ਉਹਨੇ ਕਿਹਾ ਸੀ, 'ਅੱਜ ਜੇਕਰ ਮੈਨੂੰ ਜ਼ਿੰਦਾ ਰਹਿਣ ਦਾ ਮੌਕਾ ਮਿਲਦਾ ਤਾਂ ਆਪਣੀ ਕਲਮ ਨਾਲ ਮੈਂ ਸਾਹਿਤ ਅਤੇ ਸਮਾਜ ਦੀ ਹੋਰ ਵੱਡਮੁੱਲੀ ਸੇਵਾ ਕਰ ਸਕਦਾ।' ਪਰ ਕਾਨੂੰਨ ਨੇ ਉਹਨੂੰ ਜ਼ਿੰਦਾ ਰਹਿਣ ਦੀ ਮੋਹਲਤ ਨਹੀਂ ਦਿੱਤੀ।

2 ਮਈ 1960 ਨੂੰ ਜੇਲ੍ਹ ਅਧਿਕਾਰੀਆਂ ਤੇ ਚੈਸਮੈਨ ਦੀ ਖਾਸ ਇਜਾਜ਼ਤ ਨਾਲ ਪ੍ਰਸਿੱਧ ਫਿਲਮ ਨਿਰਮਾਤਾ 'ਮਾਰਲਿਨ ਬ੍ਰੈਂਡੋ', ਗ੍ਰੀਨ ਰੂਮ ਦੇ ਦਰਵਾਜ਼ੇ 'ਤੇ ਮੌਜੂਦ ਸੀ। ਇਸ ਵਾਸਤੇ ਕਿ ਉਹ 'ਚੈਸਮੈਨ' ਦੀ ਜ਼ਿੰਦਗੀ ਦੀ ਫਿਲਮ ਬਣਾਏਗਾ ਅਤੇ ਮੌਤ ਦੀ ਸਜ਼ਾ ਦੇ ਵਿਰੁਧ ਉਸ ਦੇ ਸੰਘਰਸ਼ ਨੂੰ ਅੱਗੇ ਵਧਾਏਗਾ।

ਆਖਿਰ ਕਾਨੂੰਨ ਦੇ ਹੱਥਾਂ ਨੇ ਚੈਸਮੈਨ ਦਾ ਗਲਾ ਘੁੱਟ ਕੇ ਸਾਹ ਲਿਆ। ਕਾਨੂੰਨ ਅਤੇ ਤਕਦੀਰ-ਜ਼ਿੰਦਗੀ ਅਤੇ ਮੌਤ। ਕਾਨੂੰਨ ਵੀ ਤਾਂ ਸ਼ਾਇਦ ਕਿਸਮਤ ਦੀ ਖੇਡ ਹੈ? ਇਹਨੂੰ ਕੁਦਰਤ ਦਾ ਭਾਣਾ ਕਹਿ ਲਉ ਕਿ ਚੈਸਮੈਨ ਵਿਰੁਧ ਕਤਲ ਦਾ ਇਲਜ਼ਾਮ ਸਾਬਤ ਨਹੀਂ ਹੋ ਸਕਿਆ। ਕਤਲ ਨਾ ਕੀਤਾ ਹੋਵੇ ਤੇ ਫੇਰ ਵੀ ਮੌਤ ਦਾ ਸਜ਼ਾ ਦਾ ਹੱਕਦਾਰ ਹੈ। ਕੈਲੀਫੋਰਨੀਆ ਦਾ ਇਹ ਬਦਕਿਸਮਤ ਸਾਹਿਤਕਾਰ ਜੇ ਸਾਡੇ ਦੇਸ਼ ਵਿਚ ਪੈਦਾ ਹੋਇਆ ਹੁੰਦਾ ਤਾਂ ਅਪਰਾਧ ਦੀਆਂ ਅਜਿਹੀਆਂ ਜ਼ਿਮਨੀਆਂ ਦੇ ਆਧਾਰ 'ਤੇ ਸ਼ਾਇਦ ਮੌਤ ਦੀ ਸਜ਼ਾ ਤੋਂ ਬਚ ਜਾਂਦਾ।

---

# ਅਮਰਜੀਤ ਗੁਰਦਾਸਪੁਰੀ

*(ਪਿਛਲੇ ਸਫੇ ਤੋਂ ਜਾਰੀ)*

ਗਾਇਕਾਂ ਵਿਚ ਇਧਰਲੇ ਪੰਜਾਬ ਵਿਚ ਸੁਰਿੰਦਰ ਕੌਰ ਅਤੇ ਯਮਲਾ ਜੱਟ ਦਾ ਨਾਮ ਉਸ ਨੇ ਆਦਰ ਨਾਲ ਲਿਆ ਸੀ ਅਤੇ ਉਧਰਲੇ ਪੰਜਾਬ ਵਿਚ ਉਹ ਦੀ ਪਸੰਦ ਮਹਿਦੀ ਹਸਨ, ਰੇਸ਼ਮਾ, ਨਾਹੀਦ ਤੇ ਅਖਤਰ ਅਤੇ ਆਲਮ ਲੁਹਾਰ ਸਨ।

ਉਸ ਨੇ ਕਿਹਾ, "ਇਕ ਤਾਂ ਕਲਾਕਾਰ ਨੂੰ ਪਾਰਟੀ ਬੰਧੇਜ ਵਿਚ ਨਹੀਂ ਬੱਝਣਾ ਚਾਹੀਦਾ। ਇਸ ਨਾਲ ਉਸ ਦੀ ਮੌਲਿਕਤਾ ਨਸ਼ਟ ਹੋਣ ਦਾ ਖਤਰਾ ਬਣਿਆ ਰਹਿੰਦਾ ਪਰ 'ਬੰਧੇਜ ਵਿਚ ਨਾ ਬੱਝਣ' ਦਾ ਇਹ ਅਰਥ ਨਹੀਂ ਕਿ ਉਸ ਦੀਆਂ ਵਾਗਾਂ ਖੁੱਲ੍ਹੀਆਂ ਹੋ ਗਈਆਂ ਹਨ ਅਤੇ ਉਸ ਦੀ ਕੋਈ ਜ਼ਿੰਮੇਵਾਰੀ ਰਹੀ ਹੀ ਨਹੀਂ। ਉਹ ਜੋ ਚਾਹੇ ਗੰਦ-ਮੰਦ ਬਕਦਾ ਰਹੇ। ਗਾਇਕ ਨੂੰ ਪੈਸੇ ਦੀ ਨਹੀਂ, ਆਪਣੇ ਅੰਦਰ ਦੀ ਆਵਾਜ਼ ਸੁਣਨੀ ਚਾਹੀਦੀ ਹੈ।"

'ਅੰਦਰ ਦੀ ਆਵਾਜ਼' ਸੁਣਨ ਦੀ ਬਹੁਤ ਹੀ ਖੂਬਸੂਰਤ ਮਿਸਾਲ ਇਉਂ ਹੈ:

ਇਕ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਨਫਰੰਸ ਉਤੇ ਰੂਸੀ ਡੈਲੀਗੇਸ਼ਨ ਆਇਆ। ਅਮਰਜੀਤ ਗੁਰਦਾਸਪੁਰੀ ਨੇ ਉਸ ਦੇ ਸਵਾਗਤ ਵਿਚ ਗਾਇਆ ਮੋਹਨ ਸਿੰਘ ਦਾ ਲਿਖਿਆ ਬਹੁ-ਚਰਚਿਤ ਗੀਤ, 'ਅੱਜ ਕੋਈ ਆਇਆ ਸਾਡੇ ਵਿਹੜੇ।' ਇਸ ਨੂੰ ਬੇਹੱਦ ਪਸੰਦ ਕੀਤਾ ਗਿਆ। ਇੱਥੋ ਇਹ ਗੀਤ ਉਸ ਦੇ ਅੰਦਰ ਦੀ ਆਵਾਜ਼ ਸੀ ਪਰ ਖਡੂਰ ਸਾਹਿਬ ਦੇ ਮੇਲੇ 'ਤੇ ਉਸ ਨੂੰ ਉਚੇਚਾ ਬੁਲਾ ਕੇ ਜਦੋਂ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਆਮਦ ਦੀ ਖੁਸ਼ੀ ਵਿਚ ਇਹੋ ਹੀ ਗੀਤ ਗਾਉਣ ਲਈ ਕਿਹਾ ਗਿਆ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ।

ਉਸ ਨੇ ਆਪਣੇ ਯਤਨਾਂ ਨਾਲ ਕਈ ਲੋਕ ਗੀਤ ਲੱਭੇ ਅਤੇ ਉਨ੍ਹਾਂ ਲਈ ਧੁਨਾਂ ਵੀ ਤਿਆਰ ਕੀਤੀਆਂ। ਇਹ ਗੀਤ ਅਤੇ ਧੁਨਾਂ ਬਾਅਦ ਵਿਚ ਇੰਨੀਆਂ ਪ੍ਰਚਲਿਤ ਹੋਈਆਂ ਕਿ ਹਰ ਗਾਇਕ ਇਨ੍ਹਾਂ ਗੀਤਾਂ ਅਤੇ ਧੁਨਾਂ ਨੂੰ ਵਰਤਣ ਲੱਗਾ। 'ਗਲੀ ਗਲੀ ਵਣਜਾਰਾ ਫਿਰਦਾ' ਲੋਕ ਗੀਤ ਉਸ ਨੇ ਹੀ ਸਭ ਤੋਂ ਪਹਿਲਾਂ ਪਾਰਟੀ ਦੀ ਸੂਬਾ ਕਾਨਫਰੰਸ ਮੌਕੇ ਗਾਇਆ ਸੀ। ਇਹ ਗੀਤ ਉਸ ਨੇ ਨਿੱਕੇ ਹੁੰਦਿਆਂ ਭੰਡਾਰ ਕੱਤਦੀਆਂ ਕੁੜੀਆਂ ਕੋਲੋਂ ਸੁਣਿਆ ਸੀ। ਉਸ ਕੋਲੋਂ ਸੁਣ ਕੇ ਇਹ ਗੀਤ ਪੰਜਾਬ ਦੇ ਹਰ ਗਾਇਕ ਨੇ ਗਾਇਆ। ਅੱਜਕੱਲ੍ਹ ਵੀ ਲੰਮੀ ਹੇਕ ਵਿਚ ਗਾਏ ਅਲਾਪ ਲੈ ਕੇ ਇਹ ਸਤਰਾਂ ਸਟੇਜਾਂ 'ਤੇ ਗਾਈਆਂ ਤਾਂ ਹਰ ਜਾਨਦਾਰ ਗਾਇਕ ਦੀ ਇਹ ਪਹਿਲੀ ਪਸੰਦ ਬਣ ਗਈਆਂ। ਅੱਜ ਕਿਸ ਨੂੰ ਪਤਾ ਹੈ ਕਿ ਇਨ੍ਹਾਂ ਸਤਰਾਂ ਦਾ ਮੁਢਲਾ ਖੋਜੀ ਅਤੇ ਪਹਿਲਾ ਗਾਇਕ ਅਮਰਜੀਤ ਗੁਰਦਾਸਪੁਰੀ ਹੈ।

ਉਸ ਦੇ ਸੁਭਾਅ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਰਹੀ ਹੈ ਆਪਣੇ ਗੀਤਕਾਰਾਂ ਦਾ ਬਣਦਾ ਸਨਮਾਨ ਕਰਨਾ। ਉਸ

> **"ਮੈਂ ਇਕ ਵਾਰ ਐਲਾਨੀਆ ਕਿਹਾ ਕਿ ਮੈਂ ਗੰਦੇ ਗੀਤ ਨਹੀਂ ਗਾਉਂਦਾ। ਕਿਸੇ ਮਹਿਫਲ ਵਿਚ ਮੈਂ ਸ਼ਰਾਬ ਦੇ ਨਸ਼ੇ ਵਿਚ ਕੋਈ ਨੀਮ ਗੀਤ ਗਾਉਣ ਲੱਗਾ ਤਾਂ ਇਕ ਆਦਮੀ ਉਠ ਕੇ ਖਲੋ ਗਿਆ ਅਤੇ ਕਹਿਣ ਲੱਗਾ, 'ਤੂੰ ਤਾਂ ਆਖਦਾ ਸੈਂ ਕਿ ਮੈਂ ਮੰਦੇ ਗੀਤ ਨਹੀਂ ਗਾਉਣੇ।' ਮੈਂ ਸ਼ਰਮਿੰਦਾ ਹੋ ਗਿਆ ਅਤੇ ਹੱਥ ਜੋੜ ਕੇ ਉਸ ਤੋਂ ਮੁਆਫੀ ਮੰਗੀ। ਉਸ ਨੇ ਮੈਨੂੰ ਡਿੱਗਦੇ ਨੂੰ ਬੋਚ ਲਿਆ ਸੀ।"**

ਜਾਂਦੇ 'ਮਿਰਜ਼ੇ ਦੇ ਬੋਲ' ਉਸ ਦੀ ਖੋਜ ਹਨ ਜਿਸ ਵਿਚ ਮਿਰਜ਼ੇ ਨੂੰ ਉਸ ਦੀ ਭਾਬੀ ਮੱਤ ਦਿੰਦੀ ਹੈ:

ਚੜ੍ਹਦੇ ਮਿਰਜ਼ੇ ਖਾਨ ਨੂੰ,
ਵੱਡੀ ਭਾਬੀ ਲੈਂਦੀ ਥੰਮ੍ਹ
ਵੇ ਮੈਂ ਕਦੇ ਨਾ ਦਿਓਰ ਵੰਗਾਰਿਆ-

ਇਹ ਸਤਰਾਂ ਪੀਲੂ ਦੇ ਲਿਖੇ ਮਿਰਜ਼ੇ ਵਿਚ ਸ਼ਾਮਲ ਨਹੀਂ ਹਨ। ਹੋਰ ਵੀ ਕਿਧਰੇ ਇਹ ਛਪੀਆਂ ਨਹੀਂ ਮਿਲਦੀਆਂ। ਇਕ ਵਾਰ ਅਮਰਜੀਤ ਡੇਰਾ ਬਾਬਾ ਨਾਨਕ ਤੋਂ ਸਾਈਕਲ 'ਤੇ ਆਪਣੇ ਪਿੰਡ ਨੂੰ ਜਾ ਰਿਹਾ ਸੀ। ਉਸ ਨੇ ਸੁਣਿਆ, ਉਸ ਤੋਂ ਅੱਗੇ ਜਾ ਰਿਹਾ ਸਾਈਕਲ ਸਵਾਰ ਇਹੋ ਸਤਰਾਂ ਬੜੀ ਮਸਤੀ ਵਿਚ ਗਾਉਂਦਾ ਜਾ ਰਿਹਾ ਸੀ। ਅਮਰਜੀਤ ਨੂੰ ਜਿਵੇਂ ਖਜ਼ਾਨਾ ਮਿਲ ਗਿਆ। ਉਸ ਨੇ ਉਸੇ ਵੇਲੇ ਉਸ ਸਾਈਕਲ ਸਵਾਰ ਤੋਂ ਇਹ ਸਤਰਾਂ ਪੁੱਛ ਕੇ ਲਿਖ ਲਈਆਂ। ਫਿਰ ਜਦੋਂ ਉਸ ਨੇ ਲੰਮਾ

ਨੂੰ ਸਦਾ ਇਹ ਇਤਰਾਜ਼ ਰਿਹਾ ਕਿ ਗਾਉਣ ਵਾਲੇ, ਗੀਤ ਲਿਖਣ ਵਾਲੇ ਦਾ ਨਾਮ ਕਿਉਂ ਨਹੀਂ ਲੈਂਦੇ। ਉਸ ਨੇ ਬਹੁਤ ਸਾਰੇ ਗਾਇਕਾਂ ਨੂੰ ਇਹ ਆਦਤ ਪਾਈ ਅਤੇ ਉਹ ਗਾਉਣ ਤੋਂ ਪਹਿਲਾਂ ਗੀਤਕਾਰ ਦਾ ਨਾਮ ਪੂਰੇ ਅਦਬ ਨਾਲ ਲੈਣ ਲੱਗੇ। ਅੱਜਕੱਲ੍ਹ ਗੀਤਕਾਰ ਨੂੰ ਉਹਲੇ ਵਿਚ ਰੱਖਣ ਦੀ ਇਹ ਬੀਮਾਰੀ ਆਮ ਹੀ ਹੈ। ਇਸ ਬਾਰੇ ਵੀ ਉਸ ਨੇ ਦਿਲਚਸਪ ਘਟਨਾ ਸੁਣਾਈ।

ਦਿੱਲੀ ਦੀ ਬਹੁਤ ਵੱਡੀ ਸਟੇਜ ਸੀ। ਸਟੇਜ 'ਤੇ ਉਸ ਵੇਲੇ ਦੇ ਮਹੱਤਵਪੂਰਨ ਕੇਂਦਰੀ ਆਗੂ ਬਾਬੂ ਜਗਜੀਵਨ ਰਾਮ ਅਤੇ ਸੁਰਜੀਤ ਸਿੰਘ ਮਜੀਠੀਆ ਵੀ ਬੈਠੇ ਹੋਏ ਸਨ। ਜਦੋਂ ਅਮਰਜੀਤ ਗੁਰਦਾਸਪੁਰੀ ਗੀਤ ਪੇਸ਼ ਕਰਨ ਲਈ ਉਠਿਆ ਤਾਂ ਉਸ ਨੇ ਕਿਹਾ ਕਿ ਇਹ ਜਿਹੜਾ ਗੀਤ 'ਠੰਢੇ ਬੁਰਜ ਵਿਚ ਦਾਦੀ ਮਾਤਾ' ਮੈਂ ਤੁਹਾਨੂੰ ਸੁਣਾਉਣ ਲੱਗਾ ਹਾਂ, ਇਹ ਗੀਤ ਗਾ ਤਾਂ ਮੈਂ ਰਿਹਾ ਹਾਂ ਪਰ ਲਿਖਿਆ ਇਸ ਨੂੰ ਕਰਤਾਰ ਸਿੰਘ ਬਲੱਗਣ ਹੁਰਾਂ ਹੈ ਜੋ ਸਟੇਜ 'ਤੇ ਵੀ ਬਿਰਾਜਮਾਨ ਹਨ। ਮੇਰੀ ਬੇਨਤੀ ਹੈ ਕਿ ਜਿਸ ਨੇ ਮੈਨੂੰ ਇਨਾਮ ਦੇਣਾ ਹੋਵੇ, ਉਹ ਗੀਤ ਦੇ ਲੇਖਕ ਨੂੰ ਵੀ ਇਨਾਮ ਨਾਲ ਦੇਵੇ।

ਤੇ ਹੋਇਆ ਵੀ ਇੰਜ ਹੀ। ਲੋਕਾਂ ਨੇ ਉਸ ਦੇ ਨਾਲ ਹੀ ਬਲੱਗਣ ਨੂੰ ਵੀ ਬਰਾਬਰ ਦਾ ਸਨਮਾਨ ਦਿੱਤਾ। ਉਸ ਅਨੁਸਾਰ ਜਦੋਂ ਕੋਈ ਗਾਇਕ, ਗੀਤ ਲੇਖਕ ਦਾ ਨਾਮ ਲੈਂਦਾ ਹੈ ਤਾਂ ਉਸ ਦੀ ਆਪਣੀ ਸੋਭਾ ਵਧਦੀ ਹੈ, ਘਟਦੀ ਨਹੀਂ।

ਜਦੋਂ ਲਾਲ ਚੰਦ ਯਮਲਾ ਜੱਟ, ਵਿਧਾਤਾ ਸਿੰਘ ਤੀਰ ਦੀ ਲਿਖੀ ਰਚਨਾ 'ਵਾਹ ਵਾਹ ਗੜ੍ਹੀਏ ਚਮਕੌਰ ਦੀਏ' ਗਾਉਂਦਾ ਸੀ ਅਤੇ ਆਖਿਰ ਉਤੇ 'ਤੀਰ' ਦੀ ਥਾਂ ਆਖਦਾ ਸੀ, 'ਯਮਲੇ ਨੂੰ ਦਿਲੋਂ ਪਿਆਰੀ ਏਂ' ਤਾਂ ਆਪਣੇ ਮਨ-ਪਸੰਦ ਗਾਇਕ ਦੀ ਇਹ ਹਰਕਤ ਅਮਰਜੀਤ ਨੂੰ ਬੜੀ ਰੜਕਦੀ ਸੀ।

ਅੱਜ ਤੋਂ ਤਿੰਨ ਦਹਾਕੇ ਪਹਿਲਾਂ ਉਸ ਨੂੰ ਲੱਗਦਾ ਸੀ ਕਿ ਕਲਾਕਾਰ ਨਿਰੋਲ ਪੈਸੇ ਨੂੰ ਮੁੱਖ ਰੱਖ ਕੇ ਲੋਕਾਂ ਦੇ ਸੁਹਜ-ਸਵਾਦ ਨੂੰ ਖਰਾਬ ਕਰਨ 'ਤੇ ਤੁੱਲ ਪਏ ਹਨ ਅਤੇ ਗੰਦੇ ਗੀਤ ਗਾ ਕੇ ਵਾਤਾਵਰਣ ਗੰਧਲਾ ਕਰ ਰਹੇ ਹਨ। ਚੰਗੇ ਭਲੇ ਲੇਖਕਾਂ ਵੱਲੋਂ ਵੀ ਪੈਸੇ ਖਾਤਰ ਜਾਣ ਬੁੱਝ ਕੇ ਗੰਦੇ ਗੀਤ ਲਿਖਣੇ ਉਸ ਨੂੰ ਬੁਰੇ ਲੱਗਦੇ ਸਨ। ਉਸ ਨੇ ਉਸ ਵੇਲੇ ਦੇ ਪ੍ਰਸਿੱਧ ਗੀਤਕਾਰ ਗੁਰਦੇਵ ਸਿੰਘ ਮਾਨ ਬਾਰੇ ਆਖਿਆ ਸੀ, "ਉਹ ਚੰਗਾ ਲੇਖਕ ਹੈ, ਚੰਗਾ ਲਿਖ ਸਕਦਾ ਹੈ ਪਰ ਉਸ ਨੇ ਵੀ ਪੈਸੇ ਦੀ ਖਾਤਰ ਪੱਧਰ ਤੋਂ ਨੀਵੇਂ ਗੀਤ ਲਿਖੇ ਹਨ। ਮਿਸਾਲ ਦੇ ਤੌਰ 'ਤੇ ਗੋਰੇ ਰੰਗ ਵਾਲੀ ਰਜਿੰਦਰ ਰਾਜਨ ਅਤੇ ਕਾਲੇ ਰੰਗ ਵਾਲੇ ਮੁਹੰਮਦ ਸਦੀਕ ਲਈ ਉਸ ਨੇ ਜਦੋਂ ਗੀਤ ਲਿਖਿਆ, 'ਖਰਬੂਜੇ ਵਰਗੀ ਜੱਟੀ ਖਾ ਲਈ ਵੇ ਕਾਲੇ ਨਾਗ ਨੇ' ਤਾਂ ਉਹ ਪੈਸੇ ਦੀ ਟੁਣਕਾਰ ਸੁਣ ਕੇ ਆਪਣੇ ਕਲਾ-ਧਰਮ ਤੋਂ ਥਿੜਕ ਗਿਆ ਸੀ।

ਇਹ ਤਾਂ ਤੀਹ ਸਾਲ ਪੁਰਾਣੀ ਗੱਲ ਹੈ, ਜਦੋਂ ਕਲਾਕਾਰਾਂ ਦੀ ਕੋਈ ਸਮਾਜਿਕ ਜ਼ਿੰਮੇਵਾਰੀ ਹੁੰਦੀ ਸੀ ਅਤੇ ਉਹ ਜ਼ਿੰਮੇਵਾਰੀ ਸਮਝਦੇ ਵੀ ਸਨ। ਅੱਜਕੱਲ੍ਹ ਦੇ ਗਾਇਕਾਂ ਅਤੇ ਗੀਤਕਾਰਾਂ ਦੀ ਤਾਂ ਗੱਲ ਹੀ ਕੀ ਕਰਨੀ ਹੋਈ! ਹੁਣ ਤਾਂ ਇਕ ਅੱਧੇ ਨੂੰ ਛੱਡ ਕੇ ਸਾਰਾ ਵੱਗ ਹੀ ਬੇਮੁਹਾਰਾ ਹੋਇਆ ਪਿਆ ਹੈ।

ਅਮਰਜੀਤ ਦਾ ਇਹ ਵੀ ਵਿਚਾਰ ਹੈ ਕਿ ਜੇ ਕਲਾਕਾਰ ਆਪਣੇ-ਆਪ ਨੂੰ ਇਕ ਪੱਧਰ 'ਤੇ ਖਲ੍ਹਿਆਰ ਲਵੇ ਤਾਂ ਲੋਕ ਉਸ ਨੂੰ ਉਸ ਪੱਧਰ ਤੋਂ ਹੇਠਾਂ ਡਿੱਗਣ ਵੀ ਨਹੀਂ ਦਿੰਦੇ। ਇਹ ਕੋਈ ਬਹਾਨਾ ਨਹੀਂ ਕਿ ਅਸੀਂ ਤਾਂ ਲੋਕਾਂ ਦੀ ਮੰਗ 'ਤੇ ਇਹੋ ਜਿਹਾ ਗਾਉਂਦੇ ਹਾਂ, ਕਿ ਅਸੀਂ ਤਾਂ ਚੰਗਾ ਹੀ ਗਾਉਣਾ ਚਾਹੁੰਦੇ ਹਾਂ, ਲੋਕ ਹੀ ਇਹੋ ਜਿਹੇ ਗੀਤ ਤੇ ਗਾਉਣ ਪਸੰਦ ਕਰਦੇ ਹਨ। ਉਸ ਨੇ ਲੋਕਾਂ ਦੇ ਕਿਰਦਾਰ ਦੀ ਬੁਲੰਦੀ ਨੂੰ ਦੱਸਦੀ ਬੜੀ ਦਿਲਚਸਪ ਗੱਲ ਸੁਣਾਈ।

"ਮੈਂ ਇਕ ਵਾਰ ਐਲਾਨੀਆ ਕਿਹਾ ਕਿ ਮੈਂ ਗੰਦੇ ਗੀਤ ਨਹੀਂ ਗਾਉਂਦਾ। ਕਿਸੇ ਮਹਿਫਲ ਵਿਚ ਮੈਂ ਸ਼ਰਾਬ ਦੇ ਨਸ਼ੇ ਵਿਚ ਕੋਈ ਨੀਮ ਗੀਤ ਗਾਉਣ ਲੱਗਾ ਤਾਂ ਇਕ ਆਦਮੀ ਉਠ ਕੇ ਖਲੋ ਗਿਆ ਅਤੇ ਕਹਿਣ ਲੱਗਾ, 'ਤੂੰ ਤਾਂ ਆਖਦਾ ਸੈਂ ਕਿ ਮੈਂ ਮੰਦੇ ਗੀਤ ਨਹੀਂ ਗਾਉਣੇ।' ਮੈਂ ਸ਼ਰਮਿੰਦਾ ਹੋ ਗਿਆ ਅਤੇ ਹੱਥ ਜੋੜ ਕੇ ਉਸ ਤੋਂ ਮੁਆਫੀ ਮੰਗੀ। ਉਸ ਨੇ ਮੈਨੂੰ ਡਿੱਗਦੇ ਨੂੰ ਬੋਚ ਲਿਆ ਸੀ। ਉਸ ਤੋਂ ਪਿੱਛੋਂ ਜੇ ਕਦੀ ਮੇਰਾ ਮਨ ਲਲਚਾਇਆ ਵੀ ਤਾਂ ਉਹ ਸੱਜਣ ਜੋਗਾ ਸਿੰਘ, ਸਾਹਮਣੇ ਦਸਮੇਸ਼ ਪਿਤਾ ਵਾਂਗ ਮੇਰੇ ਸਾਹਮਣੇ ਆਣ ਹਾਜ਼ਰ ਹੁੰਦਾ ਰਿਹਾ। ਇਸ ਲਈ ਸਾਨੂੰ ਆਪਣਾ ਮਿਆਰ ਨਿਸ਼ਚਿਤ ਕਰਕੇ ਉਸ 'ਤੇ ਕਾਇਮ ਰਹਿਣਾ ਚਾਹੀਦਾ ਹੈ। ਲੋਕ ਤੁਹਾਨੂੰ ਮਾਣ ਵੀ ਦੇਣਗੇ ਅਤੇ ਤੁਹਾਨੂੰ ਡਿੱਗਣੋਂ ਵੀ ਬਚਾਉਣਗੇ।"

ਇਸ ਬਜ਼ੁਰਗ ਕਲਾਕਾਰ ਦੀਆਂ ਗੱਲਾਂ ਨੂੰ ਸੁਣਨ ਦਾ ਅੱਜਕੱਲ੍ਹ ਦੇ 'ਕਲਾਕਾਰਾਂ' ਕੋਲ ਵਿਹਲ ਕਿੱਥੇ ਹੈ ਪਰ ਜਿਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਕਦਰ ਹੈ, ਉਹ ਇਹ ਗੱਲਾਂ ਵਾਰ-ਵਾਰ ਕਰਨਗੇ, ਵਾਰ ਵਾਰ ਦੁਹਰਾਉਣਗੇ ਅਤੇ ਉਨ੍ਹਾਂ ਨੂੰ ਇਹ ਗੱਲਾਂ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ।

ਮੈਂ ਵੀ ਉਸ ਦੀਆਂ ਗੱਲਾਂ ਅਤੇ ਗਾਉਣ ਦੇ ਕਦਰਦਾਨਾਂ ਵਿਚੋਂ ਹਾਂ। ਚੰਗੇ ਬੰਦਿਆਂ ਦੀਆਂ ਚੰਗੀਆਂ ਗੱਲਾਂ ਜਦੋਂ ਵੀ ਕੀਤੀਆਂ, ਚੰਗੀ ਗੱਲ ਹੀ ਹੁੰਦੀ ਹੈ।

## ਕਹਾਣੀ

# ਮਾਸੜ ਜੀ

***ਹਿੰਦੀ ਦੇ ਕਹਾਣੀਕਾਰ ਉਦੈ ਪ੍ਰਕਾਸ਼ ਦੀ ਕਹਾਣੀ 'ਮਾਸੜ ਜੀ' ਵਿਚ ਵੀ ਉਸ ਦੀਆਂ ਹੋਰ ਕਹਾਣੀਆਂ ਵਾਂਗ ਵਿਅੰਗ ਦਾ ਬਾਣ ਬਹੁਤ ਤਿੱਖਾ ਹੈ। ਉਹ 'ਮਾਸੜ ਜੀ' ਪਾਤਰ ਦੇ ਬਹਾਨੇ ਆਜ਼ਾਦ ਭਾਰਤ ਦਾ ਜੋ ਨਕਸ਼ਾ ਖਿੱਚਦਾ ਹੈ, ਉਹ ਸਾਧਾਰਨ ਹੋਣ ਦੇ ਬਾਵਜੂਦ ਬੜਾ ਅਸਾਧਾਰਨ ਹੈ। ਦੇਸ਼ ਦੇ ਹੋਰ ਅਣਗਿਣਤ ਲੋਕਾਂ ਵਾਂਗ ਮਾਸੜ ਜੀ ਜ਼ਿੰਦਗੀ ਦੀ ਦੌੜ ਵਿਚ ਬਹੁਤ ਪਛੜ ਜਾਂਦੇ ਹਨ ਪਰ ਤਰੱਕੀ ਦੀ ਕਲਪਨਾ ਉਸ ਨੂੰ ਕਿਤੇ ਦਾ ਕਿਤੇ ਉਡਾਈ ਫਿਰਦੀ ਹੈ। ਜਦ ਕਦੇ ਹਕੀਕਤ ਨਾਲ ਸਿੱਧਾ ਟਾਕਰਾ ਹੁੰਦਾ ਹੈ ਤਾਂ ਉਹਦਾ ਸਾਹ ਫੁੱਲ ਜਾਂਦਾ ਹੈ। ਇਹ ਉਸ ਦੇਸ਼ ਦੇ ਬਾਸ਼ਿੰਦੇ ਦੀ ਗਾਥਾ ਹੈ ਜਿਹਦੇ ਲਈ ਕਲਪਨਾ ਅਤੇ ਹਕੀਕਤ ਦੋ ਸਮਾਨ-ਅੰਤਰ ਤੁਰਦੀਆਂ ਰੇਖਾਵਾਂ ਵਾਂਗ ਹਨ ਜੋ ਕਦੀ ਵੀ ਨਹੀਂ ਮਿਲਦੀਆਂ। -ਸੰਪਾਦਕ***

**ਉਦੈ ਪ੍ਰਕਾਸ਼**

ਮਾਸੜ ਜੀ ਨੂੰ ਸਿਰਫ਼ ਮੈਂ ਹੀ ਨਹੀਂ, ਮੁਹੱਲੇ ਦੇ ਲਗਭਗ ਸਾਰੇ ਲੋਕ ਹੀ ਮਾਸੜ ਜੀ ਕਹਿੰਦੇ ਸਨ। ਸਾਗਰ (ਸ਼ਹਿਰ ਦਾ ਨਾਂ) ਵਿਚ ਤਿਰਾਹਾ ਹੈ ਜਿਸ ਨੂੰ ਤਿੰਨਪੱਤੀ ਕਹਿੰਦੇ ਹਨ। ਇਸ ਤੋਂ ਅੱਗੇ ਜਾਣ ਲਈ ਚੜ੍ਹਾਈ ਹੈ। ਸਾਗਰ ਉਂਜ ਵੀ ਉਚਾ-ਨੀਵਾਂ ਸ਼ਹਿਰ ਹੈ, ਭੋਪਾਲ ਵਰਗਾ। ਉਥੇ ਰਿਕਸ਼ੇ ਨਹੀਂ ਚੱਲਦੇ। ਟਾਂਗੇ ਜਾਂ ਟੈਕਸੀਆਂ ਸਵਾਰੀਆਂ ਢੋਂਦੀਆਂ ਨੇ। ਇਹ ਚੜ੍ਹਾਈ ਖਤਮ ਹੋਣ ਤੋਂ ਥੋੜ੍ਹਾ ਪਹਿਲਾਂ, ਖੱਬੇ ਪਾਸੇ ਤੰਗ ਗਲੀ ਖੁੱਲ੍ਹਦੀ ਹੈ। ਇਸ ਤੰਗ ਗਲੀ ਵਿਚ ਵੜਦਿਆਂ ਅਮੋਨੀਆ ਦੀ ਤਿੱਖੀ ਗੰਧ ਨਾਸਾਂ ਵਿਚ ਭਰ ਜਾਂਦੀ ਹੈ। ਇਸ ਗਲੀ ਦੇ ਦੋਵੇਂ ਪਾਸੇ ਉਚੀਆਂ ਕੰਧਾਂ ਹਨ ਜਿਨ੍ਹਾਂ 'ਤੇ ਹਾਜ਼ਮਾ, ਗੁਪਤ ਰੋਗ, ਪੱਖੇ, ਬੀੜੀ, ਸੁਰਮਾ, ਦੰਦ ਮੰਜਨ ਆਦਿ ਦੇ ਇਸ਼ਤਿਹਾਰ ਲਿਖੇ ਹੋਏ ਹਨ। ਇਹ ਕੰਧਾਂ ਦਰਅਸਲ ਉਚੀਆਂ ਬਿਲਡਿੰਗਾਂ ਦੇ ਪਿਛਵਾੜੇ ਹਨ ਜਿੱਥੇ ਪਖਾਨਿਆਂ, ਇਸ਼ਨਾਨ ਘਰਾਂ ਦੇ ਪਾਈਪ ਖੁੱਲ੍ਹਦੇ ਹਨ।

ਇਹ ਤੰਗ ਗਲੀ ਜਿੱਥੇ ਖ਼ਤਮ ਹੁੰਦੀ ਹੈ, ਉਥੇ ਕਚਰੇ ਅਤੇ ਟੁੱਟੀਆਂ-ਭੱਜੀਆਂ ਇੱਟਾਂ ਨਾਲ ਭਰਿਆ ਹੋਇਆ ਛੋਟਾ ਜਿਹਾ ਮੈਦਾਨ ਹੈ। ਇਸ ਮੈਦਾਨ ਵਿਚ ਉਹ ਲੋਕ ਜੰਗਲ ਪਾਣੀ ਜਾਂਦੇ ਹਨ ਜਿਨ੍ਹਾਂ ਕੋਲ ਪਖਾਨਿਆਂ ਦੀ ਸਹੂਲਤ ਨਹੀਂ। ਇਸ ਤੋਂ ਥੋੜ੍ਹਾ ਅੱਗੇ ਜਾ ਕੇ ਪਿੰਡ ਹੈ ਪਛੀਤਟੋਲਾ। ਮਾਸੜ ਜੀ ਇਸੇ ਪਿੰਡ ਵਿਚ ਰਹਿੰਦੇ ਹਨ।

ਮਾਸੜ ਜੀ ਨੂੰ ਮਿਲਣਾ ਕੋਈ ਦੁਰਲੱਭ ਪ੍ਰਾਪਤੀ ਨਹੀਂ ਹੈ। ਤੁਸੀਂ ਸ਼ਹਿਰ ਜਾ ਰਹੇ ਹੋਵੋ, ਬਜ਼ਾਰੋਂ ਮੁੜ ਰਹੇ ਹੋਵੋ, ਦਫ਼ਤਰ ਵੱਲ ਸਾਈਕਲ ਦੇ ਪੈਡਲ ਮਾਰ ਰਹੇ ਹੋਵੋ, ਫ਼ਿਲਮ ਦੇਖ ਕੇ ਘਰ ਮੁੜ ਰਹੇ ਹੋਵੋ ਜਾਂ ਕਾਲਜ ਜਾ ਰਹੇ ਹੋਵੋ, ਮਾਸੜ ਜੀ ਤੁਹਾਨੂੰ ਬਾਦਸਤੂਰ ਇੱਟਾਂ ਦੇ ਮਕਾਨ ਦੀ ਡਿਊਢੀ ਕੋਲ ਪੁਰਾਣੀ ਜਿਹੀ ਮੰਜੀ 'ਤੇ ਬੈਠੇ ਦਿਸ ਜਾਣਗੇ।

ਜਦ ਕੋਈ ਉਸ ਗਲੀ ਵਿਚੋਂ ਲੰਘਦਾ ਹੈ ਤਾਂ ਮਾਸੜ ਜੀ ਉਸ ਵੱਲ ਉਤਸੁਕਤਾ ਨਾਲ ਦੇਖਣ ਲੱਗਦੇ ਹਨ। ਇਸ ਤੱਕਣੀ ਵਿਚ ਬੇਵਸ ਲਾਲਚ ਹੁੰਦਾ ਹੈ, ਜਿਵੇਂ ਭੁੱਖਾ ਬੱਚਾ ਮਠਿਆਈ ਵੱਲ ਦੇਖਦਾ ਹੈ। ਹਰ ਬੰਦਾ ਇਸ ਦਾ ਅਰਥ ਸਮਝਦਾ ਹੈ ਅਤੇ ਦੰਦ ਕੱਢ ਕੇ ਸੱਜਾ ਹੱਥ ਚੁੱਕਦਿਆਂ ਹੋਇਆਂ ਉਚੀ ਆਵਾਜ਼ ਵਿਚ ਕਹਿੰਦਾ ਹੈ, "ਮਾਸੜ ਜੀ, ਜੈ ਹਿੰਦ।" ਮਾਸੜ ਜੀ ਸੰਤੁਸ਼ਟ ਹੋ ਜਾਂਦੇ ਹਨ ਅਤੇ ਚੁੱਪ-ਚਾਪ ਬੀੜੀ ਫੂਕਣ ਲੱਗਦੇ ਹਨ। ਜੇ ਕੋਈ ਹੜਬੜੀ ਵਿਚ ਹੋਵੇ, ਕਿਤੇ ਛੇਤੀ ਪਹੁੰਚਣ ਦੀ ਬੇਤਾਬੀ ਵਿਚ ਜਾ ਰਿਹਾ ਹੋਵੇ ਅਤੇ ਮਾਸੜ ਜੀ ਦੀ ਹੋਂਦ ਭੁੱਲ ਕੇ ਲੰਘ ਜਾਵੇ ਤਾਂ ਮਾਸੜ ਜੀ ਦੇ ਦਿਲ ਵਿਚ ਚੀਸ ਪੈਦਾ ਹੁੰਦੀ ਹੈ। ਦੁੱਖ ਨਾਲ ਉਹ ਉਖੜ ਜਾਂਦੇ ਹਨ ਅਤੇ ਬੁੜ-ਬੁੜ ਕਰਨ ਲੱਗਦੇ ਹਨ।

ਮੈਂ ਸਾਗਰ ਵਿਚ ਨਵਾਂ ਸੀ। ਨੌਕਰੀ ਵੀ ਨਹੀਂ ਸੀ। ਪਛੀਤਟੋਲਾ ਦੀ ਮਰਦਮਸ਼ੁਮਾਰੀ ਲਈ ਗਿਆ, ਵੋਟਰ ਲਿਸਟ ਤਿਆਰ ਹੋ ਰਹੀ ਸੀ, ਤਾਂ ਮਾਸੜ ਜੀ ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਮੈਨੂੰ ਆਪਣੀ ਢਿੱਲੀ ਮੰਜੀ 'ਤੇ ਆਪਣੇ ਪੋਤੇ ਵਾਂਗੂ ਬਿਠਾਇਆ। ਪਤਾ ਲੱਗਾ ਕਿ ਘਰ ਵਿਚ ਕੁੱਲ ਚਾਰ ਜੀਅ ਹਨ। ਮਾਸੜ ਜੀ ਅਤੇ ਉਨ੍ਹਾਂ ਦੇ ਤਿੰਨ ਪੁੱਤਰ। ਦੋ ਮੁੰਡੇ ਦੂਰ ਸ਼ਹਿਰਾਂ ਵਿਚ ਨੌਕਰੀ ਕਰਦੇ ਸਨ ਅਤੇ ਸਭ ਤੋਂ ਛੋਟਾ ਮੁੰਡਾ ਇੱਥੇ ਹੀ ਕਾਲਜ ਵਿਚ ਪੜ੍ਹ ਰਿਹਾ ਸੀ। ਖਾਣਾ-ਪੀਣਾ ਮਾਸੜ ਜੀ ਹੀ ਬਣਾਉਂਦੇ ਸਨ।

ਮਾਸੜ ਜੀ ਨਾਲ ਮੇਰੀ ਮੁਲਾਕਾਤ ਬੜੀ ਦਿਲਚਸਪ ਸੀ। ਉਨ੍ਹਾਂ ਨੇ ਕਿਹਾ, "ਬੇਟਾ ਕਦੇ ਸਾਡਾ ਜ਼ਮਾਨਾ ਸੀ। ਉਹ ਦਿਨ ਤਾਂ ਫੁਰਰ ਹੋ ਗਏ। ਤਦ ਅੰਗਰੇਜ਼ੀ ਹਕੂਮਤ ਸੀ। ਅਸੀਂ ਸਭ ਆਜ਼ਾਦੀ ਦੇ ਪਰਵਾਨੇ ਸੀ। ਸਮਝ ਲੈ, ਬੱਸ ਦਿਨ-ਰਾਤ ਇਕ ਹੀ ਧੁਨ। ਗਾਂਧੀ ਬੱਬਾ ਦਾ ਨਾਂ। ਭਜਨ, ਕੀਰਤਨ, ਵਰਤ ਅਤੇ ਸਸਤਾ ਖਾਦੀ ਚੋਲਾ। 'ਅੰਗਰੇਜ਼ੋ, ਭਾਰਤ ਛੱਡੋ'। ਜਦ ਗਾਂਧੀ ਬੱਬਾ ਨੇ ਕਿਹਾ ਤਾਂ ਵਾਇਸਰਾਏ ਸਾਹਿਬ ਸਾਡੀ ਕੋਠੀ ਆਏ। ਕੀ ਦੱਸਾਂ ਪੁੱਤਰਾ! ਕੀ ਠਾਠ-ਬਾਠ, ਲਾਮ-ਲਸ਼ਕਰ, ਸਾਜ਼ ਬਾਜ ਸੀ। ਵਾਇਸਰਾਏ ਸਾਹਿਬ ਮੇਰੇ ਸਾਹਮਣੇ ਹੱਥ ਜੋੜ ਕੇ ਇਕ ਪੈਰ 'ਤੇ ਖੜ੍ਹੇ ਹੋ ਕੇ ਕਹਿਣ ਲੱਗੇ, "ਮਾਸੜ ਜੀ, ਹੁਣ ਤੁਸੀਂ ਹੀ ਸਾਨੂੰ ਬਚਾ ਸਕਦੇ ਹੋ। ਗਾਂਧੀ ਬੱਬਾ ਤੁਹਾਡੀ ਬਹੁਤ ਮੰਨਦੇ ਹਨ। ਹੁਣ ਤੁਸੀਂ ਹੀ ਉਨ੍ਹਾਂ ਨੂੰ ਸਮਝਾਓ। ਸਾਨੂੰ ਇੱਥੇ, ਹਿੰਦੋਸਤਾਨ ਵਿਚ ਰਹਿਣ ਦੇਣ।' ਮੈਂ ਉਨ੍ਹਾਂ ਨੂੰ ਇਕੋ ਹੀ ਗੱਲ ਵਾਰ-ਵਾਰ ਕਹੀ, 'ਲਾਟ ਸਾਹਿਬ, ਤੁਸੀਂ ਤਾਂ ਹਾਕਮ-ਹੁਕਾਮ ਹੋ। ਇਹ ਤਾਂ ਸਿਧਾਂਤ ਦੀ ਗੱਲ ਹੈ, ਤਿਲਕ ਬੱਬਾ ਨੇ ਜੋ ਗੱਲ ਕਹੀ; ਗਾਂਧੀ ਬੱਬਾ ਵੀ ਉਹੀ ਗੱਲ ਕਹਿ ਰਹੇ ਹਨ ਕਿ ਭਾਈ ਆਜ਼ਾਦੀ ਤਾਂ ਸਾਡਾ ਜਨਮ ਸਿੱਧ ਅਧਿਕਾਰ ਹੈ।' ਤਾਂ ਪੁੱਤਰਾ ਵਾਇਸਰਾਏ ਸਾਹਿਬ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਹ ਰੋਣ ਲੱਗੇ। ਮੇਰੇ ਪੈਰ ਫੜ ਲਏ ਪਰ ਮੈਂ ਸਿਧਾਂਤ ਤੋਂ ਟੱਸ ਤੋਂ ਮੱਸ ਨਾ ਹੋਇਆ।"

...ਤੇ ਮੈਂ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਰਿਹਾ ਸਾਂ।

ਮਾਸੜ ਜੀ ਦੇ ਘਰ ਦੀ ਹਾਲਤ ਵੀ ਪਸਤ ਸੀ। ਜ਼ਮੀਨ-ਜਾਇਦਾਦ ਨਹੀਂ ਸੀ। ਬੱਸ ਇਹੀ ਇੱਟਾਂ ਦਾ ਬਣਿਆ ਪੁਰਾਣਾ ਮਕਾਨ ਸੀ ਜਿਸ ਦੀ ਇਕ ਹਨੇਰੀ ਕੋਠੜੀ ਨੂੰ ਉਨ੍ਹਾਂ ਨੇ ਵੀਹ ਰੁਪਏ ਮਹੀਨਾ ਕਿਰਾਏ 'ਤੇ ਦਿੱਤਾ ਹੋਇਆ ਸੀ। ਪ੍ਰਾਇਮਰੀ ਸਕੂਲ ਦਾ ਮਾਸਟਰ ਇਸ ਵਿਚ ਰਹਿੰਦਾ ਸੀ।

ਮੈਂ ਮਰਦਮਸ਼ੁਮਾਰੀ ਵਾਲਾ ਫਾਰਮ ਭਰਨ ਬਹਿ ਗਿਆ। ਕਈ ਖਾਨਾ-ਪੂਰਤੀਆਂ ਕਰਨੀਆਂ ਸਨ। ਮਾਸੜ ਜੀ ਅੰਦਰ ਗਏ ਅਤੇ ਥੋੜ੍ਹੇ ਚਿਰ ਪਿੱਛੋਂ ਮੁੜ ਆਏ। ਕੱਪੜੇ ਦਾ ਚੌਰਸ ਜਿਹਾ ਪੁਲੰਦਾ ਉਨ੍ਹਾਂ ਦੇ ਹੱਥ ਵਿਚ ਸੀ। ਉਹ ਉਸ ਨੂੰ ਮੰਜੀ 'ਤੇ ਰੱਖ ਕੇ ਕੰਬਦੇ ਹੱਥਾਂ ਨਾਲ ਖੋਲ੍ਹਣ ਲੱਗੇ।

ਮਾਸੜ ਜੀ ਦੇ ਸਿਰ 'ਤੇ ਇਕ ਵੀ ਵਾਲ ਕਾਲਾ ਨਹੀਂ ਸੀ। ਮੱਕੀ ਦੀ ਛੱਲੀ ਦੇ ਵਾਲਾਂ ਵਾਂਗੂ ਉਨ੍ਹਾਂ ਦੇ ਵਾਲ ਸਫ਼ੈਦ ਸਨ। ਪਲਕਾਂ, ਭਰਵੱਟੇ ਅਤੇ ਹੱਥ ਦੇ ਰੋਮਾਂ ਤੱਕ ਸਭ ਸਫ਼ੈਦ ਸਨ। ਚਮੜੀ 'ਤੇ ਵੱਟੋ-ਵੱਟ ਕੱਪੜੇ ਵਰਗੀਆਂ ਝੁਰੜੀਆਂ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਹਮੇਸ਼ਾ ਮੈਲਾ ਜਿਹਾ ਪਾਣੀ ਛਲਕਦਾ ਰਹਿੰਦਾ ਸੀ ਅਤੇ ਪੁਤਲੀਆਂ ਉਸ ਦੇ ਥੱਲੇ ਥਰ-ਥਰਾਉਂਦੀਆਂ ਰਹਿੰਦੀਆਂ ਸਨ। ਇਸ ਦੇ ਬਾਵਜੂਦ ਉਨ੍ਹਾਂ ਦੀਆਂ ਅੱਖਾਂ ਦੀ ਰੌਸ਼ਨੀ ਜ਼ਰਾ ਵੀ ਮੱਧਮ ਨਹੀਂ ਸੀ ਹੋਈ। ਉਨ੍ਹਾਂ ਦਾ ਸਿਰ, ਦਸ-ਪੰਜ ਮਿੰਟ ਬਾਅਦ ਥੋੜ੍ਹੀ ਦੇਰ ਲਈ ਸੱਜੇ-ਖੱਬੇ ਹਿੱਲਣ ਲੱਗਦਾ ਸੀ।

ਉਨ੍ਹਾਂ ਨੇ ਕੱਪੜੇ ਦੀ ਗਠੜੀ ਵਿਚੋਂ ਕਾਗਜ਼ ਕੱਢ ਕੇ ਮੰਜੀ 'ਤੇ ਫ਼ੈਲਾਅ ਦਿੱਤੇ। ਉਹ ਬਹੁਤ ਪੁਰਾਣੇ ਪਰਚੇ ਅਤੇ ਖ਼ਤ ਆਦਿ ਸਨ। ਉਨ੍ਹਾਂ ਨੇ ਕਿਹਾ, "ਬੇਟਾ, ਮੇਰੇ ਕੋਲੋਂ ਉਨ੍ਹਾਂ ਦਿਨਾਂ ਦੀ ਗੱਲ ਨਾ ਪੁੱਛ। ਕਿੰਨਾ ਜੋਸ਼ ਹੁੰਦਾ ਸੀ ਸਾਡੇ ਲਹੂ ਵਿਚ। ਨਾ ਰੋਟੀ ਦੀ ਫ਼ਿਕਰ, ਨਾ ਜ਼ਰ ਜੋਰੂ ਦੀ ਫ਼ਿਕਰ। ਬੱਸ ਜਲੂਸ ਅਤੇ ਝੰਡਾ। ਅੰਗਰੇਜ਼ ਸਰਕਾਰ ਬੜੀ ਜ਼ਾਲਮ ਸੀ। ਸਾਨੂੰ ਕਿੰਨੀ ਵਾਰੀ ਪੁਲਿਸ ਨੇ ਕੁੱਟਿਆ, ਤੇ ਕੁੱਟਣ ਵਾਲੇ ਕੌਣ ਹੁੰਦੇ ਸਨ? ਸਾਡੇ ਹਿੰਦੁਸਤਾਨੀ ਭਰਾ। ਆਪਣੀ ਹੀ ਕੌਮ ਤੇ ਮੁਲਕ ਦੇ ਲੋਕ ਪਰ ਗਾਂਧੀ ਬੱਬਾ ਕਹਿਣ ਲੱਗੇ ਕਿ ਉਨ੍ਹਾਂ ਦੀ ਵੀ ਕੋਈ ਗਲਤੀ ਨਹੀਂ। ਉਹ ਤਾਂ ਨਮਕ ਦਾ ਹੱਕ ਅਦਾ ਕਰ ਰਹੇ ਹਨ। ਮਾਸੜ ਜੀ ਨੇ ਤਹਿ ਕੀਤਾ ਹੋਇਆ, ਧੁਆਂਖਿਆ ਜਿਹਾ ਅਖ਼ਬਾਰ ਬਾਹਰ ਕੱਢਿਆ ਅਤੇ ਬੋਲੇ, "ਜ਼ਰਾ ਇਹ ਅਖ਼ਬਾਰ ਤਾਂ ਦੇਖੀਂ।"

ਮੈਂ ਅਖ਼ਬਾਰ ਦੇਖਿਆ। ਸੰਨ ਪੰਜਾਹ ਦਾ ਕੋਈ ਲੋਕਲ ਅਖ਼ਬਾਰ ਸੀ। ਅਖ਼ਬਾਰ ਵਿਚ ਲੇਖ ਛਪਿਆ ਸੀ, 'ਸੁਤੰਤਰਤਾ ਸੰਗਰਾਮੀ ਮਾਯਾ ਪ੍ਰਸਾਦ 'ਹਿਤੈਸ਼ੀ'। ਹੇਠਾਂ ਮਾਸੜ ਜੀ ਦੀ ਤਸਵੀਰ ਸੀ। ਲਗਭਗ ਅਠਾਈ ਸਾਲ ਲੰਘ ਚੁੱਕੇ ਸਨ। ਤਦ ਮਾਸੜ ਜੀ ਅੱਧਖੜ ਸਨ।

ਮਾਸੜ ਜੀ ਨੇ ਆਪਣਾ ਸਿਰ ਝੁਕਾਇਆ ਅਤੇ ਬੋਲੇ, "ਇੱਥੇ ਦੇਖ। ਪੂਰੀ ਖੋਪੜੀ ਖੋਲ੍ਹ ਦਿੱਤੀ ਸੀ ਪੁਲਿਸ ਨੇ ਡੰਡੇ ਮਾਰ-ਮਾਰ ਕੇ। ਹੁਣ ਵੀ ਬਰਸਾਤ ਵਿਚ ਲੱਕ ਦੇ ਜੋੜ ਦੁਖਣ ਲੱਗ ਪੈਂਦੇ ਆ। ਉਨ੍ਹਾਂ ਦਿਨਾਂ ਵਿਚ ਜਨਤਾ 'ਤੇ ਬਹੁਤ ਜ਼ੁਲਮ ਹੋਏ। ਜਦੋਂ ਗਣੇਸ਼ ਸ਼ੰਕਰ ਵਿਦਿਆਰਥੀ ਮਾਰੇ ਗਏ, ਤਦ ਮੈਂ ਉਥੇ ਸੀ, ਨਾਲ-ਨਾਲ। ਅਸੀਂ ਇਕੱਠਿਆਂ ਚਾਹ ਪੀਤੀ। ਮੈਨੂੰ ਕੀ ਪਤਾ ਕਿ ਗਣੇਸ਼ ਭਾਈ ਥੋੜ੍ਹੇ ਚਿਰ ਪਿੱਛੋਂ ਦੁਨੀਆਂ ਛੱਡ ਕੇ ਚਲੇ ਜਾਣਗੇ। ਕੀ ਦੱਸਾਂ ਭਰਾਵਾ।"

ਮਾਸੜ ਜੀ ਬਾਰੇ ਪਛੀਤਟੋਲਾ ਦੇ ਲੋਕਾਂ ਨੇ ਦੱਸਿਆ ਕਿ ਉਹ ਇਸ ਤਰ੍ਹਾਂ ਦੀਆਂ ਗੱਲਾਂ ਆਪਣੇ ਦਿਮਾਗ ਨਾਲ ਘੜਦੇ ਰਹਿੰਦੇ ਹਨ। ਦੁਨੀਆਂ ਦੇ ਹਰ ਵੱਡੇ ਆਦਮੀ ਨਾਲ ਉਨ੍ਹਾਂ ਦੀ ਬਹੁਤ ਗੂੜ੍ਹੀ ਦੋਸਤੀ ਹੈ। ਦਾਦਾ ਭਾਈ ਨੈਰੋਜੀ ਤੋਂ ਲੈ ਕੇ ਮੁਰਾਰਜੀ ਦੇਸਾਈ ਤੱਕ, ਉਨ੍ਹਾਂ ਦੇ ਰਿਸ਼ਤੇ ਕਿਤੇ ਨਾ ਕਿਤੇ ਨਿਕਲ ਆਉਂਦੇ ਹਨ। ਮਾਸੜ ਜੀ ਪਹਿਲਾਂ ਕਾਂਗਰਸ ਦੇ ਮਾਮੂਲੀ ਵਾਲੰਟੀਅਰ ਸਨ। ਭਾਸ਼ਣ ਆਦਿ ਤਾਂ ਕਰ ਹੀ ਲੈਂਦੇ ਸਨ। ਉਨ੍ਹਾਂ ਦਿਨਾਂ ਵਿਚ ਹਫ਼-ਹਫ਼ ਕੇ ਦੋ-ਚਾਰ ਮਿੰਟ ਬੋਲ ਲੈਣਾ ਬਹੁਤ ਵੱਡੀ ਗੱਲ ਸੀ। ਸੱਤਿਆਗ੍ਰਹਿ ਵਾਲਿਆਂ ਨੂੰ ਇੱਕ ਵਾਰ ਜਦੋਂ ਸਰਕਾਰੀ ਮਾਰ ਪਈ ਤਾਂ ਮਾਸੜ ਜੀ ਤਿੰਨਪੱਤੀ ਦੇ ਤਿਗੱਡੇ ਤੋਂ ਚੁੱਪ-ਚਾਪ ਭੱਜ ਰਹੇ ਸਨ। ਧੱਕਮ-ਧੱਕੇ ਵਿਚ ਕਿਤੇ ਡਿੱਗ ਪਏ ਅਤੇ ਸਿਰ ਫਟ ਗਿਆ। ਬਾਅਦ ਵਿਚ ਉਹ ਉਸੇ ਹਸਪਤਾਲ ਵਿਚ ਭਰਤੀ ਕੀਤੇ ਗਏ ਜਿੱਥੇ ਦੂਜੇ ਵਾਲੰਟੀਅਰ ਸਨ। 'ਪੋਲੀਟੀਕਲ ਸਫ਼ਰਰ' ਦੀ ਸੂਚੀ ਵਿਚ ਕਿਤੇ ਮਾਸੜ ਜੀ ਦਾ ਨਾਂ ਨਹੀਂ ਸੀ।

ਮੈਂ ਸੋਚਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮਾਸੜ ਜੀ ਵਿਚ ਪਾਗਲਪਣ ਦਾ ਕੋਈ ਲੱਛਣ ਨਹੀਂ ਸੀ। ਉਹ ਬਿਲਕੁਲ ਸਿਹਤਮੰਦ ਅਤੇ ਠੀਕ ਸਨ। ਬਿਲਾਨਾਗਾ ਹਰ ਰੋਜ਼ ਉਠ ਕੇ ਖੇਲਾਵਨ ਪਨਵਾੜੀ ਦੀ ਦੁਕਾਨ ਤੱਕ ਜਾਂਦੇ ਅਤੇ ਘੰਟਾ ਕੁ ਉਥੇ ਬਹਿ ਕੇ ਦੋ-ਤਿੰਨ ਬੀੜੀਆਂ ਫੂਕ ਦਿੰਦੇ ਅਤੇ ਅਖ਼ਬਾਰ ਪੜ੍ਹ ਲੈਂਦੇ। ਉਨ੍ਹਾਂ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਉਹ ਆਜ਼ਾਦੀ ਤੋਂ ਪਹਿਲਾਂ ਦੀਆਂ ਲਗਭਗ ਸਾਰੀਆਂ ਘਟਨਾਵਾਂ ਦਾ ਤੱਥਾਂ ਸਹਿਤ ਵਰਣਨ ਕਰਦੇ। ਫ਼ਰਕ ਬੱਸ ਇਹੀ ਹੁੰਦਾ ਸੀ ਕਿ ਇਨ੍ਹਾਂ ਘਟਨਾਵਾਂ ਵਿਚ ਕਿਤੇ ਨਾ ਕਿਤੇ ਖ਼ੁਦ ਨੂੰ ਜੋੜ ਦਿੰਦੇ ਸਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦੋਵੇਂ ਵੱਡੇ ਮੁੰਡੇ ਉਚੇ ਅਹੁਦਿਆਂ 'ਤੇ ਹਨ। ਵੱਡਾ ਮੁੰਡਾ ਮਹਿੰਦਰ, ਬਿਰਲਾ ਦੀ ਔਰੀਐਂਟ ਪੇਪਰ ਮਿੱਲ ਦਾ ਮੈਨੇਜਰ ਹੈ ਅਤੇ ਦੂਜਾ ਮੁੰਡਾ ਜੰਗਲਾਤ ਵਿਭਾਗ ਵਿਚ ਰੇਂਜਰ ਹੈ ਪਰ ਉਹ ਖ਼ੁਦ ਉਨ੍ਹਾਂ 'ਤੇ ਬੋਝ ਨਹੀਂ ਬਣਨਾ ਚਾਹੁੰਦੇ। ਇਹ ਉਨ੍ਹਾਂ ਦਾ ਅਸੂਲ ਹੈ। ਸਭ ਤੋਂ ਛੋਟਾ ਮੁੰਡਾ ਨਰਿੰਦਰ ਵੀ ਤਰੱਕੀ ਕਰੇਗਾ। ਉਹ ਪੜ੍ਹਨ ਲਿਖਣ ਵਿਚ ਬਹੁਤ ਹੁਸ਼ਿਆਰ ਹੈ। ਬਹੁਤ ਸਿੱਧਾ-ਸਾਦਾ ਅਤੇ ਨਿਮਰ ਮੁੰਡਾ ਹੈ।

ਉਨ੍ਹਾਂ ਮੁਤਾਬਕ ਉਨ੍ਹਾਂ ਦੇ ਤਿੰਨੇ ਮੁੰਡੇ ਸਰਵਣ ਕੁਮਾਰ ਹਨ। ਬਿਨਾਂ ਮਾਸੜ ਜੀ ਦੀ ਇਜਾਜ਼ਤ ਤੋਂ ਕੋਈ ਕੰਮ ਨਹੀਂ ਕਰਦੇ। ਛੋਟੀ-ਮੋਟੀ ਘਰੇਲੂ ਗੱਲ ਵੀ ਹੁੰਦੀ ਹੈ ਤਾਂ ਜ਼ਰੂਰ ਚਿੱਠੀ ਲਿਖ ਕੇ ਉਨ੍ਹਾਂ ਦੀ ਸਲਾਹ ਲੈਂਦੇ ਹਨ। ਪੋਤਾ-ਪੋਤੀ ਹੋਵੇ ਤਾਂ ਮਾਸੜ ਜੀ ਹੀ ਨਾਂ ਸੁਝਾਉਂਦੇ ਹਨ। ਉਨ੍ਹਾਂ ਦੇ ਮੁੰਡੇ ਵੀ ਉਨ੍ਹਾਂ ਨੂੰ ਮਾਸੜ ਜੀ ਹੀ ਕਹਿੰਦੇ ਹਨ।

ਵੱਡੇ-ਵੱਡੇ ਮੰਤਰੀ ਅਤੇ ਨੇਤਾ-ਹਾਕਮ ਮਾਸੜ ਜੀ ਦੇ ਪਰਿਵਾਰ ਨੂੰ ਜਾਣਦੇ ਹਨ। ਇਕ ਵਾਰ ਕਿਸੇ ਨੇ ਰਾਜਿੰਦਰ ਨੂੰ ਝੂਠੇ ਕੇਸ ਵਿਚ ਫਸਾ ਕੇ ਮੁੱਖ ਮੰਤਰੀ ਕੋਲ ਅਰਜ਼ੀ ਭੇਜ ਦਿੱਤੀ। ਮੁੱਖ ਮੰਤਰੀ ਨੂੰ ਜਿਵੇਂ ਹੀ ਪਤਾ ਲੱਗਾ ਕਿ ਰਾਜਿੰਦਰ ਮਾਇਆ ਪ੍ਰਸਾਦ 'ਹਿਤੈਸ਼ੀ' ਦਾ ਮੁੰਡਾ ਹੈ ਤਾਂ ਉਨ੍ਹਾਂ ਨੇ ਕਿਹਾ, "ਇਹ ਸਭ ਝੂਠ ਹੈ, ਅਸਲ ਵਿਚ ਅਰਜ਼ੀ ਦੇਣ ਵਾਲਾ ਹੀ ਬਦਮਾਸ਼ ਹੈ ਅਤੇ ਕੋਈ ਰੰਜਿਸ਼ ਕੱਢਣ ਲਈ ਮਾਸੜ ਜੀ ਦੇ ਖਾਨਦਾਨ ਨੂੰ ਕਲੰਕਿਤ ਕਰਨਾ ਚਾਹੁੰਦਾ ਹੈ।"

ਮਾਸੜ ਜੀ ਦੱਸਦੇ ਹਨ ਕਿ ਉਨ੍ਹਾਂ ਦੇ ਵੱਡੇ ਮੁੰਡੇ ਕੋਲ ਕੋਠੀ ਹੈ, ਕਾਰ ਹੈ, ਨੌਕਰ-ਚਾਕਰ ਹਨ। ਬਿਰਲਾ, ਮਹਿੰਦਰ ਨੂੰ ਆਪਣੇ ਪੁੱਤਰ ਵਾਂਗੂ ਸਮਝਦਾ ਹੈ। ਬੈਂਕ ਵਿਚ ਬਿਰਲਾ ਜੀ ਦਾ ਸਾਰਾ ਰੁਪਈਆ ਜਮ੍ਹਾਂ ਕਰਵਾਉਣ ਅਤੇ ਕਢਵਾਉਣ ਦਾ ਸਾਰਾ ਕੰਮ ਮਹਿੰਦਰ ਹੀ ਕਰਦਾ ਹੈ। ਜਦ ਉਸ ਦਾ ਵਿਆਹ ਹੋਇਆ ਤਾਂ ਬਿਰਲਾ ਵੀ ਬਰਾਤੇ ਗਿਆ। ਮਾਸੜ ਜੀ ਨੇ ਦੱਸਿਆ ਕਿ ਬਿਰਲਾ ਬੜਾ ਗੋਰਾ-ਚਿੱਟਾ, ਬਹੁਤ ਹੀ ਸਿੱਧਾ-ਸਾਧਾ ਬੰਦਾ ਹੈ। ਫ਼ਟੇ-ਪੁਰਾਣੇ ਕੱਪੜੇ ਪਾਉਂਦਾ ਹੈ ਅਤੇ ਘੁਮੰਡ ਉਸ ਨੂੰ ਛੂਹ ਤੱਕ ਨਹੀਂ ਸਕਿਆ। ਬੜਾ ਪਰਉਪਕਾਰੀ ਹੈ।



ਪਛੀਤਟੋਲਾ ਦੇ ਲੋਕਾਂ ਕੋਲੋਂ ਮੈਨੂੰ ਜੋ ਪਤਾ ਲੱਗਾ, ਉਹ ਕੁਝ ਹੋਰ ਸੀ। ਅਸਲੀਅਤ ਇਹ ਸੀ ਕਿ ਮਾਸੜ ਜੀ ਦਾ ਵੱਡਾ ਮੁੰਡਾ ਮਹਿੰਦਰ ਅੱਠਵੀਂ ਵਿਚੋਂ ਕਈ ਵਾਰ ਫੇਲ੍ਹ ਹੋਣ ਪਿੱਛੋਂ ਹੋਮ ਗਾਰਡਜ਼ ਦੀ ਟਰੇਨਿੰਗ ਵਿਚ ਭਰਤੀ ਹੋ ਗਿਆ ਸੀ ਅਤੇ ਹੁਣ ਪੇਪਰ ਮਿੱਲ ਵਿਚ ਮਾਮੂਲੀ ਚੌਕੀਦਾਰ ਹੈ। ਦੂਜਾ ਮੁੰਡਾ ਫਾਰੈਸਟ ਗਾਰਡ ਸੀ ਅਤੇ ਸਭ ਤੋਂ ਛੋਟਾ ਨਰਿੰਦਰ ਕਾਲਜ ਤੱਕ ਤਾਂ ਪਹੁੰਚ ਗਿਆ ਸੀ ਪਰ ਪੜ੍ਹਨ-ਲਿਖਣ ਵਿਚ ਉਸ ਦੀ ਦਿਲਚਸਪੀ ਘੱਟ ਹੀ ਸੀ। ਉਹ ਦਿਨ ਭਰ ਅਵਾਰਾਗਰਦੀ ਕਰਦਾ ਸੀ ਅਤੇ ਰਾਤ ਨੂੰ ਜੂਏ ਦੇ ਅੱਡੇ 'ਤੇ ਬਹਿ ਕੇ ਪੈਸੇ ਵਸੂਲਦਾ ਸੀ।

ਤਿੰਨੇ ਮੁੰਡੇ ਮਾਸੜ ਜੀ ਨਾਲ ਬਹੁਤ ਬੁਰਾ ਸਲੂਕ ਕਰਦੇ ਸਨ ਅਤੇ ਕਦੇ ਉਨ੍ਹਾਂ ਦੀ ਸਹਾਇਤਾ ਨਹੀਂ ਸਨ ਕਰਦੇ। ਕਦੇ-ਕਦੇ ਵੱਡਾ ਮੁੰਡਾ ਮਹਿੰਦਰ ਉਨ੍ਹਾਂ ਨੂੰ ਪੱਚੀ ਤੀਹ ਰੁਪਏ ਭੇਜ ਦਿੰਦਾ ਸੀ।

ਇਕ ਵਾਰ ਮਾਸੜ ਜੀ ਬਿਮਾਰ ਹੋ ਗਏ। ਉਦੋਂ ਉਨ੍ਹਾਂ ਦਾ ਕੋਈ ਮੁੰਡਾ ਉਨ੍ਹਾਂ ਵੱਲ ਝਾਕਿਆ ਤੱਕ ਨਾ। ਪਛੀਤਟੋਲਾ ਦੇ ਲੋਕ ਹੀ ਉਨ੍ਹਾਂ ਨੂੰ ਖਟੋਲੇ ਵਿਚ ਚੁੱਕ ਕੇ ਹਸਪਤਾਲ ਲੈ ਗਏ। ਉਨ੍ਹਾਂ ਦਾ ਇਲਾਜ ਕਰਵਾਇਆ ਪਰ ਮਾਸੜ ਜੀ ਜਦ ਠੀਕ ਹੋ ਗਏ ਤਾਂ ਕਹਿਣ ਲੱਗੇ ਕਿ ਉਨ੍ਹਾਂ ਦੇ ਵੱਡੇ ਮੁੰਡੇ ਮਹਿੰਦਰ ਨੂੰ ਜਦੋਂ ਪਤਾ ਲੱਗਾ ਕਿ ਮਾਸੜ ਜੀ ਬਿਮਾਰ ਹਨ, ਉਹ ਘਬਰਾ ਗਿਆ। ਉਸ ਨੇ ਤੁਰੰਤ ਹਸਪਤਾਲ ਦੇ ਸਭ ਤੋਂ ਵੱਡੇ ਡਾਕਟਰ ਨੂੰ ਫੋਨ ਕੀਤਾ। ਡਾਕਟਰ ਭੱਜੇ-ਭੱਜੇ ਆਏ ਅਤੇ ਮਾਸੜ ਜੀ ਨੂੰ ਕਾਰ ਵਿਚ ਹਸਪਤਾਲ ਲੈ ਗਏ। ਮਹਿੰਦਰ ਫੋਨ 'ਤੇ ਫੋਨ ਕਰਦਾ ਰਿਹਾ। ਫਿਕਰ ਦਾ ਮਾਰਿਆ ਦੂਜੇ ਦਿਨ ਜਦ ਉਹ ਆਪਣੇ ਦਫ਼ਤਰ ਨਾ ਪਹੁੰਚਿਆ ਤਾਂ ਬਿਰਲਾ ਜੀ ਨੇ ਤਫ਼ਤੀਸ਼ ਕੀਤੀ। ਜਿਵੇਂ ਹੀ ਉਸ ਨੂੰ ਪਤਾ ਲੱਗਾ ਕਿ ਮਾਸੜ ਜੀ ਬੀਮਾਰ ਹਨ ਅਤੇ ਹਸਪਤਾਲ ਵਿਚ ਦਾਖਲ ਹਨ, ਉਨ੍ਹਾਂ ਨੇ ਵੀ ਵੱਡੇ ਡਾਕਟਰ ਨੂੰ ਫੋਨ ਕੀਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਬਿਮਾਰੀ ਡਾਕਟਰਾਂ ਦੇ ਵੱਸ ਵਿਚ ਨਾ ਹੋਵੇ ਤਾਂ ਉਹ ਸਾਫ਼ ਦੱਸ ਦੇਣ। ਉਹ ਮਾਸੜ ਜੀ ਨੂੰ ਵਿਦੇਸ਼ ਭੇਜ ਸਕਦੇ ਸਨ। ਡਾਕਟਰਾਂ ਨੇ ਜੀਅ-ਜਾਨ ਨਾਲ ਕੋਸ਼ਿਸ਼ ਕੀਤੀ। ਪੰਜ ਦਿਨਾਂ ਵਿਚ ਹੀ ਮਾਸੜ ਜੀ ਠੀਕ ਹੋ ਗਏ।

ਮੈਂ ਕਈ ਵਾਰ ਮਹਿਸੂਸ ਕੀਤਾ ਕਿ ਮਾਸੜ ਜੀ ਆਪਣੇ ਨਾਲ ਮਜ਼ਾਕ ਹੀ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਝੂਠਾ ਸੰਸਾਰ ਸਿਰਜ ਲਿਆ ਹੈ ਜਿਸ ਨੂੰ ਉਹ ਅੰਤਮ ਸੱਚ ਦੇ ਰੂਪ ਵਿਚ ਮੰਨ ਬੈਠੇ ਹਨ। ਕਾਸ਼! ਉਨ੍ਹਾਂ ਕੋਲ ਪਛੀਤਟੋਲਾ ਦਾ ਕੋਈ ਆਦਮੀ ਜਾਂਦਾ ਅਤੇ ਪੂਰੀ ਤਸੱਲੀ ਦੇ ਨਾਲ, ਖਰੀ ਭਾਸ਼ਾ ਵਿਚ ਉਨ੍ਹਾਂ ਨੂੰ ਸਮਝਾਉਂਦਾ, "ਮਾਸੜ ਜੀ ਤੁਸੀਂ ਇੱਥੇ ਜਿਸ ਹਾਲ ਵਿਚ ਰਹਿੰਦੇ ਹੋ, ਉਸ ਨੂੰ ਜਾਣੋ। ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਆਖ਼ਰ ਔਕਾਤ ਦਾ ਅੰਦਾਜ਼ਾ ਤਾਂ ਆਦਮੀ ਨੂੰ ਹੋਣਾ ਹੀ ਚਾਹੀਦੈ। ਜੇ ਤੁਸੀਂ ਆਪਣੀ ਹਾਲਤ ਨੂੰ ਨਹੀਂ ਪਛਾਣੋਗੇ ਤਾਂ ਪੂਰੀ ਜ਼ਿੰਦਗੀ ਗਲਤ ਹੋ ਜਾਵੇਗੀ। ਤੁਹਾਨੂੰ ਆਪਣੇ ਬਾਰੇ ਕੁਝ ਹਕੀਕੀ ਢੰਗ ਨਾਲ ਸੋਚਣਾ ਚਾਹੀਦੈ। ਇਹ ਵੀ ਤਾਂ ਹੋ ਸਕਦੈ, ਅੱਗੇ ਜਾ ਕੇ ਹਾਲਾਤ ਬਦਤਰ ਹੋ ਜਾਣ। ਮਾਸੜ ਜੀ, ਤੁਸੀਂ ਇੱਕ ਸਿੱਧੇ-ਸਾਦੇ ਗ਼ਰੀਬ ਆਦਮੀ ਹੋ ਜਿਨ੍ਹਾਂ ਕੋਲ ਮਿਹਨਤ ਦੀ ਆਖ਼ਰੀ ਪੂੰਜੀ ਵੀ ਨਹੀਂ ਬਚੀ। ਤੁਸੀਂ ਬੇਹੱਦ ਗਏ-ਗੁਜ਼ਰੇ ਬੁੱਢੇ ਆਦਮੀ ਹੋ। ਜੇ ਮੁੰਡਿਆਂ ਦੇ ਮਨ ਵਿਚ ਮਕਾਨ ਲਈ ਕੋਈ ਲੋਭ ਜਾਗ ਪਿਆ ਤਾਂ ਤੁਸੀਂ ਫੁੱਟਪਾਥ 'ਤੇ ਭੀਖ ਮੰਗਦੇ ਨਜ਼ਰ ਆਓਗੇ। ਮਾਸੜ ਜੀ ਹੋਸ਼ ਵਿਚ ਆਓ।"

ਮਾਸੜ ਜੀ ਨੂੰ ਲੈ ਕੇ ਮੈਂ ਅਜੀਬ ਜਿਹੇ ਗੁੱਸੇ ਅਤੇ ਦਇਆ ਦੀਆਂ ਭਾਵਨਾਵਾਂ ਦੇ ਦੌਰ ਵਿਚੋਂ ਲੰਘ ਰਿਹਾ ਸੀ। ਜਿੰਨਾ ਉਨ੍ਹਾਂ 'ਤੇ ਗੁੱਸਾ ਆਉਂਦਾ, ਉਨੀ ਹੀ ਉਨ੍ਹਾਂ 'ਤੇ ਦਇਆ ਵੀ ਆਉਂਦੀ। ਮੈਂ ਉਨ੍ਹਾਂ ਲਈ ਜ਼ਰੂਰ ਕੁਝ ਕਰਨਾ ਚਾਹੁੰਦਾ ਸੀ। ਘੱਟੋ-ਘੱਟ ਇੰਨਾ ਤਾਂ ਜ਼ਰੂਰ ਕਿ ਮਾਸੜ ਜੀ ਖੁਰਦਰੀ ਜ਼ਮੀਨ ਦੀ ਅਸਲੀਅਤ 'ਤੇ ਨੰਗੇ ਪੈਰੀਂ ਖੜ੍ਹੇ ਹੋ ਜਾਣ ਅਤੇ ਆਪਣੀ ਔਕਾਤ ਤੇ ਵਰਗ ਨਾਲ ਪੂਰੀ ਤਰ੍ਹਾਂ ਜਾਣੂ ਹੋ ਜਾਣ।

ਜਦ ਚੋਣਾਂ ਦੇ ਦਿਨ ਆਉਂਦੇ ਅਤੇ ਪਛੀਤਟੋਲੇ ਵਿਚ ਵੀ ਪਾਰਟੀਆਂ ਦੀਆਂ ਜੀਪਾਂ ਭੱਜਣ ਲੱਗਦੀਆਂ ਤਾਂ ਮਾਸੜ ਜੀ ਲਗਭਗ ਹਰ ਜੀਪ ਵਿਚ ਚੜ੍ਹ ਜਾਂਦੇ। ਜਿਹੜਾ ਵੀ ਉਮੀਦਵਾਰ ਉਨ੍ਹਾਂ ਦੇ ਘਰ ਆਉਂਦਾ, ਉਹ ਉਸੇ ਨਾਲ ਤੁਰ ਪੈਂਦੇ। ਉਮੀਦਵਾਰ ਨੂੰ ਉਹ ਇਹ ਵੀ ਕਹਿੰਦੇ ਕਿ ਇਸ ਪਛੀਤਟੋਲੇ ਵਿਚ ਫ਼ਿਕਰ ਕਰਨ ਦੀ ਭੋਰਾ ਭਰ ਵੀ ਲੋੜ ਨਹੀਂ ਹੈ। ਇੱਥੇ ਸਭ ਆਪਣੇ ਹੀ ਲੋਕ ਹਨ। ਇਕ ਵੀ ਵੋਟ ਦੀ ਗੜਬੜ ਨਹੀਂ ਹੋਵੇਗੀ। ਜੀਪ ਵਿਚ ਘੁੰਮ ਫ਼ਿਰ ਕੇ ਜਦ ਮਾਸੜ ਜੀ ਵਾਪਸ ਆਉਂਦੇ ਤਾਂ ਮਿਲਣ ਵਾਲੇ ਨੂੰ ਕਹਿੰਦੇ, "ਭਾਈ, ਇਹ ਜਿਹੜਾ ਕੈਂਡੀਡੇਟ ਹੈ, ਆਪਣੇ ਘਰ ਦਾ ਹੀ ਬੰਦਾ ਹੈ। ਘਰ ਦਾ ਈ ਮੁੰਡਾ ਸਮਝੋ। ਮੇਰੀ ਡਿਓੜੀ 'ਤੇ ਆ ਕੇ ਕਹਿਣ ਲੱਗਾ ਕਿ ਮਾਸੜ ਜੀ! ਦੱਦਾ ਨੇ ਮੈਨੂੰ ਤੁਹਾਡੇ ਕੋਲ ਹੀ ਭੇਜਿਆ ਹੈ, ਮੈਂ ਤਾਂ ਰਾਜਨੀਤੀ-ਵਾਜਨੀਤੀ ਕੁਝ ਜਾਣਦਾ ਨਹੀਂ, ਹੁਣ ਤੁਸੀਂ ਹੀ ਕੁਝ ਸਮਝਾਓ। ਕੈਂਡੀਡੇਟ ਦੇ ਦੱਦਾ (ਪਿਤਾ) ਨਾਲ ਮੇਰੀ ਬੜੀ ਪੁਰਾਣੀ ਦੋਸਤੀ ਹੈ। ਅੰਗਰੇਜ਼ੀ ਰਾਜ ਵਿਚ ਅਸੀਂ ਦੋਵੇਂ ਇਕ ਹੀ ਜੇਲ੍ਹ ਵਿਚ ਬੰਦ ਸੀ। ਭਰਾਵਾ! ਹੁਣ ਕੀ ਦੱਸਾਂ ਉਨ੍ਹਾਂ ਦਿਨਾਂ ਦੀਆਂ ਗੱਲਾਂ। ਉਦੋਂ ਤਾਂ ਇਹ ਕੈਂਡੀਡੇਟ ਬਿਲਕੁਲ ਨਿੱਕਾ ਜਿਹਾ ਬੱਚਾ ਸੀ ਡੇਢ ਦੋ ਸਾਲ ਦਾ। ਮੇਰੀ ਹੀ ਗੋਦੀ ਵਿਚ ਖੇਡ ਕੇ ਵੱਡਾ ਹੋਇਆ।"

ਮਾਸੜ ਜੀ ਲਈ ਸਿਰਫ਼ ਮੈਂ ਹੀ ਪ੍ਰੇਸ਼ਾਨ ਰਿਹਾ ਹੋਵਾਂ, ਅਜਿਹੀ ਕੋਈ ਗੱਲ ਨਹੀਂ ਸੀ। ਪਛੀਤਟੋਲੇ ਦੇ ਹੋਰ ਵੀ ਕਈ ਲੋਕ ਪ੍ਰੇਸ਼ਾਨ ਸਨ। ਉਹ ਮਾਸੜ ਜੀ ਨਾਲ ਸੱਚਮੁੱਚ ਹਮਦਰਦੀ ਰੱਖਦੇ ਸਨ। ਉਨ੍ਹਾਂ ਨੇ ਕਈ ਵਾਰ ਉਨ੍ਹਾਂ ਨੂੰ ਟੋਕਿਆ। ਉਨ੍ਹਾਂ ਦੀ ਅਸਲੀਅਤ ਉਨ੍ਹਾਂ ਨੂੰ ਦੱਸੀ। ਉਨ੍ਹਾਂ ਦਾ ਮਜ਼ਾਕ ਉਡਾਇਆ ਪਰ ਉਹ ਸਾਰੇ ਹਿੰਮਤ ਹਾਰ ਜਾਂਦੇ। ਉਨ੍ਹਾਂ ਨੇ ਕਈ ਵਾਰ ਮਾਸੜ ਜੀ ਨੂੰ ਉਨ੍ਹਾਂ ਦੀ ਹਵਾਈ ਦੁਨੀਆਂ ਵਿਚੋਂ ਸਿੱਧਾ ਯਥਾਰਥ ਵਿਚ ਸੁੱਟਣਾ ਚਾਹਿਆ, ਪਰ ਮਾਸੜ ਜੀ ਅਜਿਹੀ ਹਾਲਤ ਵਿਚ ਬਹੁਤ ਜ਼ਿਆਦਾ ਬੁਖਲਾ ਜਾਂਦੇ। ਮਰਨ-ਮਾਰਨ 'ਤੇ ਉਤਾਰੂ ਹੋ ਜਾਂਦੇ ਜਾਂ ਬਿਲਕੁਲ ਚੁੱਪ ਹੋ ਕੇ ਨਫਰਤ ਅਤੇ ਬੇਵਸੀ ਨਾਲ ਟੱਡੀਆਂ ਅੱਖਾਂ ਨਾਲ ਟਿਕ-ਟਿਕੀ ਬੰਨ੍ਹ ਕੇ ਘੂਰਨ ਲੱਗਦੇ। ਉਨ੍ਹਾਂ ਦੀਆਂ ਅੱਖਾਂ ਦਾ ਮੈਲਾ ਪਾਣੀ ਹੋਰ ਜ਼ਿਆਦਾ ਗੰਧਲਾ ਹੋ ਕੇ ਹੌਲੀ-ਹੌਲੀ ਕੋਰਾਂ ਵਿਚੋਂ ਬਾਹਰ ਨਿਕਲਣ ਲੱਗਦਾ। ਉਨ੍ਹਾਂ ਨੂੰ ਦੇਖ ਕੇ ਅਹਿਸਾਸ ਹੁੰਦਾ, ਜਿਵੇਂ ਕੋਈ ਉਨ੍ਹਾਂ ਦੀ ਅਮੁੱਲ ਅਸਾਸੇ (ਜਾਇਦਾਦ) ਨੂੰ

ਉਨ੍ਹਾਂ ਕੋਲੋਂ ਜ਼ਬਰਦਸਤੀ ਖੋਹ ਰਿਹਾ ਹੋਵੇ। ਉਨ੍ਹਾਂ 'ਤੇ ਬੇਤਹਾਸ਼ਾ ਤਰਸ ਆਉਂਦਾ।

ਇਕ ਦਿਨ ਅਜਿਹੀ ਘਟਨਾ ਵਾਪਰੀ ਜਿਸ ਨੂੰ ਮੈਂ ਅੱਜ ਵੀ ਅੰਤਮ ਮੰਨ ਲੈਣ ਲਈ ਤਿਆਰ ਨਹੀਂ ਹਾਂ। ਉਸ ਦਿਨ ਮਾਸੜ ਜੀ ਘਰੇ ਖਾਣਾ ਪਕਾਉਣ ਦੀ ਤਿਆਰੀ ਕਰ ਰਹੇ ਸਨ ਕਿ ਕਿਸੇ ਨੇ ਆ ਕੇ ਦੱਸਿਆ ਕਿ ਨਰਿੰਦਰ ਗ੍ਰਿਫ਼ਤਾਰ ਹੋ ਗਿਆ ਹੈ।

ਮਾਸੜ ਜੀ ਨੇ ਚੁੱਲ੍ਹੇ ਵਿਚ ਪਾਣੀ ਪਾ ਕੇ ਉਸ ਨੂੰ ਠੰਢਾ ਕਰ ਦਿੱਤਾ ਅਤੇ ਸੰਦੂਕ ਵਿਚੋਂ ਆਪਣਾ ਪੁਰਾਣਾ ਖਾਦੀ ਦਾ ਚੋਲਾ ਕੱਢਿਆ। ਸ਼ਾਇਦ ਉਹ ਪਹਿਲਾਂ ਹੀ ਜੱਕੋ-ਤੱਕੀ ਵਿਚ ਅਤੇ ਦੁਖੀ ਸਨ। ਥੋੜ੍ਹੇ ਚਿਰ ਲਈ। ਫਿਰ ਉਨ੍ਹਾਂ ਵਿਚ ਉਤਸ਼ਾਹ ਜਾਗਿਆ। ਉਹ ਕੁਝ ਬੁੜਬੁੜਾਉਣ ਲੱਗੇ। ਇਹ ਗੱਲ ਆਸਾਨੀ ਨਾਲ ਸਮਝੀ ਜਾ ਸਕਦੀ ਹੈ ਕਿ ਉਹ ਕੀ ਬੁੜਬੁੜਾ ਰਹੇ ਹੋਣਗੇ। ਉਹ ਕੋਈ ਸਿਆਸੀ ਤਕਰੀਰ ਕਰ ਰਹੇ ਸਨ। ਮਾਸੜ ਜੀ ਦਾ ਅਟੁੱਟ ਵਿਸ਼ਵਾਸ ਸੀ ਕਿ ਚੰਗੀ ਗੱਲਬਾਤ ਕਰ ਲੈਣ ਨਾਲ ਹਰ ਮੁਸ਼ਕਲ ਸੌਖੀ ਹੋ ਜਾਂਦੀ ਹੈ। ਉਹ ਇਸੇ ਵਿਸ਼ਵਾਸ ਦੇ ਨਾਲ ਪੁਲਿਸ ਚੌਕੀ ਜਾ ਰਹੇ ਸਨ।

ਮੈਂ ਕਿਸੇ ਕੰਮ ਦੇ ਸਿਲਸਿਲੇ ਵਿਚ ਪੁਲਿਸ ਚੌਕੀ ਬੈਠਾ ਹੋਇਆ ਸਾਂ। ਉਸ ਦਿਨ ਸ਼ਹਿਰ ਦੀ ਬਿਜਲੀ ਚਲੀ ਗਈ ਸੀ ਅਤੇ ਪੁਲਿਸ ਚੌਕੀ ਵਿਚ ਮੋਮਬੱਤੀਆਂ ਬਲ ਰਹੀਆਂ ਸਨ।

ਮਾਸੜ ਜੀ ਨੇ ਝੁਕ ਕੇ, ਸਮ-ਕੋਣ ਬਣਾਉਂਦੇ ਹੋਏ ਥਾਣੇਦਾਰ ਨੂੰ 'ਜੈ ਹਿੰਦ' ਕਿਹਾ। ਥਾਣੇਦਾਰ ਨੇ ਪੁੱਛਿਆ, "ਤੇਰਾ ਨਾਂ ਕੀ ਹੈ?"

"ਮਾਯਾ ਪ੍ਰਸਾਦ 'ਹਿਤੈਸ਼ੀ'। ਸੁਤੰਤਰਤਾ ਸੰਗਰਾਮੀ।" ਮਾਸੜ ਜੀ ਨੇ ਜਵਾਬ ਦਿੱਤਾ। ਉਨ੍ਹਾਂ ਦਾ ਉਤਰ ਬਹੁਤ ਨਿਮਰ ਸੀ ਅਤੇ ਉਨ੍ਹਾਂ ਦੀ ਆਵਾਜ਼ ਸੁਣ ਕੇ ਅਜਿਹਾ ਲੱਗਦਾ ਸੀ ਕਿ ਇਹ ਆਵਾਜ਼ ਉਸ ਮੁਸ਼ਕਲ ਵਿਚੋਂ ਕੋਈ ਰਾਹ ਕੱਢਣਾ ਚਾਹੁੰਦੀ ਹੈ।

"ਇੱਥੇ ਕਿਵੇਂ ਆਏ?" ਥਾਣੇਦਾਰ ਨੇ ਪੁੱਛਿਆ। ਮਾਸੜ ਜੀ ਥੋੜ੍ਹੀ ਦੇਰ ਚੁੱਪ ਰਹੇ, ਫ਼ਿਰ ਉਨ੍ਹਾਂ ਨੇ ਕਿਹਾ, "ਸਾਹਿਬ ਮੇਰੇ ਬੇਟੇ ਨੂੰ ਕਿਸੇ ਜੁਰਮ ਵਿਚ ਪੁਲਿਸ ਗ੍ਰਿਫ਼ਤਾਰ ਕਰ ਲਿਆਈ ਹੈ। ਇਸੇ ਲਈ ਮੈਂ ਇੱਥੇ ਆਇਆ ਹਾਂ।"

ਥਾਣੇਦਾਰ ਕੁਝ ਸੰਭਲਿਆ, "ਓਹ! ਨਰਿੰਦਰ ਪ੍ਰਸਾਦ ਤੇਰਾ ਮੁੰਡਾ ਹੈ। ਕੀ ਕੰਮ ਕਰਦਾ ਏ?" ਮਾਸੜ ਜੀ ਫ਼ਿਰ ਚੁੱਪ ਰਹੇ। ਕੀ ਕੰਮ ਦੱਸਣ? ਕੀ ਕੰਮ ਕਰਦੇ ਹਨ ਉਹ? ਮਾਸੜ ਜੀ ਚੁੱਪ ਖੜ੍ਹੇ ਰਹੇ। ਥਾਣੇਦਾਰ ਨੇ ਦੁਬਾਰਾ ਪੁੱਛਿਆ, "ਕੀ ਕੰਮ ਕਰਦਾ ਏ?" ਮੈਨੂੰ ਲੱਗਿਆ ਚੁੱਪ ਲੰਮੀ ਹੋ ਗਈ ਹੈ। ਮਾਸੜ ਜੀ ਨੂੰ ਹੁਣ ਤਾਂ ਕੁਝ ਬੋਲਣਾ ਚਾਹੀਦੈ। ਫਿਰ ਇਕ ਸਿਪਾਹੀ ਨੇ ਕਿਹਾ, "ਕੰਮ ਕੀ ਕਰੇਗਾ। ਮੁੰਡਿਆਂ ਕੋਲੋਂ ਚੋਰੀ ਕਰਵਾਉਂਦਾ ਫਿਰਦਾ ਹੈ। ਮਿਲੀਭੁਗਤ ਹੈ ਇਸ ਬੁੱਢੇ ਦੀ।"

ਮਾਸੜ ਜੀ ਪਹਿਲੀ ਵਾਰ ਉਪਰੋਂ ਹੇਠਾਂ-ਤੱਕ ਕੰਬੇ। ਹਿਲ ਗਏ, ਬੋਲੇ, "ਨਹੀਂ ਇਹ ਗੱਲ ਬਿਲਕੁਲ ਨਹੀਂ ਹੈ। ਇਹ ਬਿਲਕੁਲ ਝੂਠਾ ਇਲਜ਼ਾਮ ਹੈ। ਮੈਂ ਸੰਨ ਬਤਾਲੀ ਵਿਚ ਸਹੁੰ ਖਾਧੀ ਸੀ ਕਿ ਮੈਂ ਕੋਈ ਗਲਤ ਕੰਮ ਨਹੀਂ ਕਰਾਂਗਾ। ਇਹ ਅਖ਼ਬਾਰ ਦੇਖੋ, ਥਾਣੇਦਾਰ ਸਾਹਿਬ।" ਮਾਸੜ ਜੀ ਨੇ ਗੋਡਿਆਂ ਤੱਕ ਲੰਬੇ ਧੁਆਂਖੇ ਕੁੜਤੇ ਦੀ ਜੇਬ ਵਿਚੋਂ ਉਹ ਅਖ਼ਬਾਰ ਕੱਢਿਆ। ਇਕ ਵਾਰ ਫਿਰ ਕਿਹਾ, "ਮੈਂ ਕੋਈ ਗਲਤ ਕੰਮ ਨਹੀਂ ਕਰ ਸਕਦਾ। ਮੁੱਖ ਮੰਤਰੀ ਜੀ ਵੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ। ਮੈਂ ਭ੍ਰਿਸ਼ਟਾਚਾਰ ਮਿਟਾਉਣ ਦੇ ਲਈ...।"

"ਸਾਲੇ ਸਿੱਧੇ ਪਾਗਲਖਾਨੇ ਵਿਚੋਂ ਨਿਕਲ ਕੇ ਆ ਜਾਂਦੇ ਆ।" ਥਾਣੇਦਾਰ ਬੁੜ-ਬੜਾਇਆ, "ਮੈਂ ਤੇਰੀ ਕੇਸ ਹਿਸਟਰੀ ਨਹੀਂ ਪੁੱਛ ਰਿਹਾ। ਕੋਈ ਜ਼ਮੀਨ-ਵਮੀਨ ਦਾ ਇੰਤਕਾਲ ਹੈ? ਜ਼ਮਾਨਤ ਭਰਨੀ ਪਵੇਗੀ। ਤੁਹਾਡਾ ਪੁੱਤਰ ਚੋਰੀ ਦੇ ਜੁਰਮ ਵਿਚ ਫੜਿਆ ਗਿਆ ਹੈ। ਆ ਜਾਂਦੇ ਆ ਊਟ-ਪਟਾਂਗ ਬਕਣ। ਹਰ ਕੋਈ ਨੇਤਾਗਿਰੀ ਝਾੜਦਾ ਰਹਿੰਦਾ ਹੈ।"

ਮੈਂ ਦੇਖਿਆ, ਮਾਸੜ ਜੀ ਉਸੇ ਤਰ੍ਹਾਂ ਅਖ਼ਬਾਰ ਫੜੀ ਖੜ੍ਹੇ ਹਨ। ਫਿਰ ਮੈਨੂੰ ਸੁਣਿਆ ਕਿ ਮਾਸੜ ਜੀ ਸਰਦਾਰ ਪਟੇਲ ਦਾ ਨਾਂ ਲੈ ਰਹੇ ਸਨ, ਪਰ ਥਾਣੇਦਾਰ ਦੇ ਇਕੋ ਦਬਕੇ ਨੇ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ। ਥਾਣੇਦਾਰ ਨੇ ਕਿਹਾ, "ਇੱਥੇ ਜ਼ਿਆਦਾ ਪਗਲੈਟੀ ਨਾ ਦਿਖਾ, ਨਹੀਂ ਤਾਂ ਤੈਨੂੰ ਵੀ ਚੁੱਕ ਕੇ ਅੰਦਰ ਕਰ ਦਿਆਂਗੇ। ਕੱਲ੍ਹ ਸਵੇਰੇ ਗਿਆਰਾਂ ਵਜੇ ਜ਼ਮਾਨਤੀ ਕਾਗਜ਼ਾਤ ਅਤੇ ਕੋਈ ਮਾਲ-ਰਸੂਖ ਵਾਲਾ ਜ਼ਮਾਨਤੀ ਲੈ ਕੇ ਆਵੀਂ। ਨਹੀਂ ਤਾਂ ਤੇਰਾ ਮੁੰਡਾ ਛੇ ਮਹੀਨੇ ਲਈ ਜੇਲ੍ਹ ਦੀ ਹਵਾ ਖਾਣ ਲਈ ਅੰਦਰ। ਦੂਜੀ ਗੱਲ ਵੀ ਸੁਣ ਲੈ ਬੁੱਢਿਆ ਕਿ ਜੇ ਜ਼ਿਆਦਾ ਊਟ-ਪਟਾਂਗ ਬਕਿਆ ਤਾਂ ਤੇਰੇ ਵੀ ਚਾਰ-ਪੰਜ ਡੰਡੇ ਮਾਰਾਂਗੇ, ਫਿਰ ਆਪੇ ਹੋ ਜਾਏਂਗਾ ਸਿੱਧਾ।"

ਮਾਸੜ ਜੀ ਹੌਲੀ-ਹੌਲੀ ਬਾਹਰ ਵੱਲ ਖਿਸਕਣ ਲੱਗੇ। ਉਨ੍ਹਾਂ ਦੇ ਮੋਢੇ ਝੁਕੇ ਹੋਏ ਸਨ। ਚਾਲ ਵਿਗੜੀ ਹੋਈ ਸੀ। ਲੱਤਾਂ ਕੰਬ ਰਹੀਆਂ ਸਨ। ਉਹ ਚੁੱਪ-ਚਾਪ ਗੇਟ ਤੋਂ ਬਾਹਰ ਨਿਕਲ ਗਏ।

ਡੇਢ ਘੰਟੇ ਬਾਅਦ ਜਦ ਮੈਂ ਥਾਣਿਓਂ ਮੁੜ ਰਿਹਾ ਸੀ, ਮੇਰੇ ਦਿਮਾਗ ਵਿਚ ਇਹ ਘਟਨਾ ਬਿਲਕੁਲ ਤਾਜ਼ੀ ਸੀ। ਤਿੰਨਪੱਤੀ ਦੀ ਉਤਰਾਈ ਵਾਲੀ ਸੜਕ 'ਤੇ ਜਿੱਥੇ ਮੈਂ ਸੀ, ਉਥੇ ਮੁਸ਼ਕਲ ਨਾਲ ਦਸ-ਪੰਦਰਾਂ ਗਜ਼ ਦੂਰ ਮਾਸੜ ਜੀ ਸੜਕ ਦੇ ਕੰਢੇ ਮੀਲ ਪੱਥਰ 'ਤੇ ਬੈਠੇ ਹੋਏ ਸਨ। ਉਨ੍ਹਾਂ ਦਾ ਸਿਰ ਉਨ੍ਹਾਂ ਦੇ ਦੋਵਾਂ ਹੱਥਾਂ ਵਿਚ ਟਿਕਿਆ ਹੋਇਆ ਅਤੇ ਗੋਡਿਆਂ ਵਿਚ ਝੁਕਿਆ ਹੋਇਆ ਸੀ।

ਉਨ੍ਹਾਂ ਨੇ ਮੈਨੂੰ ਦੇਖਿਆ। ਉਠ ਕੇ ਖੜ੍ਹੇ ਹੋਏ ਅਤੇ ਮੇਰੇ ਨਾਲ-ਨਾਲ ਤੁਰਨ ਲੱਗੇ। ਮੈਂ ਪੁੱਛਿਆ, "ਮਾਸੜ ਜੀ ਨਰਿੰਦਰ ਲਈ ਤੁਸੀਂ ਚੌਕੀ ਗਏ ਸੀ, ਕੀ ਹੋਇਆ?"

ਉਹ ਬਹੁਤ ਦੇਰ ਚੁੱਪ ਰਹੇ। ਫਿਰ ਹੌਲੀ-ਹੌਲੀ ਚਿਹਰੇ 'ਤੇ ਉਤਸ਼ਾਹ ਜਿਹਾ ਜਾਗਿਆ। ਬੋਲੇ, "ਬੇਟਾ ਜਿਹੜਾ ਥਾਣੇਦਾਰ ਮਿਸ਼ਰਾ ਹੈ ਨਾ, ਉਹਦੇ ਦੱਦਾ ਨਾਲ ਮੇਰੀ ਪੁਰਾਣੀ ਦੋਸਤੀ ਹੈ। ਅੱਜ ਮਿਲ ਗਿਆ ਤਾਂ ਪੁਰਾਣੀ ਗੱਲ ਤੁਰ ਪਈ। ਮੈਨੂੰ ਰਾਜ਼ੀ-ਖੁਸ਼ੀ ਪੁੱਛੀ ਤਾਂ ਉਸ ਨੇ ਹੱਥ ਜੋੜ ਦਿੱਤੇ। ਮੇਰੇ ਪੈਰ ਛੂਹੇ। ਕਹਿਣ ਲੱਗਾ, 'ਮਾਸੜ ਜੀ, ਬੜੀ ਗਲਤੀ ਹੋ ਗਈ। ਮੈਨੂੰ ਕੀ ਪਤਾ ਸੀ ਕਿ ਨਰਿੰਦਰ ਤੁਹਾਡਾ ਹੀ ਮੁੰਡਾ ਹੈ। ਇਹ ਤਾਂ ਕਾਨੂੰਨੀ ਗਲਤੀ ਹੋ ਗਈ, ਸੋ ਹੋ ਗਈ। ਹੁਣ ਮੈਂ ਕੀ ਕਰਾਂ? ਤੁਸੀਂ ਹੀ ਕੁਝ ਦੱਸੋ।' ਮੈਂ ਕਿਹਾ, 'ਕੋਈ ਗੱਲ ਨਹੀਂ ਬੇਟਾ, ਤੂੰ ਤਾਂ ਆਪਣਾ ਫਰਜ਼ ਪੂਰਾ ਕਰ। ਲੂਣ ਦਾ ਹੱਕ ਅਦਾ ਕਰ।' ਜਦ ਮੈਂ ਉਥੋਂ ਆਉਣ ਲੱਗਾ ਤਾਂ ਕਹਿਣ ਲੱਗਾ ਕਿ ਮਾਸੜ ਜੀ, ਮੈਂ ਤੁਹਾਨੂੰ ਆਪਣੀ ਜੀਪ ਵਿਚ ਘਰ ਛੱਡ ਆਉਂਦਾ ਹਾਂ, ਪਰ ਮੈਂ ਮਿਸ਼ਰਾ ਥਾਣੇਦਾਰ ਨੂੰ ਮਨ੍ਹਾ ਕਰ ਦਿੱਤਾ।"

ਮੇਰਾ ਮੋੜ ਆ ਗਿਆ ਸੀ ਅਤੇ ਮੈਂ ਦੂਜੇ ਪਾਸੇ ਜਾਣਾ ਸੀ। ਮਾਸੜ ਜੀ ਵੀ ਜਾਣ ਲੱਗੇ। ਥੋੜ੍ਹਾ ਜਿਹਾ ਤੁਰੇ, ਫਿਰ ਰੁਕ ਗਏ। ਉਹ ਮੇਰੇ ਵੱਲ ਆ ਰਹੇ ਸਨ। "ਬੇਟਾ, ਤੇਰੇ ਨਾਲ ਇਕ ਬਹੁਤ ਜ਼ਰੂਰੀ ਕੰਮ ਸੀ।" ਉਨ੍ਹਾਂ ਦੀ ਆਵਾਜ਼ ਭਰੜਾ ਰਹੀ ਸੀ, ਭਾਰੀ ਹੋ ਗਈ ਸੀ। ਉਹ ਮੇਰੇ ਨੇੜੇ ਆਏ। ਆਪਣੇ ਹੱਥਾਂ ਨੂੰ ਮੇਰੇ ਮੋਢੇ 'ਤੇ ਰੱਖਿਆ। ਹੱਥ ਹੌਲੀ-ਹੌਲੀ ਕੰਬ ਰਹੇ ਸਨ। ਮੈਨੂੰ ਲੱਗਾ ਕਿ ਇਸ ਤਰ੍ਹਾਂ ਹੱਥ ਸਿਰਫ਼ ਦੁੱਖ, ਬੇਵਸੀ ਅਤੇ ਹਾਰ ਵਿਚ ਕੰਬਦੇ ਹਨ। ਉਹ ਹੱਥ ਮੇਰੇ ਮੋਢੇ 'ਤੇ ਭਾਰੀ ਹੋ ਰਹੇ ਸਨ।

ਮਾਸੜ ਜੀ ਨੇ ਕੁਝ ਕਿਹਾ ਨਹੀਂ। ਆਪਣੇ ਹੱਥ ਮੇਰੇ ਮੋਢੇ ਤੋਂ ਚੁੱਕ ਲਏ ਅਤੇ ਕਾਹਲੀ ਨਾਲ ਘੁੰਮ ਗਏ। ਉਹ ਆਪਣਾ ਚਿਹਰਾ ਲੁਕਾਉਣਾ ਚਾਹੁੰਦੇ ਸਨ ਜੋ ਪਿਘਲ ਰਿਹਾ ਸੀ। ਉਹ ਫਿਰ ਹਨੇਰੇ ਵੱਲ ਰੀਂਗ ਰਹੇ ਸਨ। ਮੈਂ ਸੋਚਿਆ ਕਿ ਉਨ੍ਹਾਂ ਨੂੰ ਕਹਾਂ ਕਿ ਮੈਂ ਸਵੇਰੇ ਤੁਹਾਡੇ ਨਾਲ ਜ਼ਮਾਨਤ ਲਈ ਜਾਵਾਂਗਾ ਪਰ ਮਾਸੜ ਜੀ ਦੂਰ ਨਿਕਲ ਗਏ ਸਨ।

ਮੈਂ ਆਵਾਜ਼ ਮਾਰ ਕੇ ਕਿਹਾ, "ਮਾਸੜ ਜੀ ਮੈਂ ਵੀ ਚੱਲਦਾ ਹਾਂ। ਜੈ ਹਿੰਦ।" ਉਨ੍ਹਾਂ ਨੇ ਬਿਨਾਂ ਪਿੱਛੇ ਦੇਖੇ ਆਪਣਾ ਸੱਜਾ ਹੱਥ ਉਪਰ ਚੁੱਕ ਦਿੱਤਾ ਅਤੇ ਹਨੇਰੇ ਵਿਚ ਗੁੰਮ ਹੋ ਗਏ। ਸ਼ਹਿਰ ਵਿਚ ਬਿਜਲੀ ਅਜੇ ਮੁੜੀ ਨਹੀਂ ਸੀ ਅਤੇ ਹਨੇਰਾ ਗੂੜ੍ਹਾ ਹੋ ਰਿਹਾ ਸੀ।

# ਵੀਆਹੁ ਹੋਇਆ ਮੇਰੇ ਬਾਬੁਲਾ

**ਸ਼ਬਦ ਝਰੋਖਾ**



ਬਲਜੀਤ ਬਾਸੀ

ਫੋਨ: 734-454-4958

ਦੁਨੀਆਦਾਰੀ ਚਲਦੀ ਰੱਖਣ ਲਈ ਵਿਆਹ ਲਗਭਗ ਹਰ ਨਰ-ਨਾਰੀ ਦਾ ਹੁੰਦਾ ਹੈ, ਬਲਕਿ ਕਹਿ ਸਕਦੇ ਹਾਂ ਕਿ ਵਿਆਹ ਦੀ ਸੰਸਥਾ ਤੇ ਰਸਮ ਹੋਂਦ ਵਿਚ ਹੀ ਇਸ ਲਈ ਆਏ ਹਨ ਕਿ ਹਰ ਜਣੇ ਦਾ ਗ੍ਰਹਿਸਥੀ ਰਿਸ਼ਤੇ ਵਿਚ ਬਝ ਸਕਣਾ ਯਕੀਨੀ ਬਣਾਇਆ ਜਾ ਸਕੇ। ਸੰਤਾਨ ਉਤਪਤੀ ਤੇ ਜੀਵਨ ਦਾ ਨਿਰਬਾਹ ਮਨੁਖ ਦੀ ਜੀਵ-ਵਿਗਿਆਨਕ ਚੇਸ਼ਟਾ ਹੈ। ਸੁੰਦਰ ਇਸਤਰੀ ਅਤੇ ਰਿਸ਼ਟ-ਪੁਸ਼ਟ, ਕਮਾਊ ਮਰਦ ਦੀ ਆਪਣੇ ਲਿੰਗਿਕ ਸਾਥੀ ਵਜੋਂ ਖਾਹਿਸ਼ ਸਰਬਵਿਆਪੀ ਵਰਤਾਰਾ ਹੈ। ਕਲਾ ਤੇ ਸਾਹਿਤ ਨੇ ਇਸ ਰੁਚੀ ਨੂੰ ਹੋਰ ਬਲ ਦਿੱਤਾ ਹੈ। ਆਦਰਸ਼ਕ ਮਰਦ ਇਸਤਰੀ ਦੀ ਪ੍ਰਾਪਤੀ ਲਈ ਮਨੁਖੀ ਜਗਤ ਵਿਚ ਘੋਰ ਮੁਕਾਬਲਾ ਹੁੰਦਾ ਸੀ। ਵਿਆਹ ਸੰਸਥਾ ਦੀ ਅਣਹੋਂਦ ਵਿਚ ਇਕ ਸਮਰੱਥ ਮਰਦ ਅਨੇਕਾਂ ਸੁੰਦਰ ਇਸਤਰੀਆਂ ਨੂੰ ਪਰਣਾ ਸਕਦਾ ਸੀ. ਇਸੇ ਤਰ੍ਹਾਂ ਇਕ ਸੁੰਦਰ ਇਸਤਰੀ ਅਨੇਕਾਂ ਸਮਰੱਥ ਮਰਦਾਂ ਨੂੰ ਪਤੀ ਬਣਾ ਸਕਦੀ ਸੀ। ਇਸ ਤਰ੍ਹਾਂ ਅਨੇਕਾਂ ਮਰਦ ਇਸਤਰੀਆਂ ਦਾ ਜਿਣਸੀ ਰਿਸ਼ਤੇ ਤੋਂ ਵਿਰਵੇ ਰਹਿ ਜਾਣਾ ਕੁਦਰਤੀ ਸੀ। ਇਸ ਗਲ-ਵੱਢ ਮੁਕਾਬਲੇ ਨੂੰ ਨਿਯੰਤ੍ਰਿਤ ਕਰਨ ਲਈ ਇਕ-ਮਰਦ-ਇਕ-ਇਸਤਰੀ ਦੇ ਜੋੜੇ ਦਾ ਵਿਚਾਰ ਉਭਰਨ ਲੱਗਾ। ਮਨੁਖੀ ਸਭਿਅਤਾ ਦੇ ਵਿਕਾਸ ਨਾਲ ਅਜਿਹੇ ਵਿਚਾਰ ਨੂੰ ਸਮਾਜਕ, ਧਾਰਮਕ, ਨਿਆਇਕ ਤੇ ਰਾਜਕੀ ਪ੍ਰਵਾਨਗੀ ਹਾਸਿਲ ਹੋ ਗਈ। ਇਕ-ਪਤਨੀਕ ਪਰਿਵਾਰ ਦੇ ਉਭਰਨ ਨਾਲ ਹਰ ਇਕ ਦਾ ਵਿਆਹ ਯਕੀਨੀ ਹੋ ਗਿਆ, ਫਜ਼ੂਲ ਦਾ ਮੁਕਾਬਲਾ ਘਟ ਗਿਆ, ਸੰਤਾਨ ਦੀ ਵਲਦੀਅਤ ਸਪੱਸ਼ਟ ਤੇ ਨਿਸ਼ਚਿਤ ਹੋ ਗਈ ਤੇ ਮਾਤਾ-ਪਿਤਾ ਵਧੇਰੇ ਜ਼ਿਮੇਵਾਰੀ ਨਾਲ ਆਪਣੇ ਆਰਥਿਕ ਕਰਮ ਵਿਚ ਜੁੱਟ ਗਏ। ਸਮਾਜ ਲਈ ਅਜਿਹਾ ਪ੍ਰਬੰਧ ਲਾਭਵੰਦ ਸਾਬਿਤ ਹੋਇਆ। ਅੱਜੋਕੀ ਵਾਸਤਵਿਕ ਸਥਿਤੀ ਵਿਚ ਇਸ ਪ੍ਰਬੰਧ ਉਤੇ ਅਨੇਕਾਂ ਦਬਾਓ ਪੈਣ ਲੱਗ ਪਏ ਹਨ ਪਰ ਪਹਿਲਾਂ ਦਰਸਾਈਆਂ ਸਮਾਜਕ, ਧਾਰਮਿਕ ਤੇ ਰਾਜਕੀ ਚਿੰਤਾਵਾਂ ਇਸ ਨੂੰ ਜਿਉਂ ਦਾ ਤਿਉਂ ਰੱਖਣ ਵੱਲ ਹੀ ਰੁਚਿਤ ਹਨ।

ਉਪਰੋਕਤ ਵਿਚ ਮੈਂ ਮਰਦ-ਇਸਤਰੀ ਦੇ ਸਬੰਧਾਂ ਨੂੰ ਸਰਲ ਜਿਹੇ ਸੂਤਰ ਵਿਚ ਹੀ ਪਰੋਣ ਦਾ ਜਤਨ ਕੀਤਾ ਹੈ। ਨਿਸਚੇ ਹੀ ਇਤਿਹਾਸ ਵਿਚ ਹਰ ਤਰ੍ਹਾਂ ਦੇ ਮਨੁਖੀ ਸਬੰਧ ਬੜੇ ਗੁੰਝਲਦਾਰ ਅਤੇ ਜਟਿਲ ਰਹੇ ਹਨ। ਮਸਲਨ ਇਸਤਰੀ-ਪੁਰਸ਼ ਦੇ ਸਬੰਧਾਂ ਵਿਚ ਮਰਦ ਦੀ ਪ੍ਰਧਾਨਗੀ ਰਹੀ ਹੈ। ਮਰਦ ਹੀ ਸੰਪਤੀ ਅਤੇ ਹੋਰ ਪੈਦਾਵਾਰੀ ਸਾਧਨਾਂ ਦਾ ਕਾਨੂੰਨੀ ਤੇ ਰਵਾਇਤੀ ਮਾਲਕ ਬਣਦਾ ਰਿਹਾ ਹੈ। ਅਜਿਹੀ ਸਥਿਤੀ ਵਿਚ ਦੋਨੋਂ ਵਿਪਰੀਤ ਲਿੰਗ ਸਮਾਨ ਧਰਾਤਲ ਤੇ ਨਹੀਂ ਵਿਚਰ ਸਕਦੇ ਭਾਵੇਂ ਇਸ ਪ੍ਰਕਿਰਿਆ ਨਾਲ ਇਕ ਤਰ੍ਹਾਂ ਦਾ ਸਮਾਜਕ ਸੰਤੁਲਨ ਜ਼ਰੂਰ ਪੈਦਾ ਹੋ ਜਾਂਦਾ ਹੈ। ਵਿਆਹ ਰਸਮ ਤੋਂ ਇਹ ਸਥਿਤੀ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ- ਮਰਦ ਹੀ ਇਸਤਰੀ ਨੂੰ ਵਿਆਹ ਕੇ ਆਪਣੇ ਘਰ ਲਿਆਉਂਦਾ ਹੈ। ਭਾਵੇਂ ਜੀਵਨ ਦੀਆਂ ਅਜੋਕੀਆਂ ਲੋੜਾਂ ਵਿਚ ਢੇਰ ਬਦਲਾਓ ਆਇਆ ਹੈ ਪਰ ਅਨੁਸਾਰੀ ਰਿਵਾਜ ਤੇ ਰਸਮਾਂ 'ਚ ਤਬਦੀਲੀ ਮੁਕਾਬਲਤਨ ਦੇਰੀ ਨਾਲ ਹੀ ਵਾਪਰਦੀ ਹੈ।

ਸਾਡਾ ਸਰੋਕਾਰ ਸ਼ਬਦਾਂ ਦੀਆਂ ਤਹਿਆਂ ਵਿਚ ਲੁਕੇ ਅਜਿਹੇ ਇਤਿਹਾਸਕ ਸੰਕੇਤ ਸਾਹਮਣੇ ਲਿਆਉਣਾ ਹੈ। ਵਿਆਹ ਸ਼ਬਦ ਬੜੇ ਉਘੜਵੇਂ ਰੂਪ ਵਿਚ ਇਸ ਸੰਸਥਾ ਦੇ ਕੁਝ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਸ ਸ਼ਬਦ ਦਾ ਸੰਸਕ੍ਰਿਤ ਰੂਪ 'ਵਿਵਾਹ' ਹੈ ਤੇ ਅੱਜ ਵੀ ਹਿੰਦੀ ਸਮੇਤ ਕਈ ਭਾਰਤੀ ਭਾਸ਼ਾਵਾਂ ਵਿਚ ਇਸ ਨੂੰ ਵਿਵਾਹ ਹੀ ਉਚਾਰਿਆ ਜਾਂਦਾ ਹੈ। ਪੰਜਾਬੀ ਵਿਚ ਵੀ ਕਈ ਲੋਕ ਵਿਵਾਹ ਹੀ ਉਚਾਰਦੇ ਹਨ। ਸੰਸਕ੍ਰਿਤ ਵਿਚ 'ਵੀਵਾਹ' ਸ਼ਬਦ-ਜੋੜ ਵਾਲਾ ਸ਼ਬਦ ਵੀ ਮਿਲਦਾ ਹੈ ਤੇ ਏਹੀ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਵੀ ਮੌਜੂਦ ਹੈ:

ਵੀਵਾਹ ਹੋਆ ਸੋਭ ਸੇਤੀ
ਪੰਚ ਸਬਦੀ ਆਇਆ॥ (ਗੁਰੂ ਨਾਨਕ ਦੇਵ)
ਜਾ ਕੁਆਰੀ ਤਾ ਚਾਉ
ਵੀਵਾਹੀ ਤਾ ਮਾਮਲੇ॥ (ਫਰੀਦ)

ਪਰ ਗੁਰੂ ਗ੍ਰੰਥ ਸਾਹਿਬ ਵਿਚ ਆਮ ਤੌਰ 'ਤੇ ਵੀਆਹ ਸ਼ਬਦ ਹੀ ਆਇਆ ਹੈ। ਅਜੋਕੀ ਪੰਜਾਬੀ ਵਿਚ ਵਿਆਹ ਸ਼ਬਦ ਪ੍ਰਚਲਤ ਹੈ। ਪੰਜਾਬੀ ਦੀਆਂ ਕਈ ਉਪਭਾਸ਼ਾਵਾਂ ਵਿਚ ਇਸ ਦਾ ਰੂਪ ਬਿਆਹ ਹੈ। ਵਿਵਾਹ ਦੇ ਕਿਰਿਆ ਰੂਪੀ ਸ਼ਬਦ 'ਵਿਵਹ' ਦੇ ਮੁਢਲੇ ਅਰਥ ਹਨ, ਚੁੱਕਣਾ, ਚੁੱਕ ਲਿਜਾਣਾ, ਢੋਣਾ। ਅੱਗੇ ਵਿਕਸਤ ਅਰਥ ਹੋਏ (ਦੁਲਹਨ ਨੂੰ ਪਿਤਾ ਦੇ ਘਰੋਂ) ਚੁੱਕ ਲਿਜਾਣਾ, ਲੈ ਜਾਣਾ, ਵਿਆਹੁਣਾ। ਇਸ ਦੇ ਅਨੁਰੂਪ ਵਿਵਾਹ ਦਾ ਭਾਵ ਇਸਤਰੀ ਨੂੰ ਉਸ ਦੇ ਮਾਪਿਆਂ ਦੇ ਘਰ ਤੋਂ ਲੈ ਜਾਣ ਤੋਂ ਹੈ। ਏਥੇ ਇਸਤਰੀ ਦੀ ਅਧੀਨ ਸਥਿਤੀ ਤੇ ਮਰਦ ਦਾ ਸਰਗਰਮ ਰੋਲ ਸਪਸ਼ਟ ਹੁੰਦਾ ਹੈ। ਚੁੱਕ ਲਿਜਾਣਾ ਵਿਚ ਕਢ ਲਿਜਾਣਾ ਜਿਹੇ ਭਾਵ ਦੀ ਪ੍ਰਤੀਤੀ ਹੁੰਦੀ ਹੈ। ਮਰਦ ਵਲੋਂ ਔਰਤਾਂ ਪ੍ਰਤੀ ਧੱਕੇਸ਼ਾਹੀ ਹੁੰਦੀ ਹੀ ਰਹੀ ਹੈ।



ਸੰਸਕ੍ਰਿਤ ਵਿਚ ਵਿਵਾਹ ਦਾ ਅਰਥ ਹਵਾ ਵੀ ਹੈ ਤੇ ਵਾਹਣ ਵੀ। ਇਸ ਸ਼ਬਦ ਵਿਚ ਕਿਰਿਆਸ਼ੀਲ ਧਾਤੂ ਹੈ, 'ਵਹ' ਜਿਸ ਦਾ ਅਰਥ ਹੈ ਚੁੱਕ ਲਿਜਾਣਾ, ਢੋਣਾ, ਰੋੜਨਾ। ਇਸ ਧਾਤੂ ਤੋਂ ਅਨੇਕਾਂ ਆਮ ਵਰਤੀਂਦੇ ਸ਼ਬਦਾਂ ਦੀ ਉਤਪਤੀ ਹੋਈ ਹੈ। (ਪਾਣੀ ਦਾ ਦਰਿਆ ਆਦਿ ਦੀ ਸ਼ਕਲ ਵਿਚ) ਵਹਿਣਾ ਅਤੇ ਇਸ ਤੋਂ ਅੱਗੇ ਕਿਸੇ ਵੀ ਤਰਲ ਜਿਵੇਂ ਅੱਥਰੂ ਦਾ ਵਹਿਣਾ ਜਾਂ ਵਹਾਉਣਾ ਮੁਖ ਵਿਕਾਸ ਹੈ। ਪਾਣੀ ਨਾਲ ਸਬੰਧਤ ਹੋਰ ਸ਼ਬਦ ਹਨ, ਵਹਿਣ, ਵਹਾਅ, ਪ੍ਰਵਾਹ, ਵਾਹਾ, ਵਾਹ, ਰਜਬਾਹਾ। ਗੁਰਬਾਣੀ ਵਿਚ ਆਉਂਦਾ ਹੈ:

ਨਦੀਆ ਅਤੇ ਵਾਹ
ਪਵਹਿ ਸਮੁੰਦਿ ਨ ਜਾਣੀਅਹਿ॥

***

ਨਦੀਆ ਵਾਹ ਵਿਛੁੰਨਿਆ
ਮੇਲਾ ਸੰਜੋਗੀ ਰਾਮ॥ -ਗੁਰੂ ਨਾਨਕ

ਵਾਹੁਣਾ ਕਿਰਿਆ ਦੇ ਕਈ ਅਰਥ ਹਨ ਜਿਵੇਂ ਹਲ ਚਲਾਉਣਾ, ਟਾਂਗਾ ਆਦਿ ਚਲਾਉਣਾ, ਹੱਕਣਾ, ਕਿਸੇ ਤੋਂ ਬਹੁਤ ਕੰਮ ਲੈਣਾ, ਔਰਤ ਦਾ ਯੋਨ ਸ਼ੋਸ਼ਨ ਕਰਨਾ, ਵਾਲ ਵਾਹੁਣਾ, ਮਖੌਲੀਆ ਵਰਤੋਂ ਵਿਚ ਜੁੱਤੀਆਂ ਵਾਹੁਣਾ! ਇਕ ਲਾਦੂ ਜਾਂ ਢੋਣ ਵਾਲੇ ਪਸ਼ੂ ਦੇ ਅਰਥਾਂ ਵਿਚ ਵਾਹ ਦਾ ਅਰਥ ਝੋਟਾ, ਘੋੜਾ, ਬਲਦ ਆਦਿ ਵੀ ਹਨ। ਚਰਿਤਰ 142 ਵਿਚ ਬੈਲ ਦੇ ਅਰਥਾਂ ਵਿਚ ਦੇਖੋ: ਬਹੁਰ ਬਾਨ ਬੱਤੀਸ ਸੋਂ ਵਾਹ ਪ੍ਰਹਾਰਯੋ, ਅਰਥਾਤ ਬੱਤੀ ਤੀਰਾਂ ਨਾਲ ਸ਼ਿਵ ਦਾ ਬੈਲ ਘਾਇਲ ਕੀਤਾ। ਵਾਹ ਦੇ ਹੋਰ ਰੂਪ ਹਨ, ਵਾਹਾ, ਬਾਹ ਤੇ ਬਾਹਾ। 'ਗਿੱਦੜਬਾਹਾ' ਵਿਚ ਸ਼ਾਇਦ ਏਹੀ ਪਿਛੇਤਰ ਹੈ। ਹਲ ਚਲਾਉਣ ਵਾਲੇ ਨੂੰ ਹਲਵਾਹ, ਹਲਵਾਹਾ, ਹਰਵਾਹਾ ਜਾਂ ਵਾਹੀਕਾਰ ਕਿਹਾ ਜਾਂਦਾ ਹੈ:

ਮਨ ਕੈ ਬੈਲ ਸੁਰਤ ਹਰਵਾਹਾ॥ -ਕਬੀਰ

ਚਰਵਾਹਾ ਵਿਚ ਵੀ ਵਾਹਾ ਝਲਕਦਾ ਹੈ। ਵਾਹਕ ਵੀ ਵਿਭਿੰਨ ਅਰਥਾਂ ਵਿਚ ਵਾਹਾ ਹੀ ਹੈ। ਖੁਦ ਵਾਹਣ ਇਸੇ ਧਾਤੂ ਤੋਂ ਬਣਿਆ ਹੈ। ਫਿਰ ਖੇਤੀ ਦੇ ਅਰਥਾਂ ਵਿਚ ਵਾਹੀ, ਵਾਹੀ ਕਰਨ ਵਾਲਾ ਵਹਿੜਕਾ, ਹਲ ਵਾਹ ਕੇ ਕੀਤਾ ਵਾਹਣ ਸ਼ਬਦ ਵੀ ਇਸੇ ਧਾਤੂ ਦੇ ਲੈਣਦਾਰ ਹਨ। ਵਾਹਣ ਦਾ ਅਰਥ ਰਸਤਾ ਵੀ ਹੈ, ਭਜਦਿਆਂ ਨੂੰ ਵਾਹਣ ਇਕੋ ਜਿਹਾ। ਟਰੈਫ਼ਿਕ ਦੇ ਅਰਥਾਂ ਵਿਚ ਪਰਿਵਹਨ ਸ਼ਬਦ ਵੀ ਇਸੇ ਵਹਿਣ ਵਿਚੋਂ ਪ੍ਰਗਟ ਹੁੰਦਾ ਹੈ।

ਅਸਲ ਵਿਚ ਇਸ ਧਾਤੂ ਪਿਛੇ ਗਤੀ ਦਾ ਭਾਵ ਹੀ ਸਪਸ਼ਟ ਹੁੰਦਾ ਹੈ ਤੇ ਏਥੇ ਆ ਕੇ ਅਸੀਂ ਇਸ ਦੇ ਭਾਰੋਪੀ ਪਸਾਰੇ ਵੱਲ ਵਧਦੇ ਹਾਂ। ਇਕ ਭਾਰੋਪੀ ਮੂਲ ਹੈ 'wegh' ਜਿਸ ਦਾ ਅਰਥ ਚੱਲਣਾ, ਗਤੀ ਕਰਨਾ ਹੈ। 'ਵਹ' ਧਾਤੂ ਰਾਹੀਂ ਅਸੀਂ ਪੰਜਾਬੀ ਦੇ ਕੁਝ ਸ਼ਬਦ ਦੇਖ ਚੁਕੇ ਹਾਂ। ਬਹੁਤ ਸਾਰੀਆਂ ਹਿੰਦ ਆਰਿਆਈ ਭਾਸ਼ਾਵਾਂ ਜਿਵੇਂ ਗਰੀਕ, ਲਾਤੀਨੀ, ਸਲਾਵਿਕ, ਲਿਥੂਐਨੀਅਨ, ਗਾਥਿਕ, ਜਰਮਨ, ਅੰਗਰੇਜ਼ੀ ਆਦਿ ਵਿਚ ਇਸ ਮੂਲ ਤੋਂ ਸੈਂਕੜੇ ਸ਼ਬਦਾਂ ਦੀ ਉਤਪਤੀ ਹੋਈ ਹੈ। ਅੰਗਰੇਜ਼ੀ ਵਿਚ ਸਿਧੇ ਵੀ ਤੇ ਗਰੀਕ, ਲਾਤੀਨੀ ਅਤੇ ਜਰਮਨ ਆਦਿ ਰਾਹੀਂ ਵੀ ਕਈ ਸ਼ਬਦ ਵਿਕਸਿਤ ਹੋਏ ਹਨ। ਸਭ ਤੋਂ ਪਹਿਲਾਂ ਅਸੀਂ ਲਾਤੀਨੀ ਰਾਹੀਂ ਆਏ vehicle ਸ਼ਬਦ ਨੂੰ ਲੈਂਦੇ ਹਾਂ। ਸਤਾਰਵੀਂ ਸਦੀ ਦੇ ਅਰੰਭ ਵਿਚ ਇਹ ਸ਼ਬਦ ਉਸ ਮਾਧਿਅਮ ਲਈ ਵਰਤਿਆ ਜਾਂਦਾ ਸੀ ਜਿਸ ਨਾਲ ਦਵਾਈ ਖਾਧੀ ਜਾਂਦੀ ਸੀ ਜਿਵੇਂ ਪਾਣੀ ਨਾਲ ਗੋਲੀ। ਬਾਅਦ ਵਿਚ ਵਿਸਤਾਰ ਹੋ ਕੇ ਇਸ ਸ਼ਬਦ ਦਾ ਅਰਥ ਬਣਿਆ 'ਕੋਈ ਵੀ ਚੀਜ਼ ਜਿਸ ਰਾਹੀਂ ਕਾਸੇ ਦਾ ਸੰਚਾਰ ਹੁੰਦਾ ਹੈ' ਅਰਥਾਤ ਸਵਾਰੀ, ਗੱਡੀ, ਲਾਦੂ ਪਸ਼ੂ ਆਦਿ। ਗ਼ੌਰ ਕਰੋ, ਇਸ ਦੇ ਸੁਜਾਤੀ ਸ਼ਬਦ ਵਾਹਣ ਦੇ ਵੀ ਇਹੋ ਅਰਥ ਹਨ। ਇਹ ਲਾਤੀਨੀ ਸ਼ਬਦ vehere ਜਿਸ ਦੇ ਅਰਥ ਚੁੱਕ ਲਿਜਾਣਾ, ਢੋਣਾ ਆਦਿ ਹੁੰਦੇ ਹਨ, ਤੋਂ ਤੁਰ ਕੇ ਫਰਾਂਸੀਸੀ ਵਿਚ ਦੀ ਹੁੰਦਾ ਅੰਗਰੇਜ਼ੀ ਵਿਚ ਆਇਆ ਹੈ। ਪੁਰਾਣੀ ਅੰਗਰੇਜ਼ੀ ਵਿਚ ਇਕ ਸ਼ਬਦ wegn ਹੁੰਦਾ ਸੀ ਜਿਸ ਦਾ ਅਰਥ ਵੀ ਇਹੋ ਹੁੰਦਾ ਸੀ। ਇਹ ਸ਼ਬਦ ਅੱਜ ਕਲ੍ਹ ਤਾਂ ਨਹੀਂ ਵਰਤਿਆ ਜਾਂਦਾ ਪਰ ਇਸ ਤੋਂ ਬਣੇ ਸ਼ਬਦ ਉਪਲਬਧ ਹਨ। ਪੁਰਾਣੀ ਜਰਮੈਨਿਕ ਵਿਚ weg ਦਾ ਅਰਥ ਰਸਤਾ ਹੁੰਦਾ ਸੀ ਤੇ ਇਸੇ ਤੋਂ ਵਿਕਸਤ ਅੰਗਰੇਜ਼ੀ ਸ਼ਬਦ way ਦਾ ਵੀ ਏਹੋ ਅਰਥ ਹੈ। ਅਸੀਂ ਪੰਜਾਬੀ ਵਿਚ ਵੀ ਵਾਹਣ ਦਾ ਅਰਥ ਰਸਤਾ ਦੇਖ ਚੁਕੇ ਹਾਂ। ਏਥੇ ਅੰਗਰੇਜ਼ੀ ਸ਼ਬਦ ਵੈਗਨ wagon ਦਾ ਜ਼ਿਕਰ ਕਰਨਾ ਵੀ ਥਾਂ ਸਿਰ ਹੈ। ਇਹ ਸ਼ਬਦ ਕਈ ਭਾਸ਼ਾਵਾਂ ਥਾਣੀ ਗੁਜ਼ਰਦਾ ਮਧ ਡੱਚ ਰਾਹੀਂ ਅੰਗਰੇਜ਼ੀ ਵਿਚ ਗੱਡੇ ਦੇ ਅਰਥਾਂ ਵਿਚ ਆਇਆ। ਗਰੀਕ ਤੇ ਲਾਤੀਨੀ ਵਿਚ ਇਸ ਦੇ ਸੁਜਾਤੀ ਸ਼ਬਦਾਂ ਦੇ ਅਰਥ ਰਥ, ਗੱਡੀ ਆਦਿ ਹਨ। ਸੰਸਕ੍ਰਿਤ ਵਿਚ ਵਹਿਤ੍ਰਮ ਤੇ ਵਹਿਤਰ ਸ਼ਬਦ ਜਹਾਜ਼ ਦੇ ਅਰਥਾਂ ਵਿਚ ਆਉਂਦੇ ਹਨ। ਗੁਰਬਾਣੀ ਵਿਚ ਆਉਂਦਾ 'ਬੋਹਿਥਾ' ਸ਼ਬਦ ਇਸ ਨਾਲ ਸਬੰਧਿਤ ਹੈ ਜਾਂ ਨਹੀਂ, ਵਿਚਾਰ ਅਧੀਨ ਹੈ। ਵੈਸੇ ਸੰਸਕ੍ਰਿਤ ਵਿਚ ਇਨ੍ਹਾਂ ਅਰਥਾਂ ਵਿਚ 'ਬੋਹਿਸਤਾ' ਸ਼ਬਦ ਮੌਜੂਦ ਹੈ ਪਰ ਸੰਸਕ੍ਰਿਤ ਕੋਸ਼ ਇਸ ਦੀ ਵਿਉਤਪਤੀ ਬਾਰੇ ਸੰਕੇਤ ਨਹੀਂ ਦਿੰਦੇ। ਕਾਹਨ ਸਿੰਘ ਨੇ ਬੋਹਿਥਾ ਸ਼ਬਦ ਨੂੰ ਅੰਗਰੇਜ਼ੀ ਬੋਟ boat ਨਾਲ ਜੋੜਿਆ ਹੈ ਜੋ ਸਰਾਸਰ ਗਲਤ ਹੈ। ਰੂਸੀ ਵਿਚ ਇਨ੍ਹਾਂ ਹੀ ਅਰਥਾਂ ਵਿਚ ਪੋਵੋਜ਼ਕਾ ਸ਼ਬਦ ਹੈ।

ਅਖੀਰ ਵਿਚ ਅਸੀਂ ਅੰਗਰੇਜ਼ੀ ਸ਼ਬਦ weigh ਅਤੇ weight ਲੈਂਦੇ ਹਾਂ। ਇਸ ਦਾ ਪੁਰਾਤਨ ਰੂਪ wegan ਹੁੰਦਾ ਸੀ ਜਿਸ ਦਾ ਅਰਥ ਕਿਸੇ ਚੀਜ਼ ਨੂੰ ਚੁੱਕਣਾ, ਭਾਰ ਤੋਲਣਾ ਆਦਿ ਹੁੰਦਾ ਸੀ। ਪੁਰਾਣੇ ਜ਼ਮਾਨੇ ਵਿਚ ਕਿਸੇ ਚੀਜ਼ ਨੂੰ ਚੁੱਕ ਕੇ ਹੀ ਉਸ ਦੇ ਭਾਰ ਦਾ ਅਨੁਮਾਨ ਲਾ ਲਿਆ ਜਾਂਦਾ ਹੈ ਜਿਵੇਂ ਅਸੀਂ ਬਾਲਾ ਕਢ ਕੇ ਲਾ ਲੈਂਦੇ ਹਾਂ। ਪਾਠਕ ਨੋਟ ਕਰਨ ਕਿ ਅੰਗਰੇਜ਼ੀ way ਅਤੇ weigh ਦੇ ਸ਼ਬਦ ਜੋੜ ਭਾਵੇਂ ਕਿੰਨੇ ਹੀ ਵੱਖਰੇ ਹੋਣ, ਦੋਨਾਂ ਵਿਚ ਧੁਨੀ ਸਮਾਨਤਾ ਹੈ ਜਿਸ ਦਾ ਕਾਰਨ ਇਨ੍ਹਾਂ ਸ਼ਬਦਾਂ ਪਿਛੇ ਧਾਤੂਮੂਲਕ ਅਰਥ ਸਮਾਨਤਾ ਹੈ। ਇਸ ਸਾਰੀ ਚਰਚਾ ਤੋਂ ਪਤਾ ਲਗਦਾ ਹੈ ਕਿ 'ਵਿਆਹ' ਨਾਲ ਸਬੰਧਤ ਸ਼ਬਦਾਂ ਦੇ ਅਰਥ ਇਕ ਪਾਸੇ ਢੋਣਾ, ਭਾਰ ਚੁੱਕਣਾ ਜਿਹੇ ਦੁਸ਼ਵਾਰ ਕੰਮਾਂ ਵਾਲੇ ਹਨ ਤੇ ਦੂਜੇ ਪਾਸੇ ਜਲ ਦੇ ਵਹਿਣ, ਪ੍ਰਵਾਹ ਜਿਹੀਆਂ ਸਹਿਜ ਸੁਖਾਵੀਆਂ ਪ੍ਰਕਿਰਿਆਵਾਂ ਵਾਲੇ ਹਨ। ਵਿਆਹ ਪਿਛੋਂ ਦੋਵੇਂ ਤਰਾਂ ਦੇ ਤਜਰਬੇ ਹੁੰਦੇ ਹਨ। ਵਿਆਹੇ-ਵਰੇ ਨੂੰ ਚਾਹੀਦਾ ਹੈ ਕਿ ਇਸ ਦੁਨੀਆਦਾਰੀ ਦੇ ਦੁਸ਼ਵਾਰ ਧੰਦੇ ਨੂੰ ਸਹਿਜ ਸੁਖਾਵਾਂ ਬਣਾਉਣ ਵੱਲ ਜੁਟਿਆ ਰਹੇ।

# ਪ੍ਰੋਫੈਸਰ ਸਾਹਿਬਾਨ

ਹਰਪਾਲ ਸਿੰਘ ਪੰਨੂ

ਮੱਲ੍ਹੀ ਸਾਹਿਬ ਨੇ ਕਿਹਾ, ਤੂੰ ਪ੍ਰੋਫੈਸਰਾਂ ਖਿਲਾਫ ਲਿਖਦਾ ਰਹਿੰਨੈਂ। ਹੋਰ ਵੀ ਲੋਕ ਹੈਗੇ। ਉਨ੍ਹਾਂ ਖਿਲਾਫ ਤੇਰਾ ਦਿਮਾਗ ਕਿਉਂ ਕੰਮ ਨਹੀਂ ਕਰਦਾ? ਮੈਂ ਕਿਹਾ, ਮੈਂ ਕਿਸੇ ਖਿਲਾਫ ਕਿਉਂ ਲਿਖਾਂ? ਜੇ ਮੈਂ ਪ੍ਰੋਫੈਸਰਾਂ ਦੇ ਖਿਲਾਫ ਹੋ ਗਿਆ ਫੇਰ ਦੁਨੀਆਂ ਵਿਚ ਮੇਰਾ ਕੌਣ ਹੈ? ਖੁਦ ਅਕਲਮੰਦੀ ਨਾਮ ਦੀ ਬਿਮਾਰੀ ਤੋਂ ਪੀੜਿਤ ਨਹੀਂ ਹਾਂ, ਜਿਨ੍ਹਾਂ ਨੂੰ ਇਹ ਬਿਮਾਰੀ ਚੰਬੜੀ ਹੋਈ ਹੈ, ਇਸ ਤੋਂ ਮੁਕਤ ਹੋ ਜਾਣ, ਇਹ ਇੱਛਾ ਜ਼ਰੂਰ ਹੈ। ਵਿਦਵਤਾ ਕਿਸ ਚੀਜ਼ ਦਾ ਨਾਮ ਹੈ, ਮੈਂ ਇਸ ਤੋਂ ਜਾਣੂ ਨਹੀਂ, ਜਿਸ ਕਿਸੇ ਨੂੰ ਇਹ ਜਿੰਨ ਚੰਬੜਿਆ, ਉਸ ਨੂੰ ਬਿਜਲੀਆਂ ਲਾਉਣ ਦੇ ਸਖਤ ਖਿਲਾਫ ਹਾਂ, ਪਰ ਹੋਮੀਓਪੈਥੀ ਵਿਚ ਇਸ ਦਾ ਇਲਾਜ ਹੈ, ਇਹ ਮੈਨੂੰ ਪਤਾ ਲੱਗਾ ਹੈ। ਹੋਮੀਓਪੈਥੀ ਰਾਹੀਂ ਜੇ ਮੈਂ ਇਨ੍ਹਾਂ ਨੂੰ ਸਿਹਤਯਾਬ ਕਰਨ ਦਾ ਯਤਨ ਕਰਾਂ ਤਾਂ ਮੈਨੂੰ ਦਾਦ ਬੇਸ਼ੱਕ ਨਾ ਦਿਉ, ਕੰਮ ਤਾਂ ਕਰਨ ਦਿਉ।

ਸੈਮੀਨਾਰ ਵਿਚ ਪਰਚੇ ਪੜ੍ਹਨ ਵਾਲੇ ਵਿਦਵਾਨਾਂ ਦੇ ਸੁਆਗਤ ਲਈ ਡਾ. ਜੋਧ ਸਿੰਘ ਨਾਲ ਮੈਂ ਦਰਵਾਜ਼ੇ 'ਤੇ ਖਲੋਤਾ ਸਾਂ, ਸਾਡੇ ਨੇੜੇ ਇਕ ਹੋਰ ਪ੍ਰੋਫੈਸਰ ਖਲੋਤਾ ਸੀ। ਡਾ. ਜੋਧ ਸਿੰਘ ਨੇ ਆਏ ਪੰਜ ਛੇ ਅਧਿਆਪਕਾਂ ਨਾਲ ਇਕ ਦੂਜੇ ਦਾ ਤੁਆਰਫ ਕਰਵਾਉਂਦਿਆਂ ਮੇਰੇ ਕੁਲੀਗ ਬਾਰੇ ਦੱਸਿਆ, ਇਹ ਡਾ. ਫਲਾਣਾ ਸਿੰਘ ਹਨ। ਗੁਰਮਤਿ ਉਪਰ ਇਨ੍ਹਾਂ ਤੋਂ ਵਧੀਆ ਕੰਮ ਹਿੰਦੁਸਤਾਨ ਵਿਚ ਕਿਸੇ ਨੇ ਨਹੀਂ ਕੀਤਾ। ਫਲਾਣਾ ਸਿੰਘ ਜੀ ਦਾ ਪਾਰਾ ਅਕਸਰ ਅਚਾਨਕ ਉਚਾ ਚੜ੍ਹ ਜਾਇਆ ਕਰਦਾ ਹੈ, ਉਹ ਪੱਬਾਂ ਭਾਰ ਹੋ ਕੇ ਬੋਲੇ, ਦੁਨੀਆਂ ਵਿਚ ਕਿਸੇ ਦਾ ਕੰਮ ਮੇਰੇ ਵਰਗਾ ਹੈ? ਤੁਹਾਨੂੰ ਮੇਰੀ ਬੇਇਜ਼ਤੀ ਕਰਨ ਦਾ ਹੱਕ ਨਹੀਂ ਹੈ, ਸ਼੍ਰੀਮਾਨ।

ਪ੍ਰੋ. ਕੁਲਵੰਤ ਸਿੰਘ ਗਰੇਵਾਲ ਮਿਲੇ। ਮਿਲਦਿਆਂ ਹੀ ਜੋਧ ਸਿੰਘ ਦਾ ਹਾਲ-ਚਾਲ ਪੁੱਛਿਆ। ਮੈਂ ਕਿਹਾ, ਜੋਧ ਸਿੰਘ ਕਿਵੇਂ ਯਾਦ ਆ ਗਏ? ਬੱਦਲਵਾਈ ਦੇਖਣ ਸਾਰ ਕਾਲੀਦਾਸ ਨੂੰ ਆਪਣੀ ਪ੍ਰੇਮਿਕਾ ਯਾਦ ਆ ਜਾਏ ਤਾਂ ਇਸ ਵਿਚ ਕੋਈ ਮੰਦਭਾਵਨਾ ਨਹੀਂ ਪਰ ਅੱਜ ਸਭ ਤੋਂ ਪਹਿਲਾਂ ਜੋਧ ਸਿੰਘ ਕਿਉਂ? ਉਹ ਬੋਲੇ, ਇਸ ਯੂਨੀਵਰਸਿਟੀ ਵਿਚ ਬੜੇ ਵੱਡੇ ਵਿਦਵਾਨ ਦੇਖੇ। ਹਰਬੰਸ ਸਿੰਘ, ਤਾਲਿਬ ਸਾਹਿਬ, ਗੰਡਾ ਸਿੰਘ, ਤਾਰਨ ਸਿੰਘ, ਫੌਜਾ ਸਿੰਘ, ਕਦੇ ਕੋਈ ਨਿੱਜੀ ਮਸਲਾ ਹੁੰਦਾ ਜਾਂ ਪੰਥਕ, ਇਨ੍ਹਾਂ ਦੀ ਸਲਾਹ ਲੈਣ ਜਾਂਦੇ। ਕੋਈ ਗੱਲ ਮਿਲ ਜਾਂਦੀ ਹੁੰਦੀ। ਜਦੋਂ ਮੈਂ ਜੋਧ ਸਿੰਘ ਕੋਲੋਂ ਕੋਈ ਸਲਾਹ ਮੰਗਣ ਜਾਣਾ, ਉਹ ਦਰਾਜ ਵਿਚੋਂ ਸ਼ੀਸ਼ੀ ਕੱਢ ਕੇ ਆਪਣੀਆਂ ਅੱਖਾਂ ਵਿਚ ਦਵਾਈ ਪਾਉਣ ਲੱਗ ਜਾਂਦੇ ਹਨ। ਦੱਸਦੇ ਹਨ ਹੋਮੀਓਪੈਥੀ ਦੀ ਦਵਾਈ ਹੈ, ਬੜੀ ਵਧੀਆ ਹੈ।

ਮੇਰਾ ਇਕ ਦੋਸਤ ਭਗਵਾਨ ਸਿੰਘ ਹੈ, ਉਹ ਡਾਕਟਰ ਨਹੀਂ ਹੈ ਪਰ ਉਸ ਨੂੰ ਡਾਕਟਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਹਿਜ ਨਾਲ ਗੱਲ ਕਰਦਾ ਹੈ, ਸਹਿਜੇ ਸਹਿਜੇ ਤੁਰਦਾ ਹੈ। ਦੋ ਦਹਾਕੇ ਪਹਿਲਾਂ ਮੈਨੂੰ ਖਬਰ ਮਿਲੀ ਕਿ ਪੁਲਿਸ ਨੇ ਫੜ ਲਿਐ ਤੇ ਤਸੀਹੇ ਦਿੱਤੇ ਜਾ ਰਹੇ ਨੇ, ਜਿਉਂਦਾ ਵੀ ਹੈ ਕਿ ਨਹੀਂ, ਰੱਬ ਜਾਣੇ। ਮੈਂ ਇਸ ਖਬਰ ਕਾਰਨ ਕਈ ਦਿਨ ਦੁਖੀ ਰਿਹਾ। ਮੇਰੇ ਵਿਭਾਗ ਵਿਚ ਪ੍ਰੋ. ਹਿੰਮਤ ਸਿੰਘ ਆ ਗਏ। ਆਲੀਸ਼ਾਨ ਦਿਮਾਗ ਦੇ ਮਾਲਕ, ਕਾਬਜ਼ ਤੇ ਕਾਸ਼ਤਕਾਰ ਹਨ। ਦੱਸਣ ਲੱਗ ਪਏ ਕਿ ਪਹਿਲੋਂ ਬਲੈਕ ਐਂਡ ਵਾਈਟ ਦ੍ਰਿਸ਼ ਅੱਖਾਂ ਸਾਹਮਣੇ ਆਇਆ ਕਰਦੇ ਸਨ, ਰੂਹਾਨੀ ਸ਼ਕਤੀ ਪ੍ਰਾਪਤ ਹੋਣ ਪਿਛੋਂ, ਹੁਣ ਰੰਗਦਾਰ ਹੋ ਗਏ ਹਨ। ਮੇਰੇ ਪਿੰਡ ਵਿਚ ਟੈਲੀਵੀਜ਼ਨ ਕਦੋਂ ਆਇਆ, ਇਸ ਦਾ ਤਾਂ ਪਤਾ ਨਹੀਂ, ਅਮਰੀਕਾ ਗਿਆ ਮੁੰਡਾ ਉਥੋਂ ਰੇਡੀਓ ਲੈ ਆਇਆ। ਚਲਾਉਣ ਤੋਂ ਪਹਿਲਾਂ ਹੀ ਪਿੰਡ ਇਕੱਠਾ ਹੋ ਗਿਆ ਪਰ ਜਦੋਂ ਗੀਤ ਚੱਲਣ ਲੱਗੇ ਫਿਰ ਤਾਂ ਲਾਗਲੇ ਪਿੰਡਾਂ ਨੂੰ ਜਾਂਦੇ ਮੁਸਾਫਰ ਵੀ ਤਮਾਸ਼ਾ ਦੇਖਣ ਲਈ ਰੁਕ ਗਏ। ਹੈਰਾਨੀ ਇਸ ਗੱਲ ਦੀ ਸੀ ਕਿ ਅਮਰੀਕਾ ਵਿਚ ਬਣੇ ਰੇਡੀਓ ਨੇ ਪੰਜਾਬੀ ਕਿਵੇਂ ਸਿੱਖ ਲਈ। ਕੇਵਲ ਸਿੱਖੀ ਨਹੀਂ ਗੀਤ ਗਾਉਣ ਤੇ ਤੂੰਬੀ ਵਜਾਉਣ ਵੀ ਲੱਗ ਗਿਆ। ਗਜ਼ਬ।

ਰੰਗੀਨ ਦ੍ਰਿਸ਼ ਦੇਖਣ ਵਾਲੇ ਪ੍ਰੋਫੈਸਰ ਅੱਗੇ ਬੇਨਤੀ ਕੀਤੀ ਕਿ ਮੇਰਾ ਮਿੱਤਰ ਪੁਲਿਸ ਹਿਰਾਸਤ ਵਿਚ ਹੈ, ਉਹ ਤੰਗ ਹੈ, ਕਿਰਪਾ ਕਰਕੇ ਉਸ ਬਾਰੇ ਦੱਸੋ ਕਿਵੇਂ ਹੈ। ਮੈਂ ਕਈ ਦਿਨਾਂ ਤੋਂ ਫਿਕਰਵੰਦ ਹਾਂ। ਹਿੰਮਤ ਸਿੰਘ ਨੇ ਅੱਖਾਂ ਬੰਦ ਕੀਤੀਆਂ, ਰਤਾ ਕੁ ਉਨ੍ਹਾਂ ਦੀਆਂ ਉਂਗਲਾਂ ਕੰਬੀਆਂ, ਪਲਕਾਂ ਨੇ ਵੀ ਹਰਕਤ ਕੀਤੀ, ਫਿਰ ਬਿਆਨ ਕਰਦਿਆਂ ਕਿਹਾ, ਅਧਮਰਿਆ ਲੇਟਿਆ ਪਿਆ ਹੈ। ਅਜੇ ਦਿਲ ਦੀ ਧੜਕਣ ਚਲ ਰਹੀ ਹੈ ਪਰ ਬਚਣ ਦੀ ਕੋਈ ਉਮੀਦ ਨਹੀਂ...ਰੁਕੋ... ਕੰਮ ਤਮਾਮ। ਆਖਰੀ ਸਾਹ। ਬਸ ਠੰਢਾ ਹੋ ਚੁੱਕਾ ਹੈ। ਅਸੀਂ ਸਾਰੇ ਉਦਾਸ ਹੋਏ। ਚੰਗਾ ਬੰਦਾ ਸੀ। ਗੱਲਾਂ ਸੁਣਨ ਨੂੰ ਦਿਲ ਕਰਦਾ ਹੁੰਦਾ। ਮਹਾਰਾਜ ਆਪਣੇ ਚਰਨਾਂ ਵਿਚ ਥਾਂ ਦੇਣ। ਸਭ ਆਪੋ ਆਪਣੇ ਟਿਕਾਣਿਆਂ ਵੱਲ ਤੁਰ ਪਏ।

ਇਸ ਦ੍ਰਿਸ਼ ਵਰਣਨ ਤੋਂ ਤਿੰਨ ਕੁ ਮਹੀਨੇ ਬਾਦ ਮੈਂ ਕਾਫੀ ਹਾਊਸ ਵੱਲ ਜਾ ਰਿਹਾ ਸਾਂ ਤਾਂ ਦੇਖਿਆ ਭਗਵਾਨ ਸਿੰਘ ਆ ਰਿਹਾ ਹੈ। ਮੁਰਦਾ ਤੁਰਨ ਜੋਗਾ ਹੁੰਦਾ ਤਾਂ ਨਹੀਂ ਪਰ ਕਰਾਮਾਤ ਹੋ ਵੀ ਸਕਦੀ ਹੈ। ਉਸਨੇ ਸਤਿ ਸ੍ਰੀ ਅਕਾਲ ਬੁਲਾਈ, ਪ੍ਰੇਤ ਦੀ ਸਤਿ ਸ੍ਰੀ ਅਕਾਲ ਦਾ ਜਵਾਬ ਦੇਣਾ ਮੁਨਾਸਿਬ ਨਾ ਸਮਝਦਿਆਂ ਉਸ ਦੀ ਬਾਂਹ ਫੜੀ ਤੇ ਘਸੀਟਣ ਵਾਂਗ ਹਿੰਮਤ ਸਿੰਘ ਦੇ ਕਮਰੇ ਵਿਚ ਗਿਆ, ਪੁੱਛਿਆ, ਇਹ ਹੈ ਭਗਵਾਨ ਸਿੰਘ ਜਿਸ ਦੇ ਦਿਲ ਦੀ ਆਖਰੀ ਧੜਕਣ ਤੁਸੀਂ ਰੰਗਦਾਰ ਦੇਖੀ ਸੀ। ਹਿੰਮਤ ਸਿੰਘ ਗੰਭੀਰ ਰਹੇ, ਇਹ ਉਹ ਭਗਵਾਨ ਸਿੰਘ ਨਹੀਂ ਹੈ। ਦੁਨੀਆਂ ਵਿਚ ਅਨੇਕ ਭਗਵਾਨ ਸਿੰਘ ਹਨ। ਜਿਹੜਾ ਰੰਗਦਾਰ ਭਗਵਾਨ ਸਿੰਘ ਮਰਦਾ ਮੈਂ ਦੇਖਿਆ ਸੀ, ਉਹ ਕੋਈ ਹੋਰ ਸੀ। ਇਹ ਜਿਹੜਾ ਸਾਹਮਣੇ ਖਲੋਤਾ ਹੈ, ਜੇ ਇਹ ਵੀ ਭਗਵਾਨ ਸਿੰਘ ਹੈ ਤਾਂ ਇਸ ਦਾ ਮੈਂ ਕੀ ਕਰਾਂ? ਮੈਨੂੰ ਗੁੱਸਾ ਆ ਗਿਆ, ਇਸ ਨੂੰ ਵੀ ਰੰਗਦਾਰ ਮੌਤ ਮਾਰੋ। ਇਹ ਕਿਹੜਾ ਦੁਸ਼ਮਣ ਹੈ? ਦੁਸ਼ਮਣਾਂ ਨੂੰ ਬਲੈਕ ਐਂਡ ਵਾਈਟ ਮਾਰਾਂਗੇ। ਦੋਸਤ ਦੋਸਤ ਹਨ ਰੰਗਦਾਰ ਮੌਤ ਮਾਰਾਂਗੇ।

ਹਿੰਮਤ ਸਿੰਘ ਪਿਛਲੇ ਹਫਤੇ ਕਸ਼ਮੀਰ ਦੇ ਜੁਆਨਾਂ ਨੂੰ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਦੱਸ ਕੇ ਆਏ ਹਨ, ਮੇਰਾ ਪੀਐਚ.ਡੀ. ਦਾ ਥੀਸਿਸ ਯੋਰਪ ਦੇ ਦੇਸ਼ਾਂ ਵਿਚ ਮੁਲਾਂਕਣ ਲਈ ਭੇਜਿਆ ਗਿਆ। ਮਾਹਿਰ ਦੰਗ ਰਹਿ ਗਏ। ਰਿਪੋਰਟ ਲਿਖੀ, ਸਾਡੇ ਦਿਮਾਗਾਂ ਤੋਂ ਉਪਰ ਦੀ ਕੋਈ ਚੀਜ਼ ਹੈ ਇਹ ਗ੍ਰੰਥ। ਇਸ ਦਾ ਮੁਲਾਂਕਣ ਭਾਰਤੀ ਵਿਦਵਾਨ ਆਪੇ ਕਰ ਲੈਣ, ਸਾਡੇ ਵਸ ਦੀ ਗੱਲ ਨਹੀਂ। ਡਿਗਰੀ ਨਹੀਂ ਮਿਲ ਸਕੀ।

ਲੱਕੜ ਜਿਸਮ ਵਿਚ ਕਾਠ ਮਾਰੇ ਦਿਮਾਗ ਵਾਲਾ ਪ੍ਰੋਫੈਸਰ ਕੁਝ ਗੈਰਹਾਜ਼ਰ ਰਹਿਣ ਲੱਗਾ। ਮੈਂ ਕਾਰਨ ਪੁੱਛਿਆ ਤਾਂ ਕਿਹਾ, ਤਕਲੀਫ ਹੈ, ਦਵਾਈ ਲੈ ਰਿਹਾ



ਹਾਂ। ਮੈਂ ਪੁੱਛਿਆ, ਕਿਥੋਂ? ਕਿਸ ਡਾਕਟਰ ਤੋਂ? ਦੱਸਿਆ, ਡਾਕਟਰ ਬੇਦੀ ਦਾ ਇਲਾਜ ਚੱਲ ਰਿਹੈ। ਫਿਰ ਪੁੱਛਿਆ, ਕੀ ਤਕਲੀਫ ਹੈ? ਉਤਰ ਮਿਲਿਆ, ਤਕਲੀਫ ਦਾ ਮੈਨੂੰ ਵੀ ਪਤਾ ਨਹੀਂ ਸੀ, ਮੈਂ ਡਾਕਟਰ ਨੂੰ ਪੁੱਛਿਆ ਤਾਂ ਬੇਦੀ ਸਾਹਿਬ ਬੋਲੇ, ਬਹੁਤ ਸੂਖਮ ਬਿਰਤੀ ਵਾਲੇ ਬੰਦਿਆਂ ਨੂੰ ਇਹੋ ਜਿਹੀਆਂ ਤਕਲੀਫਾਂ ਅਕਸਰ ਤੰਗ ਕਰਿਆ ਕਰਦੀਆਂ ਹਨ। ਹੋਮੀਓਪੈਥੀ ਵਿਚ ਇਨ੍ਹਾਂ ਦੇ ਇਲਾਜ ਹੈਗੇ ਨੇ। ਹੋਮਿਓਪੈਥੀ ਦਾ ਸ਼ੁਕਰਾਨਾ।

ਪ੍ਰੋਫੈਸਰਾਂ ਦੀ ਇਕ ਤਿੱਕੜੀ ਹਮੇਸ਼ਾਂ ਇਕੱਠੀ ਰਹਿੰਦੀ, ਮੀਟਿੰਗ ਦਰ ਮੀਟਿੰਗ, ਵੱਡੇ ਮਸਲੇ, ਵੱਡੇ ਇਲਾਜ। ਚੋਣਾਂ ਹੋਈਆਂ, ਇਕ ਪ੍ਰੋਫੈਸਰ ਅਧਿਆਪਕ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ ਦੂਜਾ ਸਿੱਖ ਬੁਧੀਜੀਵੀ ਫੋਰਮ ਦਾ ਪ੍ਰਧਾਨ। ਮੈਂ ਆਪਣੇ ਕੁਲੀਗ ਨਾਲ ਤੁਰਿਆ ਜਾ ਰਿਹਾ ਸਾਂ ਤਾਂ ਦੇਖਿਆ ਤਿੰਨਾਂ ਵਿਚੋਂ ਇਕ, ਇਕੱਲਾ ਘਾਹ ਉਪਰ ਉਦਾਸ ਟਹਿਲਦਾ ਦੇਖਿਆ। ਆਪਣੇ ਸਾਥੀ ਨੂੰ ਪੁੱਛਿਆ, ਇਹ ਇਕੱਲਾ ਗੁੰਮ ਸੁੰਮ ਕਿਉਂ ਹੈ? ਤਿੱਕੜੀ ਇਕੱਠੀ ਰਿਹਾ ਕਰਦੀ ਸੀ। ਉਤਰ ਮਿਲਿਆ, ਰੂਹਾਨੀਅਤ ਲੈ ਗਏ ਭਾਈ ਲਹਿਣਾ ਜੀ, ਦੁਨੀਆਂਦਾਰੀ ਮਿਲ ਗਈ ਬਾਬਾ ਲੱਖਮੀਦਾਸ ਨੂੰ, ਬਾਬਾ ਸ੍ਰੀਚੰਦ ਟੱਲ ਖੜਕਾਉਂਦੇ ਫਿਰਨ ਚਾਹੇ ਧੂਣੀਆਂ ਧੁਖਾਣ। ਉਦਾਸੀ ਸੰਪਰਦਾਇ ਚੱਲ ਪਿਆ ਹੈ। ਇਕਾਂਤਵਾਸ ਸ਼ੁਰੂ।

ਜੱਗ-ਬੀਤੀ ਬਥੇਰੀ ਹੋ ਗਈ, ਹੱਡ-ਬੀਤੀ ਵੀ ਸੁਣਾਵਾਂ। ਸਕੂਟਰ 'ਤੇ ਸਵਾਰ ਸ਼ਹਿਰ ਜਾ ਰਿਹਾ ਸਾਂ ਤਾਂ ਬਾਈਪਾਸ ਚੌਂਕ ਤੇ ਟ੍ਰੈਫਿਕ ਪੁਲਿਸ ਨੇ ਰੋਕ ਲਿਆ। ਮੈਂ ਸਕੂਟਰ ਕਿਨਾਰੇ ਲਾ ਕੇ ਡਿਕੀ ਖੋਲ੍ਹੀ। ਜੇਬਾਂ ਵਿਚ ਹੱਥ ਮਾਰੇ। ਨਾ ਲਾਇਸੰਸ, ਨਾ ਕਾਪੀ। ਮੈਂ ਕਿਹਾ, ਇੰਸਪੈਕਟਰ ਸਾਹਿਬ ਕਾਗਜ਼ ਘਰ ਪਏ ਹਨ। ਆਹ ਫੜੋ ਚਾਬੀ। ਸਕੂਟਰ ਰੱਖ ਲਉ। ਮੈਂ ਕਿਹੜਾ ਦੂਰ ਜਾਣੈ? ਯੂਨੀਵਰਸਿਟੀ ਦਾ ਪ੍ਰੋਫੈਸਰ ਹਾਂ, ਅੰਦਰੇ ਰਹਿੰਨਾ। ਮੈਂ ਕਾਗਜ਼ ਲੈ ਕੇ ਹੁਣੇ ਆਇਆ। ਇੰਸਪੈਕਟਰ ਨੇ ਕਿਹਾ, ਪ੍ਰੋਫੈਸਰ ਹੋ? ਪ੍ਰੋਫੈਸਰ ਸਾਹਿਬ ਮੈਨੂੰ ਪਤਾ ਨੀ ਲਗਦਾ ਆਪਣੀ ਕੁੜੀ ਨੂੰ ਕਿਹੜੇ ਕੋਰਸ ਵਿਚ ਤੇ ਕਿਹੜੇ ਕਾਲਜ ਵਿਚ ਦਾਖਲ ਕਰਵਾਵਾਂ। ਜਰਾ ਮੈਨੂੰ ਇਸ ਬਾਰੇ ਦੱਸੋ। ਮੈਂ ਕਿਹਾ, ਕੱਲ੍ਹ ਨੂੰ ਦਸ ਵਜੇ ਗੁੱਡੀ ਨੂੰ ਨਾਲ ਲੈ ਕੇ ਮੇਰੇ ਦਫਤਰ ਵਿਚ ਆ ਜਾਇਓ। ਸਭ ਕੁੱਝ ਦੱਸਾਂਗਾ। ਉਸ ਨੇ ਮੈਨੂੰ ਚਾਬੀ ਦੇ ਦਿੱਤੀ ਤੇ ਬਿਨਾਂ ਕਾਗਜ਼ਾਂ ਤੋਂ ਮੈਂ ਸ਼ਹਿਰ ਜਾ ਕੇ ਚੀਜ਼ਾਂ ਵਸਤਾਂ ਖਰੀਦ ਲਿਆਇਆ।

ਨਵੀਂ ਕਾਰ ਖਰੀਦੀ। ਦਿਲ ਤਾਂ ਨਹੀਂ ਸੀ ਕਰਦਾ ਬਹੁਤੇ ਪੈਸੇ ਖਰਚਾਂ ਪਰ ਸਰਦਾਰਨੀ ਨੇ ਕਿਹਾ, ਆਖਰੀ ਕਾਰ ਖਰੀਦਣੀ ਹੈ। ਕਰਜਾ ਦੇਣ ਵਾਸਤੇ ਬੈਂਕ ਮਿੰਨਤਾਂ ਕਰ ਰਹੇ ਨੇ। ਚੱਜ ਦੀ ਖਰੀਦੋ। ਲਉ ਜੀ ਖਰੀਦ ਲਿਆਇਆ ਵਧੀਆ ਕਾਰ ਕਰਜ਼ਾ ਚੁੱਕ ਕੇ। ਬਿਨਾਂ ਕੰਮ ਤੋਂ ਸ਼ਹਿਰ ਗੇੜਾ ਲਾਉਣ ਗਿਆ ਤਾਂ ਫੁਹਾਰਾ ਚੌਂਕ ਉਪਰ ਟਰੈਫਿਕ ਪੁਲਿਸ ਨੇ ਰੋਕ ਲਿਆ। ਸੀਟ ਬੈਲਟ ਨਹੀਂ ਲਾਈ। ਇੰਸਪੈਕਟਰ ਨੇ ਕਾਪੀ ਉਤੇ ਪੈਨ ਦੀ ਚੁੰਜ ਰੱਖੀ ਤੇ ਕਿਹਾ, ਕੱਢੋ ਪੈਸੇ। ਜੁਰਮਾਨਾ ਠੁਕੇਗਾ। ਮੈਂ ਜੇਬ ਵਿਚ ਹੱਥ ਮਾਰੇ। ਦੁਬਾਰਾ ਫੇਰ ਹੱਥ ਮਾਰੇ। ਕਿਸੇ ਜੇਬ ਵਿਚ ਪੈਸਾ ਨਹੀਂ ਸੀ। ਮੈਂ ਕਿਹਾ, ਇੰਸਪੈਕਟਰ ਸਾਹਿਬ, ਇਸ ਵੇਲੇ ਮੇਰੇ ਕੋਲ ਤਾਂ ਚੁਆਨੀ ਵੀ ਨਹੀਂ। ਇੰਸਪੈਕਟਰ ਨੇ ਕਿਹਾ, ਕੋਈ ਗੱਲ ਨਹੀਂ। ਕਾਗਜ਼ ਜਮਾ ਕਰਵਾ ਜਾਉ। ਅਦਾਲਤ ਵਿਚ ਜੁਰਮਾਨਾ ਭਰ ਦੇਣਾ। ਮੈਂ ਗੱਡੀ ਦਾ ਦਰਾਜ ਖੋਲ੍ਹਿਆ, ਕਾਗਜ਼ ਨਹੀਂ। ਮੈਂ ਵਾਪਸ ਆ ਕੇ ਕਿਹਾ, ਮੇਰੇ ਕੋਲ ਤਾਂ ਕਾਗਜ਼ ਵੀ ਨਹੀਂ। ਇੰਸਪੈਕਟਰ ਨੇ ਕਿਹਾ, ਲਗਦੈ ਪ੍ਰੋਫੈਸਰ ਹੋ। ਮੈਂ ਕਿਹਾ, ਹਾਂ ਜੀ। ਯੂਨੀਵਰਸਿਟੀ ਵਿਚ ਹਾਂ, ਸੀਨੀਅਰ ਪ੍ਰੋਫੈਸਰ। ਇੰਸਪੈਕਟਰ ਖੜਾ ਹੋ ਗਿਆ। ਹੱਥ ਜੋੜ ਕੇ ਕਿਹਾ ਕਲਾਸ ਰੂਮ ਵਿਚ ਦੁਨੀਆਂ ਦਾ ਬੜਾ ਵਕਤ ਨਸ਼ਟ ਕਰ ਦਿੱਤਾ, ਸਾਡਾ ਕੀਮਤੀ ਸਮਾਂ ਬਰਬਾਦ ਨਾ ਕਰੋ ਸੀਨੀਅਰ ਪ੍ਰੋਫੈਸਰ ਸਾਹਿਬ। ਏਨੇ ਚਿਰ ਵਿਚ ਮੈਂ ਦਸ ਚਲਾਨ ਕੱਟ ਦੇਣੇ ਸਨ। ਜੇਬ ਵਿਚ ਪੈਸੇ ਤੇ ਦਰਾਜ ਵਿਚ ਕਾਗਜ਼ ਰੱਖਿਆ ਕਰੋ। ਠੀਕ ਹੈ? ਮੈਂ ਕਿਹਾ, ਲੱਗਦੀ ਤਾਂ ਠੀਕ ਹੈ ਤੁਹਾਡੀ ਗੱਲ। ਬਸ ਜੀ। ਠਾਠ ਨਾਲ ਨਵੀਂ ਕਾਰ ਸਟਾਰਟ ਕੀਤੀ, ਸ਼ਹਿਰ ਦਾ ਗੇੜਾ ਲਾਇਆ ਤੇ ਘਰ ਆ ਕੇ ਆਪਣੀ ਪ੍ਰੋਫੈਸਰੀ ਦਾ ਰੋਅਬ ਝਾੜਿਆ। ਬਚਪਨ ਵਿਚ ਮਾਂ ਨੇ ਦੱਸਿਆ ਸੀ, ਕੁੜੀਆਂ ਦੀਆਂ ਗਾਲ੍ਹਾਂ ਤੇ ਪੁਲਿਸ ਦੀ ਮਾਰ ਦਾ ਬੁਰਾ ਨ੍ਹੀਂ ਮਨਾਈਦਾ। ਇਉਂ ਸਮਝੀਦੈ ਬਈ ਗਰਮ ਪਾਣੀ ਨਾਲ ਇਸ਼ਨਾਨ ਕਰ ਲਿਆ। ਮੇਰਾ ਤਾਂ ਬੜੀ ਵਾਰੀ ਕੇਸੀਂ ਇਸ਼ਨਾਨ ਵੀ ਹੋ ਗਿਆ ਮਾਂ।

ਪਹਿਲੀ ਵਾਰ ਪ੍ਰੋਫੈਸਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣੇ ਤਾਂ ਮੈਨੂੰ ਲੱਗਾ ਮੇਰੀ ਇਜ਼ਤ ਵਿਚ ਵਾਧਾ ਹੋਇਆ। ਉਨ੍ਹਾਂ ਦਾ ਇਕ ਪ੍ਰੋਫੈਸਰ ਦੋਸਤ ਵਧਾਈ ਦੇ ਕੇ ਵਾਪਸ ਪਰਤਿਆ ਤਾਂ ਦੱਸਿਆ, ਮੈਨੂੰ ਉਸ ਨੇ ਫੋਨ ਨੰਬਰ ਤਾਂ ਦੇ ਦਿਤਾ, ਪਰ ਕਿਹਾ, ਮੈਨੂੰ ਕੋਈ ਕੰਮ ਨਾ ਆਖਣਾ। ਕੰਮ ਨ੍ਹੀਂ ਮੈਂ ਕਰ ਸਕਦਾ ਕਿਸੇ ਦਾ।

ਜਦੋਂ ਮਨਮੋਹਨ ਸਿੰਘ ਜੀ ਚੰਡੀਗੜ੍ਹ ਪ੍ਰੋਫੈਸਰ ਸਨ, ਸਰਦਾਰਨੀ ਦਿੱਲੀ ਗਈ ਹੋਈ ਸੀ, ਅੱਧੀ ਰਾਤ ਚੋਰੀ ਹੋ ਗਈ। ਵਾਪਸ ਆ ਕੇ ਪਤਨੀ ਨੇ ਪੁਛਿਆ, ਅੱਧੀ ਰਾਤ ਤੱਕ ਤਾਂ ਤੁਸੀਂ ਪੜ੍ਹਦੇ ਰਹਿੰਦੇ ਹੋ? ਹਾਂ ਪੜ੍ਹ ਰਿਹਾ ਸੀ। ਫੇਰ ਰੋਕੇ ਨਹੀਂ? ਮੈਂ ਤਾਂ ਬੜਾ ਕਿਹਾ ਰੁਕੋ, ਕਹਿੰਦੇ, ਕਿਸੇ ਦਿਨ ਫੇਰ ਰੁਕਾਂਗੇ, ਅੱਜ ਤਾਂ ਹੋਰ ਕੰਮ ਪਏ ਹਨ ਕਰਨ ਵਾਲੇ।

ਮੋਬਾਇਲ 'ਤੇ ਆਇਆ ਸੁਨੇਹਾ ਦੋਸਤ ਨੂੰ ਸੁਣਾਇਆ, ਸਲਵਾਰ ਕਮੀਜ਼ ਪਹਿਨੀ ਕੁੜੀ ਨੂੰ ਛੇੜੋ ਨਾ, ਵਿਚੋਂ ਰਾਮਦੇਵ ਜੀ ਨਿਕਲ ਸਕਦੇ ਹਨ। ਦੋਸਤ ਨੇ ਕਿਹਾ, ਜੋਗੀ ਨੇ ਸਲਵਾਰ ਕਮੀਜ਼ ਪਹਿਨ ਲਈ ਫੇਰ ਕੀ ਹੋਇਆ? ਡਾ. ਮਨਮੋਹਨ ਸਿੰਘ ਮਰਦਾਵਾਂ ਲਿਬਾਸ ਪਹਿਨੀ ਟਹਿਲਦੇ ਫਿਰਦੇ ਹਨ ਆਰਾਮ ਨਾਲ, ਕੋਈ ਨੀ ਟੋਕਦਾ।

ਪਟਿਆਲੇ ਇਕ ਈਮਾਨਦਾਰ ਬੀਬੀ ਮੈਜਿਸਟਰੇਟ ਆ ਲੱਗੀ। ਮੇਰਾ ਮੁਕੱਦਮਾ ਲਟਕਦਾ ਗਿਆ। ਫਾਈਲਾਂ ਦੇ ਢੇਰ ਮੇਜ਼ 'ਤੇ ਪਏ ਰਹਿੰਦੇ। ਦਸਤਖਤ ਨਹੀਂ ਕਰਨੇ। ਕੋਈ ਆਖਦਾ, ਦਸਤਖਤ ਕਰ ਦਿਉ, ਉਤਰ ਮਿਲਦਾ, ਮੈਂ ਕਿਹੜਾ ਰਿਸ਼ਵਤ ਖਾਨੀ ਆਂ? ਜਦੋਂ ਦਿਲ ਕੀਤਾ ਦਸਤਖਤ ਕਰਾਂਗੀ। ਮੇਰਾ ਵਕੀਲ ਤੇ ਮੇਰੇ ਖਿਲਾਫ ਸਰਕਾਰੀ ਵਕੀਲ ਖਲੋਤੇ ਸਨ। ਬੀਬੀ ਛੇ ਮਹੀਨਿਆਂ ਦੀ ਤਰੀਕ ਪਾਉਣ ਲੱਗੀ ਤਾਂ ਮੈਂ ਚੀਕਿਆ, ਇਹ ਤਮਾਸ਼ਾ ਖਤਮ ਕਰੋ ਮੈਡਮ, ਨਹੀਂ ਤਾਂ ਮੈਂ ਸ਼ਿਕਾਇਤ ਕਰਾਂਗਾ। ਉਹ ਗੁੱਸੇ ਵਿਚ ਨਹੀਂ ਆਈ, ਕਿਹਾ, ਦਰਅਸਲ ਗੱਲ ਇਹ ਹੈ ਕਿ ਦੋਵੇਂ ਵਕੀਲਾਂ ਨੇ ਜਿਹੜੀ ਬਹਿਸ ਕੀਤੀ ਸੀ, ਮੈਂ ਭੁੱਲ ਗਈ ਹਾਂ ਕੀ ਕੀ ਕਿਹਾ ਸੀ। ਦੁਬਾਰਾ ਬਹਿਸ ਵਾਸਤੇ ਤਿਆਰ ਹੋ ਕੇ ਆਉ। ਪੰਦਰਾਂ ਦਿਨਾਂ ਦਾ ਟਾਈਮ ਠੀਕ ਹੈ? ਵਕੀਲਾਂ ਨੇ ਕਿਹਾ, ਠੀਕ ਹੈ। ਬੀਬੀ ਨੇ ਤਰੀਕ ਲਿਖਾ ਕੇ ਕਿਹਾ, ਐਂ ਕਰਿਉ ਬਹਿਸ ਲਿਖ ਕੇ ਹੀ ਲੈ ਆਇਓ, ਮੇਰਾ ਭੁਲਣਾ ਚੇਤਾ ਹੈ, ਫੇਰ ਭੁੱਲ ਗਈ ਤਾਂ ਹੋਰ ਦੇਰ ਹੋ ਜਾਣੀ ਹੈ। ਵਕੀਲਾਂ ਨੇ ਬੈਠ ਕੇ ਬਹਿਸ ਲਿਖੀ, ਟਾਈਪ ਕਰਵਾਈ, ਬੀਬੀ ਦੀ ਅਦਾਲਤ ਵਿਚ ਦਿੱਤੀ ਤਾਂ ਫੈਸਲਾ ਹੋਇਆ।

ਮੈਂ ਆਪਣੇ ਵਕੀਲ ਨੂੰ ਕਿਹਾ, ਆਪਾਂ ਜਿੱਤ ਗਏ ਹਾਂ, ਇਹ ਤਾਂ ਠੀਕ ਹੋਇਆ, ਹੁਣ ਫੈਸਲੇ ਵਿਚ ਕੀ ਕੀ ਲਿਖੇਗੀ ਮੈਜਿਸਟ੍ਰੇਟ? ਵਕੀਲ ਨੇ ਕਿਹਾ, ਮੈਜਿਸਟ੍ਰੇਟ ਆਪਣੇ ਵਲੋਂ ਕੁਝ ਨਹੀਂ ਲਿਖਦੇ ਹੁੰਦੇ, ਜਿੱਤਣ ਵਾਲੇ ਵਕੀਲ ਨੇ ਜੋ ਲਿਖਿਆ ਹੁੰਦੈ, ਉਹੀ ਅੱਖਰ ਉਹ ਫੈਸਲੇ ਵਿਚ ਪਾ ਦਿੰਦੇ ਨੇ। ਹੱਸ ਕੇ ਮੇਰਾ ਵਕੀਲ ਕਹਿਣ ਲੱਗਾ, ਲਾਅ ਪੜ੍ਹਾਉਂਦੇ ਕੁਝ ਰਿਟਾਇਰ ਪ੍ਰੋਫੈਸਰ ਇਥੇ ਵਕਾਲਤ ਕਰਨ ਆ ਜਾਂਦੇ ਨੇ, ਚਲਦੀ ਨਹੀਂ। ਕਲਾਸ ਰੂਮ ਵਿਚ ਪੜ੍ਹਾਈ ਚਲੋ, ਵਿਦਿਆਰਥੀ ਮੰਨੀ ਜਾਂਦੇ ਹਨ, ਇਥੇ ਵਿਰੋਧੀ ਵਕੀਲ ਨਹੀਂ ਮੰਨਦਾ। ਲਾਅ ਦੇ ਪ੍ਰੋਫੈਸਰਾਂ ਨੂੰ ਵਕਾਲਤ ਨਹੀਂ ਕਰਨੀ ਚਾਹੀਦੀ ਕਿਉਂਕਿ ਆਉਂਦੀ ਨਹੀਂ।

ਮੈਂ ਪੁਛਿਆ, ਫਿਰ ਪ੍ਰੋਫੈਸਰ ਕਰਨ ਕੀ ਵਕੀਲ ਸਾਹਿਬ? ਵਕੀਲ ਨੇ ਕਿਹਾ, ਪ੍ਰਧਾਨ ਮੰਤਰੀ ਲੱਗ ਜਾਣ।

## ਚੁਟਕਲੇ

1. ਕਾਲੂ (ਭੋਲੂ ਨੂੰ)- ਯਾਰ ਮੈਂ ਇਕ ਗੱਲ ਨੋਟ ਕੀਤੀ ਹੈ।

ਭੋਲੂ- ਕਿਹੜੀ ਗੱਲ?

ਕਾਲੂ- ਜਦੋਂ ਰੇਲਵੇ ਫਾਟਕ ਬੰਦ ਹੁੰਦਾ ਹੈ ਤਾਂ ਰੇਲ ਜ਼ਰੂਰ ਆਉਂਦੀ ਹੈ।

2. ਗੁਰਦੀਪ (ਕਿਰਨ ਨੂੰ)- ਡਾਕਟਰ ਅਤੇ ਭਗਵਾਨ ਨੂੰ ਕਦੇ ਵੀ ਨਾਰਾਜ਼ ਨਹੀਂ ਕਰਨਾ ਚਾਹੀਦਾ।

ਕਿਰਨ- ਕਿਉਂ?

ਗੁਰਦੀਪ- ਭਗਵਾਨ ਨਾਰਾਜ਼ ਹੋ ਜਾਣ ਤਾਂ ਉਹ ਡਾਕਟਰ ਕੋਲ ਭੇਜ ਦਿੰਦੇ ਹਨ, ਜੇ ਡਾਕਟਰ ਨਾਰਾਜ਼ ਹੋ ਜਾਵੇ ਤਾਂ ਉਹ ਭਗਵਾਨ ਕੋਲ ਭੇਜ ਦਿੰਦੇ ਹਨ।

3. ਅਧਿਆਪਕ (ਵਿਦਿਆਰਥੀ ਨੂੰ)- ਜਿਸ ਦੇਸ਼ ਵਿਚ ਵਰਖਾ ਜ਼ਿਆਦਾ ਹੁੰਦੀ ਹੈ, ਉਸ ਦੇਸ਼ ਵਿਚ ਹੋਰ ਕਿਹੜੀ ਚੀਜ਼ ਜ਼ਿਆਦਾ ਹੁੰਦੀ ਹੈ।

ਵਿਦਿਆਰਥੀ- ਸਰ: ਚਿੱਕੜ ਜ਼ਿਆਦਾ ਹੁੰਦਾ ਹੈ।

4. ਭੀਮਾ (ਸੰਤੇ ਨੂੰ)- ਸੰਤਿਆ ਜਦੋਂ ਰੇਲ ਗੱਡੀ ਆਉਂਦੀ ਹੈ ਤਾਂ ਰੇਲਵੇ ਫਾਟਕ, ਕਿਉਂ ਬੰਦ ਕੀਤਾ ਜਾਂਦਾ ਹੈ।

ਸੰਤਾ- ਫਾਟਕ ਇਸ ਕਰਕੇ ਬੰਦ ਕੀਤਾ ਜਾਂਦਾ ਹੈ ਤਾਂ ਕਿ ਰੇਲ ਗੱਡੀ ਬਾਜ਼ਾਰ ਵਿਚ ਨਾ ਆ ਜਾਵੇ।

*-ਬਖਤੌਰ ਸਿੰਘ ਰੱਲਾ*

# ਇਕ ਸੁਨੇਹਾ ਮਨਪ੍ਰੀਤ ਸਿੰਘ ਬਾਦਲ ਦੇ ਨਾਂ

ਪਿਆਰੇ ਮਨਪ੍ਰੀਤ ਜੀ,

ਨਿੱਘੀ ਪਿਆਰ ਭਰੀ ਸਤਿ ਸ੍ਰੀ ਅਕਾਲ।

ਆਪ ਜੀ ਅਮਰੀਕਾ ਵਿਚ ਵਸਦੇ ਆਪਣੇ ਪੰਜਾਬੀ ਭੈਣਾਂ-ਭਰਾਵਾਂ ਨੂੰ ਮਿਲਣ ਆਏ ਹੋ-ਸਾਡੀ ਤਰਫੋਂ ਜੀ ਆਇਆਂ ਨੂੰ। ਸਮੇਂ ਨੇ ਆਪ ਦੀ ਜ਼ਿੰਦਗੀ ਵਿਚ ਜੋ ਕਰਵਟ ਲਈ ਹੈ, ਉਸ ਦੇ ਫਲਸਰੂਪ ਤੁਸੀਂ ਕੂੜ ਦੀ ਅਮਾਵਸ ਵਿਚ ਸੱਚ ਦਾ ਚੰਦਰਮਾ ਹੋ ਕੇ ਪ੍ਰਗਟ ਹੋਏ ਹੋ। ਤੁਹਾਡੀ ਸ਼ਖਸੀਅਤ ਵਿਚੋਂ ਸੱਚਾ-ਸੁੱਚਾ ਹਿਰਦਾ, ਪੰਜਾਬ ਲਈ ਅਥਾਹ ਪਿਆਰ ਅਤੇ ਗਰੀਬਾਂ ਲਈ ਹਮਦਰਦੀ ਡੁੱਲ੍ਹ ਡੁੱਲ੍ਹ ਪੈਂਦੇ ਹਨ। ਜਿਸ ਮਾਰਗ ਦੇ ਤੁਸੀਂ ਹੁਣ ਪਾਂਧੀ ਬਣੇ ਹੋ ਉਸ ਮਾਰਗ ਦੇ ਪਾਂਧੀ ਬਣਨਾ ਪਹਿਲਾਂ ਨਾ ਤੁਸਾਂ, ਨਾ ਕਿਸੇ ਹੋਰ ਨੇ ਸੋਚਿਆ ਹੋਵੇਗਾ। ਜਿਸ ਦਿਨ ਤੁਸੀਂ ਸ੍ਰੀ ਹਰਮਿੰਦਰ ਸਾਹਿਬ, ਅੰਮ੍ਰਿਤਸਰ ਵਿਖੇ ਗੁਰੂ ਦਾ ਆਸ਼ੀਰਵਾਦ ਲੈਣ ਗਏ ਸੀ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਤੁਹਾਡੀ ਇੰਤਜ਼ਾਰ ਕਰ ਰਿਹਾ ਸੀ। ਗੁਰੂ ਦੀ ਕਿਰਪਾ ਨਾਲ ਤੁਹਾਡੇ ਹੌਸਲੇ ਉਸੇ ਦਿਨ ਤੋਂ ਹੀ ਬੁਲੰਦ ਹੋ ਗਏ ਸਨ। ਫਿਰ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਦੇ ਮੇਲੇ 'ਤੇ ਜਨਤਾ ਦੀ ਹਮਦਰਦੀ ਵੇਖ ਕੇ ਤੁਸੀਂ ਬਾਗੋ ਬਾਗ ਹੋ ਗਏ।


ਤੁਹਾਡੀ ਵਿਲੱਖਣ ਸੋਚ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਭਾਰ ਉਤਾਰਨ ਲਈ ਸ਼ਹੀਦਾਂ ਦੀ ਪਵਿੱਤਰ ਧਰਤੀ ਖਟਕੜ ਕਲਾਂ ਤੋਂ ਸੰਘਰਸ਼ ਅਰੰਭਿਆ ਹੈ। ਇਹ ਕਰਜ਼ਾ ਉਹ ਕਰਜ਼ਾ ਹੈ ਜੋ ਪੰਜਾਬ ਦੀਆਂ ਸਰਕਾਰਾਂ ਕੇਂਦਰ ਤੋਂ ਲੈਂਦੀਆਂ ਰਹੀਆਂ ਹਨ ਅਤੇ ਨਾਲ ਹੀ ਇਸ ਵਿਚ ਬਲੂ ਸਟਾਰ ਅਪਰੇਸ਼ਨ ਦਾ ਖਰਚਾ ਸ਼ਾਮਲ ਹੈ। ਸਵਾਲ ਉਠਦਾ ਹੈ, ਕੀ ਪੰਜਾਬ ਕੋਈ ਵੱਖਰਾ ਦੇਸ਼ ਹੈ? ਜਿਸ ਵਿਚ ਹੋਈ ਅਸ਼ਾਂਤੀ ਨੂੰ ਦਬਾਉਣ ਲਈ ਭਾਰਤ ਨੂੰ ਆਪਣੀ ਫੌਜ ਭੇਜਣੀ ਪਈ। ਹੈ ਤਾਂ ਅਸੀਂ ਇਕੋ ਦੇਸ਼ ਦੇ ਵਾਸੀ, ਫੌਜ ਕੇਂਦਰ ਭੇਜੇ, ਤਬਾਹੀ ਸਾਡੀ ਹੋਵੇ, ਜਾਨ ਅਤੇ ਮਾਲ ਦਾ ਨੁਕਸਾਨ ਪੰਜਾਬ ਦਾ ਹੋਵੇ ਅਤੇ ਖਰਚਾ ਵੀ ਅਸੀਂ ਹੀ ਦਈਏ- "ਸਾਡੀਆਂ ਜੁੱਤੀਆਂ ਸਾਡੇ ਹੀ ਸਿਰ", ਨਹੀਂ ਤਾਂ ਹੋਰ ਕੀ ਹੈ? ਕੀ ਅੱਜ ਤੱਕ ਪੰਜਾਬ ਅਸੈਂਬਲੀ ਦੇ ਨੁਮਾਇੰਦਿਆਂ ਨੇ ਅਜਿਹਾ ਨਹੀਂ ਸੋਚਿਆ ਕਿ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਕੇਂਦਰ ਨੂੰ ਭੇਜਿਆ ਜਾਵੇ ਕਿ ਅਜਿਹਾ ਨਾਜਾਇਜ਼ ਪਾਇਆ ਗਿਆ ਕਰਜ਼ਾ ਨਹੀਂ ਦਿੱਤਾ ਜਾਵੇਗਾ, ਬਲਕਿ ਕੇਂਦਰ ਪੰਜਾਬ ਦੇ ਜਾਨ-ਮਾਲ ਦੇ ਨੁਕਸਾਨ ਦਾ ਹਰਜ਼ਾਨਾ ਪੰਜਾਬ ਨੂੰ ਦੇਵੇ।

ਮਨਪ੍ਰੀਤ ਜੀ, ਤੁਸੀਂ ਬਹੁਤ ਸਿਆਣੇ ਅਤੇ ਸੂਝਵਾਨ ਹੋ, ਜਿਸ ਵਿਚਾਰਧਾਰਾ ਨੂੰ ਲੈ ਕੇ ਤੁਰੇ ਹੋ ਉਸ ਪ੍ਰਤੀ ਪੂਰਾ ਅੰਦਾਜ਼ਾ ਲਾਇਆ ਹੀ ਹੋਵੇਗਾ। ਮੇਰੀ ਇਕ ਨਿਮਾਣੀ ਜਿਹੀ ਰਾਏ ਹੈ, ਹੋ ਸਕੇ ਤਾਂ ਜ਼ਰੂਰ ਵਿਚਾਰ ਕਰਨ ਦੀ ਕਿਰਪਾਲਤਾ ਕਰਨੀ। ਪੰਜਾਬ ਦੇ ਵਾਸੀ-ਕੀ ਦੁਆਬਾ, ਮਾਝਾ ਜਾਂ ਮਾਲਵਾ-ਸਾਰੇ ਹੀ ਖਿੱਤਿਆਂ ਵਿਚ ਵਸ ਰਹੇ ਸਿੱਖ ਪੰਥਕ ਸੋਚ ਵਾਲੇ ਹਨ। 1947 ਤੋਂ ਬਾਅਦ ਹੋਈ ਪਹਿਲੀ ਚੋਣ ਵਿਚ ਮੇਰੇ ਆਪਣੇ ਹਲਕੇ ਸਰਹਾਲੀ (ਜ਼ਿਲਾ ਤਰਨਤਾਰਨ) ਵਿਚ ਮਹਾਨ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਨੂੰ ਕਾਂਗਰਸ ਨੇ ਟਿਕਟ ਦਿੱਤੀ ਅਤੇ ਸ. ਪ੍ਰਤਾਪ ਸਿੰਘ ਕੈਰੋਂ ਅਕਾਲੀ ਉਮੀਦਵਾਰ ਸਨ। ਬਾਬਾ ਜੀ ਦੀ ਦਿੱਤੀ ਕੁਰਬਾਨੀ ਦਾ ਜਜ਼ਬਾ ਅਥਾਹ ਸੀ, ਇਸ ਦੇ ਬਾਵਜੂਦ ਅਕਾਲੀ ਉਮੀਦਵਾਰ ਸ. ਪ੍ਰਤਾਪ ਸਿੰਘ ਕੈਰੋਂ ਦੀ ਚੋਣਾਂ ਵਿਚ ਜਿੱਤ ਹੋਈ। ਮੇਰੀ ਬੇਨਤੀ ਹੈ ਕਿ ਅਗਰ ਤੁਸੀਂ ਪੰਥਕ ਵਿਚਾਰਧਾਰਾਵਾਂ ਨੂੰ ਜ਼ਰਾ ਕੁ ਵੀ ਮੋੜ ਦਿਓ ਤਾਂ ਤੁਹਾਡੀ ਕਾਮਯਾਬੀ ਹੋਰ ਵੀ ਸੁਖਾਲੀ ਹੋ ਸਕਦੀ ਹੈ। ਲੱਖਾਂ ਪੰਜਾਬੀਆਂ ਦੀ ਆਸਾਵਾਂ ਦੀ ਪੂਰਤੀ ਹੋਵੇਗੀ। ਵਾਹਿਗੁਰੂ ਤੁਹਾਨੂੰ ਕਾਮਯਾਬੀ ਦੇਵੇ।

*-ਜਸਵੰਤ ਸਿੰਘ ਸੰਧਰ*
*ਚੇਅਰਮੈਨ, ਕੌਂਸਲ ਆਫ ਟਰਸਟੀਜ਼,*
*ਗੁਰਦੁਆਰਾ ਬ੍ਰਿਜ ਵਾਟਰ, ਨਿਊ ਜਰਸੀ।*
*ਫੋਨ:908-265-0263*

# ਚਾਰ ਸਾਲ ਬਾਅਦ ਟੁੱਟੀ ਚੁੱਪ ਦਾ ਨਤੀਜਾ 'ਖਜ਼ਾਨਾ'

ਚੰਡੀਗੜ੍ਹ ਰਹਿੰਦੇ ਕਲਾਕਾਰਾਂ 'ਚ ਦਸ ਕੁ ਸਾਲਾਂ ਦੌਰਾਨ ਇੱਕ ਨਾਂ ਬਹੁਤ ਛੇਤੀ ਉਭਰਿਆ ਸੀ। ਉਸ ਦੀ ਆਵਾਜ਼ 'ਚ ਰਸ ਸੀ ਤੇ ਗੀਤਾਂ 'ਚ ਸਰਲਤਾ। ਢੈਂਗਤ-ਢੈਂਗਤ ਵਾਲਾ ਦੌਰ ਵੀ ਏਨਾ ਭਾਰੂ ਨਹੀਂ ਸੀ ਹੋਇਆ, ਜਿਹੜਾ ਕਲਾਕਾਰ ਚੰਗਾ ਗਾਉਂਦਾ, ਵਿਛੋੜੇ ਦੀ ਬਾਤ ਪਾਏਦਾਰ ਸ਼ਾਇਰੀ ਨਾਲ ਪੇਸ਼ ਕਰਦਾ, ਲੋਕ ਉਸ ਨੂੰ ਪਸੰਦ ਕਰ ਲੈਂਦੇ। ਮੈਂ ਉਨ੍ਹੀਂ ਦਿਨੀਂ ਪੜ੍ਹਦਾ ਸਾਂ ਤੇ ਸਾਡੇ ਬਲੈਕ ਐਂਡ ਵਾਈਟ ਟੀ.ਵੀ. 'ਤੇ ਇੱਕ ਗਾਣਾ ਆਉਂਦਾ ਤਾਂ ਧਿਆਨ ਮੱਲੋਜ਼ੋਰੀ ਕਿਤਾਬਾਂ ਵੱਲੋਂ ਹਟ ਟੀ.ਵੀ. ਵੱਲ ਹੋ ਜਾਂਦਾ। ਜਿਹੜਾ ਗੀਤ ਆਉਂਦਾ ਸੀ, ਉਸ ਵਿਚ ਪਿੰਡਾਂ ਦੀ ਗੱਲ ਕੀਤੀ ਗਈ ਸੀ, ਛੱਲੀਆਂ ਤੇ ਤੋਤਿਆਂ ਦੀ ਦੋਸਤੀ ਦੀ ਬਾਤ ਪਾਈ ਗਈ ਸੀ। ਸਾਡੇ ਕਾਲੇ-ਚਿੱਟੇ ਟੀ.ਵੀ. 'ਤੇ ਤੋਤੇ, ਛੱਲੀਆਂ ਤੇ ਗਾਇਕ ਸਭ ਇੱਕੋ ਰੰਗ ਦੇ ਦਿਸਦੇ। ਬਾਅਦ 'ਚ ਉਸ ਗਾਉਣ ਵਾਲੇ ਦੇ ਹੋਰ ਵੀ ਗੀਤ ਸੁਣੇ, ਜਿਹੜੇ ਹੌਲੀ-ਹੌਲੀ ਚੇਤੇ 'ਚ ਥਾਂ ਮੱਲਦੇ ਗਏ ਤੇ ਲੰਮਾ ਸਮਾਂ ਪਾ ਉਸ ਗਾਉਣ ਵਾਲੇ ਨਾਲ ਦੋਸਤੀ ਪੈ ਗਈ।



*ਹਰਭਜਨ ਸ਼ੇਰਾ*

ਉਹ ਗਾਇਕ ਹੈ ਹਰਭਜਨ ਸ਼ੇਰਾ, ਜਿਹੜਾ ਰਹਿੰਦਾ ਭਾਵੇਂ ਚੰਡੀਗੜ੍ਹ ਹੈ, ਪਰ ਉਸ ਦੀਆਂ ਗੱਲਾਂ-ਬਾਤਾਂ 'ਚ ਬਠਿੰਡਾ ਝਲਕਦਾ ਹੈ। ਖੁਦ ਲਈ ਭਾਵੇਂ ਕੋਈ ਵੀ ਭੋਲਾ ਨਹੀਂ ਹੁੰਦਾ, ਪਰ ਸ਼ੇਰਾ ਜੇ ਬਹੁਤਾ ਭੋਲਾ ਨਹੀਂ ਤਾਂ ਕਈ ਕਲਾਕਾਰਾਂ ਵਾਂਗ ਬਹੁਤਾ ਤੇਜ਼ ਵੀ ਨਹੀਂ। ਇੱਕ ਵੇਲੇ ਉਸ ਦੇ ਗਾਉਣ ਦੀ ਤੂਤੀ ਬੋਲਦੀ ਸੀ, 'ਕੈਟਰੈਕ' ਕੰਪਨੀ ਦਾ ਉਹ ਨਾਮਣੇ ਵਾਲਾ ਗਵੱਈਆ ਸੀ, ਫੇਰ ਜਦੋਂ ਇਹ ਕੰਪਨੀ ਬੰਦ ਹੋ ਗਈ ਤਾਂ ਉਹ 'ਫਾਈਨਟੱਚ' ਵਾਲਾ ਬਣ ਗਿਆ ਤੇ ਹੁਣ ਜਦੋਂ ਗਾਇਕੀ ਦਾ ਹਾਲ ਪਹਿਲਾਂ ਨਾਲੋਂ ਢੇਰ ਮੰਦਾ ਹੋ ਚੁੱਕਾ ਹੈ ਤਾਂ ਉਹ 'ਸਪੀਡ' ਵਾਲਾ ਬਣ ਗਿਆ ਹੈ।

ਪੇਂਡੂ ਪਿਛੋਕਤ ਵਾਲੇ ਗੀਤਕਾਰ ਤੋਂ ਮੱਲੋਜ਼ੋਰੀ ਪਿੰਡਾਂ ਦੀ ਹਾਲਤ ਬਿਆਨੀ ਵਾਲੇ ਗੀਤ ਲਿਖੇ ਜਾਂਦੇ ਨੇ ਤੇ ਪੇਂਡੂ ਪਿਛੋਕਤ ਵਾਲੇ ਏਸ ਗਵੱਈਏ ਤੋਂ ਗਾਏ ਜਾਂਦੇ ਨੇ। ਸ਼ੇਰੇ ਦੇ ਕਈ ਗੀਤਾਂ ਵਿਚੋਂ ਪਿੰਡ ਦੀਆਂ ਗਲੀਆਂ, ਸੱਥਾਂ, ਸਾਦ ਮੁਰਾਦੇ ਲੋਕਾਂ ਤੇ ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ ਦੀ ਝਲਕ ਮਿਲਦੀ ਹੈ। ਇੱਕ ਵਾਰ ਉਸ ਨੇ ਗਾਇਆ ਸੀ, 'ਧੂੜ ਵੀ ਚੰਗੀ ਲੱਗਦੀ ਏ ਮੇਰੇ ਪਿੰਡ ਦੀਆਂ ਗਲੀਆਂ ਦੀ' ਤੇ ਜਾਪਦਾ ਸੀ ਜਿਵੇਂ ਇਸ ਜ਼ਰੀਏ ਉਸ ਨੇ ਮਨ ਦੇ ਵਲਵਲੇ ਸਾਂਝੇ ਕੀਤੇ ਹੋਣ।

ਗੀਤ ਉਹਦੇ ਬਹੁਤ ਮਕਬੂਲ ਹੋਏ ਪਰ ਮੋੜ ਕੱਟਦੀ ਗਾਇਕੀ ਕਾਰਨ ਸਰੋਤਿਆਂ ਦੇ ਚੇਤੇ 'ਚੋਂ ਥੋੜ੍ਹੇ ਉਰ੍ਹੇ-ਪਰ੍ਹੇ ਜ਼ਰੂਰ ਹੁੰਦੇ ਗਏ। ਜੇ ਉਸ ਨੇ ਵਿਛੋੜੇ ਦੀ ਤੜਫ਼ ਪੇਸ਼ ਕਰਦਿਆਂ 'ਖ਼ਤ ਮੋੜ ਕੇ ਕਹਿੰਦੀ ਏਂ ਖ਼ਤ ਮੇਰੇ ਦੇ ਜਾਵੀਂ' ਗਾਇਆ ਤਾਂ ਨਖਰੇ ਤੋਂ ਸਭ ਕੁੱਝ ਵਾਰਨ ਵਾਲਾ ਗੀਤ 'ਕੰਮੋ ਨੀਂ ਤੇਰੇ ਨਖਰੇ ਨੇ, ਸਾਥੋਂ ਬੇਰੀਆਂ ਦੇ ਬਾਗ਼ ਪਟਾਏ' ਵੀ ਗਾਇਆ। ਜੇ 'ਤੇਰੀ ਯਾਦ ਚੰਦਰੀਏ' ਗਾਇਆ ਤਾਂ 'ਘਰ ਪੁੱਛ ਕੇ ਮੋੜ ਤੋਂ' ਨੂੰ ਵੀ ਖੁੱਭ ਕੇ ਗਾਇਆ।

ਪੂਰੀ ਸਰਗਰਮੀ ਦੇ ਚੱਲਦਿਆਂ ਸ਼ੇਰਾ ਇਕਦਮ ਅਲੋਪ ਜਿਹਾ ਹੋ ਗਿਆ। ਨਾ ਕੋਈ ਨਵਾਂ ਗੀਤ, ਨਾ ਕੋਈ ਸਰਗਰਮੀ ਪਰ ਪਿਛਲੇ ਦਿਨੀਂ ਜਦੋਂ ਉਸ ਦੀ 'ਖਜ਼ਾਨਾ' ਕੈਸਿਟ ਦੇ ਪ੍ਰੋਮੋ ਟੀ.ਵੀ. 'ਤੇ ਦੇਖੇ ਤਾਂ ਪਤਾ ਲੱਗਾ ਕਿ ਉਸ ਦੀ ਸਰਗਰਮੀ ਜਾਰੀ ਹੈ। 'ਖਜ਼ਾਨਾ' ਨੂੰ ਚੰਗੀ ਤਰ੍ਹਾਂ ਸੁਣਿਆ ਤਾਂ ਪਹਿਲਾਂ ਵਾਲਾ ਸ਼ੇਰਾ ਕਿਤੇ ਨਜ਼ਰ ਨਾ ਆਇਆ। ਜਿਹੜਾ ਸ਼ੇਰਾ ਇੱਕ ਥਾਂ ਖੜ੍ਹ ਛੱਲੀਆਂ ਤੋਂ ਤੋਤੇ ਉਡਾਉਣ ਤੇ ਬੇਰੀਆਂ ਦੇ ਬਾਗ਼ ਪਟਾਉਣ ਦੀ ਗੱਲ ਕਰਦਾ ਸੀ, ਹੁਣ ਉਹ ਵੈਸਟਰਨ ਸਟਾਈਲ ਅਪਨਾ ਚੁੱਕਾ ਸੀ। ਹੁਣ ਉਸ ਦੇ ਸੰਗੀਤਕਾਰਾਂ 'ਚ ਸੁਰਿੰਦਰ ਬਚਨ ਸਟਾਈਲ ਨਹੀਂ, ਇੰਗਲੈਂਡੀਆ ਰੂਪ ਆ ਚੁੱਕਾ ਸੀ।

'ਖਜ਼ਾਨਾ' ਵਿਚਲੀ ਗਾਇਕੀ ਵਿਚ ਵੱਖਰਾਪਣ ਇਹ ਹੈ ਕਿ ਸਾਰੇ ਗੀਤਾਂ ਨੂੰ ਤੁੜਕਾ ਵੈਸਟਰਨ ਦਾ ਲੱਗਾ ਹੈ, ਪਰ ਕਿਸੇ ਵੀ ਗੀਤ 'ਚ ਸ਼ੇਰੇ ਨੇ ਬੰਬਾਂ, ਬੰਦੂਕਾਂ, ਤਲਵਾਰਾਂ-ਹਥਿਆਰਾਂ ਦੀ ਗੱਲ ਨਹੀਂ ਕੀਤੀ। ਭਾਵੇਂ ਪੰਜਾਬ ਦੇ ਪੁਰਾਣੇ ਵੇਲੇ ਨੂੰ ਯਾਦ ਕਰਾਉਂਦਾ ਗੀਤ ਹੋਵੇ ਜਾਂ ਵਿਛੋੜੇ ਦੇ ਸੱਲ ਵਾਲਾ, ਸਭ ਵਿਚ ਵੱਖਰਾਪਣ ਹੈ।

'ਤੇਰੀ ਮੇਰੀ ਗੱਲ ਬਣ ਗਈ' ਫੇਮ ਮੁਖਤਿਆਰ ਸਹੋਤਾ ਦੇ ਸੰਗੀਤ ਵਿਚ ਆਈ 'ਖਜ਼ਾਨਾ' ਜੇ ਸ਼ੇਰੇ ਲਈ ਅਹਿਮ ਹੈ ਤਾਂ ਸਹੋਤੇ ਲਈ ਵੀ ਘੱਟ ਨਹੀਂ, ਕਿਉਂਕਿ ਜਿੰਨਾ ਕੁ ਚਿਰ ਬਾਅਦ ਸ਼ੇਰਾ ਮੁੜ ਸਰਗਰਮ ਹੋਇਆ ਹੈ, ਓਨੇ ਚਿਰ ਬਾਅਦ ਹੀ ਸਹੋਤਾ। ਸ਼ੇਰੇ ਦਾ ਪਹਿਲਾ ਗੀਤ 'ਉਮਰਾਂ ਦੇ ਦੁੱਖ ਤੋੜ ਦਿੱਤੇ ਜੱਟੀਏ ਤੂੰ' ਮੁਹੱਬਤ ਦੇ ਹਾਸਲ ਦੀ ਪੇਸ਼ਕਾਰੀ ਰਵਾਇਤੀ ਸਾਜ਼ਾਂ ਦੀ ਥਾਂ ਗਿਟਾਰ ਅਤੇ ਹੋਰ ਆਧੁਨਿਕ ਨਾਲ ਕੀਤੀ ਗਈ ਹੈ। ਵੀਡੀਓ ਵਿਚ ਜਿੱਥੇ ਸਹੋਤਾ ਆਪਣੇ ਵਾਦਨ ਦਾ ਜਲਵਾ ਦਿਖਾਉਂਦਾ ਹੈ, ਉੱਥੇ ਸ਼ੇਰੇ ਵਿਚੋਂ ਪਹਿਲਾਂ ਵਾਲਾ ਸ਼ੇਰਾ ਭੋਰਾ ਨਹੀਂ ਲੱਭਦਾ।

ਪੰਜਾਬ ਨਾਲ ਜੁੜੇ ਦੋ ਤਰ੍ਹਾਂ ਦੇ ਗੀਤ ਪਿਛਲੇ ਕੁੱਝ ਸਮੇਂ ਤੋਂ ਸਰੋਤਿਆਂ ਨੇ ਜ਼ਿਆਦਾ ਪਸੰਦ ਕੀਤੇ ਹਨ। ਇੱਕ ਉਹ, ਜਿਨ੍ਹਾਂ ਵਿਚ ਤੀਹ-ਪੈਂਤੀ ਸਾਲ ਪਹਿਲਾਂ ਵਾਲੇ ਪੰਜਾਬ ਦੀ ਗੱਲ ਕੀਤੀ ਗਈ ਹੋਵੇ ਜਾਂ ਉਹ ਜਿਨ੍ਹਾਂ ਵਿਚ ਵਰਤਮਾਨ ਪੰਜਾਬ ਦੀਆਂ ਚੁਣੌਤੀਆਂ ਦੀ ਪੇਸ਼ਕਾਰੀ ਹੋਵੇ। ਅਤੀਤ ਦੀ ਗੱਲ ਵਿਚੋਂ ਮੁਹੱਬਤ ਝਲਕਦੀ ਹੈ ਤੇ ਵਰਤਮਾਨ ਦੀ ਵਿਚੋਂ ਫਿਕਰ।

ਸ਼ੇਰੇ ਦਾ 'ਖਜ਼ਾਨਾ' ਗੀਤ ਅਤੀਤ ਦੀ ਗੱਲ ਕਰਦਾ ਹੈ। ਵਰਤਮਾਨ ਵਿਚ ਭਾਵੇਂ ਉਹ ਕੁੱਝ ਬਿਲਕੁਲ ਨਹੀਂ ਹੁੰਦਾ, ਜਿਸ ਦਾ ਜ਼ਿਕਰ ਉਸ ਨੇ ਹਰ ਸਥਾਈ ਸਮੇਤ ਸਾਰੇ ਅੰਤਰਿਆਂ ਵਿਚ ਕੀਤਾ ਹੈ ਪਰ ਉਸ ਦੀ ਸ਼ਰਧਾ ਲਾਜਵਾਬ ਹੈ। ਉਹ ਪੁਰਾਣੇ ਪੰਜਾਬ ਦਾ ਆਸ਼ਕ ਹੈ, ਤੌੜੀ 'ਚ ਰਿੱਝਦੀ ਦਾਲ ਦੀ ਖੁਸ਼ਬੋ ਦਾ ਦੀਵਾਨਾ ਹੈ, ਨਾਗ ਵਾਂਗ ਵਲ ਖਾਂਦੀ ਗੁੱਤ 'ਚ ਗੁੰਦੇ ਪਰਾਂਦੇ ਦਾ ਸ਼ੁਦਾਈ ਹੈ, ਤੀਆਂ 'ਚ ਪੈਂਦੇ ਗਿੱਧੇ ਅਤੇ ਚੋਬਰਾਂ ਦੇ ਭੰਗੜੇ ਨੂੰ ਵੇਖਣ ਦਾ ਚਾਹਵਾਨ ਹੈ, ਮੇਲਿਆਂ ਵਿਚਲੀਆਂ ਰੌਣਕਾਂ ਤੇ ਕਬੱਡੀ ਮੁਕਾਬਲਿਆਂ 'ਚ ਜਵਾਨਾਂ ਦੀਆਂ ਰੇਡਾਂ ਤੇ ਜੱਫ਼ਿਆਂ ਦੇ ਦੀਦਾਰ ਦੀ ਤੜਫ ਰੱਖਦਾ ਹੈ। ਉਸ ਦੀ ਇਹ ਸੋਚ ਜ਼ਾਹਰ ਕਰਦੀ ਹੈ ਕਿ ਬੰਦਾ ਭਾਵੇਂ ਕਿਤੇ ਵੀ ਰਹਿਣ ਲੱਗ ਜਾਵੇ, ਕੋਈ ਵੀ ਖੇਤਰ ਚੁਣ ਲਵੇ, ਉਸ ਅੰਦਰੋਂ 'ਪਿੰਡ' ਮਨਫੀ ਨਹੀਂ ਹੋ ਸਕਦੇ। ਉਸ ਨੇ ਗਾਇਆ ਹੈ,

ਪੈਂਦਾ ਮੱਠਾ ਮੱਠਾ ਸੇਕ  
ਚੁੱਲੇ ਅੱਗ ਬਲਦੀ,  
ਤੌੜੀ ਨਾਲ ਦੀ ਨਹੀਂ ਯਾਰੋ  
ਕਿਤੇ ਦਾਲ਼ ਗਲਦੀ।  
ਮੁੱਲ 'ਸ਼ੇਰਿਆ' ਨਾ ਕੋਈ  
ਲੱਸੀ ਦੇ ਸਵਾਦ ਦਾ,  
ਰੱਬਾ ਮੁੱਕੇ ਨਾ ਖਜ਼ਾਨਾ  
ਮੇਰੇ ਪੰਜਾਬ ਦਾ।

'ਤੇਰੀ ਯਾਦ ਚੰਦਰੀਏ' ਵਰਗੀ ਗਾਇਕੀ ਪੇਸ਼ ਕਰਨ ਵਾਲੇ ਸ਼ੇਰੇ ਨੇ ਏਨੇ ਲੰਮੇ ਵਕਫ਼ੇ ਬਾਅਦ ਜਾਣ ਲਿਆ ਹੈ ਕਿ ਹਾਈਟੈਕ ਦੌਰ ਵਿਚ ਵਿਛੋੜੇ ਦੀ ਪੇਸ਼ਕਾਰੀ ਦਰੱਖ਼ਤ ਥੱਲੇ ਖ਼ਤ ਕੇ ਕਰਨ ਵਾਲੀ ਨਹੀਂ ਰਹੀ। ਇਸ਼ਕ ਫਰਮਾਉਣ ਦਾ ਢੰਗ ਆਧੁਨਿਕ ਹੋ ਗਿਐ ਤਾਂ ਵਿਛੋੜੇ ਦੀ ਚੀਸ ਨੂੰ ਪੁਰਾਣਾ ਰੰਗ ਨਹੀਂ ਦਿੱਤਾ ਜਾ ਸਕਦਾ। 'ਖਜ਼ਾਨਾ' ਵਿਚ ਉਸ ਨੇ ਜਿੰਨੇ ਸੈਡ ਗੀਤ ਗਾਏ ਨੇ, ਸਭ ਵੈਸਟਰਨ ਅੰਦਾਜ਼ 'ਚ ਨੇ। 'ਜਦੋਂ ਹੱਦੋਂ ਵਧ ਗਿਆ ਪਿਆਰ ਤਾਂ ਕਹਿੰਦੀ ਟੁੱਟ ਗਈ ਏ', 'ਕਹਿਰ ਗੁਜ਼ਾਰਨਾ, ਬਸ ਕਹਿਰ ਗੁਜ਼ਾਰਨਾ', 'ਮਾਹੀਆ ਆ ਜਾ ਵੇ, ਢੋਲਾ ਆ ਜਾ ਵੇ' ਤਿੰਨੇ ਗੀਤ ਉਸ ਦੀ ਨਵੀਂ ਸੋਚ ਦਾ ਨਮੂਨਾ ਹਨ। ਭੰਗੜੇ ਵਾਲੇ ਗੀਤ 'ਲੱਕ ਪਤਲਾ ਤਿੜਕ ਨਾ ਜਾਵੇ', 'ਮਿੱਤਰਾਂ ਨੇ ਜਾਨ ਤੇਰੇ ਤੋਂ ਵਾਰੀ ਐ', 'ਕਾਲਾ ਟਿੱਕਾ ਸੋਹਣਾ ਲੱਗਦੈ' ਗੀਤ ਸਹੋਤੇ ਨੇ ਕਲੱਬ ਸਟਾਈਲ ਤਿਆਰ ਕੀਤੇ ਨੇ।

ਇੱਕ ਗੀਤ ਜ਼ਿਆਦਾ ਧਿਆਨ ਖਿੱਚਦਾ ਹੈ। ਇੱਕ ਥਾਂ ਸ਼ੇਅਰ ਪੜ੍ਹਿਆ ਸੀ, ਜਿਸ ਦਾ ਅਰਥ ਨਿਕਲਦਾ ਸੀ ਕਿ ਜਦੋਂ ਤੋਂ ਬੰਦੇ ਨੇ ਬੰਦੇ ਨੂੰ ਡੱਸਣਾ ਸ਼ੁਰੂ ਕੀਤੈ, ਉਦੋਂ ਤੋਂ ਸੱਪਾਂ ਨੇ ਡੱਸਣਾ ਬੰਦ ਕਰ ਦਿੱਤੈ, ਪਰ ਸ਼ੇਰਾ ਇੱਕ ਗੀਤ 'ਚ ਇਸ਼ਕ 'ਚ ਰੰਗੀ ਮੁਟਿਆਰ ਦੀ ਗੱਲ ਅਵੱਲੇ ਢੰਗ ਨਾਲ ਪੇਸ਼ ਕਰਦੈ। ਮੁਟਿਆਰ ਦੀ ਵਿਥਿਆ ਹੈ 'ਡੱਸ ਲਈ ਤੂੰ ਮੁੰਡਿਆ, ਵੇ ਮੈਂ ਸੱਪ ਦਾ ਬਹਾਨਾ ਲਾਵਾਂ'।

'ਖਜ਼ਾਨਾ' ਨੂੰ ਰਿਲੀਜ਼ 'ਸਪੀਡ ਰਿਕਾਰਡਜ਼' ਵੱਲੋਂ ਕੀਤਾ ਗਿਆ ਹੈ ਅਤੇ ਇਸ ਦੇ ਨੌਂ 'ਚੋਂ ਸੱਤ ਗੀਤ ਯਾਦਵਿੰਦਰ ਪੰਮਾ ਦੇ ਲਿਖੇ ਹਨ। ਦੋ ਗੀਤ ਮਨਜੀਤ ਪੰਡੋਰੀ ਦੇ ਹਨ। 'ਖਜ਼ਾਨਾ' ਉਨ੍ਹਾਂ ਦਿਨਾਂ 'ਚ ਰਿਲੀਜ਼ ਹੋਈ ਹੈ, ਜਦੋਂ ਮਾਰਕਿਟ ਨੂੰ 'ਰਿਸਕੀ' ਸਮਝਿਆ ਜਾਂਦੈ, ਉੱਤੋਂ ਸ਼ੇਰਾ ਨੇ ਚੁੱਪ ਵੀ ਚਾਰ ਸਾਲ ਬਾਅਦ ਤੋੜੀ ਹੈ। ਫਿਰ ਵੀ ਚੰਗੇ ਮੈਟਰ, ਸੋਹਣੀ ਗਾਇਕੀ ਅਤੇ ਦਿਲ ਟੁੰਬਵੇਂ ਸੰਗੀਤ ਕਰਕੇ ਉਮੀਦ ਬੱਝਦੀ ਹੈ ਕਿ 'ਖਜ਼ਾਨਾ' ਹਰਭਜਨ ਸ਼ੇਰਾ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਵੇਗੀ।

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ*

*ਫੋਨ:91-98141-78883

## ਚੱਲਦੇ ਚੱਲਦੇ

ਨਛੱਤਰ ਛੱਤਾ ਦੇ ਪਰਿਵਾਰ ਦੀ ਹਾਲਤ ਜਾਣ ਕੇ ਮੇਰਾ ਕਾਲਜਾ ਇੱਕ ਵਾਰ ਫਿਰ ਛਣਨੀ-ਛਣਨੀ ਹੋ ਗਿਐ। ਆਪਣੀ ਦਮਦਾਰ ਆਵਾਜ਼ ਕਾਰਨ ਕਿੰਨਾ ਮਸ਼ਹੂਰ ਹੋਇਆ ਸੀ ਛੱਤਾ, ਪਰ ਅੱਜ ਟੱਬਰ ਕੋਲ ਸਿਰ 'ਤੇ ਸਿਵਾਏ ਕਾਨਿਆਂ ਦੀ ਛੱਤ ਦੇ ਕੁੱਝ ਨਹੀਂ।

ਛੱਤੇ ਦੇ ਪਰਿਵਾਰ ਨਾਲ ਮੇਲ ਨਵੀਂ ਕਿਤਾਬ ਦੇ ਸਿਲਸਿਲੇ 'ਚ ਹੋਇਆ। ਅਗਲੇ ਮਹੀਨੇ ਤੱਕ 'ਅੰਬਰੋਂ ਟੁੱਟੇ ਤਾਰੇ' ਕਿਤਾਬ ਛਪ ਜਾਵੇਗੀ ਤੇ ਇਸ ਵਿਚ ਉਨ੍ਹਾਂ ਕਲਾਕਾਰਾਂ ਬਾਰੇ ਲੇਖ ਦਰਜ ਹਨ, ਜਿਹੜੇ ਇਸ ਜਹਾਨ ਤੋਂ ਰੁਖ਼ਸਤ ਕਰ ਗਏ ਨੇ। ਜਦੋਂ ਕਿਸੇ ਨੇ ਦੱਸਿਆ ਕਿ ਛੱਤੇ ਦਾ ਪਰਿਵਾਰ ਮਜ਼ਦੂਰੀ ਕਰਨ ਲਈ ਮਜਬੂਰ ਹੈ ਤਾਂ ਉਸ ਨੂੰ ਵੀ ਇਸ ਕਿਤਾਬ ਵਿਚ ਸ਼ਾਮਲ ਕੀਤਾ। ਪਰਿਵਾਰ ਨੇ ਜੋ-ਜੋ ਦੱਸਿਆ, ਉਹ ਸੱਚਮੁੱਚ ਅੰਦਰੋਂ ਤੋੜਨ ਵਾਲਾ ਸੀ।

'ਅੰਬਰੋਂ ਟੁੱਟੇ ਤਾਰੇ' ਵਿਚ ਆਸਾ ਸਿੰਘ ਮਸਤਾਨਾ, ਸੁਰਜੀਤ ਗਾਮੀ, ਸਨਮੁਖ ਸਿੰਘ ਅਜ਼ਾਦ, ਕੁਲਵਿੰਦਰ ਢਿੱਲੋਂ, ਸੁਰਜੀਤ ਬਿੰਦਰਖੀਆ, ਪਰਮਿੰਦਰ ਸੰਧੂ, ਸੀਤਲ ਸਿੰਘ ਸੀਤਲ, ਇੰਦਰਜੀਤ ਹਸਨਪੁਰੀ, ਨਛੱਤਰ ਛੱਤਾ, ਦਿਲਸ਼ਾਦ ਅਖ਼ਤਰ, ਸੋਨੀ ਪਾਬਲਾ ਤੇ ਗੁਰਮੀਤ ਨਾਗਰਾ ਸਮੇਤ ਕਈ ਹੋਰਾਂ ਬਾਰੇ ਲਿਖਿਆ ਹੈ।

ਇਨ੍ਹਾਂ ਵਿਚੋਂ ਸਭ ਤੋਂ ਮੰਦੜੇ ਹਾਲ ਛੱਤੇ ਦਾ ਪਰਿਵਾਰ ਹੈ। ਵੱਖਰੀ ਗੱਲ ਹੈ ਕਿ ਛੱਤੇ ਨੇ ਜਿੰਨਾ ਕਮਾਇਆ, ਜਿਉਂਦੇ ਜੀਅ ਓਨਾ ਗੁਆ ਛੱਡਿਆ, ਪਰ ਉਸ ਦੇ ਤੁਰ ਜਾਣ ਮਗਰੋਂ ਨਾ ਕੋਈ ਪੇਸ਼ਕਾਰ, ਨਾ ਗੀਤਕਾਰ, ਨਾ ਕੰਪਨੀ ਮਾਲਕ, ਨਾ ਸਰੋਤਾ ਉਨ੍ਹਾਂ ਦੇ ਘਰ ਬਹੁੜਿਆ। ਕਾਸ਼ ਸਾਨੂੰ ਏਨੀ ਕੁ ਅਕਲ ਆ ਜਾਵੇ ਕਿ ਅਸੀਂ ਪੱਥਰ ਪੂਜਣ ਦੀ ਥਾਂ ਥੁੜ੍ਹਾਂ ਮਾਰਿਆਂ ਦੀ ਸਾਰ ਲੈਣ ਲੱਗੀਏ।

## ਕਾਵਿ ਮੰਚ

### ਪੰਜਾਬ-ਏ-ਕਿਸਮਤ

*(ਮਨਪ੍ਰੀਤ ਬਾਦਲ ਦੇ ਨਾਂ)*

ਸੁੱਕੇ ਰੁੱਖ ਹਰੇ ਹੋ ਰਹੇ ਨੇ  
ਸਿਆਸਤਦਾਨ ਕੁਝ ਖਰੇ ਹੋ ਰਹੇ ਨੇ।  
ਸਮੇਂ ਦੀ ਕਾਇਆ ਅਦਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

ਦੇਰ ਆਏ ਪਰ ਦਰੁੱਸਤ ਆਏ ਹੋ,  
ਤਿਆਗ ਕੇ ਆਪਣੀ ਸੁਸਤ ਆਏ ਹੋ।  
ਭਲੇ ਤੋਂ ਉਸ ਨੇ, ਭਲਾ ਕਰਾਉਣਾ,  
ਇਨਕਲਾਬ ਦੀ ਪੁਸ਼ਤ ਆਏ ਹੋ।  
ਵੇਖਿਓ ਕਿੱਧਰੇ ਪੈਰ ਨਾ ਥਿੜਕੇ,  
ਤਿਲਕਵੀਂ ਸਿਆਸਤੇ ਸਦਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

ਹੱਥ ਵਿਚ ਫੜੀ ਮਸ਼ਾਲ ਨਾ ਭੁੱਲਿਓ  
ਸ਼ਹੀਦਾਂ ਦੀ ਉਹ ਚਾਲ ਨਾ ਭੁੱਲਿਓ।  
ਨਾ ਭੁੱਲਿਓ ਉਹ ਖਾਧੀ ਸਹੁੰ ਜੋ,  
ਮੌਜੂਦਾ ਪੰਜਾਬ ਦਾ ਹਾਲ ਨਾ ਭੁੱਲਿਓ।  
ਵਿਦੇਸ਼ ਰਹਿ ਅਸੀਂ ਪੰਜਾਬ ਲਈ ਸਿਸਕਦੇ,  
ਹਸਤੀ-ਏ-ਪੰਜਾਬ ਦਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

ਪੰਜਾਬ ਦਾ ਹਰ ਇੱਕ ਪੰਛੀ ਜ਼ਖ਼ਮੀ  
ਤੜਫ-ਤੜਫ ਕੇ ਨਿੱਤ ਹੈ ਮਰਦਾ।  
ਕਿਸਾਨਾਂ ਦਾ ਤੁਸੀਂ ਹਾਲ ਵੇਖ ਲਓ  
ਐਵੇਂ ਨਹੀਂ ਕੋਈ ਖੁਦਕੁਸ਼ੀ ਕਰਦਾ।  
ਜਾਗੋ ਪੰਜਾਬ ਅੱਜ ਜਾਗ ਰਿਹਾ ਹੈ,  
ਸੁੱਤਿਆਂ ਦੀ ਨਾ ਨਸਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

ਇਨਕਲਾਬ ਜੇ ਲਿਆਉਣਾ ਹੈ ਤੁਸੀਂ  
ਤਾਂ, ਪੇਂਡੂ-ਸ਼ਹਿਰੀ ਆਮ ਹੀ ਬਦਲੋ।  
ਬਦਲ ਦਿਓ ਪੰਜ ਸਾਲਾ ਚੱਕਰ  
ਬਦਲੋ ਸਾਰਾ ਨਿਜ਼ਾਮ ਹੀ ਬਦਲੋ।  
ਬਦਲਾਓ ਦੌਰ ਹੈ ਹਰ ਪਾਸੇ ਅੱਜ,  
ਬਦਲ ਇਹ ਦੁਨੀਆਂ ਸਗਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

ਪੰਜਾਬ ਦੀ ਪੀਪਲਜ਼ ਪਾਰਟੀ ਦਾ ਹੁਣ  
ਝੰਡਾ ਹਰ ਥਾਂ ਲਹਿਰਾ ਦੇਣਾ ਹੈ।  
ਕੁੰਭ ਕਰਨ ਦੀ ਨੀਂਦ ਜੋ ਸੁੱਤੇ  
ਉਨ੍ਹਾਂ ਨੂੰ ਨੀਂਦੋਂ ਜਗਾ ਲੈਣਾ ਹੈ।  
ਜੇਕਰ ਇਰਾਦੇ ਸਾਫ ਤੇ ਪੱਕੇ,  
'ਸੁਖਵਿੰਦਰਾ' ਮੰਜ਼ਿਲ ਬਗਲ ਰਹੀ ਹੈ।  
ਲੱਗਦੈ ਪੰਜਾਬ-ਏ-ਕਿਸਮਤ ਬਦਲ ਰਹੀ ਹੈ।

*-ਸੁਖਵਿੰਦਰ ਬੋਦਲਾਂਵਾਲਾ*  
*ਵੈਨਕੂਵਰ, ਵਾਸ਼ਿੰਗਟਨ।*  
*ਫੋਨ:360-281-2624*

---

### ਸੰਘਰਸ਼

ਸਿੱਖ ਸੰਘਰਸ਼ ਚੱਲ ਰਿਹਾ ਹੈ,  
ਹੋਰ ਅੱਗੇ ਵੱਧ ਰਿਹਾ ਹੈ।  
ਭੇਤ ਲੱਭਦਾ ਹੈ,  
ਦੁਸ਼ਮਣ ਦੀਆਂ ਚਾਲਾਂ ਦਾ,  
ਇਹ ਕਾਫਲਾ ਸ਼ਹੀਦਾਂ ਨੂੰ  
ਫੁੱਲ ਭੇਟਾ ਕਰ ਰਿਹਾ ਹੈ।  
ਨਹੀਂ ਸਹਿਣੀ  
ਤੇਰੀ ਜਬਰ ਦੀ ਹਕੂਮਤ,  
ਇਕ ਹੀ ਜੁਝਾਰੂ ਸਰਕਾਰ ਨੂੰ  
ਵਖ਼ਤ ਪਾ ਰਿਹਾ ਹੈ।  
ਕਾਲੀਆਂ ਬਿੱਲੀਆਂ  
ਘੁੰਮ ਰਹੀਆਂ ਹਨ ਚਾਰ ਚੁਫੇਰੇ  
ਪਰ ਸਿੰਘ ਦੀ ਗਰਜ ਦਾ  
ਬਹੁਤ ਭੈਅ ਖਾ ਰਿਹਾ ਹੈ।  
ਨਹੀਂ ਇਨਸਾਫ਼  
ਤੇਰੀ ਗੌਰਮਿੰਟ ਦਾ ਕਿਤੇ ਵੀ,  
ਮਦਨ ਸਿੰਘ ਨਵਾਂ ਇਤਿਹਾਸ  
ਸਿਰਜਣ ਦੀ ਕਸਮ ਖਾ ਰਿਹਾ ਹੈ।

*-ਮਦਨ ਸਿੰਘ*  
*ਫੋਨ:925-778-0353*

---

### ਸਾਵਣ

*(ਕਾਰਗਿਲ ਦੇ ਸ਼ਹੀਦਾਂ ਦੇ ਨਾਂ)*

ਸਾਵਣ ਆਇਆ ਬੱਲੇ ਬੱਲੇ,  
ਅਸੀਂ ਤੀਆਂ ਨੂੰ ਚੱਲੇ।  
ਕੁੜੀਆਂ ਚਿੜੀਆਂ ਬੁੜ੍ਹੀਆਂ ਰਲ ਕੇ  
ਸਾਵਿਆਂ ਦੇ ਪਿੜ ਮੱਲੇ।  
ਸੱਜ ਵਿਆਹੀਆਂ ਮੁਟਿਆਰਾਂ ਦੇ,  
ਚਾਅ ਨਾ ਜਾਵਣ ਠੱਲ੍ਹੇ।  
ਮਾਹੀ ਚੇਤੇ ਕਰ ਕਰ ਹੱਸਣ,  
ਹਰ ਟੱਪੇ ਹਰ ਗੱਲੇ।

ਸਾਵਣ ਆਇਆ ਬੱਲੇ ਬੱਲੇ,  
ਅਸੀਂ ਕਾਰਗਿਲ ਚੱਲੇ।  
ਵੈਰੀ ਪਿੱਛੇ ਮਾਰ ਭਜਾਏ,  
ਮੇਰੇ ਮਾਹੀ ਨੇ ਪਹਿਲੇ ਹੱਲੇ।  
ਭਾਜੜ ਪਾਈ ਦੁਸ਼ਮਣ ਅੰਦਰ,  
ਹੋ ਗਈ ਬੱਲੇ ਬੱਲੇ।  
ਚੰਨ ਦੇਸ਼ ਦੇ ਕੰਮ ਆ ਗਿਆ,  
ਅਸੀਂ ਤਾਂ ਰਹਿਗੇ ਕੱਲੇ ਕੱਲੇ।

ਸਾਵਣ ਆਇਆ ਬੱਲੇ ਬੱਲੇ,  
ਫੌਜ 'ਚ ਭਰਤੀ ਹੋਣਾ।  
ਜਿਸ ਨੇ ਕਰੀ ਚੜ੍ਹਾਈ ਦੇਸ਼ 'ਤੇ,  
ਦੁਸ਼ਮਣ ਮਾਰ ਭਜਾਉਣਾ।  
ਮੇਰਾ ਮਾਹੀ ਚੋਟੀ ਚੜ੍ਹਿਆ,  
ਜਾਮ ਸ਼ਹਾਦਤ ਪੀਣਾ।  
ਚੂੜੀਆਂ ਭੰਨ ਬੰਦੂਕ ਮੈਂ ਫੜਨੀ,  
ਮੇਰਾ ਕੀ ਹੁਣ ਜੀਣਾ।

ਸਖੀਆਂ ਬਾਗ਼ੀਂ ਪੀਂਘਾਂ ਪਾਈਆਂ,  
ਮੈਂ ਝੂਟਣ ਤੋਂ ਡਰਦੀ।  
ਹੁਲਾਰਾ ਦੇਣ ਵਾਲਾ ਨਹੀਂ ਆਇਆ,  
ਢੋਕ ਮੇਰੀ ਇਕ ਮਰਗੀ।  
ਵੰਗਾਂ ਹੋ ਗਈਆਂ ਟੁਕੜੇ ਟੁਕੜੇ,  
ਮਾਂਗ ਲਹੂ ਨਾਲ ਭਰਗੀ।  
ਅਧਵਾਟੇ ਮੇਰੇ ਚਾਅ ਖਿੱਲਰ ਗਏ,  
ਮੈਂ ਡੁੱਬਗੀ ਤਰਦੀ ਤਰਦੀ।


ਸਾਵਣ ਮੈਨੂੰ ਜ਼ਰਾ ਨਾ ਭਾਵੇ,  
ਮੈਂ ਅਭਾਗਣ ਹੋਈ।  
ਵਿਹੜੇ ਮੇਰੇ ਘੁੱਪ ਅੰਧੇਰਾ,  
ਮੈਂ ਜੀਉਂਦੀ ਨਾ ਮੋਈ।  
ਤੁਸੀਂ ਪੀਂਘ ਚੜ੍ਹਾਓ, ਪੂੜੇ ਖਾਓ,  
ਮੇਰੀ ਸੁੱਧ ਬੁੱਧ ਖੋਈ।  
ਲੋਕ ਸ਼ਹੀਦ ਦੀ ਵਿਧਵਾ ਕਹਿੰਦੇ,  
ਮੈਂ ਬੁੱਢ-ਸੁਹਾਗਣ ਹੋਈ।

ਸਾਵਣ ਹੱਥੋਂ ਕਿਰਦਾ ਜਾਏ,  
ਕਿਰ ਗਏ ਮੇਰੇ ਚਾਅ।  
ਮਾਹੀਏ ਬਾਝੋਂ ਸਾਵਣ ਕਾਹਦਾ,  
ਤੀਆਂ ਦਾ ਕੀ ਭਾਅ।  
ਨਿੱਕੀ ਨਿੱਕੀ ਕਣੀ ਦਾ ਮੀਂਹ ਜੋ ਵਰ੍ਹਦਾ,  
ਮਨ ਮੇਰਾ ਥਿੜਕ ਗਿਆ।  
ਸਟੇਸ਼ਨ ਵੱਲੇ ਰਾਹ ਮੈਂ ਤੱਕਾਂ,  
ਮਾਹੀ ਦਾ ਝਉਲਾ ਪਿਆ।

ਸਾਵਣ ਆਇਆ ਬੱਲੇ-ਬੱਲੇ,  
ਚਾਰ ਚੁਫੇਰਾ ਹਰਿਆ।  
ਮਾਹੀ ਮੇਰਾ ਮੁੜ ਘਰ ਆਇਆ,  
ਵਿਹੜਾ ਭਾਗਾਂ ਭਰਿਆ।  
ਜ਼ਖ਼ਮੀ ਉਸ ਦਾ ਮੁਖੜਾ ਹੋਇਆ,  
ਮੈਥੋਂ ਨਾ ਜਾਏ ਜਰਿਆ।  
ਸ਼ੁਕਰ ਮਨਾਵਾਂ, ਖੈਰ ਮਨਾਵਾਂ,  
ਪੰਨੂ ਜੰਗ ਜਿੱਤ ਘਰ ਮੁੜਿਆ।

*-ਚਰਨਜੀਤ ਸਿੰਘ ਪੰਨੂ*  
*ਸੈਨ ਹੋਜ਼ੇ, ਕੈਲੀਫੋਰਨੀਆ।*


# ਓਮ ਪੁਰੀ:ਪੰਜਾਬ ਤੋਂ ਹਾਲੀਵੁੱਡ ਦੀ ਉਡਾਣ



ਸਾਧਾਰਨ ਜਿਹੀ ਦਿੱਖ, ਭਰਵੇਂ ਜਿਹੇ ਸਰੀਰ ਤੇ ਚੇਚਕ ਦੇ ਦਾਗਾਂ ਨਾਲ ਭਰੇ ਚਿਹਰੇ ਨੂੰ ਵੇਖ ਕੇ ਸ਼ਾਇਦ ਹੀ ਕੋਈ ਕਿਆਸ ਕਰ ਸਕੇ ਕਿ ਇਸ ਤਰ੍ਹਾਂ ਦੇ ਹੁਲੀਏ ਵਾਲਾ ਕੋਈ ਸ਼ਖ਼ਸ 'ਅਦਾਕਾਰ' ਦੇ ਖੇਤਰ 'ਚ ਝੰਡਾ ਗੱਡ ਸਕਦਾ ਹੈ ਪਰ ਦ੍ਰਿੜ੍ਹ ਹੌਸਲਾ ਤੇ ਮੰਜ਼ਲ 'ਤੇ ਪਹੁੰਚਣ ਦੀ ਜਿੱਦ ਨਾ-ਮੁਮਕਿਨ ਨੂੰ ਵੀ ਮੁਮਕਿਨ ਬਣਾ ਦਿੰਦੀ ਹੈ। ਅਜਿਹਾ ਇਤਿਹਾਸ ਰਚਨ ਵਾਲਾ ਅਦਾਕਾਰ ਓਮ ਪੁਰੀ ਹੈ। ਪਹਿਲਾਂ ਪਾਲੀਵੁੱਡ, ਫਿਰ ਬਾਲੀਵੁੱਡ ਤੇ ਬਾਅਦ 'ਚ ਹਾਲੀਵੁੱਡ 'ਚ ਆਪਣੀ ਦਮਦਾਰ ਤੇ ਸੰਵੇਦਨਸ਼ੀਲ ਅਦਾਕਾਰੀ ਨਾਲ ਵੱਖਰਾ ਹਸਤਾਖ਼ਰ ਬਣ ਚੁੱਕੇ ਓਮ ਪੁਰੀ ਦੀ ਜ਼ਿੰਦਗੀ ਦਾ ਸਫਰ 'ਵੈਤਰਣੀ' ਪਾਰ ਕਰਨ ਤੋਂ ਘੱਟ ਨਹੀਂ ਰਿਹਾ ਜਿਸ ਦੇ ਚੱਲਦਿਆਂ ਉਸ ਨੇ ਲੱਖਾਂ ਝੱਖੜ ਝੁੱਲਣ ਦੇ ਬਾਵਜੂਦ ਆਪਣੀ ਮੰਜ਼ਿਲ ਸਰ ਕੀਤੀ।

ਅਭਿਨੈ ਦੀ ਪਹਿਲੀ ਪੌੜੀ ਮੰਨੇ ਜਾਂਦੇ ਰੰਗਮੰਚ ਤੋਂ ਆਪਣੇ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਇਸ ਅਦਾਕਾਰ ਨੇ ਜਿਸ ਦੌਰ 'ਚ ਫ਼ਿਲਮੀ ਖੇਤਰ 'ਚ ਪ੍ਰਵੇਸ਼ ਕੀਤਾ, ਉਸ ਸਮੇਂ ਇਸ ਖੇਤਰ 'ਚ ਸਿਰਫ ਹੁਸੀਨ ਚਿਹਰੇ ਹੀ ਵਿਕਦੇ ਸਨ ਪਰ ਓਮ ਪੁਰੀ ਨੇ ਆਪਣੀ ਦਮਦਾਰ ਅਦਾਕਾਰੀ ਸਦਕਾ ਇਹ ਅਹਿਸਾਸ ਬਾਖ਼ੂਬੀ ਕਰਵਾਇਆ ਕਿ ਸਭ ਤੋਂ ਪਹਿਲਾਂ ਕਿਸੇ ਕਲਾਕਾਰ ਕੋਲ ਪ੍ਰਭਾਵਸ਼ਾਲੀ ਅਦਾ ਹੋਣੀ ਚਾਹੀਦੀ ਹੈ। ਜ਼ਿੰਦਗੀ 'ਚ ਕਈ ਤਰ੍ਹਾਂ ਦੇ ਵਿਵਾਦਾਂ ਨੂੰ ਲੈ ਕੇ ਚਰਚਾ 'ਚ ਰਹਿਣ ਵਾਲੇ ਓਮ ਪੁਰੀ ਹੁਣ ਜ਼ਿੰਦਗੀ ਦੇ ਉਸ ਪੜਾਅ 'ਤੇ ਹਨ ਜਿਸ ਤੱਕ ਪਹੁੰਚਣ ਲਈ ਕਰੋੜਾਂ ਲੋਕ ਆਪਣੀ ਜ਼ਿੰਦਗੀ 'ਚ 'ਸੰਘਰਸ਼' ਕਰਦਿਆਂ ਹੀ ਫ਼ੌਤ ਹੋ ਜਾਂਦੇ ਹਨ। ਢਾਈ ਸੌ ਦੇ ਕਰੀਬ ਫ਼ਿਲਮਾਂ (ਹਿੰਦੀ, ਅੰਗਰੇਜ਼ੀ ਤੇ ਪੰਜਾਬੀ) ਅਤੇ 100 ਦੇ ਕਰੀਬ ਸੀਰੀਅਲਾਂ 'ਚ ਵੱਖ-ਵੱਖ ਤਰ੍ਹਾਂ ਦੀਆਂ ਦਿਲਚਸਪ ਭੂਮਿਕਾਵਾਂ ਨਿਭਾਅ ਚੁੱਕੇ ਇਸ 'ਕਲਾਕਾਰ' ਨੇ ਜ਼ਿੰਦਗੀ ਵਿਚ ਜਿਸ ਤਰ੍ਹਾਂ ਦੇ ਉਤਾਰ-ਚੜ੍ਹਾਅ ਦੇਖੇ ਤੇ ਜਿਸ ਹਾਲਾਤ ਦਾ ਸਾਹਮਣਾ ਕੀਤਾ, ਉਸ ਤੋਂ ਉਸ ਦੀ ਜ਼ਿੰਦਗੀ ਕਿਸੇ ਫ਼ਿਲਮੀ ਕਹਾਣੀ ਤੋਂ ਘੱਟ ਨਹੀਂ ਜਾਪਦੀ।

18 ਅਕਤੂਬਰ 1950 ਨੂੰ ਅੰਬਾਲਾ ਵਿਖੇ ਸ੍ਰੀਮਤੀ ਤਾਰਾ ਦੇਵੀ ਤੇ ਸ੍ਰੀ ਟੇਕ ਚੰਦ ਦੇ ਘਰ ਜਨਮੇ ਓਮ ਪੁਰੀ ਦਾ ਵਾਹ ਨਿਆਣੀ ਉਮਰ 'ਚ ਹੀ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਪੈ ਗਿਆ ਸੀ। ਆਪਣਾ ਬਚਪਨ ਗਰੀਬੀ 'ਚ ਬਿਤਾਉਣ ਵਾਲੇ ਓਮ ਪੁਰੀ ਨੇ ਜ਼ਿੰਦਗੀ ਦੇ ਸ਼ੁਰੂਆਤੀ ਵਰ੍ਹੇ ਮੁੱਲਾਂ ਪੁਰ, ਰਿਵਾੜੀ, ਦਗੇਦਾ ਤੇ ਬਠਿੰਡਾ ਵਿਖੇ ਗੁਜ਼ਾਰੇ। ਚੜ੍ਹਦੀ ਉਮਰ 'ਚ ਉਹ ਆਪਣੇ ਮਾਮੇ ਕੋਲ ਸਨੌਰ (ਪਟਿਆਲਾ) ਰਹਿਣ ਲੱਗਾ। ਇਥੇ ਰਹਿੰਦਿਆਂ ਹੀ ਉਸ ਦੀ ਜ਼ਿੰਦਗੀ ਦਾ ਅਸਲ ਸੰਘਰਸ਼ ਸ਼ੁਰੂ ਹੋਇਆ। ਅਦਾਕਾਰੀ ਦੀ ਲਲਕ ਉਸ ਨੂੰ ਰੰਗਮੰਚ ਵੱਲ ਖਿੱਚਦੀ ਰਹੀ ਪਰ ਢਿੱਡ ਦੀ ਭੁੱਖ ਉਸ ਨੂੰ ਪੈਸਿਆਂ ਖ਼ਾਤਰ ਕੋਈ ਓਹੜ-ਪੋਹੜ ਕਰਨ ਲਈ ਮਜਬੂਰ ਕਰਦੀ। ਕਿਸੇ ਤਰ੍ਹਾਂ ਬੀ.ਏ ਕਰਨ ਤੋਂ ਬਾਅਦ ਉਹ ਕਿਤੇ ਟਿਊਸ਼ਨ ਪੜ੍ਹਾਉਣ ਲੱਗਾ ਤੇ ਵਕੀਲ ਦੀ ਮੁਨਸ਼ੀਗਿਰੀ ਕੀਤੀ ਪਰ ਉਸ ਨੇ ਆਪਣੇ ਅੰਦਰਲੇ ਕਲਾਕਾਰ ਨੂੰ ਮਰਨ ਨਹੀਂ ਦਿੱਤਾ। ਇਕ ਦਿਨ ਮੰਚ 'ਤੇ ਨਾਟਕ ਖੇਡ ਰਹੇ ਓਮ ਪੁਰੀ 'ਤੇ ਪੰਜਾਬੀ ਰੰਗਮੰਚ ਦੇ ਖ਼ੈਰਖਾਹ ਹਰਪਾਲ ਟਿਵਾਣਾ (ਸਵਰਗੀ) ਦੀ ਸਵੱਲੀ ਨਜ਼ਰ ਪਈ।



ਪਹਿਲੀ ਨਜ਼ਰੇ ਹੀ ਓਮ ਪੁਰੀ ਦੀ ਅਦਾਕਾਰੀ ਤੋਂ ਕਾਇਲ ਹੋਏ ਹਰਪਾਲ ਟਿਵਾਣਾ ਨੇ ਉਸ ਨੂੰ ਪੰਜਾਬ ਕਲਾ ਮੰਚ 'ਚ 150 ਰੁਪਏ 'ਤੇ ਮੁਲਾਜ਼ਮ ਰੱਖ ਲਿਆ। ਇਥੇ ਹੀ ਉਸ ਦੇ ਲਈ ਨਵੇਂ ਮੁਹਾਜ਼ ਖੁੱਲ੍ਹੇ। ਹਰਪਾਲ ਟਿਵਾਣਾ ਨੇ ਹੀ ਓਮ ਪੁਰੀ ਦੀ ਕਲਾ ਨੂੰ ਨਿਖਾਰਿਆ ਤੇ ਤਰਾਸ਼ਿਆ।

ਟਿਵਾਣਾ ਨਾਲ ਹਿੰਦੀ ਨਾਟਕ 'ਅਧੂਰੇ ਸਪਨੇ' 'ਤੇ ਪੰਜਾਬੀ ਨਾਟਕ 'ਰੱਤਾ ਸਾਲੂ' ਦੇਸ਼ ਭਰ 'ਚ ਖੇਡਦਿਆਂ ਹੀ ਉਸ ਨੂੰ ਅਹਿਸਾਸ ਹੋਇਆ ਕਿ ਉਹ ਤਾਂ ਛੱਪੜ ਦਾ ਡੱਡੂ ਬਣਿਆ ਬੈਠਾ ਹੈ, ਉਸ ਦੀ ਜਗ੍ਹਾ ਤਾਂ ਸਮੁੰਦਰ 'ਚ ਹੈ। ਇਸ ਤੋਂ ਬਾਅਦ ਉਸ ਨੇ ਆਪਣਾ ਸੁਪਨਾ ਸਾਕਾਰ ਕਰਨ ਲਈ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਦਾਖ਼ਲਾ ਲੈ ਲਿਆ। ਇਥੇ ਉਸ ਲਈ ਅੰਗਰੇਜ਼ੀ ਭਾਸ਼ਾ ਸਭ ਤੋਂ ਵੱਡੀ ਪ੍ਰੇਸ਼ਾਨੀ ਬਣਦੀ ਹੈ। ਅੰਗਰੇਜ਼ੀ ਭਾਸ਼ਾ ਦਾ ਅਨਾੜੀ ਓਮ ਪੁਰੀ ਜਦੋਂ ਆਪਣੇ ਸੁਪਨੇ ਸਮੇਟ ਇਥੋਂ ਵਾਪਸ ਪਰਤਣ ਦਾ ਮਨ ਬਣਾਉਂਦਾ ਹੈ ਤਾਂ ਨੈਸ਼ਨਲ ਸਕੂਲ ਆਫ਼ ਡਰਾਮਾ ਦਾ ਡਾਇਰੈਕਟਰ ਅਲਕਾਜ਼ੀ ਉਸ ਨੂੰ ਡਰਪੋਕਾਂ ਦੀ ਤਰ੍ਹਾਂ ਸੁਪਨਾ ਤਿਆਗਣ ਦੀ ਥਾਂ ਮਜ਼ਬੂਤ ਹੋ ਕੇ ਨਾ-ਮੁਮਕਿਨ ਨੂੰ ਮੁਮਕਿਨ ਕਰਨ ਲਈ ਪ੍ਰੇਰਦਾ ਹੈ। ਅਲਕਾਜ਼ੀ ਦੀ ਇਹ ਪ੍ਰੇਰਨਾ ਹੀ ਉਸ ਦੇ ਪਰਾਂ ਨੂੰ ਪਰਵਾਜ਼ ਬਖ਼ਸ਼ਦੀ ਹੈ। ਸੁਪਨਿਆਂ ਦੇ ਅੰਬਰ 'ਤੇ ਉਡਾਰੀ ਭਰਦਿਆਂ ਉਹ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ, ਪੂਣੇ ਦੇ ਵਿਹੜੇ ਜਾ ਉਤਰਦਾ ਹੈ।

ਇਥੇ ਕੁਝ ਸੌੜੀ ਕਿਸਮ ਦੇ ਲੋਕ ਉਸ ਦਾ ਹੌਸਲਾ ਇਹ ਕਹਿ ਕੇ ਪਸਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਉਸ ਦਾ ਚਿਹਰਾ ਤਾਂ ਦਾਗਾਂ ਭਰਿਆ ਹੈ। ਉਹ ਨਾ ਤਾਂ 'ਨਾਇਕ' ਬਣਨ ਦੇ ਕਾਬਲ ਹੈ ਤੇ ਨਾ ਹੀ ਕਿਸੇ ਪਾਸਿਓਂ 'ਖਲਨਾਇਕ' ਦਿਸਦਾ ਹੈ। ਮਾਨਸਿਕ ਤੌਰ 'ਤੇ ਉਲਝੇ ਓਮ ਪੁਰੀ ਦੀ ਪ੍ਰੇਸ਼ਾਨੀ ਦੀਆਂ ਤੰਦਾਂ ਨੂੰ ਇੰਸਟੀਚਿਊਟ ਦਾ ਨਿਰਦੇਸ਼ਕ ਗਰੀਸ਼ ਕਰਨਾਡ ਸੁਲਝਾਉਂਦਾ ਹੈ। 1976 'ਚ ਇਥੋਂ ਡਿਪਲੋਮਾ ਕਰਨ ਤੋਂ ਬਾਅਦ ਉਹ ਆਪਣੇ ਸੁਪਨਿਆਂ ਦੀ ਧਰਤੀ ਮੁੰਬਈ ਆ ਪਹੁੰਚਦਾ ਹੈ। ਕੁਝ ਸਮਾਂ ਰੰਗਮੰਚ ਕਰਨ ਤੋਂ ਬਾਅਦ ਉਹ ਫ਼ਿਲਮਾਂ ਵੱਲ ਰੁਖ਼ ਕਰਦਾ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ' ਵਿਚ ਕੰਮ ਕਰ ਚੁੱਕੇ ਸਨ। ਕੁਝ ਛੋਟੀਆਂ-ਮੋਟੀਆਂ ਫ਼ਿਲਮਾਂ ਕਰਨ ਤੋਂ ਬਾਅਦ 1978 'ਚ ਆਈ ਹਿੰਦੀ ਫ਼ਿਲਮ 'ਗੋਧੂਲੀ' ਨਾਲ ਉਹ ਬਾਲੀਵੁੱਡ 'ਚ ਆਪਣੇ ਫ਼ਿਲਮੀ ਕੈਰੀਅਰ ਦੀ ਅਸਲ ਸ਼ੁਰੂਆਤ ਕਰਦਾ ਹੈ ਪਰ ਉਸ ਦੀ ਪਛਾਣ 1980 'ਚ ਆਈ ਫ਼ਿਲਮਸਾਜ਼ ਗੋਬਿੰਦ ਨਿਹਲਾਨੀ ਦੀ ਫ਼ਿਲਮ 'ਆਕ੍ਰੋਸ਼' ਨਾਲ ਬਣਦੀ ਹੈ। ਇਸ ਫ਼ਿਲਮ



*ਓਮ ਪੁਰੀ ਆਪਣੀ ਪਤਨੀ ਨੰਦਿਤਾ (ਵਿਚਕਾਰ) ਅਤੇ ਅਦਾਕਾਰਾ ਸ਼ੈਫਾਲੀ ਸ਼ਾਹ ਨਾਲ।*

> ***ਓਮ ਪੁਰੀ ਨੇ ਆਪਣੇ ਮਿੱਤਰ ਤੇ ਸਮਕਾਲੀ ਅਦਾਕਾਰ ਨਸੀਰੂਦੀਨ ਸ਼ਾਹ ਦੀ ਤਰ੍ਹਾਂ ਫ਼ਿਲਮ ਨਿਰਦੇਸ਼ਕ ਬਣਨਾ ਲੋਚਦੇ ਹਨ। ਉਨ੍ਹਾਂ ਦੀ ਦਿਲੀ ਇੱਛਾ ਚਰਚਿਤ ਪੰਜਾਬੀ ਲੇਖਕਾ ਦਲੀਪ ਕੌਰ ਟਿਵਾਣਾ ਦੇ ਨਾਵਲ 'ਇਹੋ ਹਮਾਰਾ ਜੀਵਣਾ' 'ਤੇ ਫ਼ਿਲਮ ਬਣਾਉਣ ਦੀ ਹੈ।***

'ਚ ਉਸ ਵੱਲੋਂ ਨਿਭਾਇਆ ਭੀਖੂ ਦਾ ਕਿਰਦਾਰ ਉਨ੍ਹਾਂ ਦੀ ਅਦਾਕਾਰੀ ਸਮਰੱਥਾ ਨੂੰ ਦਰਸਾਉਂਦਾ ਹੈ। ਇਸ ਫ਼ਿਲਮ ਤੋਂ ਬਾਅਦ ਉਨ੍ਹਾਂ ਦੇ ਫ਼ਿਲਮ ਕਰੀਅਰ ਨੇ ਐਸੀ ਰਫ਼ਤਾਰ ਫੜ੍ਹੀ ਕਿ ਅੱਜ ਤੱਕ ਕੋਈ ਹੋਰ ਅਦਾਕਾਰ ਉਨ੍ਹਾਂ ਨਾਲ ਕਦਮ ਨਹੀਂ ਮਿਲਾ ਸਕਿਆ।

ਆਪਣੇ ਸ਼ੁਰੂਆਤੀ ਦੌਰ 'ਚ ਓਮ ਪੁਰੀ ਨੇ ਜ਼ਿਆਦਾਤਰ ਕਿਰਦਾਰ ਕਰੂਰ ਜਾਂ ਖਲਨਾਇਕ ਦੇ ਹੀ ਨਿਭਾਏ ਪਰ ਪਿਛਲੇ ਡੇਢ ਦਹਾਕੇ ਤੋਂ ਉਹ ਹਲਕੀ-ਫੁਲਕੀ ਕਾਮੇਡੀ ਵਾਲੇ ਕਿਰਦਾਰ ਹੀ ਨਿਭਾ ਰਹੇ ਹਨ। ਜਦੋਂ ਉਨ੍ਹਾਂ ਤੋਂ ਇਸ ਦੀ ਵਜ੍ਹਾ ਪੁੱਛੀ ਗਈ ਤਾਂ ਉਨ੍ਹਾਂ ਹੱਸਦਿਆਂ ਕਿਹਾ ਕਿ 'ਯਾਰ ਸਾਰੀ ਉਮਰ ਗੁੰਡਾ ਬਣ ਕੇ ਕੱਟ ਲਈ, ਹੁਣ ਢਲਦੀ ਉਮਰ ਤਾਂ ਚੱਜ ਦਾ ਕੰਮ ਕਰ ਲੈਣ ਦਿਉ। ਉਹ ਵੱਖ-ਵੱਖ ਔਰਤਾਂ ਨਾਲ ਆਪਣੇ ਸਬੰਧਾਂ ਤੇ ਪਹਿਲੀ ਪਤਨੀ ਮਾਲਾ ਨੂੰ ਤਲਾਕ ਦੇ ਕੇ ਪੱਤਰਕਾਰ ਤੇ ਲੇਖਕਾ ਨੰਦਿਤਾ ਦਾਸ ਨਾਲ ਵਿਆਹ ਕਰਵਾਉਣ ਕਰਕੇ ਵੀ ਚਰਚਾ 'ਚ ਰਹੇ। ਉਨ੍ਹਾਂ ਦੀ ਜ਼ਿੰਦਗੀ 'ਚ ਹਮੇਸ਼ਾ ਉਨ੍ਹਾਂ ਦੇ ਦੋਸਤ ਜਸਪਾਲ ਤੇ ਅਦਾਕਾਰ ਨਸੀਰੂਦੀਨ ਸ਼ਾਹ ਦਾ ਬੇਹੱਦ ਸਹਿਯੋਗ ਰਿਹਾ ਹੈ। ਇਨ੍ਹਾਂ ਦੋਸਤਾਂ ਦੀਆਂ ਸਲਾਹਾਂ ਤੇ ਪ੍ਰੇਰਣਾ ਹੀ ਉਨ੍ਹਾਂ ਨੂੰ ਇਸ ਖੇਤਰ 'ਚ ਕਦਮ-ਦਰ-ਕਦਮ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਰਹੀ। ਓਮ ਪੁਰੀ ਨੇ ਆਪਣੇ ਇਸ ਫ਼ਿਲਮ ਕਰੀਅਰ ਦੌਰਾਨ ਜਿਥੇ ਖ਼ੂਬ ਸ਼ੋਹਰਤ ਹਾਸਲ ਕੀਤੀ ਹੈ, ਉਥੇ ਖ਼ੂਬ ਦੌਲਤ ਵੀ ਕਮਾਈ। ਉਹ ਵੀ ਆਪਣੇ ਮਿੱਤਰ ਤੇ ਸਮਕਾਲੀ ਅਦਾਕਾਰ ਨਸੀਰੂਦੀਨ ਸ਼ਾਹ ਦੀ ਤਰ੍ਹਾਂ ਫ਼ਿਲਮ ਨਿਰਦੇਸ਼ਕ ਬਣਨਾ ਲੋਚਦੇ ਹਨ। ਉਨ੍ਹਾਂ ਦੀ ਦਿਲੀ ਇੱਛਾ ਚਰਚਿਤ ਪੰਜਾਬੀ ਲੇਖਕਾ ਦਲੀਪ ਕੌਰ ਟਿਵਾਣਾ ਦੇ ਨਾਵਲ 'ਇਹੋ ਹਮਾਰਾ ਜੀਵਣਾ' ਉਤੇ ਫ਼ਿਲਮ ਬਣਾਉਣ ਦੀ ਹੈ ਪਰ ਉਹ ਇਸ ਫ਼ਿਲਮ ਲਈ ਪੰਜਾਬ ਸਰਕਾਰ ਦਾ ਸਹਿਯੋਗ ਚਾਹੁੰਦੇ ਹਨ।

ਪਿਛਲੇ ਦਿਨੀਂ ਰਿਲੀਜ਼ ਹੋਈ ਹਾਲੀਵੁੱਡ ਫ਼ਿਲਮ 'ਈਸਟ ਇਜ਼ ਈਸਟ' ਜ਼ਰੀਏ ਉਨ੍ਹਾਂ ਨੇ ਮੁੜ ਹਾਲੀਵੁੱਡ 'ਚ ਵਾਪਸੀ ਕੀਤੀ ਹੈ। ਇਸ ਤੋਂ ਬਾਅਦ ਹੁਣ ਉਨ੍ਹਾਂ ਦੀ ਹਾਲੀਵੁੱਡ ਫ਼ਿਲਮ 'ਦਾ ਟੈਰਰ' ਰਿਲੀਜ਼ ਹੋਵੇਗੀ। ਇਸ ਤੋਂ ਇਲਾਵਾ ਉਹ ਪੰਜਾਬੀ ਫ਼ਿਲਮ 'ਚੰਨ ਪ੍ਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਬਾਗੀ' ਤੇ 'ਯਾਰੀਆਂ' ਤੋਂ ਬਾਅਦ ਜਲਦ ਹੀ ਇਕ ਹੋਰ ਪੰਜਾਬੀ ਫ਼ਿਲਮ 'ਚ ਵੀ ਨਜ਼ਰ ਆਉਣਗੇ।

## ਸ੍ਰੀਦੇਵੀ ਦੀ 18 ਵਰ੍ਹਿਆਂ ਬਾਅਦ ਵਾਪਸੀ

ਸ੍ਰੀਦੇਵੀ 18 ਸਾਲਾਂ ਬਾਅਦ ਮੁੜ ਪਰਦੇ 'ਤੇ ਪਰਤ ਰਹੀ ਹੈ। ਉਹ ਆਪਣੀ ਵਾਪਸੀ ਅਮਿਤਾਬ ਬੱਚਨ ਨਾਲ ਕਰ ਰਹੀ ਹੈ। 80 ਤੇ 90 ਦੇ ਦਹਾਕੇ ਦੀ ਬੇਹੱਦ ਹਰਮਨ-ਪਿਆਰੀ ਅਮਿਤਾਬ ਬੱਚਨ ਤੇ ਸ੍ਰੀਦੇਵੀ ਦੀ ਇਸ ਜੋੜੀ ਦਾ ਭਰਪੂਰ ਸਵਾਗਤ ਹੋਣ ਦੀ ਆਸ ਹੈ। ਇਹ ਜੋੜੀ ਆਖਰੀ ਵਾਰ 1992 ਵਿਚ ਫ਼ਿਲਮ 'ਖ਼ੁਦਾ ਗਵਾਹ' ਵਿਚ ਇਕੱਠਿਆਂ ਨਜ਼ਰ ਆਈ ਸੀ। ਸ੍ਰੀਦੇਵੀ 'ਇੰਗਲਿਸ਼-ਵਿੰਗਲਿਸ਼' ਨਾਂ ਦੀ ਫ਼ਿਲਮ ਵਿਚ ਕੰਮ ਕਰ ਰਹੀ ਹੈ ਜਿਸ ਵਿਚ ਅਮਿਤਾਬ ਬੱਚਨ ਦੇ ਨਾਲ ਦਰਸ਼ਕ ਉਸ ਨੂੰ ਦੇਖ ਸਕਣਗੇ। ਇਸ ਫ਼ਿਲਮ ਨੂੰ 'ਚੀਨੀ ਕਮ' ਤੇ 'ਪਾ' ਵਰਗੀਆਂ ਫ਼ਿਲਮਾਂ ਦੇ ਨਿਰਦੇਸ਼ਕ ਆਰ. ਬਾਲਕੀ ਦੀ ਪਤਨੀ ਗੌਰੀ ਬਣਾ ਰਹੀ ਹੈ।

ਇਸ ਫ਼ਿਲਮ ਵਿਚਲੀ ਆਪਣੀ ਭੂਮਿਕਾ ਬਾਰੇ ਦੱਸਦਿਆਂ ਅਮਿਤਾਬ ਬੱਚਨ ਕਹਿੰਦੇ ਹਨ, 'ਸ੍ਰੀਦੇਵੀ ਜੀ ਦੀ ਇੰਗਲਿਸ਼-ਵਿੰਗਲਿਸ਼ ਦੀ ਫ਼ਿਲਮ ਵਿਚ ਮੈਂ ਇਕ ਛੋਟੀ ਜਿਹੀ ਭੂਮਿਕਾ ਕਰ ਰਿਹਾ ਹਾਂ, ਕੋਈ ਦੋ ਦਿਨਾਂ ਦਾ ਕੰਮ ਸੀ ਮੇਰਾ, ਜੋ ਮੈਂ ਮੁਕਾ ਦਿੱਤਾ ਹੈ।' ਇਸ ਤੋਂ ਪਹਿਲਾਂ ਅਮਿਤਾਬ ਬੱਚਨ ਨੇ ਸ਼ੂਟਿੰਗ ਕਰਦੇ ਸਮੇਂ ਟਵਿੱਟਰ 'ਤੇ ਲਿਖਿਆ ਸੀ, 'ਇਕ ਲੰਬੇ ਸਮੇਂ ਬਾਅਦ ਅੱਜ ਮੈਂ ਚੁਲਬੁਲੀ ਸ੍ਰੀਦੇਵੀ ਨਾਲ ਸ਼ੂਟਿੰਗ ਕਰ ਰਿਹਾ ਹਾਂ, ਉਹ ਅੱਜ ਵੀ ਉਸੇ ਤਰ੍ਹਾਂ ਕੰਮ ਕਰਦੀ ਹੈ, ਜਿਸ ਤਰ੍ਹਾਂ ਉਹ ਪਹਿਲਾਂ ਆਪਣੀਆਂ ਫ਼ਿਲਮਾਂ ਵਿਚ ਕੰਮ ਕਰਦੀ ਨਜ਼ਰ ਆਉਂਦੀ ਸੀ।



## 'ਆਈ ਐਮ ਸ਼ੀ'-ਸੁਸ਼ਮਿਤਾ

ਸੁਸ਼ਮਿਤਾ ਸੇਨ 'ਆਈ ਐਮ ਸ਼ੀ-2011' ਨਾਮੀ ਸੁੰਦਰਤਾ ਮੁਕਾਬਾਲਾ ਕਰਾਉਣ ਨੂੰ ਲੈ ਕੇ ਚਰਚਾ 'ਚ ਹੈ। ਇਹ ਮੁਕਾਬਲਾ ਇਸ ਵਾਰ ਫਿਰ ਮਿਸ ਯੂਨੀਵਰਸ ਦਾ ਤਾਜ ਭਾਰਤ 'ਚ ਲੈ ਕੇ ਆਏਗਾ, ਬਾਰੇ ਉਹ ਕਹਿੰਦੀ ਹੈ, 'ਸਿਰਫ਼ ਇਸ ਵਾਰ ਹੀ ਕਿਉਂ, ਜੇਕਰ ਮੇਰਾ ਵੱਸ ਚੱਲੇ ਤਾਂ ਮੈਂ ਹਰ ਸਾਲ ਤਾਜ ਇਥੇ ਹੀ ਲੈ ਕੇ ਆਵਾਂ, ਜਿੱਤਣਾ ਇਕ ਬਹੁਤ ਹੀ ਸੁਖਾਵਾਂ ਅਹਿਸਾਸ ਹੈ ਤੇ ਇਹ ਇਕ ਅਜਿਹਾ ਅਹਿਸਾਸ ਹੈ ਜਿਸ ਨੂੰ ਅਸੀਂ ਕੁਝ ਦਿਨਾਂ ਲਈ ਭੁਲਾ ਦਿੱਤਾ ਸੀ।' ਸੁਸ਼ਮਿਤਾ ਦਾ ਕਹਿਣਾ ਹੈ ਕਿ ਦੇਸ਼ 'ਚ ਲੋਕ ਸੁੰਦਰਤਾ ਮੁਕਾਬਲੇ ਨਾਲ ਖੜ੍ਹੇ ਨਜ਼ਰ ਨਹੀਂ ਆਉਂਦੇ।

ਐਸ਼ਵਰਿਆ ਰਾਏ ਦੇ ਮਾਂ ਬਣਨ ਦੀ ਖ਼ਬਰ ਬਾਰੇ ਉਸ ਦਾ ਕਹਿਣਾ ਹੈ ਕਿ ਜਦ ਕੋਈ ਖ਼ੂਬਸੂਰਤ ਔਰਤ ਮਾਂ ਬਣਨ ਵਾਲੀ ਹੁੰਦੀ ਹੈ ਤਾਂ ਉਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲੱਗ ਜਾਂਦੇ ਹਨ। ਉਹ ਇਸ ਸੱਚਾਈ ਨੂੰ ਜਾਣਦੀ ਹੈ ਤੇ ਉਹ ਇਸ ਗੱਲ ਨੂੰ ਲੈ ਕੇ ਬਹੁਤ ਖ਼ੁਸ਼ ਹੈ। ਫ਼ਿਲਮ ਨਿਰਮਾਤਾ ਕਾਂਟ੍ਰੈਕਟ 'ਚ ਨਵੀਂ ਸ਼ਰਤ ਕਿ ਫ਼ਿਲਮ ਦੀ ਸ਼ੂਟਿੰਗ ਦੌਰਾਨ ਕਿਸੇ ਅਭਿਨੇਤਰੀ ਨੂੰ ਮਾਂ ਬਣਨ ਦਾ ਹੱਕ ਦਿੱਤਾ ਜਾਵੇ ਜਾਂ ਨਾ, ਉਤੇ ਚਰਚਾ ਕਰ ਰਹੇ ਹਨ ਪਰ ਉਸ ਦਾ ਕਹਿਣਾ ਹੈ, 'ਜੇਕਰ ਉਸ ਨਾਲ ਕੋਈ ਅਜਿਹੀ ਸ਼ਰਤ ਲਾਉਂਦਾ ਹੈ ਤਾਂ ਉਹ ਉਸ ਨਿਰਮਾਤਾ ਨੂੰ ਬਾਹਰ ਕਰ ਦੇਵੇਗੀ।'




Vista
CCTV TECHNOLOGY
CCTV
Now buy Vista Product
www.ezchase.com
(division of vista cctv tech.)
(14years old experience in cctv tech.)
WE INSTALL ANYWHERE IN USA
We are solution provider for your security needs.
Protect Your Home and Business
$599.00
INSTALLATION NOT INCLUDED.
Just@ $1199.00
DIRECT ACCESS FROM iPHONE
Call Direct :- Sukhpal@661-586-5080
Customer Services :- 1-800-235-1391
Email :- commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Still Better!!!**

**5/1, 7/1 ARM are also attractive**

**Refinance Now At Low Cost**

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### Hot Listing




34782 Klondike Court
Union City, CA 94587
4 Bedrooms, 3 Baths,
2 Car Garage
Area 1320 Sq. Ft.
Lot 3526 Sq. Ft.
Offered at $499,000




2465 Becket Dr.
Union City, CA 94587
3 Bedrooms, 2 Baths,
2 Car Garage
Area 1320 Sq. Ft.
Lot 6000 Sq. Ft.
Offered at $339,000



35968 Nickel St.
Union City, CA 94587
5 Bedrooms, 3 Baths,
2 Car Garage
Area 2592 Sq. Ft.
Lot 4550 Sq. Ft.
Offered at $599,000



1437 Blush Street
Manteca, CA 95336
5 Bedrooms, 4 Baths,
2 Car Garage
Area 2649 Sq. Ft
Lot 5663 Sq Ft
Offered at $199,000



1307 Scossa Ave. #4,
San Jose, CA 95118
2 Bedrooms, 1 Baths,
1 Car Garage
Area 798 Sq. Ft
Lot 6969 Sq Ft
Offered at $139,000

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings